**Reo-Bankowned Properties**
From San Jose to Sacramento
JASSI GILL *Broker/Owner*
510-304-9292
**Refinance Now**
@ZERO COST
Call Sukhi Gill:510-207-9067
*Jassi Gill*
CA DRE Lic.#01180969
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ
• ਇਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Twelfth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 17, April 23, 2011 — 20451 N Plum Grove Rd. Palatine, IL 60074 — Ph:847-359-0746, Fax:847-705-9388



*ਸਟਾਕਟਨ 'ਚ ਐਤਵਾਰ ਨੂੰ ਸਜਾਏ ਗਏ ਨਗਰ ਕੀਰਤਨ ਦਾ ਇਕ ਦ੍ਰਿਸ਼ (ਖਬਰ ਅੰਦਰ ਅਫਾ 3 'ਤੇ) ਫੋਟੋ: ਲੌਂਗਮੈਂਨ ਸਟੂਡੀਓ*

## ਸਾਕਾ '84 ਸਟਿੰਗ ਅਪਰੇਸ਼ਨ

# ਹੰਸਪਾਲ ਵੱਲੋਂ ਸੱਜਣ ਕੁਮਾਰ ਵਿਰੁਧ ਗਵਾਹ 'ਤੇ ਮੁਕਰਨ ਲਈ ਦਬਾਅ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਸੀਨੀਅਰ ਕਾਂਗਰਸੀ ਆਗੂ ਅਤੇ ਘੱਟ ਗਿਣਤੀਆਂ ਬਾਰੇ ਕੌਮੀ ਕਮਿਸ਼ਨ ਦੇ ਮੈਂਬਰ ਹਰਵਿੰਦਰ ਸਿੰਘ ਹੰਸਪਾਲ ਵੱਲੋਂ ਕਾਂਗਰਸੀ ਆਗੂ ਸੱਜਣ ਕੁਮਾਰ ਖ਼ਿਲਾਫ਼ 1984 ਦੇ ਕਤਲੇਆਮ ਬਾਰੇ ਚੱਲ ਰਹੇ ਮੁਕੱਦਮੇ ਦੀ ਗਵਾਹ ਨਿਰਪ੍ਰੀਤ ਕੌਰ ਨੂੰ ਖਾਮੋਸ਼ ਰਹਿਣ ਲਈ ਤਿੰਨ ਕਰੋੜ ਰੁਪਏ ਦੇਣ ਦੀ ਪੇਸ਼ਕਸ਼ ਕੀਤੇ ਜਾਣ ਦਾ ਖੁਲਾਸਾ ਹੋਇਆ ਹੈ। ਸ. ਹੰਸਪਾਲ ਦੀ ਇਸ ਪੇਸ਼ਕਸ਼ ਨੂੰ ਇਕ ਅੰਗਰੇਜ਼ੀ ਟੀ.ਵੀ. ਚੈਨਲ ਨੇ ਸਟਿੰਗ ਅਪਰੇਸ਼ਨ ਰਾਹੀਂ ਬੇਨਕਾਬ ਕੀਤਾ ਹੈ। ਦੂਜੇ ਪਾਸੇ ਸ. ਹੰਸਪਾਲ ਨੇ ਇਨ੍ਹਾਂ ਦੋਸ਼ਾਂ ਨੂੰ ਮੂਲੋਂ ਹੀ ਰੱਦ ਕੀਤਾ ਹੈ।



*ਹਰਵਿੰਦਰ ਸਿੰਘ ਹੰਸਪਾਲ*

ਚੈਨਲ ਵੱਲੋਂ ਦਿਖਾਏ ਦ੍ਰਿਸ਼ਾਂ ਵਿਚ ਸ. ਹੰਸਪਾਲ, ਨਿਰਪ੍ਰੀਤ ਕੌਰ 'ਤੇ ਸੱਜਣ ਕੁਮਾਰ ਨਾਲ ਸਿੱਧੇ ਤੌਰ 'ਤੇ ਗੱਲ ਕਰਨ ਲਈ ਦਬਾਅ ਪਾਉਂਦੇ ਨਜ਼ਰ ਆ ਰਹੇ ਹਨ। ਉਨ੍ਹਾਂ ਭਾਵੇਂ ਅਜਿਹੀ ਕਿਸੇ ਪੇਸ਼ਕਸ਼ ਤੋਂ ਸਾਫ਼ ਇਨਕਾਰ ਕੀਤਾ ਹੈ ਪਰ ਅਕਾਲੀ ਦਲ ਨੇ ਇਸ ਮੌਕੇ ਦਾ ਲਾਹਾ ਲੈਂਦਿਆਂ ਜਿੱਥੇ ਕਾਂਗਰਸ ਦੀ ਤਿੱਖੀ ਨੁਕਤਾਚੀਨੀ ਕੀਤੀ ਹੈ, ਉਥੇ ਥਾਂ-ਥਾਂ ਰੋਸ ਮੁਜ਼ਾਹਰੇ ਕਰਕੇ ਸ. ਹੰਸਪਾਲ ਨੂੰ ਅਹੁਦੇ ਤੋਂ ਬਰਤਰਫ਼ ਕਰਨ ਅਤੇ ਉਸ ਖ਼ਿਲਾਫ਼ ਮੁਕੱਦਮਾ ਦਰਜ ਕਰਨ ਦੀ ਮੰਗ ਵੀ ਕੀਤੀ ਹੈ। ਇਸੇ ਦੌਰਾਨ ਸਿੱਖ ਜਥੇਬੰਦੀਆਂ ਨੇ ਦੋਸ਼ ਲਾਇਆ ਕਿ ਕਾਂਗਰਸ ਹਰ ਹਰਬਾ ਵਰਤ ਕੇ ਸੱਜਣ ਕੁਮਾਰ ਨੂੰ ਬਚਾਉਣਾ ਚਾਹੁੰਦੀ ਹੈ।

ਜ਼ਿਕਰਯੋਗ ਹੈ ਕਿ ਅੰਗਰੇਜ਼ੀ ਟੀ.ਟੀ. ਚੈਨਲ ਵੱਲੋਂ ਸਟਿੰਗ ਆਪ੍ਰੇਸ਼ਨ ਰਾਹੀਂ ਨਵੰਬਰ 84 ਦੇ ਸਿੱਖ ਕਤਲੇਆਮ ਲਈ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਕਾਂਗਰਸੀ ਆਗੂ ਸੱਜਣ ਕੁਮਾਰ ਵਿਰੁਧ ਅਹਿਮ ਗਵਾਹ ਨਿਰਪ੍ਰੀਤ ਕੌਰ 'ਤੇ ਗਵਾਹੀ ਬਦਲਣ ਲਈ ਦਬਾਅ ਪਾਏ ਜਾਣ ਦਾ ਖੁਲਾਸਾ ਕੀਤਾ ਗਿਆ ਹੈ। ਚੈਨਲ ਅਨੁਸਾਰ ਸਾਬਕਾ ਰਾਜ ਸਭਾ ਮੈਂਬਰ ਹੰਸਪਾਲ ਨੇ '84 ਦੇ ਦਿੱਲੀ ਕੈਂਟ ਦੇ ਮਾਮਲੇ ਨਾਲ ਜੁੜੀ ਗਵਾਹ ਨਿਰਪ੍ਰੀਤ ਕੌਰ ਨੂੰ ਮੋਟੀ ਰਕਮ ਦੇਣ ਦੀ ਪੇਸ਼ਕਸ਼ ਕੀਤੀ ਹੈ। ਨਿਰਪ੍ਰੀਤ ਕੌਰ, ਸੱਜਣ ਕੁਮਾਰ ਵਿਰੁਧ ਅਹਿਮ ਗਵਾਹ ਹੈ। ਉਸ ਦੇ ਪਿਤਾ ਦਾ ਕਤਲ ਕਰਨ ਵਾਲੀ ਭੀੜ ਨੂੰ ਸੱਜਣ ਕੁਮਾਰ ਵੱਲੋਂ ਉਕਸਾਉਣ ਬਾਰੇ ਇਸ ਗਵਾਹ ਨੇ ਦਿੱਲੀ ਦੀ ਕੜਕੜਡੂਮਾ ਅਦਾਲਤ 'ਚ ਗਵਾਹੀ ਦਿੱਤੀ ਸੀ। ਇਸ ਕੇਸ ਦੀ ਸੁਣਵਾਈ ਬੜੀ ਤੇਜ਼ੀ ਨਾਲ ਹੋ ਰਹੀ ਹੈ। ਨਿਰਪ੍ਰੀਤ ਕੌਰ ਅਨੁਸਾਰ ਉਸ 'ਤੇ ਦਬਾਅ ਸੀ ਕਿ ਉਹ ਗਵਾਹੀ ਤੋਂ ਮੁੱਕਰ ਜਾਵੇ।

*(ਬਾਕੀ ਸਫਾ 6 'ਤੇ)*

# ਵਿਸਾਖੀ 'ਤੇ ਵਗਿਆ ਸ਼ਰਧਾ ਦਾ ਦਰਿਆ

## *ਸਿਆਸੀ ਪਾਰਟੀਆਂ ਨੇ ਚੋਣਾਂ ਦੇ ਮੱਦੇਨਜ਼ਰ ਲਾਇਆ ਪੂਰਾ ਟਿੱਲ*

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਵਿਧਾਨ ਸਭਾ ਦੀਆਂ ਆ ਰਹੀਆਂ ਚੋਣਾਂ ਦੇ ਮੱਦੇਨਜ਼ਰ ਇਸ ਵਾਰ ਵਿਸਾਖੀ ਮੌਕੇ ਸਾਰੀਆਂ ਸਿਆਸੀ ਧਿਰਾਂ ਨੇ ਵੱਡਾ ਇਕੱਠ ਕਰਨ ਲਈ ਪੂਰਾ ਜ਼ੋਰ ਲਾਇਆ। ਉਧਰ, ਕਣਕ ਦੀ ਵਾਢੀ ਲੇਟ ਹੋਣ ਕਰਕੇ ਦੂਰੋਂ-ਦੂਰੋਂ ਸੰਗਤ ਦਮਦਮਾ ਸਾਹਿਬ ਦੇ ਦਰਸ਼ਨਾਂ ਲਈ ਪੁੱਜੀ। ਅੰਦਾਜ਼ੇ ਮੁਤਾਬਿਕ ਇਸ ਵਾਰ ਵਿਸਾਖੀ ਮੇਲੇ 'ਚ ਤਕਰੀਬਨ ਸੱਤ ਲੱਖ ਲੋਕ ਪੁੱਜੇ। ਆਮ ਤੌਰ 'ਤੇ ਵਿਸਾਖੀ ਮੌਕੇ ਕਣਕ ਦੀ ਵਾਢੀ ਅਤੇ ਸਾਂਭ-ਸੰਭਾਲ ਦਾ ਜ਼ੋਰ ਹੁੰਦਾ ਹੈ ਜਿਸ ਕਰਕੇ ਦੂਰ-ਦੁਰਾਡੇ ਦੇ ਲੋਕ ਦਮਦਮਾ ਸਾਹਿਬ ਦਾ ਵਿਸਾਖੀ ਮੇਲਾ ਵੇਖਣ ਤੋਂ ਖੁੰਝ ਜਾਂਦੇ ਹਨ। ਇਸ ਵਾਰ ਹਰਿਆਣਾ, ਰਾਜਸਥਾਨ, ਦਿੱਲੀ ਅਤੇ ਪੰਜਾਬ ਭਰ 'ਚੋਂ ਵੱਡੀ ਗਿਣਤੀ ਸੰਗਤਾਂ ਪੁੱਜੀਆਂ। ਤਖਤ ਸ੍ਰੀ ਦਮਦਮਾ ਸਾਹਿਬ ਤੋਂ ਇਸ ਵਾਰ ਸਿਆਸੀ ਕਾਨਫਰੰਸਾਂ ਦੂਰ ਸਨ ਜਿਸ ਕਰਕੇ ਲੋਕਾਂ ਨੂੰ ਕਾਫੀ ਸ਼ਾਂਤੀ ਮਿਲੀ। ਇਸ ਵਾਰ ਇਕ ਹੋਰ ਖਾਸ ਗੱਲ ਇਹ ਰਹੀ ਕਿ ਮੇਲੇ ਤੋਂ ਬਾਅਦ ਸਿਆਸੀ

*(ਬਾਕੀ ਸਫਾ 10 'ਤੇ)*

*Ad Space Available*
*Pl. Call: 847-359-0746*
*Fax:847-705-9388*

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
follow us on
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜ਼ਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਵਿਸਾਖੀ ਮੇਲੇ ਮੌਕੇ ਸਿਆਸੀ ਕਾਨਫਰੰਸਾਂ

## ਦਮਦਮਾ ਸਾਹਿਬ ਦੇ ਵਿਸਾਖੀ ਮੇਲੇ 'ਚ ਸੰਗਤਾਂ ਦਾ ਰਿਕਾਰਡ ਇਕੱਠ

**ਚੰਡੀਗੜ੍ਹ:** ਕਣਕ ਦੀ ਵਾਢੀ ਲੇਟ ਹੋਣ ਕਰਕੇ ਐਤਕੀਂ ਖਾਲਸਾ ਪੰਥ ਦੇ ਸਾਜਨਾ ਦਿਵਸ ਤੇ ਵਿਸਾਖੀ ਮੌਕੇ ਤਕਰੀਬਨ ਸੱਤ ਲੱਖ ਲੋਕ ਪੁੱਜੇ ਜੋ ਰਿਕਾਰਡ ਸੀ। ਆਮ ਤੌਰ 'ਤੇ ਵਿਸਾਖੀ ਮੌਕੇ ਕਣਕ ਦੀ ਵਾਢੀ ਤੇ ਸਾਂਭ-ਸੰਭਾਲ ਦਾ ਜ਼ੋਰ ਹੁੰਦਾ ਹੈ ਜਿਸ ਕਰਕੇ ਦੂਰ-ਦੁਰਾਡੇ ਦੇ ਲੋਕ ਦਮਦਮਾ ਸਾਹਿਬ ਦਾ ਵਿਸਾਖੀ ਮੇਲਾ ਵੇਖਣ ਤੋਂ ਖੁੰਝ ਜਾਂਦੇ ਹਨ। ਇਸ ਵਾਰ ਹਰਿਆਣਾ, ਰਾਜਸਥਾਨ, ਦਿੱਲੀ ਤੇ ਪੰਜਾਬ ਭਰ 'ਚੋਂ ਵੱਡੀ ਗਿਣਤੀ ਸੰਗਤਾਂ ਪੁੱਜੀਆਂ।

ਪਿਛਲੇ ਸਾਲ ਨਾਲੋਂ ਇਸ ਵਾਰ ਵਿਸਾਖੀ ਮੇਲਾ ਵੱਧ ਭਰਿਆ ਤੇ ਲੋਕਾਂ 'ਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ। ਤਖਤ ਦਮਦਮਾ ਸਾਹਿਬ ਤੋਂ ਇਸ ਵਾਰ ਸਿਆਸੀ ਕਾਨਫਰੰਸਾਂ ਦੂਰ ਸਨ ਜਿਸ ਕਰਕੇ ਲੋਕਾਂ ਨੂੰ ਕਾਫੀ ਸ਼ਾਂਤੀ ਮਿਲੀ। ਵਿਸਾਖੀ ਮੇਲੇ 'ਤੇ ਲਿਖਨਸਰ ਸਰੋਵਰ, ਅੱਠ ਖੂੰਝਾਂ ਸਰੋਵਰ ਤੇ ਮਸਤੂਆਣਾ ਸਰੋਵਰ 'ਚ ਲੱਖਾਂ ਸੰਗਤਾਂ ਨੇ ਇਸ਼ਨਾਨ ਕੀਤਾ। ਇਸ ਵਾਰ ਲੰਗਰਾਂ ਦੀ ਗਿਣਤੀ ਵੀ 40 ਦੇ ਕਰੀਬ ਸੀ ਤੇ ਛਬੀਲਾਂ ਵੀ ਥਾਂ-ਥਾਂ ਲੱਗੀਆਂ ਹੋਈਆ ਸਨ। ਪਿਛਲੀ ਵਾਰ ਸਿਰਫ਼ 25 ਕੁ ਲੰਗਰ ਸਨ। ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਲੰਗਰ ਵੀ ਲਾਏ ਹੋਏ ਸਨ ਜਦੋਂਕਿ ਰਾਜਸਥਾਨ ਦੀ ਸੰਗਤ ਵਲੋਂ ਵੀ ਵੱਖਰੇ ਲੰਗਰ ਲਗਾਏ ਹੋਏ ਸਨ।

ਸ਼੍ਰੋਮਣੀ ਕਮੇਟੀ ਵੱਲੋਂ ਤਖ਼ਤ ਸਾਹਿਬ 'ਤੇ ਧਾਰਮਿਕ ਸਮਾਗਮ ਰੱਖੇ ਹੋਏ ਸਨ ਜਿਨ੍ਹਾਂ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ, ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਜਥੇਦਾਰ ਮੱਕੜ ਨੇ ਸੰਗਤਾਂ ਨੂੰ ਸਿੱਖੀ ਦੀ ਲਹਿਰ ਹੋਰ ਤੇਜ਼ੀ ਨਾਲ ਪਸਾਰਨ 'ਤੇ ਜ਼ੋਰ ਦਿੱਤਾ। ਸ੍ਰੀ ਅਕਾਲ ਤਖਤ ਸਾਹਿਬ ਤੇ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਵੱਲੋਂ ਸਿੱਖ ਕੌਮ ਨੂੰ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਸੰਦੇਸ਼ ਦਿੱਤਾ।

## ਅਕਾਲੀ ਦਲ ਨੂੰ ਸਵਾ ਦੋ ਏਕੜ ਥਾਂ ਸਿਰਫ਼ ਇਕ ਹਜ਼ਾਰ 'ਚ!

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਨੂੰ ਸਿਆਸੀ ਕਾਨਫਰੰਸ ਵਾਲੀ ਥਾਂ ਦਾ ਕਿਰਾਇਆ ਸਿਰਫ਼ ਇਕ ਹਜ਼ਾਰ ਰੁਪਏ ਦੇਣਾ ਪਿਆ ਜਦਕਿ ਬਾਕੀ ਸਿਆਸੀ ਧਿਰਾਂ ਨੂੰ ਕਾਨਫਰੰਸਾਂ ਲਈ ਜਗ੍ਹਾ ਮਹਿੰਗੀ ਪਈ ਹੈ। ਸ਼੍ਰੋਮਣੀ ਅਕਾਲੀ ਦਲ ਇਸ ਤੋਂ ਪਹਿਲਾਂ ਦੀਵਾਨ ਹਾਲ 'ਚ ਮੁਫ਼ਤ ਕਾਨਫਰੰਸ ਕਰਦਾ ਰਿਹਾ ਹੈ। ਇਸ ਵਾਰ ਅਕਾਲੀ ਦਲ ਵੱਲੋਂ ਮਾਰਕੀਟ ਕਮੇਟੀ ਦੀ ਜਗ੍ਹਾ 'ਚ ਸਿਆਸੀ ਕਾਨਫਰੰਸ ਕੀਤੀ ਗਈ। ਮਾਰਕੀਟ ਕਮੇਟੀ ਵੱਲੋਂ ਸਵਾ ਦੋ ਏਕੜ ਸ਼ੈਡਾਂ ਵਾਲੀ ਜਗ੍ਹਾ ਦਾ ਕਿਰਾਇਆ ਅਕਾਲੀ ਦਲ ਤੋਂ ਸਿਰਫ਼ ਇਕ ਹਜ਼ਾਰ ਰੁਪਏ ਲਿਆ ਗਿਆ। ਉਂਝ ਮਾਰਕੀਟ ਕਮੇਟੀ ਕੋਲ ਇੱਥੇ 35 ਏਕੜ ਦੇ ਕਰੀਬ ਜਗ੍ਹਾ ਹੈ ਪਰ ਅਕਾਲੀ ਦਲ ਨੇ ਸਵਾ ਦੋ ਏਕੜ ਜਗ੍ਹਾ ਹੀ ਲਈ ਸੀ।

ਕਾਂਗਰਸ ਵੱਲੋਂ ਇਕ ਕਿਸਾਨ ਤੋਂ 10 ਏਕੜ ਜਗ੍ਹਾ ਲਈ ਗਈ ਹੈ ਜਿਸ ਦਾ ਕਿਰਾਇਆ ਕਰੀਬ ਪੌਣੇ ਤਿੰਨ ਲੱਖ ਰੁਪਏ ਤਾਰਨਾ ਪਿਆ। ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਦਿਹਾਤੀ ਨਰਿੰਦਰ ਸਿੰਘ ਭਲੇਰੀਆ ਨੇ ਦੱਸਿਆ ਕਿ ਕਿਸਾਨ ਨੂੰ 60 ਮਣ ਕਣਕ ਪ੍ਰਤੀ ਏਕੜ ਦੇ ਹਿਸਾਬ ਨਾਲ ਪੈਸੇ ਦੇ ਦਿੱਤੇ ਗਏ ਹਨ। ਗੌਰਤਲਬ ਹੈ ਕਿ ਪਹਿਲਾਂ ਸਿਆਸੀ ਧਿਰਾਂ ਨੂੰ ਸ਼੍ਰੋਮਣੀ ਕਮੇਟੀ ਜਗ੍ਹਾ ਅਲਾਟ ਕਰਕੇ ਦਿੰਦੀ ਹੁੰਦੀ ਸੀ। ਇਹ ਜਗ੍ਹਾ ਮੁਫ਼ਤ 'ਚ ਦਿੱਤੀ ਜਾਂਦੀ ਰਹੀ ਹੈ। ਇਹ ਇਸ ਵਾਰ ਸ਼੍ਰੋਮਣੀ ਕਮੇਟੀ ਨੇ ਸਭ ਧਿਰਾਂ ਨੂੰ ਜਗ੍ਹਾ ਦੇਣ ਤੋਂ ਨਾਂਹ ਕਰ ਦਿੱਤੀ ਹੈ।

ਸ਼੍ਰੋਮਣੀ ਕਮੇਟੀ ਨੇ ਕਾਨਫਰੰਸਾਂ ਵਾਲੀ ਜਗ੍ਹਾ ਲੰਗਰਾਂ ਲਈ ਅਲਾਟ ਕਰ ਦਿੱਤੀ ਹੈ। ਬਾਕੀ ਜਗ੍ਹਾ ਦਾ ਝੂਲੇ ਤੇ ਚੰਡੋਲਾਂ ਵਾਲਿਆਂ ਨੂੰ ਦਿੱਤੀ ਗਈ ਹੈ ਜਿਸ ਤੋਂ ਸ਼੍ਰੋਮਣੀ ਕਮੇਟੀ ਨੂੰ 17.25 ਲੱਖ ਰੁਪਏ ਦੀ ਕਮਾਈ ਹੋਈ ਹੈ।

## ਕਾਂਗਰਸ ਨੇ ਸਿੱਖਾਂ 'ਤੇ ਮੁਗਲਾਂ ਤੇ ਅੰਗਰੇਜ਼ਾਂ ਵਾਂਗ ਜ਼ੁਲਮ ਕੀਤੇ:ਬਾਦਲ

**ਤਲਵੰਡੀ ਸਾਬੋ:** ਵਿਸਾਖੀ ਮੇਲੇ ਮੌਕੇ ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਆਜ਼ਾਦੀ ਦੇ ਬਾਅਦ ਕੇਂਦਰ ਦੀ ਕਾਂਗਰਸ ਸਰਕਾਰ ਨੇ ਸਿੱਖਾਂ 'ਤੇ ਉਸੇ ਤਰ੍ਹਾਂ ਜ਼ੁਲਮ ਕੀਤੇ ਜਿਸ ਤਰ੍ਹਾਂ ਮੁਗ਼ਲ ਤੇ ਅੰਗਰੇਜ਼ਾਂ ਦੇ ਰਾਜ ਵਿਚ ਹੁੰਦੇ ਰਹੇ। ਉਨ੍ਹਾਂ ਕਿਹਾ ਕਿ ਪੰਜਾਬ ਨਾਲ ਧਾਰਮਿਕ, ਰਾਜਨੀਤਿਕ ਤੇ ਆਰਥਿਕ ਖੇਤਰ ਵਿਚ ਧੱਕੇਸ਼ਾਹੀ ਕੀਤੀ ਗਈ ਜਿਸ ਵਿਰੁੱਧ ਸ਼੍ਰੋਮਣੀ ਅਕਾਲੀ ਦਲ ਨੂੰ ਸੰਘਰਸ਼ ਲੜਨੇ ਪਏ ਤੇ ਕੁਰਬਾਨੀਆਂ ਦੇਣੀਆਂ ਪਈਆਂ। ਸ. ਬਾਦਲ ਨੇ ਮੰਗ ਕੀਤੀ ਕਿ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ ਤੇ ਦਰਿਆਈ ਪਾਣੀਆਂ ਤੇ ਪੰਜਾਬ ਦਾ ਖੋਹਿਆ ਹੱਕ ਬਹਾਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜਦ ਤੱਕ ਰਾਜਾਂ ਨੂੰ ਵਧੇਰੇ ਖੁਦਮੁਖ਼ਤਾਰੀ ਨਹੀਂ ਮਿਲਦੀ ਓਨੀ ਦੇਰ ਰਾਜ ਵਿਕਾਸ ਨਹੀਂ ਕਰ ਸਕਦੇ।



ਵਿਸਾਖੀ ਮੇਲੇ ਮੌਕੇ ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਕਾਨਫਰੰਸ ਦਾ ਦ੍ਰਿਸ਼।

ਇਸ ਮੌਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮਨਪ੍ਰੀਤ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਚੋਣ ਮਨੋਰਥ ਪੱਤਰ ਅਨੁਸਾਰ ਲੋਕਾਂ ਤੋਂ ਵੋਟਾਂ ਮੰਗ ਕੇ ਵਿਧਾਇਕ ਬਣੇ ਪਰ ਬਾਅਦ 'ਚ ਗਰੀਬ ਲੋਕਾਂ ਤੇ ਕਿਸਾਨਾਂ ਨੂੰ ਆਰਥਿਕ ਰਾਹਤ ਬੰਦ ਕਰਨ 'ਤੇ ਜ਼ੋਰ ਦਿੰਦੇ ਰਹੇ। ਇਸ ਮੌਕੇ ਸੁਖਬੀਰ ਨੇ ਐਲਾਨ ਕੀਤਾ ਕਿ ਉਨ੍ਹਾਂ ਦੇ ਬੱਚੇ ਵੀ ਅਕਾਲੀ ਦਲ ਦੀ ਸੇਵਾ ਕਰਦੇ ਰਹਿਣਗੇ। ਉਨ੍ਹਾਂ ਆਖਿਆ ਕਿ ਪਹਿਲਾਂ ਉਨ੍ਹਾਂ ਦੇ ਪਿਤਾ ਪ੍ਰਕਾਸ਼ ਸਿੰਘ ਬਾਦਲ ਨੇ ਲੰਮਾ ਅਰਸਾ ਅਕਾਲੀ ਦਲ ਦੀ ਸੇਵਾ ਕੀਤੀ ਤੇ ਹੁਣ ਉਹ ਪੂਰੀ ਜ਼ਿੰਦਗੀ ਅਕਾਲੀ ਦਲ ਦੀ ਸੇਵਾ ਕਰਨਗੇ ਤੇ ਉਨ੍ਹਾਂ ਮਗਰੋਂ ਉਨ੍ਹਾਂ ਦੇ ਬੱਚੇ ਵੀ ਅਕਾਲੀ ਦਲ ਦੀ ਸੇਵਾ 'ਚ ਹਾਜ਼ਰ ਰਹਿਣਗੇ। ਪਾਰਟੀ ਦੇ ਜਨਰਲ ਸਕੱਤਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਕਾਂਗਰਸ ਨੂੰ ਹਰਾ ਕੇ ਅਕਾਲੀ ਦਲ-ਭਾਜਪਾ ਨੂੰ ਸੱਤਾ ਵਿਚ ਲਿਆਉਣ ਪਿਛੇ ਸੁਖਬੀਰ ਬਾਦਲ ਦੀ ਮਿਹਨਤ ਸੀ ਜਿਸ ਵਿਚ ਮਨਪ੍ਰੀਤ ਸਿੰਘ ਬਾਦਲ ਚਾਰ ਸਾਲ ਖ਼ਜ਼ਾਨਾ ਮੰਤਰੀ ਰਹੇ ਪਰ ਹੁਣ ਉਹ ਕਹਿ ਰਹੇ ਹਨ ਕਿ ਸੁਖਬੀਰ ਦੀ ਕੋਈ ਪ੍ਰਾਪਤੀ ਨਹੀਂ ਹੈ। ਸੀਨੀਅਰ ਮੀਤ ਪ੍ਰਧਾਨ ਗੁਰਦੇਵ ਸਿੰਘ ਬਾਦਲ ਨੇ ਕਿਹਾ ਕਿ ਮਨਪ੍ਰੀਤ ਨੇ ਅੰਮ੍ਰਿਤ ਛਕ ਕੇ ਭੰਗ ਕੀਤਾ ਹੈ ਤੇ ਜੋ ਵਿਅਕਤੀ ਗੁਰੂ ਤੋਂ ਬੇਮੁੱਖ ਹੋਇਆ ਹੈ, ਉਹ ਹੁਣ ਸ਼ਹੀਦਾਂ ਦੇ ਪਿੰਡ ਦੀ ਮਿੱਟੀ ਹੱਥਾਂ ਵਿਚ ਲੈ ਕੇ ਸਹੁੰ ਖਾਣ ਦੇ ਡਰਾਮੇ ਕਰ ਰਿਹਾ ਹੈ।

ਇਸ ਮੌਕੇ ਬੀਬੀ ਹਰਸਿਮਰਤ ਕੌਰ ਬਾਦਲ ਨੇ ਵਿਦੇਸ਼ਾਂ ਵਿਚ ਸਿੱਖਾਂ ਦੀ ਆਨ ਤੇ ਸ਼ਾਨ ਪਗੜੀ ਦੀ ਹੋ ਰਹੀ ਬੇਅਦਬੀ 'ਤੇ ਚਿੰਤਾ ਪ੍ਰਗਟ ਕੀਤੀ ਤੇ ਦੋਸ਼ ਲਾਇਆ ਕਿ ਦੇਸ਼ ਦੇ ਸਿੱਖ ਪ੍ਰਧਾਨ ਮੰਤਰੀ ਹੋਣ ਦੇ ਬਾਵਜੂਦ ਸਿੱਖਾਂ ਨੂੰ ਪਗੜੀ ਦੇ ਮਸਲੇ 'ਤੇ ਫਰਾਂਸ, ਇਟਲੀ ਤੇ ਅਮਰੀਕਾ ਵਿਚ ਜ਼ਲੀਲ ਹੋਣਾ ਪੈ ਰਿਹਾ ਹੈ। ਉਨ੍ਹਾਂ ਇਸ ਨੂੰ ਰੋਕਣ ਦੀ ਮੰਗ ਕੀਤੀ। ਇਸ ਮੌਕੇ ਪਾਰਟੀ ਦੇ ਸਕੱਤਰ ਜਨਰਲ ਤੇ ਮੈਂਬਰ ਰਾਜ ਸਭਾ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਸ. ਬਾਦਲ ਨੇ ਹਮੇਸ਼ਾ ਪੰਥ ਤੇ ਪੰਜਾਬ ਦੇ ਹੱਕਾਂ ਨੂੰ ਤਰਜੀਹ ਦਿੱਤੀ, ਉਹ ਕਦੇ ਕਿਸੇ ਅੱਗੇ ਝੁਕੇ ਨਹੀਂ ਤੇ ਨਾ ਹੀ ਉਨ੍ਹਾਂ ਨੇ ਆਪਣੇ ਸਵਾਰਥ ਲਈ ਪੰਜਾਬ ਹਿੱਤਾਂ ਵਿਰੁੱਧ ਕਦੇ ਕੋਈ ਸਮਝੌਤਾ ਕੀਤਾ। ਸ਼੍ਰੋਮਣੀ ਅਕਾਲੀ ਦਲ ਦੀ ਕਾਨਫਰੰਸ ਵਿਚ ਬੇਰੁਜ਼ਗਾਰ ਲਾਈਨਮੈਨ ਤੇ ਬੇਰੁਜ਼ਗਾਰ ਸਰੀਰਕ ਸਿੱਖਿਆ ਅਧਿਆਪਕਾਂ ਨੇ ਕੁਝ ਦੇਰ ਲਈ ਨਾਅਰੇਬਾਜ਼ੀ ਕੀਤੀ ਜਿਨ੍ਹਾਂ ਨੂੰ ਅਕਾਲੀ ਵਰਕਰਾਂ ਤੇ ਪੁਲਿਸ ਨੇ ਖਦੇੜ ਦਿੱਤਾ।

ਕਾਨਫਰੰਸ ਵਿਚ ਪਾਰਟੀ ਦੇ ਜਨਰਲ ਸਕੱਤਰ ਤੇ ਮੁੱਖ ਬੁਲਾਰੇ ਡਾ: ਦਲਜੀਤ ਸਿੰਘ ਚੀਮਾ ਨੇ ਛੇ ਮਤੇ ਰੱਖੇ ਜਿਸ ਨੂੰ ਜੈਕਾਰਿਆਂ ਦੀ ਗੂੰਜ ਵਿਚ ਪਾਸ ਕਰ ਦਿੱਤਾ ਗਿਆ। ਪਹਿਲੇ ਮਤੇ ਵਿਚ ਭ੍ਰਿਸ਼ਟਾਚਾਰ ਦੇ ਦੈਂਤ ਨੂੰ ਨੱਥ ਪਾਉਣ ਲਈ ਸਖ਼ਤ ਕਾਨੂੰਨ ਬਣਾਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਚੋਣਾਂ ਵਿਚ ਕਾਲੇ ਧਨ ਦੀ ਵਰਤੋਂ ਨੂੰ ਰੋਕਣ ਲਈ ਤੁਰੰਤ ਸਖ਼ਤ ਕਦਮ ਚੁੱਕਣ ਦੀ ਮੰਗ ਕੀਤੀ ਗਈ। ਪਾਰਟੀ ਨੇ ਇਹ ਵੀ ਮੰਗ ਕੀਤੀ ਕਿ ਵਿਦੇਸ਼ੀ ਬੈਂਕਾਂ ਵਿਚ ਭਾਰਤੀ ਨਾਗਰਿਕਾਂ ਦਾ ਪਿਆ ਕਾਲਾ ਧਨ ਦੇਸ਼ ਵਿਚ ਲਿਆਉਣ ਲਈ ਕਰੜੇ ਕਦਮ ਚੁੱਕੇ ਜਾਣ। ਇਕ ਹੋਰ ਮਤੇ ਵਿਚ ਦੋਸ਼ ਲਾਇਆ ਕਿ ਕੇਂਦਰ ਦੀ ਕਾਂਗਰਸ ਸਰਕਾਰ ਇਕ ਗਿਣੀ-ਮਿਥੀ ਸਾਜ਼ਿਸ਼ ਅਧੀਨ ਪੰਜਾਬ ਸਰਕਾਰ ਨੂੰ ਬਦਨਾਮ ਕਰਨ ਲਈ ਖੇਤੀ ਜਿਣਸਾਂ ਦੇ ਰੱਖ-ਰਖਾਅ ਲਈ ਯੋਗ ਪ੍ਰਬੰਧ ਕਰਨ ਨੂੰ ਤਿਆਰ ਨਹੀਂ ਹੈ। ਇਕ ਹੋਰ ਮਤੇ ਵਿਚ ਦਿੱਲੀ 'ਚ 1984 ਦੇ ਸਿੱਖ ਕਤਲੇਆਮ ਦੌਰਾਨ ਢਾਹੇ ਗਏ ਗੁਰਦੁਆਰਾ ਸਾਹਿਬਾਨ ਦੀ ਮੌਜੂਦਾ ਤਰਸਯੋਗ ਹਾਲਤ 'ਤੇ ਦੁੱਖ ਪ੍ਰਗਟ ਕੀਤਾ ਗਿਆ। ਇਕ ਹੋਰ ਮਤੇ ਵਿਚ ਫਰਾਂਸ, ਅਮਰੀਕਾ ਤੇ ਇਟਲੀ ਆਦਿ ਦੇਸ਼ਾਂ ਵਿਚ ਸਿੱਖਾਂ ਦੀ ਆਨ ਤੇ ਸ਼ਾਨ ਦਸਤਾਰ ਦਾ ਅਪਮਾਨ ਰੋਕਣ ਵਿਚ ਨਾਕਾਮ ਰਹਿਣ 'ਤੇ ਕੇਂਦਰ ਸਰਕਾਰ ਦੀ ਸਖ਼ਤ ਨਿੰਦਾ ਕੀਤੀ ਗਈ ਤੇ ਇਸ ਨੂੰ ਰੋਕਣ ਲਈ ਸੰਬੰਧਿਤ ਦੇਸ਼ਾਂ ਦੀਆਂ ਸਰਕਾਰਾਂ ਨਾਲ ਤੁਰੰਤ ਮਸਲਾ ਉਠਾਉਣ 'ਤੇ ਜ਼ੋਰ ਦਿੱਤਾ ਗਿਆ।

## ਬਾਦਲ ਨੇ ਕੌਡੀਆਂ ਦੇ ਭਾਅ ਜ਼ਮੀਨ ਖੋਹ ਕੇ ਕਿਸਾਨ ਉਜਾੜੇ:ਕੈਪਟਨ

**ਤਲਵੰਡੀ ਸਾਬੋ:** ਵਿਸਾਖੀ ਮੇਲੇ ਮੌਕੇ ਕਾਂਗਰਸ ਰੈਲੀ ਨੂੰ ਸੰਬੋਧਨ ਕਰਦਿਆਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ 'ਚ ਭ੍ਰਿਸ਼ਟਾਚਾਰ ਰਹਿਤ ਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਵਾਲੀ ਸਰਕਾਰ ਦੇਣ ਦਾ ਵਾਅਦਾ ਕੀਤਾ। ਉਨ੍ਹਾਂ ਦਾਅਵਾ ਕੀਤਾ ਕਿ ਸਾਲ 2012 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਹੂੰਝਾ ਫੇਰ ਜਿੱਤ ਪ੍ਰਾਪਤ ਕਰੇਗੀ। ਕੈਪਟਨ ਨੇ ਕਿਹਾ ਕਿ ਬਾਦਲ ਪਰਿਵਾਰ ਸੱਤਾ ਦੇ ਜ਼ੋਰ 'ਤੇ ਰਾਜ ਦੀ ਸਨਅਤ ਤੇ ਅਦਾਰਿਆਂ ਉਪਰ ਕਬਜ਼ਾ ਕਰ ਰਿਹਾ ਹੈ ਤੇ ਵੱਡੀਆਂ ਕੰਪਨੀਆਂ ਨਾਲ ਗੰਢ-ਤੁਪ ਕਰਕੇ ਪੰਜਾਬ ਦੇ ਕਿਸਾਨਾਂ ਦੀ ਕੀਮਤੀ ਜ਼ਮੀਨ ਕੌਡੀਆਂ ਦੇ ਭਾਅ ਖੋਹ ਕੇ ਕਿਸਾਨਾਂ ਦੇ ਉਜਾੜੇ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਤੇਲ ਸੋਧਕ ਕਾਰਖਾਨਾ ਫੁੱਲੋਖਾਰੀ ਲਈ ਜਿੰਨੀ ਜ਼ਮੀਨ ਦੀ ਲੋੜ ਸੀ, ਉਹ ਪਹਿਲਾਂ ਦਿੱਤੀ ਜਾ ਚੁੱਕੀ ਹੈ। ਹੁਣ ਇਸ ਨਾਲ ਲਗਦੇ 41 ਹੋਰ ਪਿੰਡਾਂ ਦੀ ਇਕ ਲੱਖ 36 ਹਜ਼ਾਰ ਏਕੜ ਜ਼ਮੀਨ ਐਕਵਾਇਰ ਕਰਨ ਲਈ ਮਾਸਟਰ ਪਲਾਨ ਤਿਆਰ ਕਰਕੇ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ ਪਰ ਇਹ ਨੋਟੀਫਿਕੇਸ਼ਨ ਰੱਦ ਕਰਵਾਇਆ ਜਾਵੇਗਾ। ਉਨ੍ਹਾਂ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਵੱਲੋਂ ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਅੱਠ ਘੰਟਿਆਂ ਬਾਅਦ ਥਾਣੇਦਾਰ ਬਦਲਣ ਤੇ ਤਹਿਸੀਲਾਂ ਵਿਚ 20 ਤਹਿਸੀਲਦਾਰਾਂ ਨੂੰ ਬਿਠਾਉਣ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਭ੍ਰਿਸ਼ਟਾਚਾਰ ਇਸ ਤਰ੍ਹਾਂ ਖ਼ਤਮ ਹੋਣ ਵਾਲਾ ਨਹੀਂ ਸਗੋਂ ਪਹਿਲਾਂ ਲੀਡਰਾਂ ਨੂੰ ਆਪ ਇਮਾਨਦਾਰ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਰਾਜ ਅੰਦਰ ਬਿਜਲੀ ਸਰਪਲੱਸ, ਮੈਟਰੋ ਰੇਲ ਗੱਡੀਆਂ ਚਲਾਉਣ ਦੇ ਵੱਡੇ-ਵੱਡੇ ਬਿਆਨ ਦੇ ਕੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਲੋਕਾਂ ਨੂੰ ਗੁੰਮਰਾਹ ਕਰਨ 'ਚ ਲੱਗੇ ਹੋਏ ਹਨ।



ਕਾਂਗਰਸ ਦੀ ਕਾਨਫਰੰਸ ਮੌਕੇ ਕੈਪਟਨ ਅਮਰਿੰਦਰ ਸਿੰਘ ਅਤੇ ਹੋਰ ਆਗੂ।

ਵਿਰੋਧੀ ਧਿਰ ਦੀ ਨੇਤਾ ਬੀਬੀ ਰਜਿੰਦਰ ਕੌਰ ਭੱਠਲ ਨੇ ਆਖਿਆ ਕਿ 2012 ਦੀਆਂ ਵਿਧਾਨ ਸਭਾ ਚੋਣਾ ਵਿਚ ਸ਼੍ਰੋਮਣੀ ਅਕਾਲੀ ਦਲ ਬੁਰੀ ਤਰ੍ਹਾਂ ਹਾਰੇਗਾ ਹੀ ਨਹੀਂ ਸਗੋਂ ਇਸ ਦਾ ਸਦਾ ਲਈ ਸਿਆਸੀ ਭੋਗ ਪੈ ਜਾਵੇਗਾ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਹੁਣ ਬਾਦਲ-ਮਜੀਠੀਆ ਕੰਪਨੀ ਬਣ ਕੇ ਰਹਿ ਗਈ ਹੈ। ਬਾਦਲਾਂ ਤੇ ਮਜੀਠੀਆਂ ਨੇ ਹਰ ਕਾਰੋਬਾਰ 'ਤੇ ਕਬਜ਼ਾ ਕਰ ਲਿਆ ਹੈ। ਟਰਾਂਸਪੋਰਟ ਤੇ ਕੇਬਲ ਟੀ.ਵੀ. 'ਤੇ ਸੁਖਬੀਰ ਸਿੰਘ ਬਾਦਲ ਦਾ ਕਬਜ਼ਾ ਹੈ। ਉਸ ਦੇ ਸਾਲੇ ਬਿਕਰਮਜੀਤ ਸਿੰਘ ਮਜੀਠੀਆ ਨੇ ਬਜਰੀ ਤੇ ਰੇਤੇ ਦੇ ਕਾਰੋਬਾਰ ਨੂੰ ਕਬਜ਼ੇ ਹੇਠ ਲੈ ਲਿਆ ਹੈ। ਆਲ ਇੰਡੀਆ ਕਾਂਗਰਸ ਦੇ ਵਰਕਿੰਗ ਕਮੇਟੀ ਮੈਂਬਰ ਜਗਮੀਤ ਸਿੰਘ ਬਰਾੜ ਨੇ ਆਖਿਆ ਕਿ ਕਾਮਿਆਂ, ਕਿਰਤੀਆਂ, ਮੁਲਾਜ਼ਮਾਂ ਸਮੇਤ ਸਮੁੱਚੇ ਅਵਾਮ ਦੀ ਭਾਵਨਾ ਰਾਜ ਅੰਦਰ ਕਾਂਗਰਸ ਸਰਕਾਰ ਲਿਆਉਣ ਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਰਾਜ ਅੰਦਰ ਥਰਮਲ ਪਲਾਂਟ ਲਾਉਣ ਵਾਲੀ ਕੰਪਨੀ ਤੋਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਨੇ 500 ਕਰੋੜ ਰੁਪਏ ਦੀ ਰਿਸ਼ਵਤ ਲਈ ਹੈ। ਸ. ਬਰਾੜ ਨੇ ਕਿਹਾ ਕਿ ਇਕ ਪਾਸੇ ਸਰਕਾਰੀ ਪੈਸੇ ਨਾਲ ਬੀਬੀ ਸੁਰਿੰਦਰ ਕੌਰ ਬਾਦਲ ਦੇ ਕੈਂਸਰ ਦਾ ਇਲਾਜ ਅਮਰੀਕਾ ਵਿਚ ਚੱਲ ਰਿਹਾ ਹੈ, ਦੂਜੇ ਪਾਸੇ ਮਾਲਵੇ ਦੇ ਗਰੀਬ ਕੈਂਸਰ ਪੀੜਤ ਬੀਕਾਨੇਰ ਧੱਕੇ ਖਾਂਦੇ ਫਿਰਦੇ ਹਨ ਜਿਨ੍ਹਾਂ ਦੀ ਪੰਜਾਬ ਸਰਕਾਰ ਬਾਂਹ ਨਹੀਂ ਫੜਦੀ। ਕਾਨਫਰੰਸ ਨੂੰ ਕਾਂਗਰਸ ਦੇ ਜਨਰਲ ਸਕੱਤਰ ਰਣਇੰਦਰ ਸਿੰਘ, ਸਾਬਕਾ ਮੰਤਰੀ ਜਸਬੀਰ ਸਿੰਘ ਸੰਗਰੂਰ, ਗੁਰਪ੍ਰੀਤ ਸਿੰਘ ਕਾਂਗੜ, ਅਜੀਤਇੰਦਰ ਸਿੰਘ ਮੋਫਰ, ਅਜੈਬ ਸਿੰਘ ਭੱਟੀ, ਮੱਖਣ ਸਿੰਘ, ਮੰਗਤ ਰਾਏ ਬਾਂਸਲ ਨੇ ਵੀ ਸੰਬੋਧਨ ਕੀਤਾ।

## ਅਸੀਂ ਜੋੜ ਮੇਲਿਆਂ 'ਤੇ ਕਾਨਫਰੰਸਾਂ ਦੇ ਹੱਕ 'ਚ ਨਹੀਂ: ਮਨਪ੍ਰੀਤ

**ਲੰਬੀ:** ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਜੋੜ ਮੇਲਿਆਂ 'ਤੇ ਰੈਲੀਆਂ ਤੇ ਕਾਨਫਰੰਸਾਂ ਕਰਨਾ ਪੀਪਲਜ਼ ਪਾਰਟੀ ਆਫ ਪੰਜਾਬ ਦੇ ਏਜੰਡੇ ਦਾ ਹਿੱਸਾ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਪੰਜਾਬ ਵਾਸੀਆਂ ਦੀ ਸੋਚ ਨੂੰ ਹਾਂ-ਪੱਖੀ ਹੁਲਾਰਾ ਦੇਣਾ ਚਾਹੁੰਦੇ ਹਨ, ਇਸ ਲਈ ਹਰੇਕ ਪੰਜਾਬੀ ਨੂੰ ਆਰਥਿਕ ਤੇ ਸਮਾਜਿਕ ਖੁਸ਼ਹਾਲੀ ਮੁਹੱਈਆ ਕਰਵਾਉਣਾ ਉਨ੍ਹਾਂ ਦਾ ਮੁੱਖ ਏਜੰਡਾ ਹੈ। ਉਨ੍ਹਾਂ ਕਿਹਾ ਕਿ ਜੋੜ ਮੇਲਿਆਂ 'ਤੇ ਕਾਨਫਰੰਸਾਂ ਤੇ ਰੈਲੀਆਂ ਸਿਰਫ਼ ਸਿਆਸੀ ਦੂਸ਼ਣਬਾਜ਼ੀ ਤੱਕ ਸੀਮਤ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਪੀ.ਪੀ.ਪੀ. ਵੱਲੋਂ ਵਿਸਾਖੀ ਮੌਕੇ ਸ੍ਰੀ ਦਮਦਮਾ ਸਾਹਿਬ ਵਿਖੇ ਕਾਨਫਰੰਸ ਨਾ ਕਰਨ ਦੇ ਫੈਸਲੇ ਨੂੰ ਹਰੇਕ ਵਰਗ ਵੱਲੋਂ ਸਲਾਹਿਆ ਗਿਆ ਹੈ ਤੇ ਇਸ ਨੂੰ ਨਵੀਂ ਸਵੇਰ ਦੇ ਆਗਾਜ਼ ਵਜੋਂ ਲਿਆ ਜਾ ਰਿਹਾ ਹੈ।

ਗਿੱਦੜਬਾਹਾ ਹਲਕੇ ਵਿੱਚ ਬੀਤੇ ਦਿਨੀਂ ਸੰਗਤ ਦਰਸ਼ਨ ਸਮਾਗਮਾਂ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਉਨ੍ਹਾਂ 'ਤੇ ਕੀਤੇ ਤਿੱਖੇ ਸ਼ਬਦੀ ਹਮਲਿਆਂ ਦਾ ਜਵਾਬ ਦਿੰਦਿਆਂ ਮਨਪ੍ਰੀਤ ਨੇ ਕਿਹਾ ਕਿ ਉਨ੍ਹਾਂ ਵੱਲੋਂ ਪੰਜਾਬ ਦਾ ਕਰਜ਼ਾ



ਮੁਆਫ਼ ਕਰਵਾਉਣ ਲਈ ਕੀਤੀਆਂ ਕੋਸ਼ਿਸ਼ਾਂ ਦੇ ਨਤੀਜਿਆਂ ਤੋਂ ਸਭ ਜਾਣੂ ਸਨ। ਇਸ ਲਈ ਉਨ੍ਹਾਂ ਨੂੰ ਇਹ ਡਰ ਸੀ ਕਿ ਕਿਧਰੇ ਪੰਜਾਬ ਦਾ ਹਜ਼ਾਰਾਂ ਕਰੋੜ ਰੁਪਏ ਕਰਜ਼ਾ ਮੁਆਫ਼ ਕਰਵਾਉਣ ਕੇ ਸਾਰਾ ਸਿਹਰਾ ਮਨਪ੍ਰੀਤ ਆਪਣੇ ਸਿਰ ਨਾ ਬੰਨਵਾ ਲਵੇ।

ਇਸੇ ਕਰਕੇ ਉਨ੍ਹਾਂ ਨੂੰ ਪਾਰਟੀ ਵਿਚੋਂ ਬਾਹਰ ਕੱਢ ਦਿੱਤਾ ਗਿਆ ਤੇ ਹੁਣ ਆਪਣੀਆਂ ਨਾਕਾਮ ਨੀਤੀਆਂ ਦਾ ਘੜਾ ਉਨ੍ਹਾਂ ਸਿਰ ਭੰਨਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰਾਜ ਦੀ ਜਨਤਾ ਨੇ ਸਾਰਾ ਹਿਸਾਬ ਵਿਧਾਨ ਸਭਾ ਚੋਣਾਂ ਵਿਚ ਕਰ ਦੇਣਾ ਹੈ।

## ਗੁਰਦੁਆਰਾ ਸੈਨ ਹੋਜ਼ੇ ਦੇ ਵਿਧਾਨ ਵਿਚ ਸੋਧਾਂ

# ਭੁਪਿੰਦਰ ਸਿੰਘ ਢਿੱਲੋਂ ਅਗਲੇ ਸਾਲ ਪ੍ਰਬੰਧਕ ਕਮੇਟੀ ਤੋਂ ਸੇਵਾ ਮੁਕਤ ਹੋਣਗੇ

**ਸੈਨ ਹੋਜ਼ੇ (ਪੰਜਾਬ ਟਾਈਮਜ਼ ਬਿਊਰੋ):** ਗੁਰਦੁਆਰਾ ਸੈਨ ਹੋਜੇ ਦੀ ਜਨਰਲ ਬਾਡੀ ਦੀ ਲੰਘੇ ਐਤਵਾਰ ਹੋਈ ਮੀਟਿੰਗ ਵਿਚ ਕਮੇਟੀ ਦੇ ਸੰਵਿਧਾਨ ਵਿਚ ਅਹਿਮ ਤਬਦੀਲੀਆਂ ਕਰਨ ਪਿਛੋਂ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਮਿਆਦ ਪੰਜ ਸਾਲ ਦੀ ਕਰ ਦਿਤੀ ਗਈ ਹੈ। ਇਸ ਸੰਵਿਧਾਨਕ ਸੋਧ ਪਿਛੋਂ 21 ਮੈਂਬਰੀ ਪ੍ਰਬੰਧਕ ਕਮੇਟੀ ਦੇ ਚਾਰ ਮੈਂਬਰ ਹਰ ਸਾਲ ਸੇਵਾਮੁਕਤ ਹੋਇਆ ਕਰਨਗੇ ਜਦੋਂਕਿ ਪੰਜਵੇਂ ਸਾਲ ਪੰਜ ਮੈਂਬਰ ਸੇਵਾਮੁਕਤ ਹੋਣਗੇ।

ਇਹ ਜਾਣਕਾਰੀ ਦਿੰਦਿਆਂ ਸੈਨ ਹੋਜੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਜਨਰਲ ਇਜਲਾਸ ਵਿਚ ਪਾਸ ਕੀਤੇ ਗਏ ਮਤਿਆਂ ਅਨੁਸਾਰ ਪ੍ਰਬੰਧਕ ਕਮੇਟੀ ਹਰ ਸਾਲ ਤਿੰਨ ਮੈਂਬਰਾਂ ਨੂੰ ਤਲਾਸ਼/ਸਿਲੈਕਸ਼ਨ ਕਮੇਟੀ ਵਜੋਂ ਸਿਲੈਕਟ ਕਰੇਗੀ ਜੋ ਰਜਿਸਟਰਡ ਮੈਬਰਾਂ ਚੋਂ ਨਵੇਂ ਕਮੇਟੀ ਮੈਂਬਰਾਂ ਦੀ ਤਲਾਸ਼ ਕਰਕੇ ਸੰਗਤ ਤੋਂ ਪ੍ਰਬੰਧਕ ਕਮੇਟੀ ਬਣਨ ਦੀ ਪ੍ਰਵਾਨਗੀ ਲਵੇਗੀ। ਸਾਲ 2011 ਤੇ ਇਸ ਤੋਂ ਬਾਦ ਹਰ ਨਵੇਂ ਬਣੇ ਪ੍ਰਬੰਧਕ ਕਮੇਟੀ ਮੈਂਬਰ ਦੀ ਮਿਆਦ ਪੰਜ ਸਾਲ ਹੋਵੇਗੀ। ਪ੍ਰਬੰਧਕ ਕਮੇਟੀ ਤੋਂ ਸੇਵਾ ਮੁਕਤ ਹੋਏ ਮੈਂਬਰ 2 ਸਾਲ ਬਾਦ ਕਮੇਟੀ ਮੈਂਬਰ ਬਣਨ ਲਈ ਸਿਲੈਕਟ/ਇਲੈਕਟ ਕੀਤੇ ਜਾ ਸਕਦੇ ਹਨ।

ਭਾਈ ਢਿਲੋਂ ਨੇ ਇਹ ਵੀ ਦੱਸਿਆ ਕਿ ਜਨਰਲ ਇਜਲਾਸ ਸੱਦਣ ਲਈ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਮੀਤ ਪ੍ਰਧਾਨ, ਜਨਰਲ ਸੈਕਟਰੀ, ਸਟੇਜ ਸੈਕਟਰੀ, ਖਜਾਨਚੀ ਵਿਚੋਂ ਤਿੰਨ ਅਹੁਦੇਦਾਰਾਂ ਦੀ ਸਹਿਮਤੀ ਹੋਣੀ ਜ਼ਰੂਰੀ ਹੈ ਅਤੇ ਮੀਟਿੰਗ ਕਰਨ ਲਈ ਘੱਟ ਤੋਂ ਘੱਟ 350 ਰਜਿਟਰਡ ਮੈਂਬਰਾਂ ਦੀ ਹਾਜ਼ਰੀ ਜ਼ਰੂਰੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੰਗਤ ਵਲੋਂ ਪ੍ਰਵਾਨ ਹੋਏ ਮਤਿਆਂ ਦੀ ਵਿਸਤ੍ਰਿਤ ਜਾਣਕਾਰੀ ਜਲਦੀ ਹੀ ਗੁਰਦੁਆਰਾ ਸਾਹਿਬ ਦੀ ਵੈਬ ਸਾਈਟ ਤੇ ਲਾ ਦਿੱਤੀ ਜਾਵੇਗੀ ਅਤੇ ਇਸ ਲਈ ਪ੍ਰਬੰਧਕ ਕਮੇਟੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਇਥੇ ਜ਼ਿਕਰਯੋਗ ਹੈ ਕਿ ਲੰਘੇ ਐਤਵਾਰ ਗੁਰੂ ਘਰ ਦੇ ਰਜਿਸਟਰਡ ਮੈਂਬਰਾਂ ਦੇ ਆਮ



ਸ. ਭੁਪਿੰਦਰ ਸਿੰਘ (ਬੌਬ) ਢਿੱਲੋਂ

ਇਜ਼ਲਾਸ ਵਿਚ ਦੋ-ਤਿਹਾਈ ਤੋਂ ਵੀ ਵੱਧ ਸਿੱਖ ਸੰਗਤ ਨੇ ਜੈਕਾਰਿਆ ਦੀ ਗੂੰਜ ਵਿਚ ਹੱਥ ਖੜੇ ਕਰਕੇ ਪ੍ਰਬੰਧਕ ਕਮੇਟੀ ਵਲੋਂ ਰੱਖੇ ਮਤਿਆ ਨੂੰ ਪ੍ਰਵਾਨਗੀ ਦਿੱਤੀ। ਇਜ਼ਲਾਸ ਦਾ ਆਰੰਭ ਭਾਈ ਰਜਿੰਦਰ ਸਿੰਘ ਮੰਗਰ ਵਲੋਂ ਅਰਦਾਸ ਨਾਲ ਹੋਇਆ। ਸੂਬੇਦਾਰ ਸੁਰਜੀਤ ਸਿੰਘ ਨੇ ਇਜਲਾਸ ਨੂੰ ਸੰਬੋਧਨ ਕਰਦਿਆਂ ਕਮੇਟੀ ਵੱਲੋਂ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਕਮੇਟੀ ਨੇ ਗੁਰੂਘਰ ਦੀ ਸ਼ਾਨਦਾਰ ਇਮਾਰਤ ਮੁਕੰਮਲ ਕਰਕੇ ਉਤਰੀ ਅਮਰੀਕਾ ਵਿਚ ਇਤਿਹਾਸ ਸਿਰਜਿਆ ਹੈ। ਸ. ਹਰਦੇਵ ਸਿੰਘ ਅਠਵਾਲ ਨੇ ਪ੍ਰਬੰਧਕ ਕਮੇਟੀ ਵਲੋਂ ਰੱਖੇ ਮਤਿਆਂ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਦੁਨੀਆਂ ਭਰ 'ਚ ਸੱਭ ਤੋਂ ਵੱਡਾ ਅਲੀਸ਼ਾਨ ਗੁਰੂ ਘਰ ਬਣਾ ਕੇ ਮੈਂਬਰਾਂ ਨੇ ਕਮੇਟੀ ਤੋਂ ਸੇਵਾ ਮੁਕਤ ਹੋਣ ਦਾ ਪ੍ਰਣ ਕੀਤਾ ਹੈ ਜਿਸ ਦੀ ਸ਼ਲਾਘਾ ਕੀਤੀ ਜਾਣੀ ਬਣਦੀ ਹੈ। ਦੁਨੀਆਂ ਭਰ ਦੇ ਗੁਰਦੁਆਰਿਆਂ ਵਿਚ ਇਹ ਆਪਣੇ-ਆਪ ਵਿਚ ਇੱਕ ਬਹੁਤ ਵੱਡੀ ਮਿਸਾਲ ਹੈ। ਸ. ਇੰਦਰਜੀਤ ਸਿੰਘ ਚਾਹਲ ਨੇ ਸੰਗਤ ਨੂੰ ਦੱਸਿਆ ਕਿ ਅਮਰੀਕਾ ਦੇ ਸਰਕਾਰੀ ਅਦਾਰਿਆਂ ਵਿਚ ਵੀ ਇਸੇ ਤਰ੍ਹਾਂ ਹੀ ਇਲੈਕਸ਼ਨ/ਸਿਲੈਕਸ਼ਨ ਕੀਤੀ ਜਾਂਦੀ ਹੈ। ਇਹ ਇੱਕ ਬਹੁਤ ਵਧੀਆ ਸਿਸਟਮ ਹੈ। ਸ. ਪ੍ਰੀਤਮ ਸਿੰਘ ਰਾਜਸਥਾਨੀ ਉਸ ਸਮੇਂ ਬਹੁਤ ਭਾਵਕ ਹੋ ਗਏ ਜਦੋਂ ਉਨ੍ਹਾਂ ਨੇ ਭਾਈ ਭੁਪਿੰਦਰ ਸਿੰਘ ਢਿੱਲੋਂ ਬਾਰੇ ਦੱਸਿਆ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਪਿਛਲੇ ਕਈ ਵਰ੍ਹਿਆ ਤੋਂ ਉਨ੍ਹਾਂ ਨੂੰ ਲਗਾਤਾਰ ਗੁਰੂਘਰ ਦੀ ਨਵੀਂ ਇਮਾਰਤ ਦੀ ਉਸਾਰੀ 'ਚ ਰਾਤ ਦਿਨ ਲਾਉਂਦੇ ਦੇਖਿਆ।

ਇਕ ਬੁਲਾਰੇ ਨੇ ਕਿਹਾ ਕਿ ਇਸ ਇਜ਼ਲਾਸ ਵਿਚ ਇੱਕ ਇਤਿਹਾਸਕ ਗੱਲ ਇਹ ਸਾਹਮਣੇ ਆਈ ਹੈ ਕਿ ਕਿਸੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਆਪ ਸੇਵਾ ਮੁਕਤ ਹੋਣ ਦਾ ਫੈਸਲਾ ਕੀਤਾ। ਇਹ ਮਾਣ ਸੈਨ ਹੋਜ਼ੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾ ਨੂੰ ਹਾਸਲ ਹੈ ਕਿਉਕਿ ਇੰਨਾ ਵੱਡਾ ਆਲੀਸ਼ਾਨ ਗੁਰਦੁਆਰਾ ਸਾਹਿਬ ਬਣਾਉਣ ਤੋਂ ਬਾਅਦ ਸੇਵਾ ਮੁਕਤ ਹੋਣ ਦੀ ਭਾਵਨਾ ਦਿਖਾਈ ਹੋਵੇ।

ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਗੁਰੂਘਰ ਦੀ ਨਵੀਂ ਇਮਾਰਤ ਬਣਾਉਣ ਸਮੇਂ ਕਿੰਨੀਆ ਔਕੜਾ ਆਈਆਂ। ਉਨ੍ਹਾਂ ਸਮੂਹ ਖਰਚਿਆਂ ਅਤੇ ਲੋਨ ਬਾਰੇ ਵੀ ਜਾਣਕਾਰੀ ਦਿੱਤੀ। ਗੁਰੂ ਘਰ ਨੇ ਸਾਢੇ 13 ਮਿਲੀਅਨ ਦਾ ਲੋਨ ਲਿਆ ਹੈ ਜਿਸ ਦੀ ਦਰ ਪੌਣੇ ਤਿੰਨ % ਹੈ (LIBOR+ 2.5). ਲੋਨ ਦੀ ਕਿਸ਼ਤ 65,800 ਡਾਲਰ ਹੈ ਜਿਸ ਵਿੱਚ 30,800 ਡਾਲਰ ਵਿਆਜ ਹੈ ਅਤੇ 35,000 ਡਾਲਰ ਮੂਲ ਹੈ। ਵਿਆਜ ਦੀ ਦਰ ਵੱਧਣ ਨਾਲ ਵੱਧ ਤੋਂ ਵੱਧ ਕਿਸ਼ਤ 85,000 ਡਾਲਰ ਹੋ ਸਕਦੀ ਹੈ।

ਯਾਦ ਰਹੇ ਕਿ ਜਨਰਲ ਇਜਲਾਸ ਬਾਰੇ ਪ੍ਰਬੰਧਕਾਂ ਵਲੋਂ ਦੀਵਾਨ ਵਿਚ ਜਾਣਕਾਰੀ ਲੰਘੀ 12 ਮਾਰਚ ਨੂੰ ਦਿਤੀ ਗਈ ਸੀ ਅਤੇ ਨੋਟਿਸ ਬੋਰਡ 'ਤੇ 18 ਮਾਰਚ ਨੂੰ ਨੋਟਿਸ ਲਾ ਦਿੱਤਾ ਗਿਆ ਸੀ। 17 ਅਪ੍ਰੈਲ ਨੂੰ ਗੁਰਦੁਆਰਾ ਸਾਹਿਬ 'ਚ ਵਿਸਾਖੀ ਖਾਲਸੇ ਦੇ ਸਾਜਨਾ ਦਿਵਸ ਦੇ ਵਿਸ਼ੇਸ਼ ਪ੍ਰੋਗ੍ਰਾਮ ਸਨ, ਨਿਸ਼ਾਨ ਸਾਹਿਬ ਦੀ ਸੇਵਾ ਤੋਂ ਬਾਦ ਸਾਢੇ 12 ਵਜੇ ਭਰੇ ਕੀਰਤਨ ਦਰਬਾਰ 'ਚ ਜਨਰਲ ਇਜਲਾਸ ਮੀਟਿੰਗ ਦੀ ਅਨਾਊਂਸਮੈਂਟ ਕੀਤੀ ਗਈ। ਇਹ ਮੀਟਿੰਗ ਗੁਰਦੁਆਰਾ ਸਾਹਿਬ ਦੀ ਲਾਇਬਰੇਰੀ ਵਿਚ ਹੋਈ। ਸੰਗਤ ਦਾ ਬਹੁਤ ਵੱਡਾ ਇਕੱਠ ਸੀ, ਬਹੁਤ ਸ਼ਾਂਤੀ ਪੂਰਵਕ ਢੰਗ ਨਾਲ ਮੀਟਿੰਗ ਤਕਰੀਬਨ 3 ਘੰਟੇ ਚਲਦੀ ਰਹੀ।

ਭਾਈ ਢਿੱਲੋਂ ਨੇ ਦੱਸਿਆ ਕਿ ਅਪਰੈਲ 2011 ਵਾਲੀ ਪ੍ਰਬੰਧਕ ਕਮੇਟੀ ਦੇ 21 ਮੈਂਬਰ ਹੇਠ ਲਿਖੇ ਸਮੇਂ ਅਨੁਸਾਰ ਸੇਵਾ ਮੁਕਤ ਹੋਣਗੇ:

ਸਾਲ 2011, ਕੁਲਵੰਤ ਸਿੰਘ ਸਿੱਧੂ, ਮੁਹਿੰਦਰ ਸਿੰਘ ਤੱਖਰ, ਮਿਲਾਪ ਸਿੰਘ ਉਭੀ, ਮਹਿੰਗਾ ਸਿੰਘ ਰਾਜਾਸਾਂਸੀ।

ਸਾਲ 2012, ਭੁਪਿੰਦਰ ਸਿੰਘ ਢਿੱਲੋਂ, ਸੁਰਿੰਦਰ ਸਿੰਘ ਪੁਰੇਵਾਲ, ਸੁਰਜੀਤ ਸਿੰਘ ਬੈਂਸ, ਸੋਹਨ ਸਿੰਘ ਧਨੋਤਾ।

ਸਾਲ 2013, ਨੀਤੂ ਸਿੰਘ ਕਾਹਲੋਂ, ਹਰਦੇਵ ਸਿੰਘ ਤੱਖਰ, ਗੁਰਿੰਦਰਪਾਲ ਸਿੰਘ, ਹਰਭਜਨ ਸਿੰਘ ਜੌਹਲ।

ਸਾਲ 2014, ਪ੍ਰੀਤਮ ਸਿੰਘ ਗਰੇਵਾਲ, ਸਰਵਜੋਤ ਸਿੰਘ ਸਵੱਦੀ, ਰਜਿੰਦਰ ਸਿੰਘ ਮੰਘਰ, ਬਹਾਦਰ ਸਿੰਘ ਦਿਉਲ।

ਸਾਲ 2015, ਸੁਖਦੇਵ ਸਿੰਘ ਬੈਨੀਵਾਲ, ਨਰਿੰਦਰਪਾਲ ਸਿੰਘ, ਗੁਰਦੇਵ ਸਿੰਘ ਕਲਸੀ, ਕਿਰਪਾਲ ਸਿੰਘ ਅਟਵਾਲ, ਨਰਿੰਦਰ ਕੌਰ ਮਹੇੜੂ।

ਇਸੇ ਦੌਰਾਨ ਪ੍ਰਬੰਧਕ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਜਿਨ੍ਹਾਂ ਗੁਰਸਿੱਖ ਪਰਿਵਾਰਾਂ ਨੇ ਗੁਰਦੁਆਰਾ ਸਾਹਿਬ ਦੇ ਖਾਲਸਾ ਸਕੂਲ ਦੇ ਕਮਰਿਆਂ ਦੀ 51,000 ਡਾਲਰ ਦੀ ਸੇਵਾ ਲਈ ਅਤੇ ਜਿਨ੍ਹਾਂ ਹੋਰ ਸਿੱਖ ਪਰਿਵਾਰਾਂ ਨੇ ਨਵੀ ਬਣੀ ਇਮਾਰਤ ਲਈ ਖਾਸ ਯੋਗਦਾਨ ਪਾਇਆ ਹੈ, ਉਨ੍ਹਾਂ ਦਾ 24 ਅਪਰੈਲ ਐਤਵਾਰ ਨੂੰ ਸਨਮਾਨ ਕੀਤਾ ਜਾਵੇਗਾ।

## ਸਾਟਕਟਨ ਵਿਚ ਵਿਸਾਖੀ ਮੌਕੇ ਸੱਜਿਆ ਮਹਾਨ ਨਗਰ ਕੀਰਤਨ



**ਸਟਾਕਟਨ (ਬਿਊਰੋ):** ਅਮਰੀਕਾ ਦੇ ਸਭ ਤੋਂ ਪੁਰਾਣੇ ਗੁਰੂਘਰ ਅਤੇ ਗਦਰੀ ਬਾਬਿਆਂ ਦੇ ਇਤਿਹਾਸਕ ਸਥਾਨ ਗੁਰਦੁਆਰਾ ਸਟਾਕਟਨ ਵਿਖੇ ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਪੁਰਬ ਦੇ ਸਬੰਧ ਵਿਚ ਸਮੂਹ ਸਿੱਖ ਸੰਗਤਾਂ ਵਲੋਂ ਲੰਘੇ ਐਤਵਾਰ 13ਵਾਂ ਮਹਾਨ ਨਗਰ ਕੀਰਤਨ ਸਜਾਇਆ ਗਿਆ ਜਿਸ ਵਿਚ ਉਤਰੀ ਕੈਲੀਫੋਰਨੀਆ ਦੇ ਵਖ ਵਖ ਸ਼ਹਿਰਾਂ ਤੋਂ ਭਾਰੀ ਗਿਣਤੀ ਵਿਚ ਸਿੱਖ ਸੰਗਤਾਂ ਨੇ ਸ਼ਮੂਲੀਅਤ ਕੀਤੀ।

ਨਗਰ ਕੀਰਤਨ ਇਕ ਸੱਜੀ ਹੋਈ ਪਾਲਕੀ ਵਿਚ ਸੁਸ਼ੋਭਿਤ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਅਗਵਾਈ ਵਿਚ ਸ਼ੁਰੂ ਹੋਇਆ। ਗੁਰੂ ਮਹਾਰਾਜ ਦੀ ਪਾਲਕੀ ਅਗੇ ਰਵਾਇਤੀ ਅਸਤਰ-ਬਸਤਰ ਵਿਚ ਸਜੇ ਪੰਜ ਪਿਆਰੇ ਚਲ ਰਹੇ ਸਨ। ਸ਼ਰਧਾਲੂ ਸੰਗਤਾਂ ਅਗੇ ਅਗੇ ਝਾੜੂ ਫੜੀ ਸੜਕ ਸਾਫ ਕਰ ਰਹੀਆਂ ਸਨ। ਗੁਰੂ ਮਹਾਰਾਜ ਦੀ ਪਾਲਕੀ ਤੋਂ ਇਲਾਹੀ ਬਾਣੀ ਦੇ ਕੀਰਤਨ ਦੀ ਧੁਨੀ ਫਿਜ਼ਾ ਵਿਚ ਇਲਾਹੀ ਸਰੋਦ ਘੋਲ ਰਹੀ ਸੀ। ਸੰਗਤਾਂ ਵਾਹਿਗੁਰੂ ਦਾ ਜਾਪ ਕਰਦੀਆਂ ਆਪਣੇ ਜਨਮ ਸਫਲੇ ਕਰ ਰਹੀਆਂ ਸਨ। ਗਤਕਾ ਦਲ ਮਾਰਸ਼ਲ ਆਰਟ ਦੇ ਜੌਹਰ ਦਿਖਾ ਕੇ ਸੰਗਤਾਂ ਨੂੰ ਅਚੰਭਿਤ ਕਰ ਰਹੇ ਸਨ। ਵਖ ਵਖ ਸੰਸਥਾਵਾਂ ਦੇ ਫਲੋਟ ਵੀ ਹਾਜਰੀ ਲਵਾ ਰਹੇ ਸਨ। ਨਗਰ ਕੀਰਤਨ ਦੇ ਸਾਰੇ ਰਸਤੇ ਸ਼ਰਧਾਲੂ ਸੱਜਣ ਸੰਗਤਾਂ ਦੀ ਜਲ-ਪਾਣੀ, ਮਿਠਾਈਆਂ ਅਤੇ ਹੋਰ ਪਕਵਾਨਾਂ ਨਾਲ ਸੇਵਾ ਕਰ ਰਹੇ ਸਨ-ਕਿਧਰੇ ਪੀਜ਼ੇ ਵਰਤਾਏ ਜਾ ਰਹੇ ਸਨ ਤੇ ਕਿਧਰੇ ਗਰਮਾ-ਗਰਮ ਜਲੇਬੀਆਂ ਤੇ ਪਕੌੜੇ ਅਤੇ ਕਿਧਰੇ ਗੰਨੇ ਦਾ ਜੂਸ ਵਰਤਾਇਆ ਜਾ ਰਿਹਾ ਸੀ। ਨਗਰ ਕੀਰਤਨ ਦੱਖਣੀ ਅਤੇ ਕੇਂਦਰੀ ਸਟਾਕਟਨ ਦੀਆਂ ਵਖ ਵਖ ਸੜਕਾਂ ਤੋਂ ਹੁੰਦਾ ਹੋਇਆ ਵਾਪਸ ਗੁਰੂਘਰ ਆ ਕੇ ਸਮਾਪਤ ਹੋਇਆ।

ਇਸ ਤੋਂ ਪਹਿਲਾਂ ਸਜਾਏ ਗਏ ਦੀਵਾਨ ਵਿਚ ਪੰਥ ਪ੍ਰਸਿਧ ਰਾਗੀ-ਢਾਡੀਆਂ ਅਤੇ ਵਿਆਖਿਆਕਾਰਾਂ ਨੇ ਗੁਰਸ਼ਬਦ ਕੀਰਤਨ ਤੇ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਅਮਰੀਕੀ ਪ੍ਰਸ਼ਾਸਨ ਦੇ ਕਈ ਅਧਿਕਾਰੀ ਵੀ ਇਸ ਮੌਕੇ ਹਾਜਰ ਸਨ, ਜਿਨ੍ਹਾਂ ਦਾ ਗੁਰੂਘਰ ਵਲੋਂ ਮਾਣ-ਸਤਿਕਾਰ ਕੀਤਾ ਗਿਆ।

ਇਸ ਮੌਕੇ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਵਲੋਂ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਚਲਾਈ ਜਾ ਰਹੀ ਇਨਸਾਫ ਲਹਿਰ ਅਤੇ ਹਾਲ ਹੀ ਵਿਚ ਸਿੱਖ ਨਸਲਕੁਸ਼ੀ ਬਾਰੇ ਹੋਏ ਤਾਜ਼ੇ ਖੁਲਾਸੇ ਸਬੰਧੀ ਇਕ ਡਾਕੂਮੈਂਟਰੀ ਵਿਖਾਈ ਗਈ। ਇਸ ਡਾਕੂਮੈਂਟਰੀ ਵਿਚ ਨਸਲਕੁਸ਼ੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਅਮਰੀਕਾ ਤੇ ਭਾਰਤ ਵਿਚ ਚਲਾਏ ਜਾ ਰਹੇ ਵੱਖ ਵੱਖ ਅਦਾਲਤੀ ਕੇਸਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਕੈਨੇਡਾ ਦੀ ਪਾਰਲੀਮੈਂਟ ਵਿਚ ਦਾਇਰ ਕੀਤੀ ਜਾਣ ਵਾਲੀ ਪਟੀਸ਼ਨ 'ਤੇ ਵੱਧ ਤੋਂ ਵੱਧ ਗਿਣਤੀ ਵਿਚ ਦਸਤਖਤ ਕਰਵਾਏ ਗਏ ਜਿਸ ਵਿਚ ਸਾਰਿਆਂ ਨੇ ਵੱਧ ਚੜ੍ਹ ਕੇ ਦਸਤਖਤ ਕੀਤੇ।

## ਫੀਡਲ ਕਾਸਟਰੋ ਵੱਲੋਂ ਪਾਰਟੀ ਮੁਖੀ ਦੇ ਅਹੁਦੇ ਤੋਂ ਅਸਤੀਫਾ

**ਹਵਾਨਾ:** ਫੀਡਲ ਕਾਸਟਰੋ ਨੇ ਕਿਊਬਾ ਦੀ ਕਮਿਊਨਿਸਟ ਪਾਰਟੀ ਦੇ ਮੁਖੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਸੇ ਦੌਰਾਨ ਕਿਊਬਾ ਦੀ ਕਮਿਊਨਿਸਟ ਪਾਰਟੀ ਨੇ ਆਰਥਿਕ ਸੁਧਾਰਾਂ ਦੀਆਂ ਕਈ ਯੋਜਨਾਵਾਂ ਨੂੰ ਮਨਜ਼ੂਰੀ ਦਿੱਤੀ ਹੈ। ਕਿਊਬਾ ਡਿਬੇਟ ਡਾਟ ਸੀ ਯੂ ਪੋਰਟਲ 'ਤੇ ਨਸ਼ਰ ਲੇਖ ਵਿਚ ਆਪਣੇ ਤੇ ਆਪਣੇ ਭਰਾ ਰਾਊਲ ਕਾਸਟਰੋ ਦੇ ਪਾਰਟੀ ਦੀ ਚੁਣੀ ਗਈ ਨਵੀਂ ਕੇਂਦਰੀ ਕਮੇਟੀ ਦੀ ਬੈਠਕ 'ਚ ਸ਼ਾਮਲ ਨਾ ਹੋਣ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਰਾਊਲ ਜਾਣਦੇ ਹਨ ਕਿ ਉਹ ਪਾਰਟੀ 'ਚ ਕਿਸੇ ਰਸਮੀ ਭੂਮਿਕਾ ਨੂੰ ਸਵੀਕਾਰ ਨਹੀਂ ਕਰਣਗੇ।

ਸਾਲ 1965 'ਚ ਪਾਰਟੀ ਦੇ ਗਠਨ ਤੋਂ ਬਾਅਦ ਤੋਂ ਹੀ ਫੀਡਲ ਕਾਸਟਰੋ ਪਾਰਟੀ ਦੀ ਕੇਂਦਰੀ ਕਮੇਟੀ 'ਚ ਪਹਿਲਾਂ ਸਕੱਤਰ ਦੇ ਅਹੁਦੇ 'ਤੇ ਕੰਮ ਕਰਦੇ ਰਹੇ। ਫੀਡਲ ਨੇ ਕਿਹਾ ਕਿ ਉਨ੍ਹਾਂ ਨੇ ਪਾਰਟੀ ਦੇ ਮੁਖੀ ਦਾ ਕੰਮ ਆਪਣੇ ਭਰਾ ਨੂੰ ਸੱਤਾ ਸੌਂਪਣ ਵੇਲੇ ਹੀ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਸੀ।

## ਗੁਰਦੁਆਰਾ ਅੰਗਦ ਦਰਬਾਰ ਵਿਖੇ ਵਿਸਾਖੀ ਦਿਹਾੜੇ ਦੀਆਂ ਰੌਣਕਾਂ

**ਬੇਕਰਜ਼ਫੀਲਡ (ਮਾਨ ਮਨਦੀਪ):** ਇਥੇ ਗੁਰਦੁਆਰਾ ਅੰਗਦ ਦਰਬਾਰ ਵਿਖੇ ਖਾਲਸਾ ਪੰਥ ਦਾ ਸਾਜਨਾ ਦਿਵਸ ਬੜੀ ਸ਼ਰਧਾ ਨਾਲ ਮਨਾਇਆ ਗਿਆ ਜਿਸ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਮੂਹਰੇ ਨਤਮਸਤਕ ਹੋ ਕੇ ਜੀਵਨ ਸਫਲੇ ਕੀਤੇ।

ਇਸ ਸਮਾਗਮ ਸਬੰਧੀ ਸ਼ੁਕਰਵਾਰ 15 ਅਪਰੈਲ ਨੂੰ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦਾ ਅਰੰਭ ਹੋਇਆ। ਉਸੇ ਸ਼ਾਮ ਭਾਰੀ ਦੀਵਾਨ ਸਜਾਏ ਗਏ ਜਿਨ੍ਹਾਂ ਵਿਚ ਕਥਾਵਾਚਕ ਭਾਈ ਗੁਰਸਾਹਿਬ ਸਿੰਘ ਨੇ ਕਥਾ ਵਿਆਖਿਆ ਰਾਹੀਂ ਗੁਰ ਸ਼ਬਦ ਦਾ ਚਾਨਣ ਵੰਡਿਆ ਅਤੇ ਦਸਮ ਪਾਤਸ਼ਾਹ ਵਲੋਂ ਰਚਾਏ ਗਏ ਇਸ ਕੌਤਕ ਦੇ ਇਤਿਹਾਸਕ ਪਿਛੋਕੜ ਬਾਰੇ ਸੰਗਤਾਂ ਨੂੰ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸਮੂਹ ਸੰਗਤਾਂ ਨੂੰ ਗੁਰੂ ਦੇ ਲੜ ਲੱਗ ਕੇ ਸਿੱਖੀ ਸਰੂਪ ਨੂੰ ਕਾਇਮ ਰੱਖਦਿਆਂ ਗੁਰਮਤਿ ਜੀਵਨ ਧਾਰਨ ਕਰਨਾ ਚਾਹੀਦਾ ਹੈ। ਸਨਿਚਰਵਾਰ ਰਾਤ ਨੂੰ ਨਾਭੇ ਵਾਲੀਆਂ ਬੀਬੀਆਂ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਗਾ ਕੇ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਿਆ।

ਐਤਵਾਰ ਵਾਲੇ ਦਿਨ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਗੁਰਮੁਖ ਸਿੰਘ ਅਜਨਾਲਾ ਅਤੇ ਸਾਥੀਆਂ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਮੌਕੇ ਸਿੱਖੀ ਸਰੂਪ ਵਾਲੇ ਸਕੂਲੀ ਬੱਚਿਆਂ ਦਾ ਵਿਸ਼ੇਸ਼ ਮਾਣ-ਸਤਿਕਾਰ ਕੀਤਾ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਨ੍ਹਾਂ ਸਮਾਗਮਾਂ ਵਿਚ ਗੁਰੂ ਘਰ ਦੇ ਪ੍ਰਧਾਨ ਸੁਖਬੀਰ ਸਿੰਘ ਸੰਧੂ, ਚੇਅਰਮੈਨ ਛਿੰਦਾ ਉਪਲ, ਸਕੱਤਰ ਅਮਰੀਕ ਸਿੰਘ ਗੋਰਾਇਆ, ਅਜੀਤ ਸਿੰਘ ਬਸਰਾ, ਖਜ਼ਾਨਚੀ ਕੁਲਵਿੰਦਰ ਸਿੰਘ, ਤੇਜਪਾਲ ਸਿੰਘ ਨਿਕਸਨ ਅਤੇ ਗੁਰੂ ਘਰ ਦੇ ਹੋਰ ਸੇਵਕਾਂ ਨੇ ਗੁਰੂ ਘਰ ਦੀ ਯਥਾਯੋਗ ਸੇਵਾ ਕੀਤੀ।











# ਮਨਪ੍ਰੀਤ ਬਾਦਲ ਦਾ ਅਸਤੀਫ਼ਾ ਪ੍ਰਵਾਨ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਸਾਬਕਾ ਵਿੱਤ ਮੰਤਰੀ ਤੇ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਵੱਲੋਂ ਵਿਧਾਨ ਸਭਾ ਦੀ ਮੈਂਬਰੀ ਤੋਂ ਦਿੱਤੇ ਅਸਤੀਫੇ ਨੂੰ ਪ੍ਰਵਾਨ ਕਰ ਲਿਆ ਹੈ। ਸ੍ਰੀ ਕਾਹਲੋਂ ਅਨੁਸਾਰ ਸਾਬਕਾ ਵਿੱਤ ਮੰਤਰੀ ਦਾ ਅਸਤੀਫਾ 13 ਅਪਰੈਲ ਨੂੰ ਪ੍ਰਵਾਨ ਕੀਤਾ ਗਿਆ ਸੀ। ਅਸਤੀਫਾ ਪ੍ਰਵਾਨ ਹੋਣ ਤੋਂ ਬਾਅਦ ਗਿੱਦੜਬਾਹਾ ਵਿਧਾਨ ਸਭਾ ਹਲਕਾ ਨੁਮਾਇੰਦਗੀ ਤੋਂ ਵਿਹਲਾ ਹੋ ਜਾਵੇਗਾ। ਸ੍ਰੀ ਕਾਹਲੋਂ ਦਾ ਦੱਸਣਾ ਹੈ ਕਿ ਭਾਰਤ ਦੇ ਚੋਣ ਕਮਿਸ਼ਨ ਨੂੰ ਵੀ ਵਿਧਾਨ ਸਭਾ ਦੀ ਸੀਟ ਖਾਲੀ ਹੋਣ ਬਾਰੇ ਲਿਖਿਆ ਜਾ ਰਿਹਾ ਹੈ। ਸਾਬਕਾ ਵਿੱਤ ਮੰਤਰੀ ਨੇ 26 ਮਾਰਚ ਨੂੰ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫਾ ਸੌਂਪ ਦਿੱਤਾ ਸੀ ਤੇ 27 ਮਾਰਚ ਨੂੰ ਖਟਕੜ ਕਲਾਂ 'ਚ ਨਵੀਂ ਸਿਆਸੀ ਪਾਰਟੀ ਦੇ ਗਠਨ ਦਾ ਐਲਾਨ ਕੀਤਾ ਸੀ। ਵਿਧਾਨ ਸਭਾ ਦੇ ਸਪੀਕਰ ਨੇ ਮਨਪ੍ਰੀਤ ਸਿੰਘ ਬਾਦਲ ਦੀ ਹੀ ਮੰਗ 'ਤੇ ਵਿਧਾਇਕ ਵਜੋਂ ਮਿਲਣ ਵਾਲੀ ਤਨਖਾਹ ਤੇ ਭੱਤੇ ਮੁੱਖ ਮੰਤਰੀ ਰਾਹਤ ਫੰਡ ਵਿਚ ਕੈਂਸਰ ਪੀੜਤਾਂ ਦੇ ਇਲਾਜ ਲਈ ਭੇਜਣ ਦਾ ਫੈਸਲਾ ਕੀਤਾ ਹੈ।

ਸ੍ਰੀ ਕਾਹਲੋਂ ਨੇ ਅਸਤੀਫਾ ਦੇਰੀ ਨਾਲ ਪ੍ਰਵਾਨ ਕਰਨ ਦੇ ਜਵਾਬ ਵਿਚ ਕਿਹਾ ਕਿ ਬਜਟ ਸੈਸ਼ਨ ਤੋਂ ਬਾਅਦ ਉਹ ਹੋਰਨਾਂ ਕੰਮਾਂ 'ਚ ਰੁਝੇ ਰਹੇ, ਜਿਸ ਕਾਰਨ ਇਹ ਫੈਸਲਾ ਨਹੀਂ ਲਿਆ ਜਾ ਸਕਿਆ। ਗਿੱਦੜਬਾਹਾ ਹਲਕੇ ਦੀ ਉਪ ਚੋਣ ਬਾਰੇ ਉਨ੍ਹਾਂ ਕਿਹਾ ਕਿ ਉਪ ਚੋਣ ਦਾ ਫੈਸਲਾ ਤਾਂ ਚੋਣ ਕਮਿਸ਼ਨ ਨੇ ਕਰਨਾ ਹੈ ਪਰ ਵਿਧਾਨ ਸਭਾ ਸਕੱਤਰੇਤ ਵੱਲੋਂ ਚੋਣ ਕਮਿਸ਼ਨ ਨੂੰ ਸੀਟ ਖਾਲੀ ਕਰਨ ਦਾ ਫੈਸਲਾ ਲੈਣ ਬਾਰੇ ਲਿਖਿਆ ਜਾ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਵਿਧਾਨਕ ਤੌਰ 'ਤੇ ਕਿਸੇ ਵੀ ਹਲਕੇ ਦੀ ਚੋਣ ਛੇਆਂ ਮਹੀਨਿਆਂ ਦੇ ਅੰਦਰ-ਅੰਦਰ ਕਰਾਉਣੀ ਜ਼ਰੂਰੀ ਹੁੰਦੀ ਹੈ। ਮਨਪ੍ਰੀਤ ਬਾਦਲ 1995 ਤੋਂ ਗਿੱਦੜਬਾਹਾ ਵਿਧਾਨ ਸਭਾ ਹਲਕੇ ਦੀ ਨੁਮਾਇੰਦਗੀ ਕਰਦੇ ਆ ਰਹੇ ਹਨ।

ਮਨਪ੍ਰੀਤ ਬਾਦਲ ਦੇ ਦੋ ਹੋਰਨਾਂ ਸਾਥੀ ਅਕਾਲੀ ਵਿਧਾਇਕਾਂ ਜਗਬੀਰ ਸਿੰਘ ਬਰਾੜ ਤੇ ਮਨਜਿੰਦਰ ਸਿੰਘ ਕੰਗ ਨੂੰ ਵੀ ਸਪੀਕਰ ਵੱਲੋਂ ਤਲਬ ਕੀਤਾ ਜਾ ਰਿਹਾ ਹੈ। ਇਹ ਦੋਵੇਂ ਵਿਧਾਇਕ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਚੋਣ ਜਿੱਤੇ ਸਨ। ਸ੍ਰੀ ਕੰਗ ਤੇ ਬਰਾੜ ਵਿਰੁੱਧ ਨੋਟਿਸ ਜਾਰੀ ਕੀਤੇ ਜਾਣਗੇ ਤੇ ਨੋਟਿਸਾਂ ਦੇ ਜਵਾਬ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੀਪਲਜ਼ ਪਾਰਟੀ ਆਫ ਪੰਜਾਬ ਦਾ ਸਾਥ ਦੇਣ ਵਾਲੇ ਦੋਵੇਂ ਵਿਧਾਇਕਾਂ ਵਿਰੁੱਧ ਸ਼੍ਰੋਮਣੀ ਅਕਾਲੀ ਦਲ ਨੇ ਕੀ ਕਾਰਵਾਈ ਕਰਨੀ ਹੈ, ਇਸ ਨਾਲ ਵਿਧਾਨ ਸਭਾ ਦੀ ਕਾਰਵਾਈ ਦਾ ਕੋਈ ਤੁਅੱਲਕ ਨਹੀਂ।

# ਯੂਬਾ ਸਿਟੀ ਵਿਚ ਬੱਚਿਆਂ ਦੇ ਗੁਰਬਾਣੀ ਕੰਠ ਮੁਕਾਬਲੇ

**ਯੂਬਾ ਸਿਟੀ (ਬਿਊਰੋ):** ਇਥੇ ਗੁਰਦੁਆਰਾ ਟਾਇਰਾ ਬਿਊਨਾ ਵਿਚ ਖਾਲਸਾ ਪੰਜਾਬੀ ਸਕੂਲ ਦੇ ਬੱਚਿਆਂ ਦੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿਚ ਪਹਿਲੇ ਗਰੁਪ ਵਿਚ ਸੁਬੇਗ ਸਿੰਘ, ਹਰਜੋਤ ਸਿੰਘ ਤੇ ਜਸਕਰਨ ਸਿੰਘ ਸਾਂਝੇ ਤੌਰ 'ਤੇ ਜੇਤੂ ਕਰਾਰ ਦਿੱਤੇ ਗਏ। ਦੂਜੇ ਗਰੁਪ ਵਿਚ ਗੁਰਅੰਮ੍ਰਿਤ ਘੁੰਮਣ ਪਹਿਲੇ, ਗੁਰਲੀਨ ਮਾਨ ਦੂਜੇ ਅਤੇ ਜੁਝਾਰ ਸਿੰਘ ਤੀਜੇ ਨੰਬਰ 'ਤੇ ਰਹੇ। ਤੀਜੇ ਗਰੁਪ ਵਿਚ ਜਸਬੀਰ ਕੌਰ ਪਹਿਲੇ, ਸੁਖਮਨ ਸਿੰਘ ਦੂਜੇ ਅਤੇ ਬ੍ਰਹਮਜੋਤ ਸਿੰਘ ਤੀਜੇ ਨੰਬਰ 'ਤੇ ਰਹੇ। ਚੌਥੇ ਗਰੁਪ ਵਿਚ ਜਸਪ੍ਰੀਤ ਸਿੰਘ ਪਹਿਲੇ, ਨਰਿੰਦਰਪਾਲ ਸਿੰਘ ਦੂਜੇ ਅਤੇ ਜਗਤਾਰ ਸਿੰਘ ਤੀਜੇ ਨੰਬਰ 'ਤੇ ਰਹੇ।

ਇਨ੍ਹਾਂ ਮੁਕਾਬਲਿਆਂ ਵਿਚ ਜੱਜਾਂ ਦੀ ਸੇਵਾ ਸ੍ਰੀਮਤੀ ਨੀਨਾ ਜੌਹਲ, ਸ੍ਰੀਮਤੀ ਬਲਦੇਵ ਕੌਰ ਗਿੱਲ ਤੇ ਬੀਬੀ ਮਨਜੋਤ ਕੌਰ ਗਰੇਵਾਲ ਨੇ ਨਿਭਾਈ। ਟਾਈਮਕੀਪਰ ਬੀਬੀ ਪ੍ਰੀਤੀ ਗਰੇਵਾਲ ਅਤੇ ਬੀਬੀ ਢਿੱਲੋਂ ਸਨ। ਬੱਚਿਆਂ ਨੂੰ ਟਰੇਨਿੰਗ ਭਾਈ ਪਰਮਿੰਦਰ ਸਿੰਘ ਗਰੇਵਾਲ ਨੇ ਦਿੱਤੀ ਜਦੋਂਕਿ ਮੰਚ ਸੰਚਾਲਨ ਭਾਈ ਮੇਵਾ ਸਿੰਘ ਨੇ ਕੀਤਾ।

# ਮਾਤਾ ਸੁਰਜੀਤ ਕੌਰ ਨੂੰ ਹੰਝੂਆਂ ਭਰੀ ਵਿਦਾਇਗੀ

**ਬੇਕਰਜ਼ਫੀਲਡ (ਮਾਨ ਮਨਦੀਪ):** ਸਥਾਨਕ ਸਿੱਖ ਆਗੂ ਭਾਈ ਪਰਮਜੀਤ ਸਿੰਘ ਦੁਸਾਂਝ ਦੇ ਮਾਤਾ ਬੀਬੀ ਸੁਰਜੀਤ ਕੌਰ ਨੂੰ ਲੰਘੇ ਸਨਿਚਰਵਾਰ ਸੈਂਕੜੇ ਲੋਕਾਂ ਨੇ ਅੰਤਿਮ ਵਿਦਾਇਗੀ ਦਿੱਤੀ। ਅੰਤਿਮ ਸਸਕਾਰ ਤੋਂ ਪਹਿਲਾਂ ਬੀਬੀ ਸੁਰਜੀਤ ਕੌਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਦੀ ਪੋਤਰੀ ਗੁਰਪ੍ਰੀਤ ਕੌਰ ਨੇ ਉਨ੍ਹਾਂ ਦੇ ਜੀਵਨ ਬਾਰੇ ਚਾਨਣਾ ਪਾਇਆ। ਉਨ੍ਹਾਂ ਦੇ ਪੋਤਰੇ ਸੇਵਕ ਸਿੰਘ ਨੇ ਭਾਵੁਕ ਹੁੰਦਿਆਂ ਕਿਹਾ ਕਿ ਜਦੋਂ ਉਹ ਸਕੂਲੋਂ ਆਏਗਾ ਤਾਂ ਉਸ ਨੂੰ ਆਪਣੀ ਦਾਦੀ ਇੰਤਜ਼ਾਰ ਕਰਦੀ ਨਜ਼ਰ ਨਹੀਂ ਆਵੇਗੀ। ਅਖੀਰ ਵਿਚ ਭਾਈ ਪਰਮਜੀਤ ਸਿੰਘ ਦੁਸਾਂਝ ਨੇ ਇਸ ਮੌਕੇ ਉਨ੍ਹਾਂ ਨਾਲ ਦੁੱਖ ਸਾਂਝਾ ਕਰਨ ਆਏ ਸਮੂਹ ਰਿਸ਼ਤੇਦਾਰਾਂ ਅਤੇ ਮਿੱਤਰਾਂ-ਦੋਸਤਾਂ ਦਾ ਧੰਨਵਾਦ ਕੀਤਾ। ਬੀਬੀ ਸੁਰਜੀਤ ਕੌਰ ਆਪਣੇ ਪਿਛੇ 4 ਪੁੱਤਰਾਂ ਅਤੇ 14 ਪੋਤਰੇ-ਪੋਤਰੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਅੰਤਿਮ ਵਿਦਾਇਗੀ ਸਮੇਂ ਹੋਰਨਾਂ ਤੋਂ ਇਲਾਵਾ ਜੋਬਨਜੀਤ ਸਿੰਘ ਬੌਬੀ, ਸੁੱਖੀ ਘੁੰਮਣ, ਜਗਦੀਸ਼ ਢਿੱਲੋਂ, ਜਤਿੰਦਰ ਗਿੱਲ, ਬਲਵਿੰਦਰ ਬਰਾੜ, ਵਿਨੋਦ ਕੰਬੋਜ, ਸੁਖਬੀਰ ਸਿੰਘ ਪ੍ਰਧਾਨ, ਬਾਬ ਵਿਰਕ, ਮਨਜੀਤ ਸਿੰਘ ਸੈਕਟਰੀ, ਜਗਤਾਰ ਸਿੰਘ ਨੰਬਰਦਾਰ, ਬੱਬੂ ਗੁਰਪਾਲ, ਹਰਦਿਆਲ ਸਿੰਘ ਮੱਲ੍ਹੀ, ਬਲਜੀਤ ਨਿਰਵਾਣ ਅਤੇ ਬੱਕ ਢੇਸੀ ਹਾਜ਼ਰ ਸਨ।




**Rising Sun Transport Roanoke,VA**

ਟਰੱਕ ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ

ਈਸਟ ਕੋਸਟ ਤੋਂ ਵੈਸਟ ਕੋਸਟ



ਡਰਾਈ ਅਤੇ ਰੀਫਰ ਲੋਡ
ਲੋਡ ਚੱਕਣ ਲਈ ਕੋਈ ਇੰਤਜ਼ਾਰ ਨਹੀਂ
ਕਾਗਜ਼ ਪੂਰੇ ਕਰਨ 'ਤੇ ਤੁਰਤ ਭੁਗਤਾਨ

ਡੀਜ਼ਲ ਮਕੈਨਿਕ ਦੀ ਵੀ ਲੋੜ ਹੈ

ਕਾਲ ਕਰੋ:540-632-3671



ਯੂਬਾ ਸਿਟੀ ਵਿਚ ਤੁਹਾਡੀ ਆਪਣੀ ਟਾਇਰ ਅਤੇ ਆਟੋ ਰਿਪੇਅਰ ਸ਼ਾਪ

**Lucky Tire & Auto Repair**

ਤੁਹਾਡੀ ਸੇਵਾ ਲਈ ਦੋ ਲੋਕੇਸ਼ਨਾਂ
909 Garden Hwy
660 Culussa Hwy




ਟਾਇਰ ਸਪੈਸ਼ਲ $99/-

ਆਇਲ ਚੇਂਜ਼ ਸਪੈਸ਼ਲ $24.99+ਲੇਬਰ ਅਤੇ ਡਿਸਪੋਜ਼ਲ ਫੀਸ

ਫਰੰਟ ਐਕਸਲ ਬਰੇਕ ਜਾਬ ਸਪੈਸ਼ਲ $44.95 (ਸਿਰਫ਼ ਲੇਬਰ)

ਟਿਊਨ ਅਪ ਸਪੈਸ਼ਲ $79.99 (ਬੇਸਿਕ ਕਾਰ)

ਫੋਨ:530-755-4037, 530-673-4001



ਇੰਡੀਅਨ ਰੈਸਟੋਰੈਂਟ ਅਤੇ ਗਰੌਸਰੀ ਸਟੋਰ ਵਿਕਾਊ ਹੈ

**Indian Restaurant & Grocery Store For Sale in Turlock, CA**

ਟਰਲਕ, ਕੈਲੀਫੋਰਨੀਆ ਵਿਚ ਬਹੁਤ ਹੀ ਵਧੀਆ ਲੋਕੇਸ਼ਨ 'ਤੇ ਰੈਸਟੋਰੈਂਟ ਅਤੇ ਇੰਡੀਅਨ ਗਰੌਸਰੀ ਸਟੋਰ ਵਿਕਾਊ ਹੈ।

(Beer & Wine License Available)

*Lease Month to Month or Year to Year.
*No Water Bill, No Triple Net.
*No Waste Management Bill.

ਚਾਹਵਾਨ ਸੱਜਣ ਸੰਪਰਕ ਕਰ ਸਕਦੇ ਹਨ

**Call: Ashwani**

**209-535-8642, 209-667-6205**

www.premindiancuisine.com

# ਅਕਾਲੀ ਤੇ ਕਾਂਗਰਸੀ ਇਕ ਸਿੱਕੇ ਦੇ ਦੋ ਪਾਸੇ:ਮਾਨ



*ਤਲਵੰਡੀ ਸਾਬੋ ਵਿਖੇ ਛੋਟੇ ਸਪੀਕਰ ਨਾਲ ਲੋਕਾਂ ਨੂੰ ਸੰਬੋਧਨ ਕਰ ਰਹੇ ਸਿਮਰਨਜੀਤ ਸਿੰਘ ਮਾਨ।*

**ਤਲਵੰਡੀ ਸਾਬੋ:** ਸ਼੍ਰੋਮਣੀ ਕਮੇਟੀ ਵੱਲੋਂ ਐਤਕੀਂ ਕਿਸੇ ਵੀ ਸਿਆਸੀ ਪਾਰਟੀ ਨੂੰ ਕਾਨਫਰੰਸ ਲਈ ਥਾਂ ਨਾ ਦੇਣ ਕਾਰਨ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਵਿਸਾਖੀ ਮੌਕੇ ਛੋਟੇ ਸਪੀਕਰਾਂ ਰਾਹੀਂ ਅੱਧਾ ਘੰਟਾ ਸੰਬੋਧਨ ਕੀਤਾ ਤੇ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ। ਸ. ਮਾਨ ਨੇ ਸ਼੍ਰੋਮਣੀ ਕਮੇਟੀ ਦੀ ਸਟੇਜ ਤੋਂ ਸੰਬੋਧਨ ਕਰਨ ਦਾ ਐਲਾਨ ਕੀਤਾ ਹੋਇਆ ਸੀ ਪਰ ਉਨ੍ਹਾਂ ਨੂੰ ਜਦੋਂ ਸਟੇਜ ਤੋਂ ਬੋਲਣ ਨਾ ਦਿੱਤਾ ਗਿਆ ਤਾਂ ਉਨ੍ਹਾਂ ਛੋਟੇ ਸਪੀਕਰਾਂ ਨਾਲ ਲੋਕਾਂ ਨੂੰ ਸੰਬੋਧਨ ਕੀਤਾ। ਉਹ ਆਪਣੇ ਦਲ ਦੇ ਆਗੂਆਂ ਤੇ ਵਰਕਰਾਂ ਨਾਲ ਪੂਰੀ ਤਿਆਰੀ ਨਾਲ ਪਹੁੰਚੇ ਹੋਏ ਸਨ।

ਸ. ਮਾਨ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਅੱਜ ਵੀ ਕਾਨੂੰਨੀ, ਮਾਲੀ, ਭੂਗੋਲਿਕ, ਸੱਭਿਆਚਾਰਕ, ਧਾਰਮਿਕ ਤੇ ਸਿਆਸੀ ਤੌਰ ’ਤੇ ਸਿੱਖਾਂ ਨਾਲ ਘੋਰ ਵਿਤਕਰਾ ਕਰ ਰਹੀਆਂ ਹਨ। ਸਿੱਖਾਂ ਨੂੰ ਜੇਲ੍ਹਾਂ ’ਚ ਸੁੱਟਿਆ ਜਾ ਰਿਹਾ ਹੈ, ਪੱਗਾਂ ਰੋਲੀਆਂ ਜਾ ਰਹੀਆਂ ਹਨ ਤੇ ਹਰ ਥਾਂ ਜ਼ਲੀਲ ਕੀਤਾ ਜਾ ਰਿਹਾ ਹੈ। ਇਹ ਵਿਤਕਰਾ ਉਦੋਂ ਤੱਕ ਜਾਰੀ ਰਹੇਗਾ ਜਿੰਨਾ ਚਿਰ ਵੱਖਰਾ ਸਿੱਖ ਰਾਜ ਕਾਇਮ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਅਕਾਲੀ ਦਲ (ਬ) ਤੇ ਕਾਂਗਰਸ ਦੋਵੇਂ ਪਾਰਟੀਆਂ ਇਕ ਸਿੱਕੇ ਦੇ ਦੋ ਪਹਿਲੂ ਹਨ ਜੋ ਸਿੱਖਾਂ ’ਤੇ ਜਬਰ-ਜ਼ੁਲਮ ਕਰ ਰਹੀਆਂ ਹਨ। ਉਨ੍ਹਾਂ ਐਲਾਨ ਐਲਾਨ ਕੀਤਾ ਕਿ ਉਨ੍ਹਾਂ ਦੀ ਲੜਾਈ ਉਸ ਸਮੇਂ ਤੱਕ ਜਾਰੀ ਰਹੇਗੀ, ਜਿੰਨਾ ਚਿਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਸੁਪਨਾ ਪੂਰਾ ਨਹੀਂ ਹੁੰਦਾ। ਇਨ੍ਹਾਂ 17 ਮਤੇ ਵੀ ਪੜ੍ਹ ਕੇ ਸੁਣਾਏ ਜਿਨ੍ਹਾਂ ਨੂੰ ਮੌਕੇ ’ਤੇ ਹੀ ਸੰਗਤਾਂ ਨੇ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦਿੱਤੀ। ਉਨ੍ਹਾਂ ਨਾਲ ਕੌਮੀ ਜਨਰਲ ਸਕੱਤਰ ਗੁਰਸੇਵਕ ਸਿੰਘ ਜਵਾਹਰਕੇ, ਸੁਖਦੇਵ ਸਿੰਘ ਕਿੰਗਰਾ, ਪਰਮਿੰਦਰ ਸਿੰਘ, ਰਾਮ ਸਿੰਘ ਲੇਲੇਵਾਲਾ ਤੇ ਧਿਆਨ ਸਿੰਘ ਮੰਡ ਸਨ।

## ‘ਵਾਰਸ’ ਨੂੰ ਵਾਰਸਾਂ ਵੱਲੋਂ ਚੁਣੌਤੀ

**ਚੰਡੀਗੜ੍ਹ:** ਸ਼ਹੀਦ ਊਧਮ ਸਿੰਘ ਦੇ ਵਾਰਸ ਹੋਣ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਹੈ। ਖੁਸ਼ੀ ਨੰਦ ਅਤੇ ਇੰਦਰ ਸਿੰਘ ਨਾਮੀ ਦੋ ਬਜ਼ੁਰਗਾਂ ਨੇ ਅਜੀਤ ਸਿੰਘ ਦੇ ਉਸ ਦਾਅਵੇ ਨੂੰ ਚੁਣੌਤੀ ਦਿੱਤੀ ਹੈ ਜਦੋਂ ਉਸ ਨੇ ਸ਼ਹੀਦ ਦਾ ਇਕਲੌਤਾ ਵਾਰਸ ਹੋਣ ਦੀ ਗੱਲ ਕਰਦਿਆਂ ਨਵੀਂ ਦਿੱਲੀ ਵਿੱਚ ਸਨਮਾਨ ਅਤੇ 7 ਲੱਖ ਰੁਪਏ ਹਾਸਲ ਕੀਤੀ ਸੀ। ਇਨ੍ਹਾਂ ਬਜ਼ੁਰਗਾਂ ਨੇ ਦੱਸਿਆ ਕਿ ਉਹ ਸ਼ਹੀਦ ਦੇ ਸਕੇ ਭਾਣਜੇ ਹਨ। ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਪੱਤਰ ਭੇਜਦਿਆਂ ਸਾਰੀ ਕਹਾਣੀ ਵੀ ਬਿਆਨ ਕੀਤੀ ਹੈ। ਦੋਹਾਂ ਨੂੰ ਰਾਜ ਸਰਕਾਰ ਨੇ ਸ਼ਨਾਖਤੀ ਪੱਤਰ ਜਾਰੀ ਕੀਤਾ ਹੋਇਆ ਹੈ ਅਤੇ ਸਰਕਾਰ ਨੇ ਵੀ ਸ਼ਹੀਦ ਊਧਮ ਸਿੰਘ ਦੇ ਭਾਣਜਿਆਂ ਵਜੋਂ ਮਾਨਤਾ ਦਿੱਤੀ ਹੋਈ ਹੈ। ਇਨ੍ਹਾਂ ਬਜ਼ੁਰਗਾਂ ਨੇ ਦੱਸਿਆ ਕਿ ਅਜੀਤ ਸਿੰਘ ਉਨ੍ਹਾਂ ਦੇ ਮ੍ਰਿਤਕ ਭਰਾ ਬਚਨ ਸਿੰਘ ਦਾ ਪੁੱਤਰ ਹੈ ਜਿਸ ਨੂੰ ਕਦੇ ਵੀ ਸ਼ਹੀਦ ਦੇ ਵਾਰਸ ਵਜੋਂ ਕੋਈ ਸਹੂਲਤ ਲੈਣ ਦਾ ਅਧਿਕਾਰ ਨਹੀਂ ਮਿਲਿਆ।


# ਕੈਸ਼ੀਅਰ ਅਤੇ ਹੋਰ ਸਟਾਫ ਦੀ ਲੋੜ ਹੈ

ਓਕਲਹੋਮਾ ਵਿਚ ਗੈਸ ਸਟੇਸ਼ਨ ਉਤੇ ਕੰਮ ਕਰਨ ਲਈ ਕੈਸ਼ੀਅਰ ਦੀ ਲੋੜ ਹੈ। ਇਸ ਤੋਂ ਬਿਨਾ ਪੰਜਾਬੀ ਢਾਬੇ ਉਤੇ ਕੰਮ ਕਰਨ ਲਈ ਕੁਕ ਅਤੇ ਵੇਟਰ ਸਟਾਫ ਦੀ ਲੋੜ ਹੈ।

**ਕਾਲ ਕਰੋ:**

**832-512-7172**


## ਬੀਬੀ ਦਵਿੰਦਰਪਾਲ ਕੌਰ ਭੁਲਰ ਸੁਰਗਵਾਸ

**ਬੇਕਰਜ਼ਫੀਲਡ (ਮਾਨ ਮਨਦੀਪ):** ਸਥਾਨਕ ਭੁਲਰ ਪਰਿਵਾਰ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਾ ਜਦੋਂ ਬੀਬੀ ਦਵਿੰਦਰਪਾਲ ਕੌਰ ਭੁਲਰ ਇਕ ਸਥਾਨਕ ਡਾਕਟਰ ਦੀ ਕਥਿਤ ਅਣਗਹਿਲੀ ਕਰਕੇ ਅਚਾਨਕ ਸਦੀਵੀ ਵਿਛੋੜਾ ਦੇ ਗਏ। ਇਹ ਡਾਕਟਰ ਬੀਬੀ ਦਵਿੰਦਰਪਾਲ ਨੂੰ ਪਿਛਲੇ ਤਿੰਨ ਸਾਲਾਂ ਤੋਂ ਬਿਨਾ ਸਹੀ ਟੈਸਟ ਕਰਵਾਏ ਦਰਦ ਨਿਵਾਰਕ ਦਵਾਈਆਂ ਦੇ ਕੇ ਹੀ ਕੰਮ ਚਲਾਈ ਜਾ ਰਿਹਾ ਸੀ ਪਰ ਜਦੋਂ ਦੋ ਹਫਤੇ ਪਹਿਲਾਂ ਯੂ ਸੀ ਐਲ ਏ ਤੋਂ ਬਾਕਾਇਦਾ ਟੈਸਟ ਕਰਵਾਏ ਗਏ ਤਾਂ ਉਨ੍ਹਾਂ ਨੂੰ ਲੀਵਰ ਦਾ ਕੈਂਸਰ ਨਿਕਲਿਆ ਜੋ ਆਖਰੀ ਪੜਾਅ ‘ਤੇ ਸੀ। ਠੀਕ ਦੋ ਹਫਤੇ ਬਾਅਦ ਲੰਘੇ ਸਨਿਚਰਵਾਰ ਉਹ ਮੌਤ ਦੀ ਗੋਦੀ ਜਾ ਬੈਠੇ। ਵਿਛੜੀ ਬੀਬੀ ਦੇ ਪਰਿਵਾਰ ਦੇ ਜੀਅ ਉਨ੍ਹਾਂ ਦੀ ਮੌਤ ਲਈ ਸਬੰਧਤ ਡਾਕਟਰ ਦੀ ਅਣਗਹਿਲੀ ਨੂੰ ਜਿੰਮੇਵਾਰ ਠਹਿਰਾ ਰਹੇ ਹਨ।



ਪਰਿਵਾਰਕ ਸੂਤਰਾਂ ਅਨੁਸਾਰ ਇਸ ਡਾਕਟਰ ਵਿਰੁਧ ਜਲਦ ਹੀ ਕਾਨੂੰਨੀ ਕਾਰਵਾਈ ਕੀਤੀ ਜਾਏਗੀ ਤਾਂ ਜੋ ਉਹ ਹੋਰ ਜਿੰਦੜੀਆਂ ਨਾਲ ਖਿਲਵਾੜ ਨਾ ਕਰ ਸਕੇ। 52 ਸਾਲਾ ਦਵਿੰਦਰਪਾਲ ਕੌਰ ਪੰਜ ਸਾਲ ਪਹਿਲਾਂ ਆਪਣੇ ਪਰਿਵਾਰ ਸਮੇਤ ਅਮਰੀਕਾ ਪਹੁੰਚੀ ਸੀ ਅਤੇ ਇਥੇ ਗਾਜਰਾਂ ਦੀ ਫੈਕਟਰੀ ਗਰਿਮਵੇਅ ਵਿਚ ਕੰਮ ਕਰਦੀ ਸੀ। ਬੀਬੀ ਦਵਿੰਦਰਪਾਲ ਕੌਰ ਦਾ ਅੰਤਿਮ ਸੰਸਕਾਰ ਸਨਿਚਰਵਾਰ 23 ਅਪਰੈਲ ਨੂੰ ਸਵੇਰੇ 10 ਵਜੇ ਤੋਂ 12 ਵਜੇ ਤਕ ਇਥੇ ਬਸ਼ਮ ਫਿਊਨਰਲ ਹੋਮ (3012 ਨਾਈਲਜ਼ ਸਟਰੀਟ) ਵਿਚ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਪਲਾਂਜ ਰੋਡ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਜੋਗਿੰਦਰ ਸਿੰਘ ਭੁਲਰ ਫੋਨ 661-368-1684 ਜਾਂ ਉਨ੍ਹਾਂ ਦੇ ਨਜਦੀਕੀ ਰਿਸ਼ਤੇਦਾਰ ਜੋਬਨਜੀਤ ਸਿੰਘ ਬੌਬੀ ਫੋਨ 661-808-7181 ਰਾਹੀਂ ਹੋ ਸਕਦਾ ਹੈ।




# Guaranteed Save $5,000!

**On Your Home Purchase or I will Pay You $1,000 Cash**

Call 24hr for free information 1-888-450-6603, ID 4008

Priority Access to Hot New Listing. Visit www.FreeHotListings.net

**Amardeep Singh, Realtor/Loan Broker (DRE # 01357217) Ph:(916) 712-2735**



**$169,000**

**ANATOLIA - $645 Payment**

Quite street!. Bright living & family room. Perfect home. Private Shaded backyard. Cozy fireplace. Beautiful

**FREE INFO: 1-888-450-6603**

ID # 4230



**$165,000**

**NATOMAS - $630 Payment**

Why Rent? Starter Home. Open Floor Plan.Bright Living Rooms. Cozy Den, Comfortable. Eat in Kitchen.

**FREE INFO: 1-888-450-6603**

ID # 4231



**$148,000**

**ANTELOPE - $562 Payment**

Great Investment! Wonderful Area. Best schools. Walking distance to parks. Family home. Private back yard.

**FREE INFO: 1-888-450-6603**

ID # 4232



**$109,000**

**CALVINE - $416 Payment**

Location–Lively. Comfortable. Safe Neighborhood. Don't Miss. What A Deal.Easy access to Hwy 99 and College

**FREE INFO: 1-888-450-6603,**

ID # 4233



**$155,000**

**VINTAGE - $591 Payment**

Great Opportunity. First time home buyer. Walking distance to school, park, and shopping. Clean. Safe Area.

**FREE INFO: 1-888-450-6603**

ID # 4234




**$189,900**

**Natomas - $721 Payment**

Bank Owned. New Home. Excellent School District. Family room. Bright living room. Cozy den. Granite Counters

**FREE INFO: 1-888-450-6603**

ID # 4235




**$119,000**

**SACRAMENTO - $454 Payment**

Safe Neighborhood. Desirable Location. Private Yard. Open Layout. Family Beautiful Home

**FREE INFO: 1-888-450-6603,**

ID # 4236



**$229,000**

**ANATOLIA - $874 Payment**

New community. Good Schools. Walking distance to park. One Bed and one bath down stairs. Fire Place. Shaded Backyard.

**FREE INFO: 1-888-450-6603**

ID # 4237



**$240,000**

**ELK GROVE - $916 Payment**

Great School District. Cul de sac Location. Wooden and Tile Floor. Maintained landscaped. Upgrade kitchen. 4 Bed.

**FREE INFO: 1-888-450-6603**

ID # 4238



**$229,000**

**ROCKLIN - $874 Payment**

Beautiful home on a corner lot. Open floor plan with large family room. Upgraded kitchen. First time buyer delight.

**FREE INFO: 1-888-450-6603**

ID # 4239



**$210,000**

**ELK GROVE - $802 Payment**

Lovely home. 4 bedroom. Great schools. Private yard. Perfect for family. Quite Street.Wonderful Area. Desirable.

**FREE INFO: 1-888-450-6603**

ID #4240




**For Short Sale I received over $4,500**

**FREE** cash back money when we did our short sale. Both my first, second loans, utility bills and property taxes were forgiven by the lenders. Mike and family

**Get Free list of Homes at www.statewideteam.net**

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਹੰਸਪਾਲ ਵੱਲੋਂ ਸੱਜਣ ਕੁਮਾਰ ਵਿਰੁਧ ਗਵਾਹ 'ਤੇ ਮੁਕਰਨ ਲਈ ਦਬਾਅ

ਸਟਿੰਗ ਅਪਰੇਸ਼ਨ 'ਚ ਇਹ ਕਾਂਗਰਸੀ ਆਗੂ ਹੰਸਪਾਲ ਗਵਾਹ ਨੂੰ ਸੱਜਣ ਕੁਮਾਰ ਨਾਲ ਲੈਣ-ਦੇਣ ਕਰਕੇ ਮਾਮਲਾ ਨਿਬੇੜਨ ਬਾਰੇ ਆਖ ਰਿਹਾ ਹੈ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਹੰਸਪਾਲ ਨਿਰਪ੍ਰੀਤ ਕੌਰ ਨੂੰ ਸੱਜਣ ਕੁਮਾਰ ਦੇ ਮੁਕੱਦਮੇ ਬਾਰੇ ਆਹਮਣੇ-ਸਾਹਮਣੇ ਬੈਠ ਕੇ ਗੱਲ ਕਰਨ ਲਈ ਆਖਦਾ ਹੋਇਆ ਦਿਖਾਇਆ ਗਿਆ ਹੈ।

ਬੀਬੀ ਨਿਰਪ੍ਰੀਤ ਕੌਰ ਨੇ ਕਿਹਾ ਕਿ ਅਦਾਲਤ 'ਚ ਪੇਸ਼ੀਆਂ ਦੌਰਾਨ ਵੀ ਉਸ ਨੂੰ ਧਮਕਾਇਆ ਜਾਂਦਾ ਸੀ। ਇਸ ਬਾਰੇ ਉਸ ਨੇ ਚੈਨਲ ਨਾਲ ਖੁਦ ਸੰਪਰਕ ਕੀਤਾ ਅਤੇ ਫਿਰ ਇਹ ਸਟਿੰਗ ਅਪਰੇਸ਼ਨ ਕੀਤਾ ਗਿਆ। ਨਿਰਪ੍ਰੀਤ ਕੌਰ ਨੇ ਦਾਅਵਾ ਕੀਤਾ ਹੈ ਕਿ ਉਹ ਹੰਸਪਾਲ ਨੂੰ ਛੇ ਵਾਰ ਮਿਲੀ। ਉਸ ਨੂੰ ਤਿੰਨ ਕਰੋੜ ਰੁਪਏ ਦਾ ਲਾਲਚ ਦੇ ਕੇ ਸੱਜਣ ਕੁਮਾਰ ਦਾ ਨਾਂ ਨਾ ਲੈਣ ਬਾਰੇ ਆਖਿਆ ਜਾ ਰਿਹਾ ਸੀ।

ਇਹ ਖ਼ਬਰ ਨਸ਼ਰ ਹੁੰਦਿਆ ਹੀ ਅਕਾਲੀ ਦਲ ਦੇ ਆਗੂ ਕਾਂਗਰਸ ਦੇ ਦਫ਼ਤਰ (24 ਅਕਬਰ ਰੋਡ, ਨਵੀਂ ਦਿੱਲੀ) ਅੱਗੇ ਇੱਕਠੇ ਹੋ ਗਏ। ਜਿਉਂ ਹੀ ਇਨ੍ਹਾਂ ਨੇ ਦਫ਼ਤਰ ਵੱਲ ਜਾਣ ਦੀ ਕੋਸ਼ਿਸ਼ ਕੀਤੀ ਤਾਂ ਤੁਗਲਕ ਰੋਡ ਥਾਣੇ ਦੀ ਪੁਲੀਸ ਨੇ ਉਨ੍ਹਾਂ ਨੂੰ ਰੋਕ ਲਿਆ। ਸ੍ਰੀ ਮਨਜੀਤ ਸਿੰਘ ਜੀ.ਕੇ. ਨੇ ਦੱਸਿਆ ਕਿ ਇਸ ਪ੍ਰਦਰਸ਼ਨ ਬਾਰੇ ਜਦੋਂ ਦਫ਼ਤਰ 'ਚ ਬੈਠੇ ਕਾਂਗਰਸੀ ਆਗੂਆਂ ਨੂੰ ਪਤਾ ਲੱਗਾ ਤਾਂ ਜਨਰਲ ਸਕੱਤਰ ਅਹਿਮਦ ਪਟੇਲ ਨੇ ਗੱਲਬਾਤ ਕਰਨ ਲਈ ਦਲ ਦੇ ਆਗੂਆਂ ਨੂੰ ਸੰਦੇਸ਼ ਭੇਜਿਆ ਪਰ ਮਿਲਣ ਤੋਂ ਮਨ੍ਹਾਂ ਕਰ ਦਿੱਤਾ। ਇਸ ਤੋਂ ਬਾਅਦ ਪੁਲੀਸ ਨੇ ਦਲ ਦੇ ਆਗੂਆਂ ਸਮੇਤ ਕਰੀਬ ਤਿੰਨ ਦਰਜਨ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ।

## ਸਟਿੰਗ 'ਚ ਤੱਥ ਤੋੜੇ-ਮਰੋੜੇ ਗਏ: ਹੰਸਪਾਲ

**ਨਵੀਂ ਦਿੱਲੀ:** ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਹਰਵਿੰਦਰ ਸਿੰਘ ਹੰਸਪਾਲ ਨੇ ਸਟਿੰਗ ਅਪਰੇਸ਼ਨ ਬਾਰੇ ਕਿਹਾ ਹੈ ਕਿ ਇਹ ਗਵਾਹ ਖੁਦ ਹੀ ਉਨ੍ਹਾਂ ਦੇ ਦਫ਼ਤਰ ਆਈ ਸੀ ਅਤੇ ਚੈਨਲ ਵੱਲੋਂ ਜੋ ਤੱਥ ਪੇਸ਼ ਕੀਤੇ ਗਏ ਹਨ, ਉਹ ਤਰੋੜੇ-ਮਰੋੜੇ ਗਏ ਹਨ।

ਸ੍ਰੀ ਹੰਸਪਾਲ ਨੇ ਚੁਣੌਤੀ ਦਿੱਤੀ, "ਜੇਕਰ ਚੈਨਲ ਇਹ ਸਿੱਧ ਕਰ ਦੇਵੇ ਕਿ ਮੈਂ ਤਿੰਨ ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਹੈ ਤਾਂ ਉਹ ਜਨਤਕ ਤੌਰ 'ਤੇ ਮੁਆਫ਼ੀ ਮੰਗ ਲੈਣਗੇ, ਨਹੀਂ ਤਾਂ ਚੈਨਲ ਨੂੰ ਮੁਆਫ਼ੀ ਮੰਗਣੀ ਪਵੇਗੀ।" ਉਨ੍ਹਾਂ ਕਿਹਾ ਕਿ ਅਜਿਹੀਆਂ ਗੱਲਾਂ ਉਸ ਦੇ ਮੂੰਹ 'ਚ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਜਿਨ੍ਹਾਂ ਦਾ ਵਾਸਤਾ ਉਸ ਨਾਲ ਹੈ ਹੀ ਨਹੀਂ। ਉਨ੍ਹਾਂ ਸਵਾਲ ਕੀਤਾ ਕਿ ਮਈ 2010 'ਚ ਨਿਰਪ੍ਰੀਤ ਕੌਰ ਉਨ੍ਹਾਂ ਨੂੰ ਮਿਲਣ ਆਈ ਸੀ। ਅੱਠ-ਨੌਂ ਮਹੀਨੇ ਤੱਕ ਉਹ ਚੁੱਪ ਕਿਉਂ ਰਹੀ ਅਤੇ ਅਦਾਲਤ ਨੂੰ ਜਾ ਕੇ ਕਿਉਂ ਨਹੀਂ ਦੱਸਿਆ ਕਿ ਉਸ ਉਤੇ ਦਬਾਅ ਪਾਇਆ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਗਵਾਹ ਨੂੰ ਉਨ੍ਹਾਂ ਨੇ ਨਹੀਂ ਬੁਲਾਇਆ ਸੀ, ਖੁਦ ਹੀ ਨਿਰਪ੍ਰੀਤ ਕੌਰ ਉਨ੍ਹਾਂ ਕੋਲ ਆਈ ਸੀ। ਲਾਭ ਸਿੰਘ ਆਹਲੂਵਾਲੀਆ ਉਨ੍ਹਾਂ ਦਾ ਸਾਂਝਾ ਮਿੱਤਰ ਹੈ।

ਸ੍ਰੀ ਹੰਸਪਾਲ ਨੇ ਕਿਹਾ ਕਿ ਜੋ ਜ਼ਿਆਦਤੀਆਂ ਸੱਜਣ ਕੁਮਾਰ ਨੇ ਕੀਤੀਆਂ ਹਨ, ਉਨ੍ਹਾਂ ਦੀ ਢੁਕਵੀਂ ਸਜ਼ਾ ਉਸ ਨੂੰ ਮਿਲਣ 'ਤੇ ਉਨ੍ਹਾਂ ਨੂੰ ਸਿੱਖ ਹੋਣ ਦੇ ਨਾਤੇ ਖ਼ੁਸ਼ੀ ਹੋਵੇਗੀ। ਉਨ੍ਹਾਂ ਦਾਅਵਾ ਕੀਤਾ, "ਸੱਜਣ ਕੁਮਾਰ ਨਾਲ ਨਾ ਮੇਰੀ ਕੋਈ ਦੋਸਤੀ ਹੈ, ਨਾ ਹੀ ਹੋਰ ਰਿਸ਼ਤਾ।"

## ਸੱਜਣ ਕੁਮਾਰ ਖ਼ਿਲਾਫ਼ ਕਈ ਸਬੂਤ: ਨਿਰਪ੍ਰੀਤ

**ਮੁਹਾਲੀ:** 'ਜਸਟਿਸ ਫਾਰ ਵਿਕਟਮਜ਼' ਦੀ ਪ੍ਰਧਾਨ ਨਿਰਪ੍ਰੀਤ ਕੌਰ, ਜੋ ਨਵੰਬਰ 1984 ਸਿੱਖ ਕਤਲੇਆਮ ਬਾਰੇ ਕਾਂਗਰਸੀ ਆਗੂ ਸੱਜਣ ਕੁਮਾਰ ਵਿਰੁਧ ਮੁੱਖ ਗਵਾਹ ਵੀ ਹਨ, ਨੇ ਦੁਹਰਾਇਆ ਹੈ ਕਿ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦੇਸ਼ ਵਿਚ ਵਾਪਰੇ ਦੁਖਾਂਤ ਦੌਰਾਨ ਨਵੀਂ ਦਿੱਲੀ ਵਿਚ ਉਸ ਦੇ ਪਿਤਾ ਨਿਰਮਲ ਸਿੰਘ ਨੂੰ ਉਸ ਦੀਆਂ ਅੱਖਾਂ ਸਾਹਮਣੇ ਜ਼ਿੰਦਾ ਸਾੜਿਆ ਗਿਆ ਅਤੇ ਹਮਲਾਵਰਾਂ ਦੀ ਅਗਵਾਈ ਕਾਂਗਰਸੀ ਆਗੂ ਸੱਜਣ ਕੁਮਾਰ ਹੀ ਕਰ ਰਹੇ ਸਨ।

ਪ੍ਰੈਸ ਕਲੱਬ ਐਸ.ਏ.ਐਸ.ਨਗਰ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਬੀਬੀ ਨੇ ਨਿਰਪ੍ਰੀਤ ਦੱਸਿਆ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਕੱਤਰ ਜਨਰਲ ਦਵਿੰਦਰ ਸਿੰਘ ਸੋਢੀ ਨਾਲ ਮਿਲ ਕੇ ਅੰਗਰੇਜ਼ੀ ਚੈਨਲ ਨੇ ਜੋ ਸਟਿੰਗ ਅਪਰੇਸ਼ਨ ਹੰਸਪਾਲ ਖਿਲਾਫ਼ ਕੀਤਾ ਹੈ, ਉਸ ਤੋਂ ਇਲਾਵਾ ਵੀ ਉਨ੍ਹਾਂ ਕੋਲ ਹੋਰ ਵੀ ਸਬੂਤ ਹਨ ਜਿਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਸਿਆਸੀ ਲੋਕ ਕਿਸ ਤਰ੍ਹਾਂ ਸਿੱਖ ਕਤਲੇਆਮ ਦੇ ਗਵਾਹਾਂ ਨੂੰ ਡਰਾ-ਧਮਕਾ ਕੇ ਬਿਆਨਾਂ ਤੋਂ ਮੁਕਰਾਉਣ ਲਈ ਦਬਾਅ ਪਾ ਰਹੇ ਹਨ।



*ਮੁਹਾਲੀ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੀ ਬੀਬੀ ਨਿਰਪ੍ਰੀਤ ਕੌਰ। ਨਾਲ ਬੈਠੇ ਹਨ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਅਤੇ ਦਵਿੰਦਰ ਸਿੰਘ ਸੋਢੀ*

ਉਨ੍ਹਾਂ ਕਿਹਾ ਕਿ ਦੰਗਿਆਂ ਦੌਰਾਨ ਆਪਣੇ-ਆਪ ਨੂੰ ਸੱਜਣ ਕੁਮਾਰ ਦੇ ਭਾਣਜੇ ਦੱਸਦੇ ਬਲਵਾਨ ਖੋਖਰ, ਕਿਸ਼ਨ ਖੋਖਰ ਅਤੇ ਕਾਂਗਰਸ ਆਗੂ ਮਹਿੰਦਰ ਸਿੰਘ ਯਾਦਵ ਨੇ ਉਸ ਦੇ ਪਿਤਾ 'ਤੇ ਹਮਲਾ ਕੀਤਾ ਸੀ ਜਿਸ ਨੂੰ ਬਾਅਦ ਵਿਚ ਮਾਣ-ਸਤਿਕਾਰ ਵਜੋਂ ਕਾਂਗਰਸ ਨੇ ਐਮ.ਐਲ.ਏ. ਦਾ ਟਿਕਟ ਵੀ ਦਿੱਤਾ ਗਿਆ ਸੀ।

ਉਨ੍ਹਾਂ ਦੱਸਿਆ ਕਿ ਸਤਨਾਮੀ ਬਾਈ ਕੇਸ ਵਿਚ ਵੱਖ-ਵੱਖ ਅਕਾਲੀ ਲੀਡਰਾਂ ਨੇ ਵੀ ਕਾਂਗਰਸੀ ਆਗੂ ਐਚ.ਕੇ.ਐਲ ਭਗਤ ਨੂੰ ਬਚਾਉਣ ਲਈ ਗਵਾਹਾਂ ਦੀ ਖਰੀਦੋ-ਫਰੋਖਤ ਕੀਤੀ। ਨਿਰਪ੍ਰੀਤ ਕੌਰ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਕਾਂਗਰਸ ਆਗੂ ਸੱਜਣ ਕੁਮਾਰ, ਜਗਦੀਸ਼ ਟਾਈਟਲਰ, ਕਮਲਨਾਥ ਅਤੇ ਐਚ.ਐਸ. ਹੰਸਪਾਲ ਨੂੰ ਤੁਰੰਤ ਪਾਰਟੀ ਵਿਚੋਂ ਕੱਢਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਹੰਸਪਾਲ ਸਮੁੱਚੇ ਸਿੱਖ ਜਗਤ ਤੋਂ ਜਨਤਕ ਤੌਰ 'ਤੇ ਮੁਆਫ਼ੀ ਵੀ ਮੰਗਣ। ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਕੱਤਰ ਜਨਰਲ ਦਵਿੰਦਰ ਸਿੰਘ ਸੋਢੀ ਨੇ ਹੋਰ ਗਵਾਹਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਨਿਰਦੋਸ਼ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਅੱਗੇ ਆਉਣ।

ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰਮੁਹੰਮਦ ਨੇ ਐਲਾਨ ਕੀਤਾ ਕਿ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਅਤੇ ਮੁਲਜ਼ਮਾਂ ਨੂੰ ਸਜ਼ਾਵਾਂ ਮਿਲਣ ਤੱਕ ਸੰਘਰਸ਼ ਜਾਰੀ ਰਹੇਗਾ। ਇਨਸਾਫ਼ ਪ੍ਰਾਪਤੀ ਲਈ ਲੜਿਆ ਜਾ ਰਿਹਾ ਸੰਘਰਸ਼ ਹੁਣ ਅੰਤਿਮ ਪੜਾਅ ਵਿਚ ਪ੍ਰਵੇਸ਼ ਕਰ ਗਿਆ ਹੈ ਅਤੇ ਹੁਣ ਕਾਂਗਰਸੀ ਆਗੂ ਆਪਣੇ ਬਚਾਅ ਲਈ ਕੋਝੀਆਂ ਹਰਕਤਾਂ 'ਤੇ ਉਤਰ ਆਏ ਹਨ।

## ਕਾਂਗਰਸ ਦੋਸ਼ੀਆਂ ਨੂੰ ਬਚਾ ਰਹੀ ਹੈ:ਐਡਵੋਕੇਟ ਫੂਲਕਾ

**ਨਵੀਂ ਦਿੱਲੀ:** ਪਿਛਲੇ ਛੱਬੀ ਸਾਲਾਂ ਤੋਂ ਨਵੰਬਰ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਕੇਸ ਲੜਦੇ ਆ ਰਹੇ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਹੈ ਕਿ ਇਸ ਸਟਿੰਗ ਤੋਂ ਇਹ ਸਾਬਤ ਹੋ ਗਿਆ ਹੈ ਕਿ ਕਾਂਗਰਸ ਨਵੰਬਰ '84 ਦੇ ਦੋਸ਼ੀਆਂ ਨੂੰ ਬਚਾਉਣ ਵਿਚ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਅਪਰੇਸ਼ਨ ਤਾਂ ਕਾਫੀ ਚਿਰ ਪਹਿਲਾਂ ਕੀਤਾ ਗਿਆ ਸੀ ਪਰ ਚੈਨਲ ਨੂੰ ਅਪੀਲ ਕੀਤੀ ਗਈ ਸੀ ਕਿ ਨਿਰਪ੍ਰੀਤ ਕੌਰ ਦੀ ਗਵਾਹੀ ਪੂਰੀ ਹੋਣ 'ਤੇ ਹੀ ਇਸ ਨੂੰ ਨਸ਼ਰ ਕੀਤਾ ਜਾਵੇ।

ਚਰਚਿਤ ਪੱਤਰਕਾਰ ਜਰਨੈਲ ਸਿੰਘ ਨੇ ਮੰਗ ਕੀਤੀ ਹੈ ਕਿ ਕਾਂਗਰਸ ਸੱਜਣ ਕੁਮਾਰ ਅਤੇ ਜਗਦੀਸ਼ ਟਾਈਟਲਰ ਨੂੰ ਪਾਰਟੀ ਵਿਚੋਂ ਤੁਰੰਤ ਕੱਢੇ। ਜਦੋਂ ਤੱਕ ਕਿ ਇਹ ਆਗੂ ਸੱਤਾਧਾਰੀ ਦਲ ਨਾਲ ਜੁੜੇ ਰਹਿਣਗੇ, ਉਦੋਂ ਤੱਕ '84 ਦੇ ਗਵਾਹਾਂ ਲਈ ਡਰ ਰਹੇਗਾ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਮੰਗ ਕੀਤੀ ਕਿ ਤਿੰਨ ਕਰੋੜ ਰੁਪਏ ਦੇਣ ਬਾਰੇ ਸਾਹਮਣੇ ਆਏ ਸਟਿੰਗ ਆਪਰੇਸ਼ਨ ਦੀ ਸੀ.ਬੀ.ਆਈ. ਜਾਂਚ ਹੋਣੀ ਚਾਹੀਦੀ ਹੈ। ਸ. ਹੰਸਪਾਲ 'ਤੇ ਅਜਿਹਾ ਦੋਸ਼ ਲੱਗਣਾ, ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਨੂੰ ਨਿਭਾਉਣ ਬਾਰੇ ਇਮਾਨਦਾਰ ਹੋਣ 'ਤੇ ਵੀ ਸ਼ੱਕ ਨੂੰ ਜਨਮ ਦੇਵੇਗਾ। ਉਨ੍ਹਾਂ ਇਸ ਬਾਰੇ ਸਮਾਂ-ਬੱਧ ਜਾਂਚ ਦੀ ਮੰਗ ਕੀਤੀ ਅਤੇ ਕਿਹਾ ਕਿ ਪਹਿਲਾਂ ਵੀ ਨਵੰਬਰ '84 ਦੇ ਕੇਸਾਂ ਨਾਲ ਸਬੰਧਤ ਗਵਾਹਾਂ ਦੇ ਮੁੱਕਰਨ ਬਾਰੇ ਜੋ ਤੱਥ ਨਸ਼ਰ ਹੋਏ ਹਨ, ਉਨ੍ਹਾਂ ਦੀ ਵੀ ਸੀ.ਬੀ.ਆਈ. ਤੋਂ ਜਾਂਚ ਹੋਣੀ ਚਾਹੀਦੀ ਹੈ। ਇਹ ਪਤਾ ਲਾਉਣਾ ਜ਼ਰੂਰੀ ਹੈ ਕਿ ਕਿਹੜੇ ਕਾਰਨਾਂ ਕਰਕੇ ਗਵਾਹ ਮੁੱਕਰੇ ਸਨ।

### ਹੰਸਪਾਲ ਨੈਤਿਕਤਾ ਦੇ ਆਧਾਰ 'ਤੇ ਅਸਤੀਫਾ ਦੇਣ:ਮਨਪ੍ਰੀਤ

**ਸ੍ਰੀ ਆਨੰਦਪੁਰ ਸਾਹਿਬ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਹਰਵਿੰਦਰ ਸਿੰਘ ਹੰਸਪਾਲ ਨੂੰ ਨੈਤਿਕਤਾ ਦੇ ਅਧਾਰ 'ਤੇ ਤੁਰੰਤ ਅਸਤੀਫਾ ਦੇ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਇਹ ਅਹੁਦਾ ਘੱਟ ਗਿਣਤੀਆਂ ਦੀ ਹਿਫਾਜ਼ਤ ਲਈ ਦਿੱਤਾ ਗਿਆ ਸੀ, ਘੱਟ ਗਿਣਤੀਆਂ ਨਾਲ ਧ੍ਰੋਹ ਕਰਨ ਲਈ ਨਹੀਂ। ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਘੱਟ ਸ. ਹੰਸਪਾਲ ਦੀ ਬਰਖ਼ਾਸਤਗੀ ਅਤੇ ਗ੍ਰਿਫ਼ਤਾਰੀ ਦੀ ਮੰਗ ਕੀਤੀ ਹੈ।

### ਸ਼੍ਰੋਮਣੀ ਕਮੇਟੀ ਨੇ ਹੰਸਪਾਲ ਦੀ ਬਰਖ਼ਾਸਤਗੀ ਮੰਗੀ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਐਚ.ਐਸ. ਹੰਸਪਾਲ ਨੂੰ ਅਹੁਦੇ ਤੋਂ ਤੁਰੰਤ ਬਰਖ਼ਾਸਤ ਕਰਨ ਦੀ ਅਪੀਲ ਕੀਤੀ ਹੈ। ਕਮੇਟੀ ਨੇ ਹੰਸਪਾਲ ਵਿਰੁਧ ਕੇਸ ਦਰਜ ਕਰਨ ਦੀ ਮੰਗ ਵੀ ਕੀਤੀ ਹੈ। ਇਥੇ ਕਲਗੀਧਰ ਨਿਵਾਸ 'ਚ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਸੱਜਣ ਕੁਮਾਰ ਖ਼ਿਲਾਫ਼ ਕੇਸ ਨੂੰ ਕਮਜ਼ੋਰ ਕਰਨ ਤੇ ਚਸ਼ਮਦੀਦ ਗਵਾਹ ਨਿਰਪ੍ਰੀਤ ਕੌਰ ਨੂੰ ਥਿੜਕਾਉਣ ਦੀਆਂ ਹੰਸਪਾਲ ਦੀਆਂ ਕਥਿਤ ਕੋਸ਼ਿਸ਼ਾਂ ਦੀ ਸਖ਼ਤ ਨਿੰਦਾ ਕੀਤੀ ਗਈ। ਮੀਟਿੰਗ ਮਗਰੋਂ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਕੌਮੀ ਘੱਟ ਕਮਿਸ਼ਨ ਦੀ ਜ਼ਿੰਮੇਵਾਰੀ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਕਰਨ ਦੀ ਹੈ, ਘੱਟ ਗਿਣਤੀਆਂ ਦੇ ਹੱਕਾਂ ਦਾ ਘਾਣ ਅਤੇ ਜਰਵਾਣਿਆਂ ਦੀ ਮਦਦ ਕਰਨ ਦੀ ਨਹੀਂ।

### ਹੰਸਪਾਲ ਵਿਰੁਧ ਮਤਾ ਪਾਸ

**ਲੁਧਿਆਣਾ:** ਨਾਮਧਾਰੀ ਸੰਗਤ ਦੀ ਇਥੇ ਹੋਈ ਵਿਸ਼ੇਸ਼ ਇਕੱਤਰਤਾ ਦੌਰਾਨ ਵਿਸ਼ਵ ਨਾਮਧਾਰੀ ਸੰਗਤ ਸੇਵਾ ਸੁਸਾਇਟੀ ਦੇ ਚੇਅਰਮੈਨ ਜਸਵਿੰਦਰ ਸਿੰਘ ਧੁੱਗਾ ਨੇ ਕਿਹਾ ਕਿ ਨਾਮਧਾਰੀ ਦਰਬਾਰ ਦੇ ਪ੍ਰਧਾਨ ਹਰਵਿੰਦਰ ਸਿੰਘ ਹੰਸਪਾਲ ਨੇ ਸਿੱਖਾਂ ਦੇ ਕਾਤਲਾਂ ਦਾ ਸਾਥ ਦੇ ਕੇ ਪੂਰੇ ਨਾਮਧਾਰੀ ਪੰਥ ਨੂੰ ਕਲੰਕਿਤ ਕੀਤਾ ਹੈ। ਇਸ ਲਈ ਸਾਰੀ ਸੰਗਤ ਨੇ ਹੰਸਪਾਲ ਨੂੰ ਨਾਮਧਾਰੀ ਦਰਬਾਰ ਦੀ ਪ੍ਰਧਾਨਗੀ ਤੋਂ ਲਾਹੁਣ ਲਈ ਮਤਾ ਪਾਸ ਕੀਤਾ ਹੈ।

ਉਨ੍ਹਾਂ ਕਿਹਾ ਕਿ ਸਾਰੀ ਸੰਗਤ ਠਾਕੁਰ ਉਦੈ ਸਿੰਘ ਅਤੇ ਸੰਤ ਜਗਤਾਰ ਸਿੰਘ ਨੂੰ ਬੇਨਤੀ ਕਰਦੀ ਹੈ ਕਿ ਉਹ ਹੰਸਪਾਲ ਨੂੰ ਪ੍ਰਧਾਨਗੀ ਤੋਂ ਹਟਾਉਣ।

### ਖਾਪ ਪੰਚਾਇਤਾਂ ਨੂੰ ਸਖ਼ਤੀ ਨਾਲ ਕੁਚਲਣ ਦੇ ਹੁਕਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਖਾਪ ਪੰਚਾਇਤਾਂ ਵੱਲੋਂ ਗ਼ੈਰ ਕਾਨੂੰਨੀ ਤੇ ਅਣਖ ਲਈ ਕੀਤੇ ਜਾਂਦੇ ਕਤਲਾਂ ਨੂੰ ਵਹਿਸ਼ੀ ਤੇ ਸ਼ਰਮਨਾਕ ਕਰਾਰ ਦਿੰਦਿਆਂ ਕਿਹਾ ਹੈ ਕਿ ਇਨ੍ਹਾਂ ਨੂੰ ਬੇਰਹਿਮੀ ਨਾਲ ਕੁਚਲ ਦੇਣਾ ਚਾਹੀਦਾ ਹੈ ਤੇ ਨਾਲ ਹੀ ਸੂਬਿਆਂ ਨੂੰ ਕਿਹਾ ਹੈ ਕਿ ਇਨ੍ਹਾਂ ਵਿਰੁੱਧ ਕਾਰਵਾਈ ਕਰਨ 'ਚ ਅਸਫਲ ਰਹਿਣ ਵਾਲੇ ਜ਼ਿਲ੍ਹਾ ਮੈਜਿਸਟਰੇਟਾਂ ਤੇ ਪੁਲਿਸ ਸੁਪਰਡੈਂਟਾਂ ਨੂੰ ਮੁਅੱਤਲ ਕਰ ਦਿੱਤਾ ਜਾਵੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਡਾ. ਬਿਨਾਇਕ ਸੇਨ ਆਖ਼ਰਕਾਰ ਜ਼ਮਾਨਤ ’ਤੇ ਰਿਹਾਅ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਸੁਪਰੀਮ ਕੋਰਟ ਵੱਲੋਂ ਮਨੁੱਖੀ ਹੱਕਾਂ ਦੀ ਪੈਰਵੀ ਕਰਨ ਵਾਲੇ ਬਿਨਾਇਕ ਸੇਨ ਨੂੰ ਜ਼ਮਾਨਤ ਦੇਣ ਤੋਂ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਯਾਦ ਰਹੇ ਕਿ ਛੱਤੀਸਗੜ੍ਹ ਦੀ ਹੇਠਲੀ ਅਦਾਲਤ ਨੇ ਨਕਸਲੀਆਂ ਦੀ ਮਦਦ ਕਰਨ ਤੇ ਦੇਸ਼-ਧ੍ਰੋਹ ਦੇ ਦੋਸ਼ ਲਾ ਕੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ।

ਸੁਪਰੀਮ ਕੋਰਟ ਨੇ ਡਾ. ਸੇਨ ਦੀ ਜ਼ਮਾਨਤ ਮਨਜ਼ੂਰ ਕਰਦਿਆਂ ਸਖ਼ਤ ਟਿੱਪਣੀ ਕਰਦੇ ਹੋਏ ਕਿਹਾ ਕਿ ਭਾਰਤ ’ਚ ਜਮਹੂਰੀਅਤ ਹੈ ਤੇ ਸੇਨ ਨਕਸਲੀਆਂ ਦਾ ਹਮਦਰਦ ਹੋ ਸਕਦਾ ਹੈ ਪਰ ਇਸ ਕਾਰਨ ਉਸ ਨੂੰ ਦੇਸ਼-ਧ੍ਰੋਹ ਦਾ ਦੋਸ਼ੀ ਨਹੀਂ ਕਿਹਾ ਜਾ ਸਕਦਾ। ਇਸ ਮੌਕੇ ਸੁਪਰੀਮ ਕੋਰਟ ਨੇ ਛੱਤੀਸਗੜ੍ਹ ਸਰਕਾਰ ਦੀ ਖਿਚਾਈ ਕਰਦੇ ਹੋਏ ਕਿਹਾ ਕਿ ਮਹਾਤਮਾ ਗਾਂਧੀ ਦੀ ਜੀਵਨੀ ਰੱਖਣ ਨਾਲ ਕੋਈ ਵਿਅਕਤੀ ਗਾਂਧੀਵਾਦੀ ਨਹੀਂ ਹੋ ਸਕਦਾ। ਜ਼ਿਕਰਯੋਗ ਹੈ ਕਿ ਮਾਨਵੀ ਹੱਕਾਂ ਦੇ ਅਲੰਬਰਦਾਰ ਬਿਨਾਇਕ ਸੇਨ ਨੂੰ ਪਾਬੰਦੀਸ਼ੁਦਾ ਸੀ.ਪੀ.ਆਈ. (ਮਾਓਵਾਦੀ) ਦੇ ਪੈਂਫਲਿਟ ਰੱਖਣ ’ਤੇ ਕੱਟੜ ਨਕਸਲੀ ਕਰਾਰ ਦਿੱਤਾ ਸੀ। ਬੈਂਚ ਨੇ ਕਿਹਾ ਕਿ ਇਸ ਦਾ ਮਤਲਬ ਤਾਂ ਇਹ ਹੋਇਆ ਕਿ ਜਿਸ ਵਿਅਕਤੀ ਦੇ ਘਰ ਮਹਾਤਮਾ ਗਾਂਧੀ ਦੀ ਜੀਵਨੀ ਹੈ, ਉਹ ਗਾਂਧੀਵਾਦੀ ਹੋ ਗਿਆ। ਅਦਾਲਤ ਨੇ 61 ਸਾਲਾ ਸੇਨ ਦੀ ਜ਼ਮਾਨਤ ਮਨਜ਼ੂਰ ਕਰਦਿਆਂ ਕਿਹਾ ਕਿ ਇਹ ਫੈਸਲਾ ਸਬੰਧਿਤ ਅਦਾਲਤ ਹੀ ਕਰੇਗੀ ਕਿ ਜ਼ਮਾਨਤ ’ਤੇ ਰਿਹਾਈ ਦੀਆਂ ਸ਼ਰਤਾਂ ਕੀ ਹੋਣਗੀਆਂ।



ਜ਼ਮਾਨਤ ’ਤੇ ਰਿਹਾਅ ਹੋਣ ਤੋਂ ਬਾਅਦ ਆਪਣੇ ਘਰ ਜਾ ਰਿਹਾ ਡਾ. ਬਿਨਾਇਕ ਸੇਨ।

ਸਰਵਉੱਚ ਅਦਾਲਤ ਨੇ ਛੱਤੀਸਗੜ੍ਹ ਹਾਈ ਕੋਰਟ ਵੱਲੋਂ ਸੇਨ ਦੀ ਜ਼ਮਾਨਤ ਨੂੰ ਚੁਣੌਤੀ ਦਿੰਦੀ ਪਟੀਸ਼ਨ ’ਤੇ ਸੁਣਵਾਈ ਦੌਰਾਨ ਇਹ ਫੈਸਲਾ ਸੁਣਾਇਆ। ਸੇਨ ਨੂੰ ਜ਼ਮਾਨਤ ਮਿਲਣ ਦਾ ਚੁਫੇਰਿਓਂ ਸਵਾਗਤ ਕੀਤਾ ਜਾ ਰਿਹਾ ਹੈ। ਇਸ ਮੌਕੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਬਿਨਾਇਕ ਸੇਨ ਨੂੰ ਸੁਪਰੀਮ ਕੋਰਟ ਵੱਲੋਂ ਜ਼ਮਾਨਤ ਦਿੱਤੇ ਜਾਣ ’ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਦੱਸਿਆ ਕਿ ਉਹ ਹਮੇਸ਼ਾ ਇਹ ਮੰਨਦੇ ਰਹੇ ਹਨ ਕਿ ਜੇਕਰ ਹੇਠਲੀ ਅਦਾਲਤ ’ਚ ਕਿਸੇ ਦੀ ਤਸੱਲੀ ਨਹੀਂ ਹੁੰਦੀ ਤਾਂ ਉਪਰਲੀਆਂ ਅਦਾਲਤਾਂ ’ਚ ਉਨ੍ਹਾਂ ਨੂੰ ਰਾਹਤ ਮਿਲ ਜਾਂਦੀ ਹੈ। ਘੱਟ-ਗਿਣਤੀਆਂ ਦੇ ਮਾਮਲਿਆਂ ਬਾਰੇ ਮੰਤਰੀ ਸਲਮਾਨ ਖੁਰਸ਼ੀਦ ਨੇ ਸੇਨ ਦੀ ਜ਼ਮਾਨਤ ਮਨਜ਼ੂਰ ਕਰਨ ਦੇ ਅਦਾਲਤ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਹਾਲਾਤ ’ਚ ਜ਼ਮਾਨਤ ਮਨਜ਼ੂਰ ਹੋਈ ਹੈ, ਉਸ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ’ਚ ਇਹ ਪ੍ਰਭਾਵ ਜ਼ੋਰ ਫੜਦਾ ਜਾ ਰਿਹਾ ਸੀ ਕਿ ਸੇਨ ਨਾਲ ਜੋ ਸਲੂਕ ਹੋਇਆ, ਉਹ ਠੀਕ ਨਹੀਂ ਸੀ। ਉਸ ਦੇ ਪਿੱਛੇ ਦੇਸ਼ ਦੇ ਵੱਡੀ ਗਿਣਤੀ ਲੋਕ ਤੇ ਬੌਧਿਕ ਤਬਕਾ ਸੀ।ਬਿਨਾਇਕ ਸੇਨ ਦੀ ਬਿਮਾਰ ਮਾਂ ਨੇ ਕਿਹਾ ਹੈ ਕਿ ਉਸ ਦੇ ਪੁੱਤਰ ਦੀ ਜ਼ਮਾਨਤ ਮਨਜ਼ੂਰ ਹੋਣ ’ਤੇ ਨਿਆਂਪਾਲਿਕਾ ’ਚ ਭਰੋਸਾ ਬਹਾਲ ਹੋਇਆ ਹੈ। ਅਨੁਸੂਈਆ ਸੇਨ ਨੇ ਕਿਹਾ ਕਿ ਜਦੋਂ ਛੱਤੀਸਗੜ੍ਹ ਦੀ ਹਾਈ ਕੋਰਟ ਨੇ ਉਨ੍ਹਾਂ ਦੇ ਪੁੱਤਰ ਦੀ ਜ਼ਮਾਨਤ ਮਨਜ਼ੂਰ ਕਰਨੋਂ ਨਾ ਕਰ ਦਿੱਤੀ ਸੀ ਤਾਂ ਉਹ ਮਨੋਂ ਡੋਲ ਗਈ ਸੀ ਤੇ ਉਸ ਨੂੰ ਲੱਗਣ ਲੱਗ ਪਿਆ ਸੀ ਕਿ ਉਹ ਆਪਣੇ ਪੁੱਤਰ ਨੂੰ ਮੁੜ ਨਹੀਂ ਮਿਲ ਸਕੇਗੀ।


ATM’s & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

*99% approved same day.* We specialize in high risk businesses.


ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*

*Need Money?* We provide cash advance against credit card processing with NO collateral or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com

www.GoldCoastATM.com



## Law Offices of Gill & Heridis

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision

*Call for free initial consultation*





*Bhupinder Gill*
*Attorney at Law*
*(Admitted in CA)*

**(408) 736-5203, (408) 940-6065**

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085



## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ ’ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

*National Truck Driving School*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ





**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838



## Short Sale Specialist

**We Can Sell Your Home in Short Sale at No Cost to You**





Sohanpreet (Sam) Chahal
CA Lic. 01504071
Realtor/Notary Public
email:samchahal@hotmail.com

**For Buying & Selling Residential And For Loans**

*Call: Sohanpreet ‘Sam’ Chahal*

**@916-612-5773**

Serving from Bay Area to Sacramento

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

## Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਅਮਰੀਕਾ ’ਚ ਭਾਰਤੀ ਨਾਗਰਿਕ ਜਾਂਚ ਦੇ ਘੇਰੇ ’ਚ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਇਲੀਨੌਇ ਦੇ ਸਾਬਕਾ ਗਵਰਨਰ ਰੌਡ ਬਲੈਗੋਜੇਵਿਚ ਨਾਲ ਇਕ ਅਮੀਰ ਭਾਰਤੀ-ਅਮਰੀਕੀ ਵਿਅਕਤੀ ਦੇ ਸਬੰਧਾਂ ਬਾਰੇ ਜਾਂਚ ਦੇ ਸਿਲਸਿਲੇ ’ਚ ਸੰਘੀ ਜਿਊਰੀ ਵੱਲੋਂ ਸ਼ਿਕਾਗੋ ਖੇਤਰ ਦੇ ਦਰਜਨਾਂ ਡਾਕਟਰਾਂ ਨੂੰ ਸੰਮਨ ਜਾਰੀ ਕੀਤੇ ਗਏ ਹਨ। ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫ.ਬੀ.ਆਈ.) ਤੇ ਇੰਟਰਨਲ ਰੈਵੇਨਿਊ ਸਰਵਿਸਿਜ਼ (ਆਈ.ਆਰ.ਐਸ.) ਦੀ ਜਾਂਚ ਦਾ ਧੁਰਾ ਇਸ ਵੇਲੇ ਕਾਰੋਬਾਰੀ ਤੇ ਸਿਆਸੀ ਗਤੀਵਿਧੀਆਂ ਲਈ ਧਨ ਇਕੱਠਾ ਕਰਨ ਵਾਲੇ (ਫੰਡ ਰੇਜ਼ਰ) ਰਘੂਵੀਰ ਨਾਇਕ ਦੁਆਲੇ ਹੈ। ਰਿਪੋਰਟਾਂ ’ਚ ਬਿਨਾਂ ਨਾਂ ਵਾਲੇ ਸੂਤਰਾਂ ਦਾ ਹਵਾਲਾ ਦੇ ਕੇ ਕਿਹਾ ਗਿਆ ਹੈ ਕਿ ਦੋਵੇਂ ਵਿਭਾਗਾਂ ਨੇ ਜਾਂਚ ਲਈ ਵੱਡਾ ਨੈੱਟਵਰਕ ਵਿਛਾਇਆ ਹੋਇਆ ਹੈ। ਨਾਇਕ ਦੇ ਇਲੀਨੌਇ ਤੇ ਇੰਡੀਆਨਾ ’ਚ ਸਰਜੀਕਲ ਕੇਂਦਰ ਹਨ ਤੇ ਉਸ ਦੇ ਬਲੈਗੋਜੇਵਿਚ ਨਾਲ ਸਬੰਧ ਹਨ ਜਿਸ ’ਤੇ ਰਾਸ਼ਟਰਪਤੀ ਬਰਾਕ ਓਬਾਮਾ ਦੀ ਸੈਨੇਟ ਸੀਟ ਕਥਿਤ ਤੌਰ ’ਤੇ ਵੇਚਣ ਦੇ ਯਤਨ ਕਰਨ ਦਾ ਮਹਾਂਦੋਸ਼ ਲੱਗਿਆ ਹੋਇਆ ਹੈ। ਅਮਰੀਕੀ ਪ੍ਰਤੀਨਿਧ ਸਦਨ ਦੇ ਮੈਂਬਰ ਜੈਸੀ ਜੈਕਸਨ ਜੂਨੀਅਰ ਨਾਲ ਵੀ ਨਾਇਕ ਦੇ ਸਬੰਧ ਹਨ।

ਰਿਪੋਰਟ ’ਚ ਘੱਟੋ-ਘੱਟ 30 ਡਾਕਟਰਾਂ ਨੂੰ ਜਿਊਰੀ ਦੇ ਸੰਮਨ ਮਿਲਣ ਦਾ ਖੁਲਾਸਾ ਕੀਤਾ ਹੈ। ਨਾਇਕ ਦੇ 10 ਤੋਂ ਵੱਧ ਮੁਲਾਜ਼ਮਾਂ ਨੂੰ ਵੀ ਇਹ ਸੰਮਨ ਜਾਰੀ ਕੀਤੇ ਗਏ ਹਨ। ਸੰਘੀ ਏਜੰਸੀਆਂ ਇਹ ਜਾਂਚ ਕਰ ਰਹੀਆਂ ਹਨ ਕਿ ਆਪਣੇ ਕੇਂਦਰਾਂ ’ਚ ਅਪਰੇਸ਼ਨ ਵਾਲੇ ਕੇਸ ਲਿਆਉਣ ਲਈ ਨਾਇਕ ਨੇ ਕਿਤੇ ਡਾਕਟਰਾਂ ਨੂੰ ਗੈਰ-ਵਾਜਬ ਰਕਮਾਂ ਤਾਂ ਨਹੀਂ ਦਿੱਤੀਆਂ ਸਨ। ਨਾਇਕ ਲੰਮੇ ਸਮੇਂ ਤੋਂ ਸਿਆਸੀ ਪਰਿਵਾਰ ਜੈਕਸਨ ਦਾ ਮਿੱਤਰ ਹੈ। ਉਸ ਨੇ ਜਾਂਚਕਾਰਾਂ ਨੂੰ ਦੱਸਿਆ ਸੀ ਕਿ ਜੈਕਸਨ ਨੇ ਉਸ ਨੂੰ ਆਪਣੀ ਵਾਸ਼ਿੰਗਟਨ ਡੀ.ਸੀ. ਫੇਰੀ ਦੌਰਾਨ ਉਸ ਵੇਲੇ ਦੇ ਗਵਰਨਰ ਨੂੰ ਇਕ ਸੈਨੇਟ ਸੀਟ ’ਤੇ ਨਿਯੁਕਤੀ ਦੇ ਬਦਲੇ ’ਚ 60 ਲੱਖ ਡਾਲਰ ਦੀ ਰਾਸ਼ੀ ਮੁਹਿੰਮ ਚਲਾਉਣ ਲਈ ਦਿੱਤੇ ਜਾਣ ਦੀ ਪੇਸ਼ਕਸ਼ ਕਰਨ ਲਈ ਕਿਹਾ ਸੀ। ਬਲੈਗੋਜੇਵਿਚ 2008 ’ਚ ਫੜਿਆ ਗਿਆ ਸੀ ਤੇ ਉਹਦੇ ’ਤੇ ਸੈਨੇਟ ਸੀਟ ਕਥਿਤ ਤੌਰ ’ਤੇ ਵੇਚਣ ਦੇ ਸਬੰਧੀ ਮੁੜ ਮੁਕੱਦਮਾ ਚਲਾਇਆ ਜਾ ਰਿਹਾ ਹੈ। ਨਾਇਕ ਦੇ ਸਰਜਰੀ ਕੇਂਦਰਾਂ ਨੇ 2001 ਤੋਂ 2007 ਤੱਕ ਇਲੀਨੌਇ ਦੇ ਸਿਆਸਤਦਾਨਾਂ ਨੂੰ 2,83,000 ਡਾਲਰ ਅਦਾ ਕੀਤੇ ਸਨ।

# ਗੋਲੀ ਕਾਂਡ ‘ਚ ਜ਼ਖ਼ਮੀ ਗੁਰਮੇਜ ਅਠਵਾਲ ਦੀ ਮੌਤ

**ਸੈਕਰਾਮੈਂਟੋ:** ਤਕਰੀਬਨ ਛੇ ਹਫ਼ਤੇ ਪਹਿਲਾਂ ਇਥੇ ਐਲਕ ਗਰੋਵ ‘ਚ ਹੋਏ ਗੋਲੀ ਕਾਂਡ ‘ਚ ਜ਼ਖਮੀ ਬਜ਼ੁਰਗ ਗੁਰਮੇਜ ਸਿੰਘ ਅਠਵਾਲ ਨੇ ਦਮ ਤੋੜ ਦਿੱਤਾ ਹੈ। ਚਾਰ ਮਾਰਚ ਨੂੰ ਅਣਪਛਾਤੇ ਬੰਦੂਕਧਾਰੀਆਂ ਨੇ ਸ. ਅਠਵਾਲ ਤੇ ਉਨ੍ਹਾਂ ਦੇ ਇਕ ਹੋਰ ਬਜ਼ੁਰਗ ਮਿੱਤਰ ਸੁਰਿੰਦਰ ਸਿੰਘ ਉਪਰ ਗੋਲੀਆਂ ਚਲਾਈਆਂ ਸਨ। 65 ਸਾਲਾ ਸੁਰਿੰਦਰ ਸਿੰਘ ਦੀ ਮੌਕੇ ‘ਤੇ ਹੀ ਮੌਤ ਹੋ ਗਈ ਸੀ, ਜਦਕਿ 78 ਸਾਲਾ ਸ. ਅਠਵਾਲ ਉਦੋਂ ਤੋਂ ਹੀ ਹਸਪਤਾਲ ਵਿਚ ਵੈਂਟੀਲੇਟਰ ‘ਤੇ ਸਨ। ਉਹ ਗੱਲਬਾਤ ਕਰਨ ਦੇ ਵੀ ਕਾਬਲ ਨਹੀਂ ਸਨ ਤੇ ਉਨ੍ਹਾਂ ਦਾ 16 ਅਪਰੈਲ ਨੂੰ ਬਾਅਦ ਦੁਪਹਿਰ ਦੇਹਾਂਤ ਹੋ ਗਿਆ। ਜ਼ਖ਼ਮੀ ਗੁਰਮੇਜ ਅਠਵਾਲ ਦੇ ਪਹਿਲਾਂ ਗੁਰਦੇ ਫੇਲ੍ਹ ਹੋਏ ਤੇ ਫਿਰ ਫੇਫੜੇ। ਇਸ ਮਗਰੋਂ ਦਿਮਾਗ ਨੇ ਵੀ ਕੰਮ ਕਰਨਾ ਬੰਦ ਕਰ ਦਿੱਤਾ। ਉਨ੍ਹਾਂ ਦੀ ਸੱਜੀ ਛਾਤੀ ਦੇ ਉਪਰ ਇਕ ਗੋਲੀ ਲੱਗੀ ਸੀ ਤੇ ਸਰੀਰ ‘ਤੇ ਲੱਗੀਆਂ ਹੋਰ ਗੋਲੀਆਂ ਨੇ ਉਨ੍ਹਾਂ ਨੂੰ ਮੌਤ ਦੇ ਮੂੰਹ ਵਿਚ ਧੱਕ ਦਿੱਤਾ। ਉਹ ਨਸਲਵਾਦੀ ਹਮਲੇ ਦੇ ਇਸ ਮਾਮਲੇ ਦੇ ਮੁੱਖ ਗਵਾਹ ਸਨ, ਪਰ ਉਹ ਲਗਾਤਾਰ ਬੇਹੋਸ਼ੀ ਦੀ ਹਾਲਤ ਵਿਚ ਸਨ।

ਸ. ਅਠਵਾਲ ਦੇ ਪਰਿਵਾਰ ਵਿਚ ਪਤਨੀ ਬਲਬੀਰ ਕੌਰ, ਧੀ ਤਲਵਿੰਦਰ ਕੌਰ, ਪੁੱਤਰ ਕਮਲਜੀਤ ਸਿੰਘ, ਬਲਕਾਰ ਸਿੰਘ ਤੇ ਸਰਬਜੀਤ ਸਿੰਘ ਤੇ ਦਸ ਪੋਤੇ-ਪੋਤੀਆਂ ਹਨ। ਉਹ ਆਪਣੇ ਪੁੱਤਰ ਕਮਲਜੀਤ ਨਾਲ ਐਲਕ ਗਰੋਵ ਵਿਚ ਰਹਿ ਰਹੇ ਸਨ। ਉਹ ਪੰਜਾਬ ਵਿਚ ਜਨਮੇ ਤੇ ਉਥੋਂ ਨੌਕਰੀ ਤੋਂ ਸੇਵਾਮੁਕਤ ਹੋਣ ਮਗਰੋਂ ਅਮਰੀਕਾ ਆ ਗਏ ਸਨ। ਇਸੇ ਦੌਰਾਨ ਸਿੱਖ ਭਾਈਚਾਰੇ ਨੇ ਕਾਤਲਾਂ ਬਾਰੇ ਸੂਹ ਦੇਣ ਵਾਲੇ ਨੂੰ 42000 ਡਾਲਰ ਦਾ ਇਨਾਮ ਦੇਣ ਦਾ ਐਲਾਨ ਕੀਤਾ ਹੈ, ਜਦਕਿ ਪੁਲਿਸ ਨੇ 10 ਹਜ਼ਾਰ ਡਾਲਰ ਦਾ ਇਨਾਮ ਰੱਖਿਆ ਹੈ। ਪਰਿਵਾਰ ਮੁਤਾਬਕ ਹਮਲੇ ਸਮੇਂ ਅਠਵਾਲ ਤੇ ਸੁਰਿੰਦਰ ਸਿੰਘ ਨੇ ਪੱਗਾਂ ਬੰਨ੍ਹੀਆਂ ਹੋਈਆਂ ਸਨ, ਜਿਸ ਕਾਰਨ ਮਾਮਲਾ ਨਸਲੀ ਹਿੰਸਾ ਦਾ ਬਣਦਾ ਹੈ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ


Attorny At Law

Law Offices Of Jaspreet Singh

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440


## ਮਾਤਾ ਕਰਤਾਰ ਕੌਰ ਸੁਰਗਵਾਸ

**ਬੇਕਰਜ਼ਫੀਲਡ (ਮਾਨ ਮਨਦੀਪ):** ਉਘੇ ਸਥਾਨਕ ਬਿਜਨਸਮੈਨ ਸ. ਕੁਲਦੀਪ ਸਿੰਘ ਰੰਧਾਵਾ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਮਾਤਾ ਜੀ ਸ੍ਰੀਮਤੀ ਕਰਤਾਰ ਕੌਰ ਲੰਬੀ ਬਿਮਾਰੀ ਪਿਛੋਂ ਲੰਘੇ ਸਨਿਚਰਵਾਰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੂੰ ਕੋਈ 8 ਸਾਲ ਪਹਿਲਾਂ ਸਟਰੋਕ ਹੋਇਆ ਸੀ। ਕੁਝ ਚਿਰ ਠੀਕ ਰਹਿਣ ਉਪਰੰਤ ਉਹ ਕੋਮਾ ਵਿਚ ਚਲੇ ਗਏ ਅਤੇ ਪਿਛਲੇ 6 ਸਾਲ ਤੋਂ ਡੀਲਾਨੋ ਸ਼ਹਿਰ ਦੇ ਹਸਪਤਾਲ ਵਿਚ ਦਾਖਲ ਸਨ।

ਮਾਤਾ ਕਰਤਾਰ ਕੌਰ ਆਪਣੇ ਪਿਛੇ ਦੋ ਲੜਕੇ ਰਘਬੀਰ ਸਿੰਘ ਤੇ ਕੁਲਦੀਪ ਸਿੰਘ ਅਤੇ ਇਕ ਲੜਕੀ ਦਵਿੰਦਰ ਕੌਰ ਛੱਡ ਗਏ ਹਨ। ਉਹ ਪੰਜਾਬ ਵਿਚ ਜ਼ਿਲਾ ਕਪੂਰਥਲਾ ਦੇ ਪਿੰਡ ਢਪਈ ਤੋਂ ਸਨ। ਮਾਤਾ ਕਰਤਾਰ ਕੌਰ ਦਾ ਸਸਕਾਰ ਸਨਿਚਰਵਾਰ 23 ਅਪਰੈਲ ਨੂੰ ਸਵੇਰੇ 10:30 ਤੋਂ 12 ਵਜੇ ਤੱਕ ਗਰੀਨ ਲਾਅਨ ਫਿਊਨਰਲ ਹੋਮ ਵਿਚ ਹੋਵੇਗਾ। ਉਪਰੰਤ ਅੰਤਮ ਅਰਦਾਸ ਗੁਰਦੁਆਰਾ ਸਟਾਈਨ ਰੋਡ ਵਿਖੇ ਬਾਅਦ ਦੁਪਹਿਰ ਇਕ ਵਜੇ ਹੋਵੇਗੀ। ਸ. ਕੁਲਦੀਪ ਸਿੰਘ ਰੰਧਾਵਾ ਨਾਲ ਸੰਪਰਕ ਫੋਨ 661-201-2007 ਰਾਹੀਂ ਕੀਤਾ ਜਾ ਸਕਦਾ ਹੈ।


*To Advertise with Punjab Times Call: 847-359-0746*
*Visit us on the web:**wwwpunjabtimesusa.com***



ਸ੍ਰੀ ਗੁਰੂ ਰਵਿਦਾਸ ਗੁਰਦੁਆਰਾ, ਸੈਲਮਾ (ਕੈਲੀਫੋਰਨੀਆ)

2650 Blain Ave., Selma, CA 93662

ਸਮੂਹ ਸਾਧ ਸੰਗਤ ਨੂੰ ਵਿਸਾਖੀ ਦਿਹਾੜੇ ਦੀ ਲੱਖ ਲੱਖ ਵਧਾਈ

ਸਾਧ ਸੰਗਤ ਜੀਓ,

ਸਨਿਮਰ ਬੇਨਤੀ ਹੈ ਕਿ ਸ੍ਰੀ ਗੁਰੂ ਰਵਿਦਾਸ ਸਭਾ, ਸੈਲਮਾ (ਕੈਲੀਫੋਰਨੀਆ) ਵਲੋਂ ਖਾਲਸਾ ਪੰਥ ਦਾ ਸਿਰਜਣਾ ਦਿਹਾੜਾ ਵਿਸਾਖੀ ਮਿਤੀ 24 ਅਪਰੈਲ ਦਿਨ ਐਤਵਾਰ ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਆਪ ਸਮੂਹ ਮਾਈ ਭਾਈ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਪ੍ਰੋਗਰਾਮ

ਸ਼ੁਕਰਵਾਰ 22 ਅਪਰੈਲ, 2011
ਅਰੰਭ ਸ੍ਰੀ ਅਖੰਡ ਪਾਠ ਸਵੇਰੇ 9 ਵਜੇ

ਐਤਵਾਰ 24 ਅਪਰੈਲ, 2011
ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ

ਭੋਗ ਉਪਰੰਤ ਭਾਈ ਸਤਿੰਦਰਪਾਲ ਸਿੰਘ ਅਤੇ ਭਾਈ
ਦਵਿੰਦਰ ਸਿੰਘ ਦੇ ਕੀਰਤਨੀ ਜਥੇ ਵਲੋਂ ਗੁਰਬਾਣੀ ਕੀਰਤਨ

ਇਸ ਪਵਿਤਰ ਦਿਹਾੜੇ ਦੀ ਸਾਰੀ ਸੇਵਾ ਗੁਰੂ ਘਰ ਦੇ ਨਿਮਾਣੇ ਸੇਵਾਦਾਰ ਸ. ਲਖਵਿੰਦਰ ਸਿੰਘ ਸੰਧੂ ਅਤੇ ਵਨ-ਸਟਾਪ ਪਰਿਵਾਰ ਵਲੋਂ ਕੀਤੀ ਜਾਏਗੀ।

ਬੇਨਤੀਕਰਤਾ: ਸਮੂਹ ਪ੍ਰਬੰਧਕ ਕਮੇਟੀ ਅਤੇ ਸਾਧ ਸੰਗਤ

FARMERS INSURANCE GROUP
Symbol of Superior Service

# FARMERS®

**181 Metro Drive, Suite 290, San Jose, CA 95110**

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

***Auto *Home *Life *Business *Workers Compensation**

Call for consultation

**Ph: 408-771-2438**

*408-580-6063, 408-687-7566*

Fax: 408-573-3829

ssingh6@farmeragent.com

ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰੇਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੀ ਰੂਪ ਸਹੀ ਮੰਨਿਆ ਜਾਏਗਾ।

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

**If you want to sell your house in shortsale, first call 209-815-1869**
*We are certified Home Afordable Foreclosure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD® Millennium

**Gurbans Gill 209-815-1869**



# ਪੰਜਾਬੀ ਰੇਡੀਓ ਯੂਐਸਏ ਦੀ ਟੀਮ ਰੇਡੀਓ ਸੈਟ ਲੈ ਕੇ ਪਹੁੰਚ ਰਹੀ ਹੈ

24 ਅਪ੍ਰੈਲ 2011 ਦਿਨ ਐਤਵਾਰ
ਗੁਰਦੁਆਰਾ ਸਾਹਿਬ, ਟਰਲਕ
ਗੁਰਦੁਆਰਾ ਸਾਹਿਬ, ਕਰਦਰਜ਼
ਐਲਕ ਗਰੋਵ ਫੀਲਡ ਹਾਕੀ ਟੂਰਨਾਮੈਂਟ

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
*Uniting Punjabi's All Over*

ਛੋਟੇ ਰੇਡੀਓ ਦੀ ਕੀਮਤ $25 ਵੱਡੇ ਰੇਡੀਓ ਦੀ ਕੀਮਤ $35 ਇੰਟਰਨੈਟ ਰੇਡੀਓ (ਦੁਨੀਆਂ 'ਚ ਕਿਤੇ ਵੀ) $99

# PUNJABI RADIO USA

ਦੁਨੀਆਂ ਵਿਚ ਪਹਿਲਾ ਪੰਜਾਬੀ ਰੇਡੀਓ ਹੈ, ਜਿਸ ਦੀ
**I-Phone ਤੇ Android Application**
ਤੁਸੀਂ ਕਿਸੇ ਸਮੇਂ ਵੀ
**ਮੁਫ਼ਤ ਡਾਊਨਲੋਡ**
ਕਰ ਸਕਦੇ ਹੋ।

## ਪੰਜਾਬੀ ਰੇਡੀਓ ਦੇ ਪ੍ਰੋਗਰਾਮ

- ਸਵੇਰੇ 4 ਤੋਂ 9 ਵਜੇ : ਅੰਮ੍ਰਿਤ ਵੇਲਾ ਸਚ ਨਾਉ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਪ੍ਰਸਾਰਣ
- ਸਵੇਰੇ 9.30 ਵਜੇ : ਪੰਜਾਬੀ ਅਤੇ ਅੰਗਰੇਜ਼ੀ ਵਿਚ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ ਹੁਕਮਨਾਮੇ ਦੀ ਵਿਆਖਿਆ
- ਚੰਡੀਗੜ੍ਹ, ਮੁਕਤਸਰ ਸਾਹਿਬ, ਲਾਹੌਰ ਤੇ ਨਿਊ ਜਰਸੀ ਤੋਂ ਖ਼ਬਰਾਂ ਹਰ ਦੋ ਘੰਟੇ ਬਾਅਦ
- ਸਵੇਰੇ 10 ਤੋਂ 11 ਵਜੇ : ਆਤਮਿਕ ਆਨੰਦ ਪ੍ਰੋਗਰਾਮ – ਕੁਲਬੀਰ ਸਿੰਘ
- ਬਾਅਦ ਦੁਪਹਿਰ 1 ਤੋਂ 2 ਵਜੇ : ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ (ਰਾਣੀ ਕਾਹਲੋਂ ਤੇ ਅਲਮਾਜ਼ ਸ਼ਬੀ)
- ਸ਼ਾਮ 4 ਤੋਂ 6 ਵਜੇ : ਕੁਝ ਗੱਲਾਂ ਕੁਝ ਗੀਤ (ਗੁਰਜਸਪਾਲ ਸਿੰਘ ਤੇ ਰਾਜਕਰਨਬੀਰ ਸਿੰਘ)
- ਸ਼ਾਮ 6 ਤੋਂ 7 ਵਜੇ : ਸਰਬ ਸਾਂਝੀ ਗੁਰਬਾਣੀ – ਰਹਿਰਾਸ ਸਾਹਿਬ ਤੇ ਕੀਰਤਨ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ
- ਰਾਤ 7 ਤੋਂ 8 ਵਜੇ ਤੱਕ : ਕਥਾ ਭਾਈ ਪਿੰਦਰਪਾਲ ਸਿੰਘ (Live Coverage)
- ਰਾਤ 8 ਤੋਂ 9 ਵਜੇ : ਭਖਦੇ ਮਸਲਿਆਂ 'ਤੇ ਲਾਈਵ ਟਾਕ ਸ਼ੋਅ (ਸੁਸ਼ੀਲ ਦੋਸਾਂਝ, ਪਰਵਿੰਦਰ ਸਿੰਘ ਟਿਵਾਣਾ, ਜਸਵਿੰਦਰ ਸਿੰਘ ਬਿੱਟਾ)
- ਰਾਤ 9 ਤੋਂ 10 ਵਜੇ : ਮਨੋਰੰਜਕ ਪ੍ਰੋਗਰਾਮ - ਦੋ ਆਰ ਦੀਆਂ ਦੋ ਪਾਰ ਦੀਆਂ - ਗੁਰਪ੍ਰੀਤ ਸਿੰਘ ਤੇ ਸਿਮਰਨ, ਲਹਿੰਦੇ ਪੰਜਾਬ ਦੀਆਂ ਬਾਂਗਾਂ - ਮਸੂਦ ਮੱਲੀ, ਖਬਰ ਤੇ ਨਜ਼ਰ ਪਰਮਿੰਦਰ ਸਿੰਘ ਟਿਵਾਣਾ

ਸ਼ੁੱਕਰਵਾਰ : ਸ਼ਾਮ 3 ਤੋਂ 4 ਵਜੇ : ਦੇਸੋ ਪਰਦੇਸ – ਪਾਲ ਧਾਲੀਵਾਲ • ਰਾਤ 8 ਤੋਂ 10 ਵਜੇ : ਸ਼ਾਨ ਪੰਜਾਬ ਦੀ – ਗੁਰਦੀਪ ਸਿੰਘ ਸ਼ੇਰਗਿੱਲ
ਸ਼ਨਿਚਰਵਾਰ : ਸ਼ਾਮ 3 ਤੋਂ 4 ਵਜੇ : ਝਿਲਮਿਲ ਤਾਰੇ – ਬੱਚਿਆਂ ਲਈ ਪ੍ਰੋਗਰਾਮ– ਦਿਲਪ੍ਰੀਤ ਸਿੰਘ ਖਾਲਸਾ ਤੇ ਮਨਪ੍ਰੀਤ ਕਾਲਰਾ • ਰਾਤ 8 ਤੋਂ 10 ਵਜੇ : ਇਕ ਖ਼ਾਸ ਮੁਲਾਕਾਤ – ਹਰਵਿੰਦਰ ਸਿੰਘ ਕੰਗ
ਐਤਵਾਰ : ਰਾਤ 9 ਵਜੇ ਤੋਂ 10 ਵਜੇ ਤੱਕ : ਡਾ. ਗੁਰਦੀਪ ਸੰਧੂ

ਹੋਰ ਜਾਣਕਾਰੀ ਲਈ **408.722.7698**
Listen LIVE www.punjabiradiousa.com
Email: info@punjabiradiousa.com
3750 McKee Road, # B, San Jose CA 95127

# ਬੀਬੀ ਸੁਰਿੰਦਰ ਕੌਰ ਬਾਦਲ ਦਾ ਸਰਕਾਰੀ ਖਜ਼ਾਨੇ 'ਚੋਂ ਇਲਾਜ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮਾਲਵੇ 'ਚ ਮਾੜੇ ਪਾਣੀ ਕਰਕੇ ਹਜ਼ਾਰਾਂ ਲੋਕ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਜੂਝ ਰਹੇ ਹਨ ਪਰ ਲੱਖ ਵਾਅਦਿਆਂ ਦੇ ਬਾਵਜੂਦ ਸਰਕਾਰ ਨੇ ਅੱਜ ਤੱਕ ਇਥੇ ਕੈਂਸਰ ਦੇ ਇਲਾਜ ਲਈ ਕੋਈ ਹਸਪਤਾਲ ਨਹੀਂ ਬਣਾਇਆ। ਕਈ ਗਰੀਬ ਲੋਕ ਇਲਾਜ ਖੁਣੋਂ ਹੀ ਅੱਲਾ ਨੂੰ ਪਿਆਰੇ ਹੋ ਗਏ ਹਨ ਤੇ ਕਈ ਮਹਿੰਗੇ ਇਲਾਜ ਕਾਰਨ ਕਰਜ਼ਾਈ ਹੋ ਗਏ ਹਨ ਪਰ ਸਰਕਾਰ ਨੇ ਇਨ੍ਹਾਂ ਗਰੀਬ ਲੋਕਾਂ ਨੂੰ ਕੋਈ ਮੁਆਵਜ਼ਾ ਜਾਂ ਰਾਹਤ ਰਾਸ਼ੀ ਨਹੀਂ ਦਿੱਤੀ ਪਰ ਹੈਰਾਨੀ ਦੀ ਗੱਲ ਹੈ ਕਿ (ਕਰੋੜਪਤੀ) ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਪਤਨੀ ਬੀਬੀ ਸੁਰਿੰਦਰ ਕੌਰ ਬਾਦਲ ਦੇ ਕੈਂਸਰ ਦੇ ਇਲਾਜ ਉੱਤੇ ਅਮਰੀਕਾ ਵਿਚ 3,14,45,615 ਰੁਪਏ ਖਰਚ ਕਰ ਦਿੱਤੇ ਹਨ। ਮਾਲਵੇ 'ਚ ਕੈਂਸਰ ਪੀੜਤਾਂ ਲਈ ਕੰਮ ਕਰਦੀਆਂ ਜਥੇਬੰਦੀਆਂ ਦਾ ਕਹਿਣਾ ਹੈ ਕਿ ਸਰਕਾਰ ਗਰੀਬ ਲੋਕਾਂ ਨੂੰ ਤਾਂ ਕੁਝ ਰਾਹਤ ਨਹੀਂ ਦੇ ਰਹੀ ਪਰ ਬਾਦਲ ਜੋ ਕਰੜਪਤੀ ਹੈ ਤੇ ਆਪਣੀ ਪਤਨੀ ਦਾ ਮਹਿੰਗੇ ਤੋਂ ਮਹਿੰਗਾ ਇਲਾਜ ਕਰਾਉਣ ਲਈ ਸਮਰੱਥ ਹੈ, ਜਨਤਾ ਦੇ ਪੈਸੇ ਦੀ ਵਰਤੋਂ ਕਰ ਰਿਹਾ ਹੈ। ਉਧਰ ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਨਿਯਮਾਂ ਮੁਤਾਬਕ ਮੁੱਖ ਮੰਤਰੀ, ਮੰਤਰੀ ਜਾਂ ਹੋਰ ਕਿਸੇ ਵਿਧਾਨਕ ਅਹੁਦੇ 'ਤੇ ਤਾਇਨਾਤ ਵਿਅਕਤੀ ਇੱਥੋਂ ਤੱਕ ਕਿ ਸਰਕਾਰੀ ਮੁਲਾਜ਼ਮਾਂ ਜਾਂ ਉਸ ਦੀ ਪਤਨੀ ਜਾਂ ਪਤੀ ਦੀ ਬਿਮਾਰੀ 'ਤੇ ਆਉਣ ਵਾਲੇ ਖਰਚਾ ਦੀ ਅਦਾਇਗੀ ਸਰਕਾਰੀ ਖ਼ਜ਼ਾਨੇ ਵਿਚੋਂ ਕੀਤੀ ਜਾਂਦੀ ਹੈ। ਬੀਬੀ ਸੁਰਿੰਦਰ ਕੌਰ ਬਾਦਲ ਦੇ ਇਲਾਜ 'ਤੇ ਵੀ ਜਿਹੜਾ ਖਰਚ ਹੋਇਆ ਹੈ, ਉਸ ਦੀ ਅਦਾਇਗੀ ਨਿਯਮਾਂ ਤੇ ਕਾਨੂੰਨ ਮੁਤਾਬਕ ਹੀ ਕੀਤੀ ਗਈ ਹੈ।

ਅਸਲ 'ਚ ਬੀਬੀ ਬਾਦਲ ਦੇ ਇਲਾਜ 'ਤੇ ਸਰਕਾਰੀ ਖਰਚਾ ਚੁੱਪ-ਚੁਪੀਤੇ ਕੀਤਾ ਗਿਆ ਹੈ ਪਰ ਆਰ.ਟੀ.ਆਈ. ਐਕਟ ਤਹਿਤ ਬਾਹਰ ਆਈ ਜਾਣਕਾਰੀ ਅਨੁਸਾਰ ਪਹਿਲੀ ਅਪਰੈਲ 2010 ਤੋਂ 28 ਫਰਵਰੀ 2011 ਦੌਰਾਨ ਸਰਕਾਰੀ ਖਜ਼ਾਨੇ ਵਿਚੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 3.14 ਕਰੋੜ ਰੁਪਏ ਤੋਂ ਵੱਧ ਅਦਾਇਗੀ ਕੀਤੀ ਗਈ। ਮਿਤੀ 1.4.2010 ਤੋਂ 28.2.2011 ਭਾਵ 11 ਮਹੀਨਿਆਂ (334 ਦਿਨ) ਦੇ ਹਿਸਾਬ ਨਾਲ ਬੀਬੀ ਬਾਦਲ ਦੇ ਇਲਾਜ 'ਤੇ ਪ੍ਰਤੀ ਦਿਨ ਤਕਰੀਬਨ 94,148 ਰੁਪਏ (2,000 ਅਮਰੀਕੀ ਡਾਲਰ) ਦਾ ਖਰਚਾ ਆਇਆ ਹੈ। ਇਨ੍ਹਾਂ ਵਿਚ ਬੀਬੀ ਬਾਦਲ ਦੇ ਟੈਸਟਾਂ, ਦਵਾਈਆਂ, ਹਸਪਤਾਲ ਵਿਚ ਦਾਖਲੇ ਤੇ ਹੋਰ ਕੰਮਾਂ 'ਤੇ ਆਇਆ ਖਰਚਾ ਸ਼ਾਮਲ ਹੈ। ਬੀਬੀ ਸੁਰਿੰਦਰ ਕੌਰ ਬਾਦਲ ਦਾ ਇਲਾਜ ਨਿਊਯਾਰਕ (ਅਮਰੀਕਾ) ਦੇ ਸਲੋਨ ਕੇਟਰਿੰਗ ਮੈਮੋਰੀਅਲ ਕੈਂਸਰ ਸੈਂਟਰ 'ਚੋਂ ਕਰਵਾਇਆ ਗਿਆ ਜੋ ਕਿ ਕੈਂਸਰ ਦੇ ਇਲਾਜ ਦਾ ਬਿਹਤਰੀਨ ਕੇਂਦਰ ਮੰਨਿਆ ਜਾਂਦਾ ਹੈ। ਇਹ ਉਹੀ ਹਸਪਤਾਲ

**ਅਮਰੀਕੀ ਇਲਾਜ ਲਈ 3.14 ਕਰੋੜ ਦੀ ਅਦਾਇਗੀ**



ਹੈ ਜਿੱਥੇ ਕਦੇ ਮਰਹੂਮ ਅਭਿਨੇਤਰੀ ਨਰਗਿਸ ਦੱਤ ਦਾ ਇਲਾਜ ਹੋਇਆ ਸੀ। ਨਰਗਿਸ ਦੇ ਪਤੀ ਤੇ ਫਿਲਮ ਅਭਿਨੇਤਾ ਸੁਨੀਲ ਦੱਤ ਨੇ ਬਾਅਦ ਵਿਚ ਭਾਰਤ 'ਚ ਨਰਗਿਸ ਦੀ ਯਾਦ ਵਿਚ ਅਜਿਹਾ ਹੀ ਹਸਪਤਾਲ ਕਾਇਮ ਕਰਵਾਉਣ ਦਾ ਐਲਾਨ ਕੀਤਾ ਸੀ ਤੇ ਕੈਂਸਰ ਦੇ ਇਲਾਜ ਦਾ ਇਕ ਵਿਸ਼ੇਸ਼ ਕੇਂਦਰ ਮੁੰਬਈ ਵਿਚ ਕਾਇਮ ਕਰਵਾਇਆ ਵੀ ਸੀ।

ਬੀਬੀ ਬਾਦਲ ਦੇ ਇਲਾਜ 'ਤੇ ਹੋ ਰਹੇ ਖਰਚ ਨੂੰ ਪੰਜਾਬ ਦੀਆਂ ਵਿਰੋਧੀ ਪਾਰਟੀਆਂ ਵੱਲੋਂ ਬਾਦਲ-ਵਿਰੋਧੀ ਮੁੱਦਾ ਬਣਾਇਆ ਜਾ ਰਿਹਾ। ਹਾਲ ਹੀ ਵਿਚ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਵਿਸਾਖੀ ਮੌਕੇ ਕਾਂਗਰਸ ਦੀ ਕਾਨਫਰੰਸ ਵਿਚ ਸ੍ਰੀ ਜਗਮੀਤ ਸਿੰਘ ਬਰਾੜ ਤੇ ਹੋਰ ਆਗੂਆਂ ਨੇ ਇਸ ਦਾ ਜ਼ਿਕਰ ਕੀਤਾ ਸੀ। ਉਨ੍ਹਾਂ ਕਿਹਾ ਸੀ ਕਿ ਇਕ ਪਾਸੇ ਮਾਲਵੇ ਦੇ ਕੈਂਸਰ ਪੀੜਤ ਪੈਸੇ ਦੀ ਅਣਹੋਂਦ ਕਾਰਨ ਇਲਾਜ ਖੁਣੋਂ ਰੁਲ ਰਹੇ ਹਨ ਦੂਜੇ ਪਾਸੇ ਬੀਬੀ ਬਾਦਲ ਦੇ ਇਲਾਜ ਲਈ ਸਰਕਾਰੀ ਪੈਸਾ ਪਾਣੀ ਵਾਂਗ ਵਹਾਇਆ ਜਾ ਰਿਹਾ ਹੈ।

ਉਂਝ ਬੀਬੀ ਬਾਦਲ ਦੇ ਇਲਾਜ ਦਾ ਖਰਚਾ ਸਰਕਾਰੀ ਖਜ਼ਾਨੇ ਵਿਚੋਂ ਤਾਰੇ ਜਾਣ ਦਾ ਕੇਸ ਆਪਣੇ ਆਪ ਵਿਚ ਪਹਿਲਾ ਮਾਮਲਾ ਨਹੀਂ। ਸਾਬਕਾ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਦੇ ਸਪੁੱਤਰ ਤੇ ਸ੍ਰੀ ਮੁਕਤਸਰ ਸਾਹਿਬ ਤੋਂ ਕਾਂਗਰਸ ਦੇ ਵਿਧਾਇਕ ਕੰਵਰਜੀਤ ਸਿੰਘ ਬਰਾੜ ਉਰਫ ਸਨੀ ਬਰਾੜ ਵੀ ਇਲਾਜ ਸਰਕਾਰੀ ਖਰਚ 'ਤੇ ਕਰਵਾ ਰਹੇ ਹਨ। ਉਨ੍ਹਾਂ ਨੂੰ ਇਸ ਇਲਾਜ ਲਈ 2.08 ਕਰੋੜ ਰੁਪਏ ਦੀ ਰਕਮ ਐਡਵਾਂਸ ਦਿੱਤੀ ਗਈ ਸੀ ਤੇ ਹੁਣ 1.35 ਕਰੋੜ ਰੁਪਏ ਦੇ ਹੋਰ ਬਿਲਾਂ ਦੀ ਅਦਾਇਗੀ ਰਾਜ ਸਰਕਾਰ ਦੇ ਵਿਚਾਰ ਅਧੀਨ ਹੈ। ਸਰਕਾਰੀ ਹਲਕਿਆਂ ਅਨੁਸਾਰ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਵਜ਼ਾਰਤ ਵਿਚ ਸਨਅਤ ਮੰਤਰੀ ਰਹੇ ਮਰਹੂਮ ਕਰਮ ਸਿੰਘ ਗਿੱਲ ਵੀ ਕਾਫੀ ਸਮਾਂ ਸਰਕਾਰੀ ਖਰਚੇ 'ਤੇ ਇਲਾਜ ਕਰਵਾਉਂਦੇ ਰਹੇ ਸਨ।

ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਕੇਂਦਰੀ ਮੰਤਰੀ ਪ੍ਰਿਯ ਰੰਜਨ ਦਾਸਮੁਨਸ਼ੀ ਜਿਹੜੇ ਅਧਰੰਗ ਤੋਂ ਪੀੜਤ ਸਨ, ਨੂੰ ਇਕ ਸਾਲ ਅਪੋਲੋ ਹਸਪਤਾਲ, ਦਿੱਲੀ ਵਿਚੋਂ ਇਲਾਜ ਕਰਵਾਉਣ ਉਪਰੰਤ ਜਰਮਨੀ ਲਿਜਾਇਆ ਗਿਆ ਸੀ ਤੇ ਸਾਰਾ ਖਰਚਾ ਕੇਂਦਰ ਦੀ ਯੂ.ਪੀ.ਏ. ਸਰਕਾਰ ਨੇ ਦਿੱਤਾ ਸੀ। ਇਸੇ ਤਰ੍ਹਾਂ ਡੀ.ਐਮ.ਕੇ. ਆਗੂ ਮੁਰਾਸੋਲੀ ਮਾਰਨ ਜਿਹੜੇ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਵਿਚ ਮੰਤਰੀ ਸਨ, ਨੇ ਵੀ ਦਿਲ ਦਾ ਇਲਾਜ ਅਮਰੀਕਾ (ਹਿਊਸਟਨ, ਟੈਕਸਾਸ) ਵਿਚੋਂ ਕਰਵਾਇਆ ਸੀ। ਉਹ ਢਾਈ ਸਾਲਾਂ ਤੋਂ ਵੱਧ ਸਮਾਂ ਜ਼ੇਰੇ ਇਲਾਜ ਰਹੇ। ਬੇਹੋਸ਼ੀ ਦੀ ਹਾਲਤ ਵਿਚ ਰਹਿਣ ਦੇ ਬਾਵਜੂਦ ਉਨ੍ਹਾਂ ਦਾ ਕੇਂਦਰੀ ਕੈਬਨਿਟ ਮੰਤਰੀ ਦਾ ਅਹੁਦਾ ਬਰਕਰਾਰ ਰੱਖਿਆ ਗਿਆ। ਉਨ੍ਹਾਂ ਦੇ ਇਲਾਜ 'ਤੇ ਸਰਕਾਰ ਵੱਲੋਂ ਕੀਤਾ ਖਰਚ 9 ਕਰੋੜ ਦੇ ਆਸਪਾਸ ਦੱਸਿਆ ਗਿਆ ਹੈ।

# ਆਸਟਰੇਲੀਆ 'ਚ ਵੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ

**ਅੰਮ੍ਰਿਤਸਰ:** ਅਮਰੀਕਾ ਤੋਂ ਬਾਅਦ ਹੁਣ ਆਸਟਰੇਲੀਆ ਵਿਚਲੇ ਗੁਰਦੁਆਰਿਆਂ ਦੇ ਪ੍ਰਬੰਧ ਲਈ ਹੁਣ ਵੱਖਰੀ ਆਸਟਰੇਲੀਆ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਹ ਗੁਰਦੁਆਰਾ ਕਮੇਟੀ ਅਮਰੀਕਨ ਸਿੱਖ ਗੁਰਦੁਆਰਾ ਕਮੇਟੀ ਦੀ ਤਰਜ਼ 'ਤੇ ਕੰਮ ਕਰੇਗੀ।

ਇਸ ਬਾਰੇ ਅਮਰੀਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਜੋ ਅੱਜ-ਕੱਲ੍ਹ ਆਸਟਰੇਲੀਆ ਵਿਖੇ ਹਨ, ਦਾ ਕਹਿਣਾ ਹੈ ਕਿ ਆਸਟਰੇਲੀਆ ਵਿਚ ਇਸ ਵੇਲੇ ਵੱਖ ਵੱਖ ਸ਼ਹਿਰਾਂ ਵਿਚ 20 ਗੁਰਦੁਆਰਾ ਕਮੇਟੀਆਂ ਹਨ। ਇਨ੍ਹਾਂ ਕਮੇਟੀਆਂ ਦੀ ਇਕੱਤਰਤਾ ਵਿਚ ਸਮੂਹ ਗੁਰਦੁਆਰਿਆਂ ਲਈ ਇਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਕਰਨ ਬਾਰੇ ਫੈਸਲਾ ਕੀਤਾ ਗਿਆ। ਇਸ ਕਮੇਟੀ ਨੂੰ ਆਸਟਰੇਲੀਆ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਾਂ ਦਿੱਤਾ ਗਿਆ। ਫਿਲਹਾਲ ਇਸ ਬਾਰੇ ਇਕ ਐਡਹਾਕ ਕਮੇਟੀ ਬਣਾਈ ਗਈ ਹੈ।

ਗੁਰਦੁਆਰਾ ਰਿਵਸਬਾਈ ਵਿਖੇ ਹੋਈ ਇਕੱਤਰਤਾ 'ਚ ਬਣਾਈ ਐਡਹਾਕ ਕਮੇਟੀ ਦਾ ਪ੍ਰਧਾਨ ਮਹਿੰਦਰ ਸਿੰਘ ਨੂੰ ਬਣਾਇਆ ਗਿਆ ਜੋ ਇਸ ਵੇਲੇ ਰਿਵਸਬਾਈ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਨ। ਜਦੋਂਕਿ ਸਾਊਥ ਵੇਲਜ਼ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਪ੍ਰਸ਼ੋਤਮ ਸਿੰਘ ਨੂੰ ਐਡਹਾਕ ਕਮੇਟੀ ਦਾ ਮੀਤ ਪ੍ਰਧਾਨ, ਮੈਲਬੋਰਨ ਤੋਂ ਗੁਰਬਖ਼ਸ਼ ਸਿੰਘ ਨੂੰ ਜਨਰਲ ਸਕੱਤਰ ਥਾਪਿਆ ਗਿਆ ਹੈ। ਇਹ ਐਡਹਾਕ ਕਮੇਟੀ ਤਿੰਨ ਮਹੀਨੇ ਦੇ ਸਮੇਂ ਵਿਚ ਆਸਟਰੇਲੀਅਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੰਵਿਧਾਨ ਦਾ ਖਰੜਾ ਤਿਆਰ ਕਰੇਗੀ ਤੇ ਇਸ ਤੋਂ ਬਾਅਦ ਕਮੇਟੀ ਦੇ ਪੱਕੇ ਅਹੁਦੇਦਾਰ ਚੁਣੇ ਜਾਣਗੇ। ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਸਿੱਖ ਧੜੇ ਦੇ ਕੰਮਕਾਜ ਤੋਂ ਵੱਖ ਵੱਖ ਮੁਲਕਾਂ ਦੇ ਸਿੱਖ ਖੁਸ਼ ਨਹੀਂ ਹਨ। ਇਸ ਦੇ ਸਿੱਟੇ ਵਜੋਂ ਇਹ ਵੱਖ-ਵੱਖ ਥਾਵਾਂ 'ਤੇ ਗੁਰਦੁਆਰਾ ਕਮੇਟੀਆਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਕੈਨੇਡਾ ਤੇ ਜਰਮਨੀ ਵਿਚ ਵੀ ਵੱਖ ਵੱਖ ਗੁਰਦੁਆਰਾ ਕਮੇਟੀਆਂ ਬਣ ਗਈਆਂ ਹਨ।

ਉਧਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਇਕਪਾਸੜ ਤੇ ਸਿੱਖੀ ਵਿਰੋਧੀ ਰਵੱਈਏ ਕਾਰਨ ਹੀ ਵਿਦੇਸ਼ਾਂ ਵਿਚ ਵੱਖਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਹੋਂਦ ਵਿਚ ਆਈਆਂ ਹਨ ਜਿਨ੍ਹਾਂ ਨੇ ਪਹਿਲਾਂ ਉਥੇ ਸਿੱਖੀ ਬਾਣੇ ਤੇ ਬਾਣੀ ਨੂੰ ਬਚਾਉਣ ਲਈ ਕਾਰਜ ਕੀਤੇ ਤੇ ਹੁਣ ਪੰਜਾਬ ਵਿਚ ਆ ਕੇ ਸਿੱਖੀ ਨੂੰ ਬਚਾਉਣ ਲਈ ਕਾਰਜਸ਼ੀਲ ਹਨ।

ਉਹ ਇਥੇ ਲਾਇਬਰੇਰੀ ਦਾ ਉਦਘਾਟਨ ਕਰਨ ਆਏ ਸਨ।ਇਸ ਮੌਕੇ ਉਨ੍ਹਾਂ ਕਿਹਾ ਕਿ ਜੇ ਸ਼੍ਰੋਮਣੀ ਕਮੇਟੀ ਸਿੱਖਾਂ ਨੂੰ ਨੁਮਾਇੰਦਗੀ ਦੇਣ ਲਈ ਸੰਜੀਦਾ ਹੈ ਤਾਂ ਅਗਾਮੀ ਕਮੇਟੀ ਚੋਣਾਂ ਇਸ ਮੰਤਵ ਲਈ ਸਹੀ ਮੌਕਾ ਹੈ। ਉਨ੍ਹਾਂ ਕਿਹਾ ਕਿ ਸਮੁੱਚੀਆਂ ਪੰਥਕ ਧਿਰਾਂ ਨੇ ਸ਼੍ਰੋਮਣੀ ਕਮੇਟੀ ਲਈ ਵੋਟ ਬਣਾਉਣ ਲਈ ਦਸ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਵਿਚ ਵਿਸ਼ਵਾਸ ਰੱਖਣ ਦੀ ਸ਼ਰਤ ਰੱਖਣ ਲਈ ਆਵਾਜ਼ ਉਠਾਈ ਸੀ ਪਰ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਇਸ ਬਾਰੇ ਚੁੱਪ ਹੀ ਧਾਰ ਲਈ ਤੇ ਚੋਣ ਕਮਿਸ਼ਨ ਨੂੰ ਮੰਗ ਪੱਤਰ ਦੇਣਾ ਵੀ ਜ਼ਰੂਰੀ ਨਹੀਂ ਸਮਝਿਆ ਕਿਉਂਕਿ ਸ. ਮੱਕੜ ਅਸਲੀਅਤ ਤੋਂ ਜਾਣੂੰ ਹਨ ਕਿ ਵੋਟਾਂ ਕਿਨ੍ਹਾਂ ਸਿੱਖਾਂ ਦੀਆਂ ਕਿਵੇਂ ਬਣਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਚੋਣਾਂ ਲਈ ਸਾਬਤ ਸੂਰਤ ਸਿੱਖਾਂ ਦੀਆਂ ਵੋਟਾਂ ਯਕੀਨੀ ਬਣਾਉਣਾ ਸ਼੍ਰੋਮਣੀ ਕਮੇਟੀ ਦੀ ਜ਼ਿੰਮੇਵਾਰੀ ਬਣਦੀ ਸੀ। ਉਨ੍ਹਾਂ ਜਥੇਦਾਰ ਮੱਕੜ ਨੂੰ ਪੁੱਛਿਆ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਹ ਕਹਿਣਗੇ ਕਿ ਵੋਟਾਂ ਬਣਨ ਸਮੇਂ ਸਿੱਖੀ ਸਿਧਾਂਤਾਂ ਦੀ ਅਣਦੇਖੀ ਨਹੀਂ ਕੀਤੀ ਗਈ ਤੇ ਸਮੁੱਚੀਆਂ ਵੋਟਾਂ ਸਾਬਤ ਸੂਰਤ ਸਿੱਖਾਂ ਦੀਆਂ ਹੀ ਬਣੀਆਂ ਹਨ।

# ਵਿਸਾਖੀ 'ਤੇ ਵਗਿਆ ਸ਼ਰਧਾ ਦਾ ਦਰਿਆ

ਪਾਰਟੀਆਂ ਦੇ ਕਾਰਕੁਨ ਪਹਿਲੀ ਵਾਰ ਸੰਗਤ ਨੂੰ ਘਰੋ-ਘਰੀ ਛੱਡ ਕੇ ਆਏ।

ਵਿਸਾਖੀ ਮੇਲੇ 'ਤੇ ਸ਼ੋਮਣੀ ਅਕਾਲੀ ਦਲ (ਬ), ਕਾਂਗਰਸ, ਸ਼੍ਰੋਮਣੀ ਅਕਾਲੀ ਦਲ (ਅ) ਅਤੇ ਸ਼੍ਰੋਮਣੀ ਅਕਾਲੀ ਦਲ ਪ੍ਰਧਾਨੀ ਨੇ ਸਿਆਸੀ ਕਾਨਫਰੰਸਾਂ ਕੀਤੀਆਂ। ਉਧਰ, ਪੰਜਾਬ ਵਿਚ ਸਿਆਸਤ 'ਚ ਚਰਚਾ ਦਾ ਵਿਸ਼ਾ ਬਣੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਇਸ ਵਾਰ ਕਾਨਫਰੰਸ ਨਹੀਂ ਕੀਤੀ। ਮਨਪ੍ਰੀਤ ਦਾ ਕਹਿਣਾ ਹੈ ਕਿ ਜੋੜ ਮੇਲਿਆਂ 'ਤੇ ਰੈਲੀਆਂ ਤੇ ਕਾਨਫਰੰਸਾਂ ਕਰਨਾ ਪੀਪਲਜ਼ ਪਾਰਟੀ ਆਫ ਪੰਜਾਬ ਦੇ ਏਜੰਡੇ ਦਾ ਹਿੱਸਾ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਪੰਜਾਬ ਵਾਸੀਆਂ ਦੀ ਸੋਚ ਨੂੰ ਹਾਂ-ਪੱਖੀ ਹੁਲਾਰਾ ਦੇਣਾ ਚਾਹੁੰਦੇ ਹਨ, ਇਸ ਲਈ ਹਰ ਪੰਜਾਬੀ ਨੂੰ ਆਰਥਿਕ ਅਤੇ ਸਮਾਜਿਕ ਖੁਸ਼ਹਾਲੀ ਮੁਹੱਈਆ ਕਰਵਾਉਣਾ ਉਨ੍ਹਾਂ ਦਾ ਮੁੱਖ ਏਜੰਡਾ ਹੈ। ਉਨ੍ਹਾਂ ਕਿਹਾ ਕਿ ਜੋੜ ਮੇਲਿਆਂ 'ਤੇ ਕਾਨਫਰੰਸਾਂ ਅਤੇ ਰੈਲੀਆਂ ਸਿਰਫ਼ ਸਿਆਸੀ ਦੂਸ਼ਣਬਾਜ਼ੀ ਤੱਕ ਸੀਮਤ ਹੁੰਦੀਆਂ ਹਨ। ਉਂਜ ਇਸ ਮੌਕੇ ਸ਼ੋਮਣੀ ਅਕਾਲੀ ਦਲ (ਬ) ਅਤੇ ਕਾਂਗਰਸ ਦੀਆਂ ਕਾਨਫਰੰਸਾਂ ਵਿਚ ਲੋਕਾਂ ਦੀ ਜ਼ਿਆਦਾ ਗਿਣਤੀ ਰਹੀ। ਸੱਤਾ ਦੀਆਂ ਦਾਅਵੇਦਾਰ ਦੋਵੇਂ ਪਾਰਟੀਆਂ ਨੇ ਇਕ-ਦੂਜੇ ਨੂੰ ਚੰਗੇ ਰਗੜੇ ਲਾਏ ਅਤੇ ਅਗਾਮੀ ਚੋਣਾਂ ਲਈ ਲੋਕਾਂ ਨੂੰ ਭਰਮਾਉਣ ਦੀ ਪੂਰੀ ਵਾਹ ਲਾਈ। ਇਸ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਨੇ ਸਿੱਖਾਂ 'ਤੇ ਜ਼ੁਲਮ ਕੀਤੇ ਹਨ। ਅਕਾਲੀ ਦਲ ਨੇ ਮੰਗ ਕੀਤੀ ਕਿ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ ਅਤੇ ਦਰਿਆਈ ਪਾਣੀਆਂ 'ਤੇ ਪੰਜਾਬ ਦਾ ਖੋਹਿਆ ਹੱਕ ਬਹਾਲ ਕੀਤਾ ਜਾਵੇ।

ਉਧਰ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਨੇ ਦੋਸ਼ ਲਾਇਆ ਕਿ ਬਾਦਲ ਪਰਿਵਾਰ ਸੱਤਾ ਦੇ ਜ਼ੋਰ 'ਤੇ ਰਾਜ ਦੀ ਸਨਅਤ ਅਤੇ ਅਦਾਰਿਆਂ 'ਤੇ ਕਬਜ਼ਾ ਕਰ ਰਿਹਾ ਹੈ; ਵੱਡੀਆਂ ਕੰਪਨੀਆਂ ਨਾਲ ਗੰਢ-ਤੁਪ ਕਰਕੇ ਪੰਜਾਬ ਦੇ ਕਿਸਾਨਾਂ ਦੀ ਕੀਮਤੀ ਜ਼ਮੀਨ ਕੌਡੀਆਂ ਦੇ ਭਾਅ ਖੋਹੀ ਜਾ ਰਹੀ ਹੈ।

ਆਲ ਇੰਡੀਆ ਕਾਂਗਰਸ ਦੇ ਵਰਕਿੰਗ ਕਮੇਟੀ ਮੈਂਬਰ ਜਗਮੀਤ ਸਿੰਘ ਬਰਾੜ ਨੇ ਦੋਸ਼ ਲਾਇਆ ਕਿ ਰਾਜ ਅੰਦਰ ਥਰਮਲ ਪਲਾਂਟ ਲਾਉਣ ਵਾਲੀ ਕੰਪਨੀ ਤੋਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ 500 ਕਰੋੜ ਰੁਪਏ ਦੀ ਰਿਸ਼ਵਤ ਲਈ ਹੈ। ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕੇਂਦਰ ਤੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਅੱਜ ਵੀ ਕਾਨੂੰਨੀ, ਮਾਲੀ, ਭੂਗੋਲਿਕ, ਸੱਭਿਆਚਾਰਕ, ਧਾਰਮਿਕ ਤੇ ਸਿਆਸੀ ਤੌਰ 'ਤੇ ਸਿੱਖਾਂ ਨਾਲ ਘੋਰ ਵਿਤਕਰਾ ਕਰ ਰਹੀਆਂ ਹਨ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਵੱਲੋਂ ਛੇ ਮਤੇ ਪਾਸ ਕੀਤੇ ਗਏ ਜਿਨ੍ਹਾਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਜ਼ਾਦ ਹਸਤੀ ਬਰਕਰਾਰ ਰੱਖਣ, ਗੁਰਦੁਆਰਾ ਪ੍ਰਬੰਧ ਵਿਚ ਬੁਨਿਆਦੀ ਸੁਧਾਰ ਲਿਆਉਣ ਅਤੇ ਦੇਹਧਾਰੀ ਡੇਰਾਵਾਦ ਨੂੰ ਭਾਂਜ ਦੇਣ ਵਾਸਤੇ ਸ਼੍ਰੋਮਣੀ ਕਮੇਟੀ ਨੂੰ ਮੌਜੂਦਾ ਕਾਬਜ਼ ਧਿਰ ਤੋਂ ਮੁਕਤ ਕਰਵਾਉਣ ਦਾ ਸੱਦਾ ਦਿੱਤਾ ਗਿਆ।

# ਕੈਨੇਡੀਅਨ ਸੰਸਦੀ ਚੋਣਾਂ 'ਚ 15 ਪੰਜਾਬੀ ਉਮੀਦਵਾਰ ਡਟੇ



ਰੂਬੀ ਢਾਲਾ




ਨੀਨਾ ਗਰੇਵਾਲ




ਉੱਜਲ ਦੁਸਾਂਝ



ਗੁਰਬਖਸ਼ ਸਿੰਘ ਮੱਲ੍ਹੀ



ਸੁਖ ਧਾਲੀਵਾਲ



ਟਿਮ ਉੱਪਲ



ਦੇਵਿੰਦਰ ਸ਼ੋਰੀ



ਦੀਪਕ ਓਬਰਾਏ

**ਚੰਡੀਗੜ੍ਹ:** ਕੈਨੇਡੀਅਨ ਪਾਰਲੀਮੈਂਟ ਦੀਆਂ ਦੋ ਮਈ ਨੂੰ ਹੋਣ ਵਾਲੀਆਂ ਚੋਣਾਂ ਲਈ ਇਸ ਵਾਰ 15 ਪੰਜਾਬੀ ਉਮੀਦਵਾਰ ਮੈਦਾਨ ਵਿਚ ਹਨ। ਇਨ੍ਹਾਂ ਵਿਚੋਂ ਬਹੁਤੇ ਉਹ ਹਨ ਜੋ ਪਹਿਲਾਂ ਹੀ ਕੈਨੇਡੀਅਨ ਸਿਆਸਤ ਵਿਚ ਸਰਗਰਮ ਹਨ। ਇਨ੍ਹਾਂ ਵਿਚ ਉੱਜਲ ਦੁਸਾਂਝ, ਸੁਖ ਧਾਲੀਵਾਲ, ਨੀਨਾ ਗਰੇਵਾਲ, ਗੁਰਬਖਸ਼ ਸਿੰਘ ਮੱਲ੍ਹੀ, ਰੂਬੀ ਢਾਲਾ, ਨਵਦੀਪ ਸਿੰਘ ਬੈਂਸ, ਦੇਵਿੰਦਰ ਸ਼ੋਰੀ, ਦੀਪਕ ਓਬਰਾਏ ਤੇ ਟਿਮ ਉੱਪਲ ਸ਼ਾਮਲ ਹਨ।

ਉੱਜਲ ਦੁਸਾਂਝ ਜੋ ਕਿ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਪ੍ਰੀਮੀਅਰ (ਮੁੱਖ ਮੰਤਰੀ) ਰਹਿ ਚੁੱਕੇ ਹਨ, ਵੈਨਕੂਵਰ ਦੱਖਣੀ ਹਲਕੇ ਤੋਂ ਲਿਬਰਲ ਪਾਰਟੀ ਦੇ ਉਮੀਦਵਾਰ ਹਨ। ਪਿਛਲੀ ਵਾਰ ਉਨ੍ਹਾਂ ਨੇ ਸਿਰਫ 20 ਵੋਟਾਂ ਦੇ ਅੰਤਰ ਨਾਲ ਚੋਣ ਜਿੱਤੀ ਸੀ। ਉਹ ਉਦਾਰਵਾਦੀ ਰਾਜਨੀਤੀ ਵਿਚ ਯਕੀਨ ਰੱਖਦੇ ਹਨ ਤੇ ਇਸੇ ਲਈ ਖਾਲਿਸਤਾਨ-ਪੱਖੀਆਂ ਵੱਲੋਂ ਉਨ੍ਹਾਂ ਦਾ ਡਟ ਕੇ ਵਿਰੋਧ ਕੀਤਾ ਜਾ ਰਿਹਾ ਹੈ। ਦੁਸਾਂਝ ਕਈ ਸਾਲ ਨਿਊ ਡੈਮੋਕਰੈਟਿਕ ਪਾਰਟੀ (ਐਨ.ਡੀ.ਪੀ.) ਵਿਚ ਰਹੇ ਪਰ ਪਿੱਛੇ ਜਿਹੇ ਲਿਬਰਲ ਪਾਰਟੀ ਵਿਚ ਸ਼ਾਮਲ ਹੋ ਗਏ।

ਸੁਖ ਧਾਲੀਵਾਲ ਸਰੀ ਖੇਤਰ ਤੋਂ ਲਿਬਰਲ ਪਾਰਟੀ ਦੇ ਉਮੀਦਵਾਰ ਹਨ। ਦੂਜੇ ਪਾਸੇ ਨੀਨਾ ਗਰੇਵਾਲ ਸਰੀ ਖੇਤਰ ਦੇ ਇਕ ਹੋਰ ਹਲਕੇ ਤੋਂ ਕੰਜ਼ਰਵੇਟਿਵ ਪਾਰਟੀ ਦੀ ਉਮੀਦਵਾਰ ਵਜੋਂ ਚੋਣ ਲੜ ਰਹੀ ਹੈ। ਸੁਖ ਧਾਲੀਵਾਲ ਦਾ ਟਾਕਰਾ ਦੋ ਪੰਜਾਬਣਾਂ ਨਾਲ ਹੈ। ਇਕ ਹੈ ਜਿਨੀ ਸਿੱਮਜ਼ ਜੋ ਕਿ ਐਨ.ਡੀ.ਪੀ. ਉਮੀਦਵਾਰ ਹੈ। ਉਹ ਟਰੇਡ ਯੂਨੀਅਨ ਗਤੀਵਿਧੀਆਂ ਲਈ ਮਸ਼ਹੂਰ ਹੈ। ਦੂਜੀ ਮਣੀ ਕੌਰ ਫੈਲਨ ਕੰਜ਼ਰਵੇਟਿਵ ਪਾਰਟੀ ਦੀ ਉਮੀਦਵਾਰ ਹੈ। ਬ੍ਰਿਟਿਸ਼ ਕੋਲੰਬੀਆ ਦੇ ਇਕ ਹਲਕੇ ਤੋਂ ਸ਼ਿੰਦਰ ਪੁਰੇਵਾਲ ਲਿਬਰਲ ਉਮੀਦਵਾਰ ਵਜੋਂ ਚੋਣ ਲੜ ਰਿਹਾ ਹੈ। ਉਸ ਦਾ ਮੁਕਾਬਲਾ ਸਿਟਿੰਗ ਸੰਸਦ ਮੈਂਬਰ ਡੋਨਾ ਕੈਡਮੈਨ (ਕੰਜ਼ਰਵੇਟਿਵ ਪਾਰਟੀ) ਨਾਲ ਹੈ। ਇਸੇ ਹਲਕੇ ਤੋਂ ਜਸਬੀਰ ਸੰਧੂ ਵੀ ਉਮੀਦਵਾਰ ਹੈ। ਮਨਦੀਪ ਭੁੱਲਰ ਪੋਰਟ ਮੂਡੀ ਤੋਂ ਲਿਬਰਲ ਉਮੀਦਵਾਰ ਵਜੋਂ ਚੋਣ ਲੜ ਰਿਹਾ ਹੈ। ਉਹ ਨਸ਼ੀਲੇ ਮਾਦਿਆਂ ਦੇ ਸੇਵਨ ਦੇ ਖ਼ਿਲਾਫ਼ ਬਹੁਤ ਸਰਗਰਮ ਰਿਹਾ ਹੈ।

ਅਲਬਰਟਾ ਸੂਬੇ ਤੋਂ ਦੇਵਿੰਦਰ ਸ਼ੋਰੀ, ਟਿਮ ਉੱਪਲ ਤੇ ਦੀਪਕ ਓਬਰਾਏ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਹਨ। ਗੁਰਬਖਸ਼ ਸਿੰਘ ਮੱਲ੍ਹੀ, ਰੂਬੀ ਢਾਲਾ ਤੇ ਨਵਦੀਪ ਸਿੰਘ ਬੈਂਸ ਇਸੇ ਸੂਬੇ ਤੋਂ ਲਿਬਰਲ ਪਾਰਟੀ ਦੇ ਉਮੀਦਵਾਰ ਹਨ। ਰੂਬੀ ਦੀ ਟੱਕਰ ਇਕ ਹੋਰ ਪੰਜਾਬੀ ਪਰਮ ਗਿੱਲ (ਕੰਜ਼ਰਵੇਟਿਵ) ਨਾਲ ਹੈ ਜਦਕਿ ਮੱਲ੍ਹੀ ਨੂੰ ਬਲਜੀਤ ਗੋਸਲ (ਕੰਜ਼ਰਵੇਟਿਵ) ਨਾਲ ਲੋਹਾ ਲੈਣਾ ਪੈ ਰਿਹਾ ਹੈ।

ਗੌਰਤਲਬ ਹੈ ਕਿ ਪਿਛਲੇ ਕਈ ਸਾਲਾਂ ਤੋਂ ਕੈਨੇਡਾ ਦੀਆਂ ਚੋਣਾਂ ਵਿਚ ਪੰਜਾਬੀ ਮੂਲ ਦੇ ਆਗੂ ਜੋ ਵੱਖ ਵੱਖ ਪਾਰਟੀਆਂ ਨਾਲ ਜੁੜੇ ਹੋਏ ਹਨ, ਉਮੀਦਵਾਰ ਬਣ ਰਹੇ ਹਨ ਅਤੇ ਜਿੱਤ ਵੀ ਰਹੇ ਹਨ। ਇਨ੍ਹਾਂ ਵਿਚੋਂ ਕੁਝ ਤਾਂ ਮੰਤਰੀ ਬਣਨ ਵਿਚ ਵੀ ਸਫ਼ਲ ਰਹੇ ਹਨ। ਹਰ ਸਾਲ ਚੋਣਾਂ ਵਿਚ ਪੰਜਾਬੀ ਉਮੀਦਵਾਰਾਂ ਦੀ ਗਿਣਤੀ ਵਧ ਰਹੀ ਹੈ।

## ਐਨ.ਆਰ.ਆਈ ਵਿੰਗ ਨੇ ਬੰਦੇ ਇਕੱਠੇ ਨਾ ਹੋਣ ਕਰਕੇ ਮੀਟਿੰਗ ਕੈਂਸਲ ਕੀਤੀ-ਸੋਹਲ

**ਸੈਨ ਹੋਜ਼ੇ:** ਆਗੂ ਤੇ ਕਬੱਡੀ ਦੇ ਪਰਮੋਟਰ ਸ. ਜਸਵਿੰਦਰ ਸਿੰਘ ਸੋਹਲ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਪੰਜਾਬ ਦੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਕੈਪਟਨ ਬਲਬੀਰ ਸਿੰਘ ਬਾਠ ਪਿਛਲੇ ਦਿਨੀਂ ਅਮਰੀਕਾ ਫੇਰੀ 'ਤੇ ਆਏ ਤਾਂ ਅਕਾਲੀ ਦਲ ਦਾ ਵਿੰਗ ਕਹਾਉਣ ਵਾਲੇ ਐਨ.ਆਰ.ਆਈ ਵਿੰਗ ਨੇ ਕੈਪਟਨ ਬਾਠ ਨਾਲ ਮੀਟਿੰਗ ਬੰਦੇ ਇਕੱਠੇ ਨਾ ਹੋਣ ਕਰਕੇ ਕੈਂਸਲ ਕੀਤੀ ਸੀ ਅਤੇ ਦੋਸ਼ ਉਨ੍ਹਾਂ ਸਿਰ ਮੜ੍ਹਿਆ ਜਾ ਰਿਹਾ ਹੈ।

ਬਿਆਨ ਵਿਚ ਸ. ਸੋਹਲ ਨੇ ਕਿਹਾ ਕਿ ਇਸ ਵਿੰਗ ਨੇ ਕੈਪਟਨ ਬਾਠ ਦੇ ਸਨਮਾਨ ਵਿਚ ਇਕ ਬਹੁਤ ਵਡਾ ਸਮਾਗਮ ਰੋਜਵਾਟਰ ਹਾਲ ਵਿਚ ਕਰਨ ਸਬੰਧੀ ਬਿਆਨ ਜਾਰੀ ਕੀਤੇ ਪਰ ਇਸ ਸਮਾਗਮ ਲਈ ਆਦਮੀ ਇਕੱਠੇ ਨਾ ਕਰ ਸਕਣ ਦੀ ਸੂਰਤ ਵਿਚ ਮੀਟਿੰਗ ਕੈਂਸਲ ਕਰਕੇ ਆਪੋ ਆਪਣੇ ਘਰਾਂ ਵਿਚ ਬੈਠੇ ਰਹੇ। ਸ੍ਰੀ ਸੋਹਲ ਨੇ ਦਸਿਆ ਕਿ ਮੀਟਿੰਗ ਵਾਲੇ ਦਿਨ ਜਦ ਉਨ੍ਹਾਂ ਨੇ ਇਨ੍ਹਾਂ ਲੀਡਰਾਂ ਨੂੰ ਫੋਨ ਕਰਕੇ ਕਿਹਾ ਕਿ ਉਹ ਮੀਟਿੰਗ ਲਈ ਹਾਲ ਵਿਚ ਪ੍ਰਬੰਧ ਨੂੰ ਵੇਖਣ ਲਈ ਕੋਈ ਕਿਉਂ ਨਹੀਂ ਆ ਰਿਹਾ ਤਾਂ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਸੀ।

ਸ. ਸੋਹਲ ਨੇ ਸਵਾਲ ਕੀਤਾ ਕਿ ਜੇਕਰ ਇਹ ਲੋਕ ਸੱਚਮੁਚ ਹੀ ਅਕਾਲੀ ਦਲ ਦੇ ਐਨ.ਆਰ.ਆਈ ਵਿੰਗ ਦੇ ਆਪਣੇ ਆਪ ਨੂੰ ਲੀਡਰ ਸਮਝਦੇ ਹਨ ਤਾਂ ਫਿਰ ਆਪਣੇ ਮੰਤਰੀ ਨੂੰ ਲੈਣ ਲਈ ਸੈਨ ਫਰਾਂਸਿਕੋ ਏਅਰਪੋਰਟ 'ਤੇ ਕਿਉਂ ਨਹੀਂ ਪਹੁੰਚੇ। ਉਨ੍ਹਾਂ ਦਾਅਵਾ ਕੀਤਾ ਕਿ ਕੈਪਟਨ ਬਾਠ ਅਜਿਹੇ ਲੀਡਰਾਂ ਦੀ ਕਾਰਗੁਜਾਰੀ ਤੋਂ ਇਤਨੇ ਨਾਰਾਜ਼ ਸਨ ਕਿ ਉਨ੍ਹਾਂ ਨੇ ਵਾਪਸ ਪੰਜਾਬ ਜਾ ਕੇ ਇਥੋਂ ਦੇ ਐਨ.ਆਰ. ਵਿੰਗ ਦੇ ਪੁਨਰਗਠਨ ਕਰਨ ਦੀ ਗੱਲ ਵੀ ਕੀਤੀ ਹੈ।

# ਇੰਡਸ ਵੈਲੀ ਚੈਂਬਰ ਨੇ ਸਟੇਟ ਕੈਪੀਟਲ 'ਚ ਲਾਈਆਂ ਵਿਸਾਖੀ ਦੀਆਂ ਰੌਣਕਾਂ

**ਸੈਕਰਾਮੈਂਟੋ (ਬਿਊਰੋ):** ਇੰਡਸ ਵੈਲੀ ਅਮੈਰਿਕ ਚੈਂਬਰ ਆਫ ਕਾਮਰਸ, ਸੈਕਰਾਮੈਂਟੋ ਨੇ ਇਸ ਵਾਰ ਕੈਲੀਫੋਰਨੀਆ ਦੀ ਸਟੇਟ ਕੈਪੀਟਲ ਵਿਚ ਵਿਸਾਖੀ ਮਨਾ ਕੇ ਇਕ ਨਵੀਂ ਇਤਿਹਾਸਕ ਪਿਰਤ ਪਾਈ ਅਤੇ ਇਸ ਮੁਲਕ ਵਿਚ ਵਿਸਾਖੀ ਮਨਾਉਣ ਦੇ ਨਵੇਂ ਰੰਗ ਦਾ ਮੁੱਢ ਬੰਨਿਆ। ਇਸ ਪ੍ਰੋਗਰਾਮ ਮੌਕੇ ਨਾ ਸਿਰਫ ਮੁੱਖ ਧਾਰਾ ਦੇ ਸਿਆਸੀ ਆਗੂ ਹੀ ਹਾਜ਼ਰ ਸਨ ਸਗੋਂ ਵੱਖ ਵੱਖ ਭਾਈਚਾਰਕ ਤੇ ਸਭਿਆਚਾਰਕ ਜਥੇਬੰਦੀਆਂ ਦੇ ਨੁਮਾਇੰਦੇ ਵੀ ਇਸ ਸਮਾਗਮ ਵਿਚ ਸ਼ਰੀਕ ਹੋਏ।

ਵਿਸਾਖੀ ਦੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਰਵਾਇਤੀ ਤੌਰ 'ਤੇ ਢੋਲ ਦੇ ਡਗੇ ਨਾਲ ਕੀਤੀ ਗਈ ਅਤੇ ਸਰੋਤਿਆਂ ਨੂੰ ਦੱਸਿਆ ਗਿਆ ਕਿ ਵਿਸਾਖੀ ਪੰਜਾਬ ਦਾ ਵਾਢੀ ਦਾ ਤਿਓਹਾਰ ਹੈ। ਚੈਂਬਰ ਦੇ ਜਨਰਲ ਸਕੱਤਰ ਸੁਖਚੈਨ ਸਿੰਘ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਦੱਸਿਆ ਕਿ ਸਿੱਖੀ ਵਿਚ ਵਿਸਾਖੀ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਇਸੇ ਦਿਨ 1699 ਵਿਚ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਇਕ ਨਵੇਂ ਪੰਥ ਦਾ ਮੁੱਢ ਬੰਨਿਆ ਜਿਸ ਵਿਚ ਊਚ-ਨੀਚ ਅਤੇ ਜਾਤ-ਪਾਤ ਦੇ ਭਿੰਨ ਭੇਦ ਖਤਮ ਕਰਕੇ ਇਸ ਨੂੰ ਖਾਲਸਾ ਪੰਥ ਦਾ ਨਾਂ ਦਿੱਤਾ।

ਅਗਲੇ ਦੌਰ ਵਿਚ ਚੈਂਬਰ ਦੇ ਇਕ ਹੋਰ ਬੁਲਾਰੇ ਅਟਾਰਨੀ ਅਮਰ ਸ਼ੇਰਗਿੱਲ ਨੇ ਸਟੇਜ ਸੰਭਾਲਦਿਆਂ ਸਿਆਸੀ ਆਗੂਆਂ ਜਿਵੇਂ ਅਸੈਂਬਲੀ ਮੈਂਬਰ ਮਾਰੀਕੋ ਯਮਾਡਾ, ਕੈਥਲੀਨ, ਰੌਜਰ ਡਿਕਸਨ, ਹੈਨਰੀ ਪਰੇਰਾ, ਪਾਲ ਫੌਂਗ, ਕੈਸ਼ੋ ਅਸ਼ੈਡੀਅਨ, ਸੈਨੇਟਰ ਲੌਸ ਵਾਗ ਅਤੇ ਸੈਨੇਟਰ ਅਲੈਕਸ ਪਡੀਲਾ, ਜਿੰਮੀ ਨੀਅਲਸਨ, ਕੰਟਰੋਲਰ ਜੌਹਨ ਸ਼ੈਂਗ ਅਤੇ ਇੰਸ਼ੋਰੈਂਸ ਕਮਿਸ਼ਨਰ ਡੇਵ ਜੋਨਜ਼ ਨੂੰ ਵਾਰੀ ਵਾਰੀ ਸਟੇਜ ਉਤੇ ਬੁਲਾਇਆ। ਇਨ੍ਹਾਂ ਸਭ ਸਿਆਸੀ ਆਗੂਆਂ ਨੇ ਭਾਰਤੀ ਅਤੇ ਖਾਸਕਰ ਪੰਜਾਬੀ ਸਿੱਖ ਭਾਈਚਾਰੇ ਦੇ ਮਿਹਨਤੀ ਅਤੇ ਸਿਰੜੀ ਸੁਭਾਅ ਦੀ ਤਾਰੀਫ ਕਰਦਿਆਂ ਭਰੋਸਾ ਦਿਵਾਇਆ ਕਿ ਨਸਲੀ ਹਮਲਿਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਏਗਾ। ਹਾਲ ਹੀ ਵਿਚ ਸੈਕਰਾਮੈਂਟੋ ਵਿਚ ਇਕ ਨਸਲੀ ਹਮਲੇ ਵਿਚ ਦੋ ਸਿੱਖਾਂ ਦੇ ਮਾਰੇ ਜਾਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਹਰ ਹਾਲ ਕਾਬੂ ਕਰਕੇ ਕਾਨੂੰਨ ਦੇ ਸਪੁਰਦ ਕੀਤਾ ਜਾਏਗਾ। ਇਨ੍ਹਾਂ ਆਗੂਆਂ ਨੇ ਕਿਹਾ ਕਿ ਕਿਸੇ ਵੀ ਹੋਰ ਪਰਵਾਸੀ ਭਾਈਚਾਰੇ ਵਾਂਗ ਭਾਰਤੀ ਮੂਲ ਦੇ ਲੋਕ ਵੀ ਉਨੇ ਹੀ ਅਮਰੀਕੀ ਹਨ ਜਿੰਨੇ ਕਿ ਕੋਈ ਵੀ ਹੋਰ।

ਪੰਜਾਬ ਤੋਂ ਆਏ ਦੋ ਮੰਤਰੀਆਂ-ਮਕਾਨ ਉਸਾਰੀ ਮੰਤਰੀ ਸਰਵਣ ਸਿੰਘ ਫਿਲੌਰ ਅਤੇ ਐਨ ਆਰ ਆਈ ਮਾਮਲਿਆਂ ਦੇ ਮੰਤਰੀ ਕੈਪਟਨ ਬਲਬੀਰ ਸਿੰਘ ਬਾਠ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ ਅਤੇ ਅਮਰੀਕੀ ਕਾਇਦੇ ਕਾਨੂੰਨ ਦੀ ਉਚੇਚੀ ਸਿਫਤ ਕੀਤੀ। ਯੂਬਾ ਸਿਟੀ ਦੇ ਮੇਅਰ ਕੈਸ਼ ਗਿੱਲ ਅਤੇ ਸਿੱਖ ਆਗੂ ਦੀਦਾਰ ਸਿੰਘ ਬੈਂਸ, ਡਾ. ਐਮੀ ਬੈਰਾ, ਅਟਾਰਨੀ ਜਸਪ੍ਰੀਤ ਸਿੰਘ ਅਤੇ ਜਸ ਦਿਓਲ ਨੇ ਵੀ ਆਪੋ ਆਪਣੇ ਵਿਚਾਰ ਇਸ ਮੌਕੇ ਸਰੋਤਿਆਂ ਨਾਲ ਸਾਂਝੇ ਕੀਤੇ। ਚੈਂਬਰ ਦੇ ਮੀਤ ਪ੍ਰਧਾਨ ਇਕਬਾਲ ਬਡਵਾਲ ਨੇ ਕੁਝ ਸ਼ਖਸੀਅਤਾਂ-ਚਰਨਜੀਤ ਸਿੰਘ ਬਾਠ, ਮਨਜੀਤ ਸਿਬੀਆ, ਸੁਰਿੰਦਰ ਬਿੰਦਰਾ, ਕਮਲ ਬੰਗਾ, ਜੇ ਪੀ ਸਿੰਘ, ਜੈਕ ਰਾਮ, ਕਮਲ ਜੱਜ, ਨਰਿੰਦਰਪਾਲ ਸਿੰਘ ਹੁੰਦਲ, ਤਵਿੰਦਰ ਕਾਜਲਾ, ਦਰਸ਼ਨ ਸਿੰਘ ਮੁੰਡੀ ਅਤੇ ਓਂਕਾਰ ਸਿੰਘ ਬਿੰਦਰਾ ਨੂੰ ਸਟੇਜ ਉਤੇ ਬੁਲਾ ਕੇ ਉਨ੍ਹਾਂ ਦੀ ਜਾਣ-ਪਛਾਣ ਕਰਵਾਈ। ਲਾਅ ਮੇਕਰ ਐਜੂਕੇਟਰ ਸਤਿੰਦਰ ਮੱਲ੍ਹੀ ਨੇ ਦਾੜ੍ਹੀ ਅਤੇ ਪਗੜੀ ਦੀ ਅਹਿਮੀਅਤ ਬਾਰੇ ਗੱਲ ਕੀਤੀ। ਡਾ. ਰਿੱਕੀ ਸਿੰਘ ਨੂੰ ਡੇਵ ਜੋਨਜ਼ ਵਲੋਂ ਅਸੈਂਬਲੀ ਰੈਜ਼ੂਲੂਸ਼ਨ ਅਵਾਰਡ ਦਿੱਤਾ ਗਿਆ।

ਇਸ ਸਮਾਗਮ ਦੇ ਸਭਿਆਚਾਰਕ ਹਿੱਸੇ ਵਿਚ ਗਾਇਕ ਤਰਲੋਕ ਸਿੰਘ ਹੌਲੀ ਹੌਲੀ ਢੋਲ 'ਤੇ ਡਗਾ ਲਾਉਂਦਾ ਰਿਹਾ। ਪੰਮੀ ਮਾਨ ਨੇ ਬੋਲੀਆਂ ਪਾਈਆਂ ਅਤੇ ਪੂਨਮ ਮਲਹੋਤਰਾ ਨੇ ਗੀਤ ਗਾ ਕੇ ਮਾਹੌਲ ਨੂੰ ਸੁਰਮਈ ਬਣਾਇਆ। ਅਖੀਰ ਵਿਚ ਮਾਨ ਅੰਦਾਜ ਗਰੁਪ ਦੀ ਭੰਗੜਾ ਟੀਮ ਨੇ ਭੰਗੜਾ ਪੇਸ਼ ਕਰਕੇ ਆਏ ਮਹਿਮਾਨਾਂ ਨੂੰ ਨੱਚਣ ਲਾ ਦਿੱਤਾ। ਚੈਂਬਰ ਦੀ ਪ੍ਰਧਾਨ ਮਨਜੀਤ ਸਿਬੀਆ ਨੇ ਆਏ ਸਭ ਮਹਿਮਾਨਾਂ ਦਾ ਧੰਨਵਾਦ ਕੀਤਾ।

## ਸਿੱਖ ਚੇਤਨਾ ਦਿਵਸ 'ਤੇ ਸਿੱਖ ਧਰਮ ਬਾਰੇ ਪਰਚੇ ਵੰਡੇ

**ਸੈਕਰਾਮੈਂਟੋ (ਬਿਊਰੋ):** ਸਿੱਖ ਚੇਤਨਾ ਦਿਵਸ 'ਤੇ ਆਮ ਅਮਰੀਕੀ ਨਾਗਰਿਕਾਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਲਈ ਕੁਝ ਉਦਮੀ ਸਿੱਖ ਸੰਗਤ ਵਲੋਂ ਰਾਏ ਹਰਬਰਗਰ ਐਲੀਮੈਂਟਰੀ ਸਕੂਲ, ਐਲਕ ਗਰੂਵ ਦੇ ਮੁੱਖ ਗੇਟ 'ਤੇ ਪ੍ਰਚਾਰ ਕੈਂਪ ਲਾਇਆ ਗਿਆ। ਸਕੂਲ ਦੇ ਪ੍ਰਿੰਸੀਪਲ ਰਿਬੀਕਾ ਡੇਵਿਸ ਅਤੇ ਕੁਝ ਸਟਾਫ ਮੈਂਬਰਾਂ ਨੇ ਵੀ ਇਸ ਕੈਂਪ ਵਿਚ ਸ਼ਮੂਲੀਅਤ ਕੀਤੀ।

ਸ. ਪਰਗਟ ਸਿੰਘ ਨੇ ਸਕੂਲ ਦੇ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਦਸਤਾਰ ਬਾਰੇ ਜਾਣਕਾਰੀ ਦਿੱਤੀ ਅਤੇ ਸਟਾਫ ਮੈਂਬਰਾਂ ਮਿਸਟਰ ਟਾਂਬ ਅਤੇ ਡੈਸਮੰਡ ਨੂੰ ਦਸਤਾਰਾਂ ਸਜਾਈਆਂ। ਸਕੂਲ ਦੇ ਮੁੱਖ ਗੇਟ ਉਤੇ ਖੜ੍ਹੇ ਸਿੱਖ ਵਾਲੰਟੀਅਰਾਂ ਨੇ ਸਕੂਲ ਆਉਣ ਵਾਲੇ ਲੋਕਾਂ ਨੂੰ ਕੋਈ 300 ਪਰਚੇ ਵੰਡੇ ਜਿਨ੍ਹਾਂ ਵਿਚ ਸਿੱਖ ਧਰਮ ਦੇ ਮੁਢਲੇ ਅਸੂਲਾਂ ਅਤੇ ਸਿੱਖੀ ਸਰੂਪ ਬਾਰੇ ਜਾਣਕਾਰੀ ਦਿੱਤੀ ਗਈ ਸੀ।

ਸਿੱਖ ਧਰਮ ਬਾਰੇ ਜਾਣਕਾਰੀ ਵਾਲੇ ਪਰਚੇ ਗੁਰਚਰਨ ਸਿੰਘ, ਉਜਾਗਰ ਸਿੰਘ, ਕਰਤਾਰ ਸਿੰਘ, ਸਤਿਕਰਤਾਰ ਸਿੰਘ, ਖੁਸ਼ਪਾਲ ਸਿੰਘ, ਸੀਤਲ ਸਿੰਘ, ਹਰਪਾਲ ਸਿੰਘ, ਗੁਰਮੇਲ ਸਿੰਘ ਅਤੇ ਸ. ਅਟਵਾਲ ਨੇ ਵੰਡੇ।

## Matrimonials

### ਕੰਨਿਆ ਦੀ ਲੋੜ

Wanted US citizen girl for Kamboj Sikh boy, 25, 5'5", Bachelor in Architecture, raised in America went to school, college in New York, living with parents in New York and works with family business. Cast no bar. Call: 516.439.1208 or 347.920.9011

ਜੱਟ ਸਿੱਖ ਢਿੱਲੋਂ, ਸੁਨੱਖੇ, 22, 5'11", ਦਸ ਸਾਲ ਦੇ ਟੂਰਿਸਟ/ਬਿਜਨਸ ਵੀਜ਼ੇ 'ਤੇ ਅਮਰੀਕਾ ਆਪਣੇ ਪਿਤਾ ਪਾਸ ਰਹਿੰਦੇ ਲੜਕੇ ਲਈ ਅਮਰੀਕੀ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: ਫੋਨ 812-677-6206 ਜਾਂ ਈਮੇਲ: dhillon196315@yahoo.com

Wanted suitable match for Jatt Sikh US born, handsome, cleanshaven, 27/ 6'1", engineer (BSc. Engg.) boy, manager in a top US corporation. Educated, respected family, no demands. Contact: Sikh5family@gmail.com

Self-employed, handsome Sikh Khatri 48/5'7", living In bay area California, never married, looking for a life-partner. Divorcee also be considered, caste no bar. Contact:408-712-3454.

Seeking Jatt Sikh alliance for 27/5'-6" B.E, M.S girl. Placed with Bank of America, Contact:704-930-1734, ppsd32@gmail.com.

Indian Attorney in 60s, 5'-6", slim looking for a sincere, educated, God fearing, companion. Caste no bar. Serious inquiries only. Contact: Ph:323-573-9315, Email: singhb1@yahoo.com

### ਵਰ ਦੀ ਲੋੜ

ਖੂਬਸੂਰਤ ਕੰਬੋਜ਼ ਸਿੱਖ ਉਮਰ 24 ਸਾਲ ਕੱਦ 5'6" ਸਟੂਡੈਂਟ ਵੀਜ਼ੇ 'ਤੇ, ਕੈਨੇਡਾ ਰਹਿੰਦੀ ਰਜਿਸਟਰਡ ਪ੍ਰੈਕਟੀਕਲ ਨਰਸ ਅਮ੍ਰਿਤਧਾਰੀ ਲੜਕੀ ਲਈ ਗੁਰਸਿੱਖ ਵਰ ਚਾਹੀਦਾ ਹੈ। ਫੋਨ: 780-200-8082, 91-98146-47417

Sikh match for Parjapat Sikh female, 30, 5'- 6", working with US University on H1 visa, PhD (Molecular Biology) from US. Caste no bar, US/Canada preferred. Contact at 978-799-8948 (US), 91-98784-59056 (India), or piscean100@yahoo.com


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250





Business Opportunity
International Company looking for serious people to work from home-part time or full time. Great earning potential, full training and support provided. To attend training in your area and For more info. call:
Surjit Singh or Satwant K. Takk Cell:
(416) 889-9886
Sukhpreet Kaur Indiana
Ph:317-884-3557
www.safeandeasyweightloss.com
e-mail:sstakk@hotmail.com



MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Asiana Airlines Emirates Singapore Airlines Cathay Pacific Korean Air Lufthansa China Airlines
We Also Offer Notary Service



FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਪ੍ਰਬੰਧਕ ਖਾਲਸਾ ਕਾਲਜ ਨੂੰ ਯੂਨੀਵਰਸਿਟੀ ਬਣਾਉਣ ਲਈ ਬਜ਼ਿੱਦ

**ਅੰਮ੍ਰਿਤਸਰ:** ਖਾਲਸਾ ਕਾਲਜ ਨੂੰ ਪ੍ਰਾਈਵੇਟ ਯੂਨੀਵਰਸਿਟੀ ਵਿਚ ਤਬਦੀਲ ਕਰਨ ਦਾ ਮਾਮਲਾ ਸਰਕਾਰ ਵੱਲੋਂ ਪ੍ਰਵਾਨਗੀ ਨਾ ਮਿਲਣ ਕਾਰਨ ਭਾਵੇਂ ਹਾਲ ਦੀ ਘੜੀ ਲਟਕ ਗਿਆ ਹੈ ਪਰ ਪ੍ਰਬੰਧਕ ਇਸ ਯੋਜਨਾ ਨੂੰ ਨੇਪਰੇ ਚਾੜ੍ਹਨ ਲਈ ਬਜ਼ਿੱਦ ਹਨ ਤੇ ਉਹ ਇਸ ਯੂਨੀਵਰਸਿਟੀ ਨੂੰ ਕਿਸੇ ਹੋਰ ਇਮਾਰਤ ਵਿਚ ਸਥਾਪਤ ਕਰਨ ਬਾਰੇ ਵੀ ਸੋਚ ਰਹੇ ਹਨ। ਦੂਜੇ ਪਾਸੇ ਕਾਲਜ ਦੇ ਤਿੰਨ ਅਧਿਆਪਕਾਂ ਨੂੰ ਮੁਅੱਤਲ ਕੀਤੇ ਜਾਣ ਤੋਂ ਬਾਅਦ ਰੋਹ ਵਿਚ ਆਈ ਪੰਜਾਬ-ਚੰਡੀਗੜ੍ਹ ਕਾਲਜ ਟੀਚਰਜ਼ ਯੂਨੀਅਨ (ਪੀ.ਸੀ.ਸੀ.ਟੀ.ਯੂ.) ਵੀ ਇਸ ਮਾਮਲੇ ਵਿਚ ਸਖ਼ਤ ਫੈਸਲਾ ਲੈਣ ਦੇ ਰੌਂਅ ਵਿਚ ਹੈ।



*ਖਾਲਸਾ ਕਾਲਜ ਨੂੰ ਨਿਜੀ ਯੂਨੀਵਰਸਿਟੀ ਬਣਾਏ ਜਾਣ ਵਿਰੁਧ ਰੋਸ ਪ੍ਰਗਟਾ ਰਹੇ ਲੋਕ*

ਖਾਲਸਾ ਕਾਲਜ ਚੈਰੀਟੇਬਲ ਸੁਸਾਇਟੀ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ ਕਿਹਾ ਕਿ ਖਾਲਸਾ ਕਾਲਜ ਨੂੰ ਯੂਨੀਵਰਸਿਟੀ ਦਾ ਦਰਜਾ ਦੇਣ ਦਾ ਮਾਮਲਾ ਸਾਹਮਣੇ ਆਉਣ 'ਤੇ ਇਸ ਇਤਿਹਾਸਕ ਇਮਾਰਤ ਨਾਲ ਲੋਕਾਂ ਦੀਆਂ ਜੁੜੀਆਂ ਭਾਵਨਾਵਾਂ ਵੀ ਸਾਹਮਣੇ ਆਈਆਂ ਹਨ। ਪ੍ਰਬੰਧਕ ਕਮੇਟੀ ਕੋਲ ਇਸ ਵੇਲੇ ਖਾਲਸਾ ਕਾਲਜ ਸਮੂਹ ਵਿਚ ਕਈ ਇਮਾਰਤਾਂ ਹਨ। ਜੇਕਰ ਲੋੜ ਪਈ ਤਾਂ ਖਾਲਸਾ ਯੂਨੀਵਰਸਿਟੀ ਨੂੰ ਕਿਸੇ ਹੋਰ ਇਮਾਰਤ ਵਿਚ ਕਾਇਮ ਕਰਨ ਬਾਰੇ ਵੀ ਸੋਚਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਖਾਲਸਾ ਯੂਨੀਵਰਸਿਟੀ ਬਣਾਉਣ ਦੀ ਯੋਜਨਾ ਨੂੰ ਅੰਜਾਮ ਜ਼ਰੂਰ ਦਿੱਤਾ ਜਾਵੇਗਾ। ਇਸ ਬਾਰੇ ਸਰਕਾਰ ਕੋਲੋਂ ਪ੍ਰਵਾਨਗੀ ਲੈਣ ਲਈ ਵੀ ਯਤਨ ਕਰਨਗੇ। ਲੋਕ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਉਨ੍ਹਾਂ ਦਾ ਖਾਲਸਾ ਯੂਨੀਵਰਸਿਟੀ ਬਣਾਉਣ ਨਾਲ ਕੋਈ ਵਿਰੋਧ ਨਹੀਂ ਹੈ ਪਰ ਇਹ ਕਾਲਜ ਦੀ ਹੋਂਦ ਨੂੰ ਖ਼ਤਮ ਕਰਕੇ ਨਹੀਂ ਬਣਾਈ ਜਾਣੀ ਚਾਹੀਦੀ। ਇਸ ਯੂਨੀਵਰਸਿਟੀ ਨੂੰ ਵੱਖਰੀ ਥਾਂ 'ਤੇ ਕਾਇਮ ਕੀਤਾ ਜਾਵੇ।

ਸੁਸਾਇਟੀ ਦੀ ਮੀਟਿੰਗ ਵਿਚ ਇਕ ਪਾਸੇ ਤਾਂ ਖਾਲਸਾ ਕਾਲਜ ਨੂੰ ਪ੍ਰਾਈਵੇਟ ਯੂਨੀਵਰਸਿਟੀ ਬਣਾਉਣ ਦੀ ਯੋਜਨਾ ਬਾਰੇ ਸਮੁੱਚੇ ਸਿੱਖ ਭਾਈਚਾਰੇ ਦੀ ਸਹਿਮਤੀ ਪ੍ਰਾਪਤ ਕਰਨ ਦਾ ਫੈਸਲਾ ਕੀਤਾ ਗਿਆ ਹੈ ਤੇ ਦੂਜੇ ਪਾਸੇ ਕਾਲਜ ਦੇ ਅਧਿਆਪਕਾਂ ਖਿਲਾਫ਼ ਅਨੁਸ਼ਾਸਨੀ ਕਾਰਵਾਈ ਕਰਦਿਆਂ ਤਿੰਨ ਅਧਿਆਪਕਾਂ ਨੂੰ ਮੁਅੱਤਲ ਕਰ ਦਿੱਤਾ ਗਿਆ। ਮੀਟਿੰਗ ਕੌਂਸਲ ਦੇ ਦਫ਼ਤਰ ਵਿਖੇ ਪ੍ਰਧਾਨ ਸਤਿਆਜੀਤ ਸਿੰਘ ਮਜੀਠੀਆ ਦੀ ਅਗਵਾਈ ਹੇਠ ਹੋਈ ਜਿਸ ਵਿਚ ਸੁਸਾਇਟੀ ਦੇ 28 ਮੈਂਬਰਾਂ 'ਚੋਂ ਤਕਰੀਬਨ ਡੇਢ ਦਰਜਨ ਮੈਂਬਰ ਹਾਜ਼ਰ ਸਨ। ਇਹ ਮੀਟਿੰਗ ਹੰਗਾਮਿਆਂ ਭਰਪੂਰ ਰਹੀ ਜਿਸ ਵਿਚ ਭਾਗ ਸਿੰਘ ਅਣਖੀ ਸਮੇਤ ਹੋਰ ਕਈ ਮੈਂਬਰਾਂ ਨੇ ਪ੍ਰਸਤਾਵਿਤ ਯੋਜਨਾ ਬਾਰੇ ਆਪਣੀਆਂ ਚਿੰਤਾਵਾਂ ਦਾ ਪ੍ਰਗਟਾਵਾ ਕੀਤਾ। ਸੁਸਾਇਟੀ ਦੀ ਮੀਟਿੰਗ ਬਾਰੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ ਦੱਸਿਆ ਕਿ ਇਕੱਤਰ ਮੈਂਬਰਾਂ ਨੂੰ ਸਪਸ਼ਟ ਕੀਤਾ ਗਿਆ ਹੈ ਕਿ ਮੌਜੂਦਾ ਇਤਿਹਾਸਕ ਇਮਾਰਤ ਦੀ ਹੋਂਦ ਨੂੰ ਕੋਈ ਖ਼ਤਰਾ ਨਹੀਂ ਹੈ ਤੇ ਇਹ ਕਾਲਜ ਇਸੇ ਇਮਾਰਤ ਵਿਚ ਚਲਦਾ ਰਹੇਗਾ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਕਾਲਜ ਵਿਚ ਚੱਲ ਰਹੇ ਕੋਰਸਾਂ ਵਿਚ ਪਹਿਲੇ ਸਾਲ ਦੇ ਦਾਖਲੇ ਖਾਲਸਾ ਕਾਲਜ ਵਿਚ ਕੀਤੇ ਜਾਣਗੇ ਤੇ ਇਹ ਦਾਖਲੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਧੀਨ ਮੌਜੂਦਾ ਪ੍ਰਣਾਲੀ ਤਹਿਤ ਹੋਣਗੇ।

## ਹਵਾਰਾ ਤੇ ਭਿਓਰਾ ਵਿਰੁਧ ਫ਼ੌਜਦਾਰੀ ਕੇਸ ਦਾਇਰ

**ਚੰਡੀਗੜ੍ਹ:** ਆਲ ਇੰਡੀਆ ਐਂਟੀ ਟੈਰੋਰਿਸਟ ਫਰੰਟ ਦੇ ਪ੍ਰਧਾਨ ਵਸ਼ਿਸ਼ਟ ਸ਼ਾਂਡਲਿਆ ਨੇ ਮਰਹੂਮ ਬੇਅੰਤ ਸਿੰਘ ਕਤਲ ਕੇਸ ਦੇ ਦੋ ਦੋਸ਼ੀਆਂ ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਭਿਓਰਾ ਵਿਰੁੱਧ ਫੌਜਦਾਰੀ ਕੇਸ ਦਾਇਰ ਕੀਤਾ ਹੈ।

ਯੂ.ਟੀ. ਦੇ ਜੁਡੀਸ਼ਲ ਮੈਜਿਸਟਰੇਟ ਦਰਜਾ ਅੱਵਲ ਐਸ.ਕੇ. ਸ਼ਰਮਾ ਨੇ ਕੇਸ ਦੀ ਸੁਣਵਾਈ 28 ਅਪਰੈਲ ਲਈ ਮੁਕਰਰ ਕਰ ਦਿੱਤੀ ਹੈ। ਪਟੀਸ਼ਨਰ ਨੇ ਆਪਣੀ ਅਰਜ਼ੀ 'ਚ ਵਿੱਚ ਕਿਹਾ ਹੈ ਕਿ ਸ. ਹਵਾਰਾ ਤੇ ਭਿਓਰਾ ਨੇ 25 ਫਰਵਰੀ ਨੂੰ ਸੈਕਟਰ-17 ਦੇ ਪੁਲੀਸ ਸਟੇਸ਼ਨ ਅੱਗੇ ਖਾਲਿਸਤਾਨ ਪੱਖੀ ਨਾਅਰੇ ਲਾਏ ਸਨ ਜਿਸ ਕਾਰਨ ਉਨ੍ਹਾਂ ਵਿਰੁੱਧ ਆਈ.ਪੀ.ਸੀ. ਦੀ ਧਾਰਾ 124 ਏ, 153 ਏ, 506 ਤੇ 120 ਬੀ ਤਹਿਤ ਕਾਰਵਾਈ ਕੀਤੀ ਜਾਵੇ। ਜ਼ਿਕਰਯੋਗ ਹੈ ਕਿ ਭਿਓਰਾ ਤੇ ਹਵਾਰਾ ਜਿਹੜੇ ਕਿ ਤਿਹਾੜ ਜੇਲ੍ਹ ਵਿਚ ਬੰਦ ਹਨ, ਵਿਰੁੱਧ ਇਥੋਂ ਦੀ ਜ਼ਿਲ੍ਹਾ ਅਦਾਲਤ ਵਿਚ ਮਾਡਲ ਜੇਲ੍ਹ ਬੁੜੈਲ ਨੂੰ ਉਡਾਉਣ ਦੀ ਸਾਜ਼ਿਸ਼ ਰਚਨ ਦਾ ਕੇਸ ਚੱਲ ਰਿਹਾ ਹੈ। ਦੋਵਾਂ ਨੇ ਕੇਸ ਦੀ ਪੇਸ਼ੀ ਸਮੇਂ ਜ਼ਿਲ੍ਹਾ ਅਦਾਲਤਾਂ ਦੇ ਬਾਹਰਵਾਰ ਖਾਲਿਸਤਾਨ ਪੱਖੀ ਨਾਅਰੇ ਲਾਏ ਸਨ।

## ਭਾਰਤੀ ਮੂਲ ਦੇ ਡਾ. ਸਿਧਾਰਥ ਮੁਖਰਜੀ ਨੇ ਪੁਲਿਟਜ਼ਰ ਪੁਰਸਕਾਰ ਜਿੱਤਿਆ

**ਬੋਸਟਨ:** ਭਾਰਤੀ ਮੂਲ ਦੇ ਅਮਰੀਕੀ ਡਾ. ਸਿਧਾਰਥ ਮੁਖਰਜੀ ਨੂੰ ਉਨ੍ਹਾਂ ਦੀ ਕੈਂਸਰ ਬਾਰੇ ਲਿਖੀ ਪੁਸਤਕ 'ਦੀ ਐਂਪਰੱਰ ਆਫ ਆਲ ਮੈਲੇਡੀਜ਼: ਏ ਬਾਇਓਗ੍ਰਾਫ਼ੀ ਆਫ ਕੈਂਸਰ' ਲਈ 2011 ਦੇ ਪੁਲਿਟਜ਼ਰ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ। ਡਾ. ਸਿਧਾਰਥ ਦੀ ਇਹ ਕਿਤਾਬ ਕੈਂਸਰ ਦੀ ਬਿਮਾਰੀ ਦੇ ਇਤਿਹਾਸ ਨੂੰ ਫਰੋਲਦੀ ਬਿਹਤਰੀਨ ਰਚਨਾ ਹੈ। ਇਸ ਕਿਤਾਬ ਵਿਚ ਕੈਂਸਰ ਦੇ ਦਰਦ ਦੀ ਕਥਾ ਨੂੰ ਦਾਦੀ ਦੀ ਬਾਤ ਵਾਂਗ ਬਿਆਨ ਕੀਤਾ ਗਿਆ ਹੈ। ਪੁਰਸਕਾਰ ਵਿਚ ਦਸ ਹਜ਼ਾਰ ਅਮਰੀਕੀ ਡਾਲਰ ਸ਼ਾਮਲ ਹਨ।



ਭਾਰਤ ਵਿਚ ਜਨਮੇ ਸ੍ਰੀ ਮੁਖਰਜੀ ਕੋਲੰਬੀਆ ਯੂਨੀਵਰਸਿਟੀ ਵਿਚ ਮੈਡੀਸਨ ਦੇ ਸਹਾਇਕ ਪ੍ਰੋਫੈਸਰ ਹਨ। ਉਹ ਇਹ ਵੱਕਾਰੀ ਪੁਰਸਕਾਰ ਹਾਸਲ ਕਰਨ ਵਾਲੇ ਭਾਰਤੀ ਮੂਲ ਦੇ ਚੌਥੇ ਲੇਖਕ ਹਨ। ਪਹਿਲਾ ਪੁਰਸਕਾਰ 1937 ਵਿੱਚ ਗੋਬਿੰਦ ਬਿਹਾਰੀ ਲਾਲ ਨੂੰ ਦਿੱਤਾ ਗਿਆ ਸੀ। ਭਾਰਤੀ ਮੂਲ ਦੀ ਅਮਰੀਕੀ ਲੇਖਕਾ ਝੁੰਪਾ ਲਹਿਰੀ ਨੂੰ ਕਹਾਣੀ ਸੰਗ੍ਰਹਿ 'ਐਂਟਰਪਰੇਟਰਜ਼ ਆਫ ਮੈਲੇਡੀਜ਼' ਲਈ ਇਹ ਪੁਰਸਕਾਰ ਦਿੱਤਾ ਗਿਆ ਸੀ। ਭਾਰਤੀ ਮੂਲ ਦੀ ਪੱਤਰਕਾਰ-ਲੇਖਕਾ ਗੀਤਾ ਆਨੰਦ ਵੀ ਇਹ ਪੁਰਸਕਾਰ ਹਾਸਲ ਕਰ ਚੁੱਕੀ ਹੈ।

# ਉਪ ਰਾਜਪਾਲ ਇਕਬਾਲ ਸਿੰਘ ਹਸਨ ਅਲੀ ਕੇਸ 'ਚ ਬੁਰੇ ਫਸੇ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਘੋੜਿਆਂ ਦੇ ਵਪਾਰੀ ਅਤੇ ਭਾਰਤ ਦੇ ਸਭ ਤੋਂ ਵੱਡੇ ਟੈਕਸ ਚੋਰ ਹਸਨ ਅਲੀ ਖਾਨ ਨਾਲ ਸਬੰਧ ਹੋਣ ਦੇ ਖੁਲਾਸੇ ਨਾਲ ਪੁਡੂਚੇਰੀ ਦੇ ਲੈਫਟੀਨੈਂਟ ਗਵਰਨਰ ਇਕਬਾਲ ਸਿੰਘ ਬੁਰੀ ਤਰ੍ਹਾਂ ਫਸ ਗਏ ਹਨ। ਪ੍ਰਧਾਨ ਮੰਤਰੀ ਦਫ਼ਤਰ ਨੇ ਜਿੱਥੇ ਇਕਬਾਲ ਸਿੰਘ ਤੋਂ ਪੁੱਛ-ਪੜਤਾਲ ਕਰਨ ਲਈ ਐਨਫੋਰਸਮੈਂਟ ਡਾਇਰੈਕਟੋਰੇਟ ਨੂੰ ਇਜਾਜ਼ਤ ਦੇ ਦਿੱਤੀ ਹੈ, ਉਥੇ ਵਿਰੋਧੀ ਧਿਰ ਨੇ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ ਹੈ। ਕਾਂਗਰਸ ਨੇ ਵੀ ਪੱਲਾ ਝਾੜਦਿਆਂ ਕਿਹਾ ਹੈ ਕਿ ਅਹੁਦੇ ਤੋਂ ਅਸਤੀਫੇ ਬਾਰੇ ਫੈਸਲਾ ਇਕਬਾਲ ਸਿੰਘ ਖ਼ੁਦ ਲੈਣਗੇ।



*ਇਕਬਾਲ ਸਿੰਘ*

ਜ਼ਿਕਰਯੋਗ ਹੈ ਕਿ ਬਿਹਾਰ ਦੇ ਆਗੂ ਅਮਲੇਂਦੂ ਪਾਂਡੇ ਨੇ ਐਨਫੋਰਸਮੈਂਟ ਡਾਇਰੈਕਟੋਰੇਟ ਕੋਲ ਖੁਲਾਸਾ ਕੀਤਾ ਹੈ ਕਿ ਕਿ ਹਸਨ ਅਲੀ ਖਾਨ ਦਾ ਪਾਸਪੋਰਟ ਆਂਧਰਾ ਪ੍ਰਦੇਸ਼ ਦੀ ਅਦਾਲਤ ਵੱਲੋਂ ਜ਼ਬਤ ਕੀਤੇ ਜਾਣ ਦੇ ਬਾਵਜੂਦ ਇਕਬਾਲ ਸਿੰਘ ਨੇ ਉਸ ਦੇ ਪਾਸਪੋਰਟ ਦੀ ਸਿਫਾਰਸ਼ ਕੀਤੀ ਸੀ। ਸ. ਇਕਬਾਲ ਸਿੰਘ ਸਿਫਾਰਸ਼ ਕਰਨ ਦੀ ਗੱਲ ਮੰਨ ਵੀ ਚੁੱਕੇ ਹਨ ਪਰ ਉਨ੍ਹਾਂ ਨਾਲ ਇਹ ਵੀ ਕਿਹਾ ਹੈ ਕਿ ਉਹ ਹਸਨ ਅਲੀ ਨੂੰ ਨਹੀਂ ਜਾਣਦੇ। ਉਨ੍ਹਾਂ ਨੇ ਸਿਫਾਰਸ਼ ਸਿਰਫ ਅਮਲੇਂਦੂ ਪਾਂਡੇ ਦੇ ਕਹਿਣ 'ਤੇ ਕੀਤੀ ਸੀ। ਇਸ ਖੁਲਾਸੇ ਤੋਂ ਬਾਅਦ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਇਕਬਾਲ ਸਿੰਘ ਤੋਂ ਪੁੱਛ-ਪੜਤਾਲ ਕਰਨ ਲਈ ਲਿਖਿਆ ਸੀ ਜਿਸ ਨੂੰ ਹਰੀ ਝੰਡੀ ਦਿੰਦਿਆਂ ਪ੍ਰਧਾਨ ਮੰਤਰੀ ਦਫ਼ਤਰ ਨੇ ਕਿਹਾ ਹੈ ਕਿ ਸੰਵਿਧਾਨਕ ਫਰਜ਼ ਨਾ ਨਿਭਾਉਣ ਬਾਰੇ ਦੋਸ਼ਾਂ ਦੇ ਮਾਮਲੇ ਵਿਚ ਰਾਜਪਾਲਾਂ ਨੂੰ ਰਿਆਇਤ ਮਿਲਦੀ ਹੈ ਪਰ ਇਸ ਮਾਮਲੇ ਵਿਚ ਪੀ.ਐਮ.ਓ. ਇਜਾਜ਼ਤ ਲੈਣ ਦੀ ਕੋਈ ਜ਼ਰੂਰਤ ਨਹੀਂ ਸੀ।

ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਹੁਣ ਇਕਬਾਲ ਸਿੰਘ ਅਤੇ ਉਤਰ ਪ੍ਰਦੇਸ਼ ਦੇ ਪ੍ਰਿੰਸੀਪਲ ਸਕੱਤਰ ਵਿਜੇ ਸ਼ੰਕਰ ਪਾਂਡੇ ਤੋਂ ਪੁੱਛ-ਗਿੱਛ ਕਰੇਗੀ। ਇਸ ਬਾਰੇ ਇਕਬਾਲ ਸਿੰਘ ਨੂੰ ਸੰਮਨ ਭੇਜ ਦਿੱਤੇ ਗਏ ਹਨ ਅਤੇ ਬਿਹਾਰ ਦੇ ਸਿਆਸੀ ਆਗੂ ਅਮਲੇਂਦੂ ਪਾਂਡੇ ਤੋਂ ਪੁੱਛ-ਗਿੱਛ ਮਗਰੋਂ ਵਿਜੇ ਸ਼ੰਕਰ ਪਾਂਡੇ ਨੂੰ ਸੰਮਨ ਭੇਜੇ ਜਾ ਰਹੇ ਹਨ। ਉਧਰ, ਪੁਡੂਚੇਰੀ ਦੀ ਵਿਰੋਧੀ ਧਿਰ ਏ.ਆਈ.ਏ.ਡੀ.ਐਮ.ਕੇ. ਨੇ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੂੰ ਅਪੀਲ ਕੀਤੀ ਹੈ ਕਿ ਉਹ ਵਿਵਾਦਾਂ ਵਿਚ ਘਿਰੇ ਉਪ ਰਾਜਪਾਲ ਇਕਬਾਲ ਸਿੰਘ ਨੂੰ ਵਾਪਸ ਸੱਦ ਲੈਣ। ਇਸ ਬਾਰੇ ਇਕਬਾਲ ਸਿੰਘ ਨੇ ਕਿਹਾ ਹੈ ਕਿ ਜੇਕਰ ਉਨ੍ਹਾਂ ਤੋਂ ਅਸਤੀਫਾ ਮੰਗਿਆ ਜਾਂਦਾ ਹੈ ਤਾਂ ਉਹ ਬੇਝਿਜਕ ਦੇ ਦੇਣਗੇ। ਉਨ੍ਹਾਂ ਕਿਹਾ ਕਿ ਉਹ ਕਿਸੇ ਵੀ ਜਾਂਚ ਲਈ ਤਿਆਰ ਹਨ। ਸ. ਇਕਬਾਲ ਸਿੰਘ ਨੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਪੱਤਰ ਭੇਜ ਕੇ ਮੰਨਿਆ ਹੈ ਕਿ ਉਨ੍ਹਾਂ ਨੇ ਹਸਨ ਅਲੀ ਖਾਨ ਦਾ ਪਾਸਪੋਰਟ ਬਣਵਾਉਣ ਲਈ ਸਿਫਾਰਸ਼ ਕੀਤੀ ਸੀ ਪਰ ਨਾਲ ਹੀ ਸਪਸ਼ਟ ਕੀਤਾ ਕਿ ਉਹ ਖਾਨ ਨੂੰ ਨਹੀਂ ਜਾਣਦੇ।

# ਸ਼੍ਰੋਮਣੀ ਕਮੇਟੀ ਨੇ ਵੀ ਸਮੁੰਦਰੀ ਜਹਾਜ਼ ਰਾਹੀਂ ਪਾਵਨ ਸਰੂਪ ਇਟਲੀ ਭੇਜੇ

**ਅੰਮ੍ਰਿਤਸ (ਪੰਜਾਬ ਟਾਈਮਜ਼ ਬਿਊਰੋ):** ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੀ ਅਲੋਚਨਾ ਕਰਨ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਸਮੁੰਦਰੀ ਜਹਾਜ਼ ਰਾਹੀਂ ਪਾਵਨ ਸਰੂਪ ਇਟਲੀ ਭੇਜੇ ਹਨ। ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 450 ਪਾਵਨ ਸਰੂਪ ਪਹਿਲੀ ਵਾਰ ਸਮੁੰਦਰੀ ਜਹਾਜ਼ ਰਾਹੀਂ ਮੁੰਬਈ ਤੋਂ ਇਟਲੀ ਵਿਖੇ ਭੇਜੇ ਗਏ ਹਨ। ਇਹ ਪਾਵਨ ਸਰੂਪ ਸ਼੍ਰੋਮਣੀ ਕਮੇਟੀ ਵੱਲੋਂ ਤਿਆਰ ਕਰਵਾਈ ਗਈ ਵਿਸ਼ੇਸ਼ ਬੱਸ 'ਚ ਸੁਸ਼ੋਭਿਤ ਹੋਣਗੇ ਤੇ ਇਹ ਬੱਸ ਨੂੰ ਹੀ ਸਮੁੰਦਰੀ ਜਹਾਜ਼ ਦੇ ਵਿਸ਼ੇਸ਼ ਕੈਬਿਨ 'ਚ ਰੱਖਿਆ ਜਾਵੇਗਾ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵਲੋਂ ਵੱਖ-ਵੱਖ ਮੁਲਕਾਂ ਵਿੱਚ ਪਾਵਨ ਸਰੂਪ ਵਿਸ਼ੇਸ਼ ਚਾਰਟਡ ਹਵਾਈ ਜਹਾਜ਼ ਰਾਹੀਂ ਭੇਜੇ ਜਾਂਦੇ ਰਹੇ ਹਨ। ਇਸ ਵਾਰ ਪਾਵਨ ਸਰੂਪ ਸਮੁੰਦਰੀ ਰਸਤੇ ਭੇਜੇ ਜਾ ਰਹੇ ਹਨ। ਦਿੱਲੀ ਕਮੇਟੀ ਵੱਲੋਂ ਸਮੁੰਦਰੀ ਰਸਤੇ ਕਈ ਵਾਰ ਪਾਵਨ ਸਰੂਪ ਵਿਦੇਸ਼ਾਂ 'ਚ ਭੇਜੇ ਜਾ ਚੁੱਕੇ ਹਨ। ਪਹਿਲਾਂ ਇਹ ਪਾਵਨ ਸਰੂਪ ਕੰਟੇਨਰ ਵਿਚ ਰੱਖ ਕੇ ਭੇਜੇ ਜਾਂਦੇ ਰਹੇ ਹਨ। ਇਸ ਢੰਗ ਤਰੀਕੇ ਨਾਲ ਪਾਵਨ ਸਰੂਪਾਂ ਦਾ ਨਿਰਾਦਰ ਹੋਣ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਦਿੱਲੀ ਕਮੇਟੀ ਵਲੋਂ ਵੀ ਇਸ ਬਾਰੇ ਵਿਸ਼ੇਸ਼ ਕੰਟੇਨਰ ਤਿਆਰ ਕਰਵਾਇਆ ਗਿਆ ਸੀ ਤੇ ਇਸ ਦੀ ਮਾਨਤਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਾਪਤ ਕੀਤੀ ਸੀ।

ਇਥੇ ਦੱਸਣਯੋਗ ਹੈ ਕਿ 9 ਮਈ 1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉਸ ਵੇਲੇ ਦੇ ਜਥੇਦਾਰ ਭਾਈ ਰਣਜੀਤ ਸਿੰਘ ਵੱਲੋਂ ਹੁਕਮਨਾਮਾ ਕਰਕੇ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤੇ ਸਨ ਕਿ ਪਾਵਨ ਸਰੂਪਾਂ ਦੀ ਪ੍ਰਕਾਸ਼ਨਾ ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਵੱਲੋਂ ਹੀ ਕੀਤੀ ਜਾਵੇਗੀ। ਇਸੇ ਤਰ੍ਹਾਂ ਪਾਵਨ ਸਰੂਪ ਸ਼ਰਧਾਲੂਆਂ ਨੂੰ ਭੇਜਣ ਦੀ ਜ਼ਿੰਮੇਵਾਰੀ ਵੀ ਸ਼੍ਰੋਮਣੀ ਕਮੇਟੀ ਦੀ ਹੀ ਹੋਵੇਗੀ। ਇਸ ਹੁਕਮਨਾਮੇ ਦੇ ਆਧਾਰ 'ਤੇ ਹੀ ਸ਼੍ਰੋਮਣੀ ਕਮੇਟੀ ਵੱਲੋਂ ਦੇਸ਼ ਵਿਦੇਸ਼ ਵਿਚ ਪਾਵਨ ਸਰੂਪ ਭੇਜਣ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਇਹ 450 ਪਾਵਨ ਸਰੂਪ ਮੁੰਬਈ ਤੋਂ 19 ਅਪਰੈਲ ਨੂੰ ਸਿੱਖ ਰਵਾਇਤਾਂ ਅਨੁਸਾਰ ਇਟਲੀ ਲਈ ਰਵਾਨਾ ਕੀਤੇ ਗਏ। ਇਸ ਰਵਾਨਗੀ ਸਮਾਗਮ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ, ਸਕੱਤਰ ਦਲਮੇਘ ਸਿੰਘ ਵੀ ਹਾਜ਼ਰ ਸਨ। ਇਹ ਪਾਵਨ ਸਰੂਪ ਤਕਰੀਬਨ 20 ਦਿਨਾਂ ਬਾਅਦ ਇਟਲੀ ਦੀ ਬੰਦਰਗਾਹ 'ਤੇ ਪੁੱਜਣਗੇ ਜਿਥੇ ਉਥੋਂ ਦੀਆਂ ਸਿੱਖ ਸੰਗਤਾਂ ਵੱਲੋਂ ਜੀ ਆਇਆਂ ਆਖਿਆ ਜਾਵੇਗਾ। ਇਹ ਵਿਸ਼ੇਸ਼ ਬੱਸ ਹੀ ਇਟਲੀ ਵਿਚ ਵੱਖ-ਵੱਖ ਥਾਵਾਂ 'ਤੇ ਇਹ ਪਾਵਨ ਸਰੂਪ ਪੁੱਜਦਾ ਕਰੇਗੀ ਤੇ ਵਾਪਸ ਸਮੁੰਦਰੀ ਰਸਤੇ ਮੁੰਬਈ ਪੁੱਜੇਗੀ। ਇਸ ਕਾਰਜ ਲਈ ਸ਼੍ਰੋਮਣੀ ਕਮੇਟੀ ਵੱਲੋਂ ਤਕਰੀਬਨ 20 ਲੱਖ ਰੁਪਏ ਖ਼ਰਚ ਕੀਤੇ ਜਾ ਰਹੇ ਹਨ। ਇਹ ਪਾਵਨ ਸਰੂਪ ਇਥੋਂ ਸਮੁੰਦਰੀ ਜਹਾਜ਼ 'ਚ ਯਾਤਰੂ ਵਜੋਂ ਭੇਜਣ ਦੀ ਇਹ ਯੋਜਨਾ ਇਟਲੀ ਦੇ ਗੁਰਦੁਆਰਿਆਂ ਵੱਲੋਂ ਪਾਵਨ ਸਰੂਪ ਭੇਜਣ ਦੀ ਕੀਤੀ ਗਈ ਮੰਗ ਤੋਂ ਬਾਅਦ ਬਣਾਈ ਗਈ ਜਿਸ ਨੂੰ ਅਮਲ ਵਿਚ ਲਿਆਉਣ ਲਈ ਲੋੜੀਂਦੀ ਕਾਰਵਾਈ ਪੂਰੀ ਕਰਦਿਆਂ ਚਾਰ ਮਹੀਨੇ ਦਾ ਸਮਾਂ ਲੱਗ ਗਿਆ।

### ਏਅਰ ਕੰਡੀਸ਼ੰਡ ਬੱਸ 450 ਸਰੂਪ ਲੈ ਕੇ ਰਵਾਨਾ

ਇਸ ਬਾਰੇ ਸਮੁੰਦਰੀ ਜਹਾਜ਼ ਭੇਜਣ ਵਾਲੀ ਕੰਪਨੀ ਨਾਲ ਲਿਖਤੀ ਸ਼ਰਤਾਂ ਤਹਿ ਹੋਈਆਂ ਹਨ। ਸਮੁੰਦਰੀ ਜਹਾਜ਼ 'ਚ ਵਿਸ਼ੇਸ਼ ਏਅਰ ਕੰਡੀਸ਼ਨਡ ਬੱਸ ਵਿਸ਼ੇਸ਼ ਕੈਬਿਨ ਵਿਚ ਰੱਖੀ ਜਾਵੇਗੀ। ਇਸ ਕੈਬਿਨ ਵਿਚ ਹੋਰ ਕੁਝ ਨਹੀਂ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨੂੰ ਧਿਆਨ 'ਚ ਰੱਖਦਿਆਂ ਜਹਾਜ਼ ਵਿਚ ਸਭ ਤੋਂ ਪਹਿਲਾਂ ਇਸ ਬੱਸ ਨੂੰ ਹੀ ਸਵਾਰ ਕੀਤਾ ਜਾਵੇਗਾ ਤੇ ਸਭ ਤੋਂ ਪਹਿਲਾਂ ਇਸ ਨੂੰ ਉਤਾਰਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਟਲੀ ਵਿਖੇ ਪਾਵਨ ਸਰੂਪਾਂ ਦੇ ਸਵਾਗਤ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੀ ਪੁੱਜਣਗੇ। ਵਿਦੇਸ਼ ਵਿਖੇ ਪਾਵਨ ਸਰੂਪ ਭੇਜਣ ਵਿਚ ਪੇਸ਼ ਆਉਂਦੀ ਦਿੱਕਤ ਨੂੰ ਧਿਆਨ ਵਿਚ ਰੱਖਦਿਆਂ ਹੀ ਸ਼੍ਰੋਮਣੀ ਕਮੇਟੀ ਵਲੋਂ ਇਸ ਵਾਰ ਅਮਰੀਕਾ ਸਥਿਤ ਕੈਰੋਲੀਨਾ ਸ਼ਹਿਰ 'ਚ ਆਪਣੀ ਪ੍ਰਿੰਟਿੰਗ ਪ੍ਰੈਸ ਲਾਉਣ ਦੀ ਯੋਜਨਾ ਬਣਾਈ ਗਈ ਹੈ। ਇਸ ਉਪਰ ਕਰੀਬ ਪੰਜ ਕਰੋੜ ਰੁਪਏ ਖ਼ਰਚ ਹੋਣ ਦਾ ਅਨੁਮਾਨ ਹੈ। ਇਸ ਪ੍ਰਿੰਟਿੰਗ ਪ੍ਰੈਸ ਦੇ ਅਮਰੀਕਾ ਵਿਚ ਸਥਾਪਿਤ ਹੋਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦਾ ਮਾਹਰ ਅਮਲਾ ਉਥੇ ਪਾਵਨ ਸਰੂਪਾਂ ਦੀ ਛਪਾਈ ਕਰੇਗਾ ਤੇ ਉਥੋਂ ਹੀ ਨੇੜਲੇ ਮੁਲਕਾਂ ਵਿਚ ਪਾਵਨ ਸਰੂਪ ਪੂਰਨ ਮਾਣ ਸਤਿਕਾਰ ਨਾਲ ਭੇਜੇ ਜਾ ਸਕਣਗੇ।


**To Advertise with us**
**Call: 847-359-0746**
**Fax:847-705-9388**
**e-mial:**
**punjabtimes1@sbcglobal.net**


# ਗੁਰਦੁਆਰਾ ਸੈਨ ਹੋਜ਼ੇ ਦੇ ਸੰਵਿਧਾਨ ਵਿਚ ਤਬਦੀਲੀ ਦਾ ਵਿਰੋਧ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਨਾਲ ਜੁੜੇ ਕੁਝ ਪੁਰਾਣੇ ਸ਼ਰਧਾਲੂਆਂ ਅਤੇ ਕੁਝ ਪਤਵੰਤੇ ਸੱਜਣਾਂ ਨੇ ਪ੍ਰਬੰਧਕ ਕਮੇਟੀ ਵਲੋਂ ਲੰਘੇ ਐਤਵਾਰ ਸੰਵਿਧਾਨ ਵਿਚ ਕੀਤੀਆਂ ਗਈਆਂ ਅਹਿਮ ਤਬਦੀਲੀਆਂ ਦਾ ਸਖ਼ਤ ਵਿਰੋਧ ਕੀਤਾ ਹੈ। ਪੰਜਾਬ ਟਾਈਮਜ਼ ਨੂੰ ਭੇਜੇ ਗਏ ਇਕ ਪ੍ਰੈਸ ਨੋਟ ਵਿਚ ਸਾਬਕਾ ਪ੍ਰਬੰਧਕ ਗੁਰਮੇਲ ਸਿੰਘ ਬਾਠ, ਭਾਈ ਭੁਪਿੰਦਰ ਸਿੰਘ ਚੀਮਾ, ਭਾਈ ਦਵਿੰਦਰ ਸਿੰਘ, ਸਿੱਖ ਬੁੱਧੀਜੀਵੀ ਭਾਈ ਤਰਲੋਚਨ ਸਿੰਘ ਨਾਹਲ, ਭਾਈ ਦਲਜੀਤ ਸਿੰਘ, ਭਾਈ ਰਾਜਵਿੰਦਰ ਸਿੰਘ, ਭਾਈ ਗੁਰਮੇਲ ਸਿੰਘ, ਭਾਈ ਸੁਖਜਿੰਦਰਪਾਲ ਸਿੰਘ, ਭਾਈ ਕੁਲਵੰਤ ਸਿੰਘ ਅਤੇ ਭਾਈ ਗੁਰਦਿਆਲ ਸਿੰਘ ਨੇ ਕਿਹਾ ਹੈ ਕਿ ਸੰਗਤਾਂ ਨੂੰ ਕੋਈ ਲਿਖਤੀ ਜਾਂ ਅਖ਼ਬਾਰਾਂ ਤੇ ਹੋਰ ਪ੍ਰਸਾਰ ਸਾਧਨਾਂ ਵਿਚ ਅਗਊਂ ਸੂਚਨਾ ਦਿੱਤੇ ਬਿਨਾ ਹੀ ਪ੍ਰਬੰਧਕਾਂ ਨੇ ਚੁੱਪ ਚੁਪੀਤੇ ਮੀਟਿੰਗ ਕਰਕੇ ਸੰਵਿਧਾਨ ਵਿਚ ਅਹਿਮ ਸੋਧਾਂ ਰਾਹੀਂ ਆਪਣੀ ਮਿਆਦ ਵਧਾ ਕੇ 5 ਸਾਲ ਕਰ ਲਈ ਹੈ। ਕੀਤੀ ਗਈ ਸੋਧ ਮੁਤਾਬਕ ਪ੍ਰਬੰਧਕ ਕਮੇਟੀ ਦੇ ਚਾਰ ਮੈਂਬਰ ਹਰ ਇਕ ਸਾਲ ਬਾਅਦ ਬਦਲਿਆ ਕਰਨਗੇ।

ਪ੍ਰੈਸ ਬਿਆਨ ਵਿਚ ਦੋਸ਼ ਲਾਇਆ ਗਿਆ ਹੈ ਕਿ ਗੁਰਦੁਆਰਾ ਸੈਨ ਹੋਜ਼ੇ ਦੇ ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਅਤੇ ਉਸ ਦੇ ਸਾਥੀਆਂ ਨੇ ਪੰਥਕ ਰਵਾਇਤਾਂ ਨੂੰ ਛਿੱਕੇ ਟੰਗ ਕੇ ਸਹੀ ਨਹੀਂ ਕੀਤਾ। ਬਿਆਨ ਵਿਚ ਭਾਈ ਢਿੱਲੋਂ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਵੋਟਰਾਂ ਦੀ ਜਨਰਲ ਬਾਡੀ ਦੀ ਮੀਟਿੰਗ ਬਾਕਾਇਦਾ ਸਭ ਨੂੰ ਸੂਚਿਤ ਕਰਨ ਤੋਂ ਬਾਅਦ ਬੁਲਾਉਣ ਅਤੇ ਸੰਵਿਧਾਨ ਵਿਚ ਉਸ ਮੀਟਿੰਗ ਦੌਰਾਨ ਕੀਤੀ ਗਈ ਕੋਈ ਵੀ ਤਬਦੀਲੀ ਸਮੂਹ ਸੰਗਤਾਂ ਨੂੰ ਪ੍ਰਵਾਨ ਹੋਵੇਗੀ। ਮੌਜੂਦਾ ਤਬਦੀਲੀ ਗੈਰ ਸੰਵਿਧਾਨਕ ਹੈ ਅਤੇ ਸੰਗਤਾਂ ਨੂੰ ਪ੍ਰਵਾਨ ਨਹੀਂ ਹੈ।

ਬਿਆਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਗੱਲਬਾਤ ਦੌਰਾਨ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਇਹ ਦਾਅਵਾ ਕੀਤਾ ਹੈ ਕਿ ਸੰਵਿਧਾਨ ਵਿਚ ਇਹ ਕਿਤੇ ਨਹੀਂ ਲਿਖਿਆ ਕਿ ਲੋਕਾਂ ਨੂੰ ਚਿੱਠੀਆਂ ਪਾ ਕੇ ਦੱਸਿਆ ਜਾਵੇ ਕਿ ਚੋਣ ਫਲਾਣੇ ਦਿਨ ਹੋਣੀ ਹੈ ਜਾਂ ਸੰਵਿਧਾਨ ਵਿਚ ਤਬਦੀਲੀ ਕੀਤੀ ਜਾਣੀ ਹੈ। ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਮੀਟਿੰਗ ਸਬੰਧੀ ਐਲਾਨ ਐਤਵਾਰ ਨੂੰ ਕਰੀਬ 12:30 ਵਜੇ ਕੀਤਾ ਗਿਆ ਜਦੋਂਕਿ ਉਦੋਂ ਤੱਕ ਕਾਫੀ ਸੰਗਤ ਜਾ ਚੁਕੀ ਹੁੰਦੀ ਹੈ। ਇਸ ਤੋਂ ਬਿਨਾ ਮੀਟਿੰਗ ਲਾਇਬਰੇਰੀ ਵਿਚ ਚੁੱਪ ਚੁਪੀਤੇ ਕਰਕੇ ਸੋਧਾਂ ਕਰ ਲਈਆਂ ਗਈਆਂ ਅਤੇ ਸੰਗਤ ਨੂੰ ਖੂੰਡੇ ਲਾਈਨ ਲਾ ਦਿੱਤਾ ਗਿਆ। ਬਿਆਨ ਅਨੁਸਾਰ ਜਦੋਂ ਕਿਸੇ 'ਚਿਮਟੇ ਕੁੱਟ ਸਾਧ' ਨੇ ਗੁਰਦੁਆਰੇ ਆਉਣਾ ਹੋਵੇ ਤਾਂ ਸਾਰੇ ਅਖ਼ਬਾਰਾਂ ਅਤੇ ਰੇਡੀਓ ਵਿਚ ਇਸ਼ਤਿਹਾਰ ਦਿੱਤੇ ਜਾਂਦੇ ਹਨ ਜਦੋਂਕਿ ਸੰਵਿਧਾਨ ਵਿਚ ਸੋਧ ਜਾਂ ਚੋਣ ਦੀ ਗੱਲ ਹੋਵੇ ਤਾਂ ਸੰਗਤ ਨੂੰ ਹਨੇਰੇ ਵਿਚ ਰੱਖਿਆ ਜਾਂਦਾ ਹੈ।

# ਸਭਨਾਂ ਨੂੰ ਵਿਸਾਖੀ ਮੁਬਾਰਕ

## ਸਮੂਹ ਪੰਜਾਬੀ ਭਾਈਚਾਰੇ, ਟਰੱਕਰ ਭਰਾਵਾਂ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਦਸਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸਾ ਜੀ ਦੇ ਸਿਰਜਣਾ ਦਿਵਸ ਦੀ ਲੱਖ ਲੱਖ ਵਧਾਈ

# Global Multi Services

### ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲੈਣ ਲਈ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
> ਕੇਵਲ ਦੋ ਘੰਟਿਆਂ ਵਿਚ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਆਫਿਸ ਵਿਚ ਸੰਪਰਕ ਕਰੋ

**ਹੁਣ ਤੁਸੀਂ ਟਰੱਕਾਂ ਦੀਆਂ ਪਲੇਟਾਂ ਗਲੋਬਲ ਮਲਟੀ ਸਰਵਿਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ**

**ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:**

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

*ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ*

*ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ*

**Financing Available For Buying Trucks**





*Rajinder Singh*

**High Five Plaza #207**
**16925 S. Harlan Rd.**
**Lathrop CA 95330**
Exactly on I-5 and Louise Exit
Opposite Dennys Restaurant

DMV Lic No. 62822

Insurance Lic No. 0G73739



*Manitpal Singh*

**ਰਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ, ਫੋਨ 209-982-9996, ਫੈਕਸ:209-982-9997**

ਪੰਜਾਬ ਟਾਈਮਜ਼

*ਸਨਿਚਰਵਾਰ, 23 ਅਪਰੈਲ 2011*

# *ਵਿਸਾਖੀ: ਸਿਆਸਤ ਤੋਂ ਸਿੱਖੀ ਵੱਲ*

ਇਸ ਵਾਰ ਵਿਸਾਖੀ ਮੇਲੇ 'ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਰਿਕਾਰਡ ਸੱਤ ਲੱਖ ਤੋਂ ਵੱਧ ਸ਼ਰਧਾਲੂ ਪੁੱਜੇ। ਇਸ ਦਾ ਇਕ ਪੱਖ ਇਹ ਵੀ ਗਿਣਿਆ ਜਾ ਰਿਹਾ ਹੈ ਕਿ ਮੌਸਮ ਠੰਢਾ ਰਹਿਣ ਕਰਕੇ ਕਣਕ ਨੂੰ ਦਾਤੀ ਨਹੀਂ ਸੀ ਪਈ, ਕਿਸਾਨ ਅਤੇ ਖੇਤ ਮਜ਼ਦੂਰ ਤਬਕਾ ਅਜੇ ਵਾਢੀ ਵਾਲੇ ਪਾਸੇ ਪਹਿਲਾਂ ਵਾਂਗ ਨਹੀਂ ਸੀ ਰੁੱਝਿਆ ਹੋਇਆ। ਉਂਜ, ਇਸ ਮੇਲੇ ਦਾ ਅਹਿਮ ਪੱਖ ਕੋਈ ਹੋਰ ਹੈ। ਐਤਕੀਂ ਸਿਆਸੀ ਕਾਨਫਰੰਸਾਂ ਮੁਕਾਬਲਤਨ ਭਰਵੀਂਆਂ ਰਹੀਆਂ ਪਰ ਇਨ੍ਹਾਂ ਵਿਚ ਇਕ-ਦੂਜੇ ਉਤੇ ਚਿੱਕੜ-ਉਛਾਲੀ ਪਹਿਲਾਂ ਦੇ ਮੁਕਾਬਲੇ ਕਿਤੇ ਘੱਟ ਰਹੀ। ਪਿਛਲੇ ਸਾਲ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਮਾਗਮਾਂ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਸਾਰੀਆਂ ਸਿਆਸੀ ਧਿਰਾਂ ਨੂੰ ਅਪੀਲ ਕੀਤੀ ਸੀ ਕਿ ਅਜਿਹੇ ਧਾਰਮਿਕ ਮੇਲਿਆਂ ਮੌਕੇ ਇਕ-ਦੂਜੇ ਖ਼ਿਲਾਫ਼ ਸਿਆਸੀ ਦੂਸ਼ਣਬਾਜ਼ੀ ਤੋਂ ਗੁਰੇਜ਼ ਰੱਖਿਆ ਜਾਵੇ। ਸਾਰੀਆਂ ਸਿਆਸੀ ਧਿਰਾਂ ਨੇ ਅਜਿਹਾ ਹੀ ਕਰਨ ਦੀ ਹਾਮੀ ਵੀ ਭਰੀ ਸੀ ਪਰ ਕੁਝ ਇਕ ਸਿਆਸੀ ਧਿਰਾਂ ਨੂੰ ਛੱਡ ਕੇ ਬਾਕੀਆਂ ਨੇ ਵਾਅਦਾ ਨਹੀਂ ਸੀ ਨਿਭਾਇਆ। ਉਸ ਤੋਂ ਬਾਅਦ ਦੇ ਮੇਲਿਆਂ ਵਿਚ ਵੀ ਬਹੁਤੀਆਂ ਧਿਰਾਂ ਨੇ ਆਪੋ-ਆਪਣੀ ਮਰਜ਼ੀ ਹੀ ਕੀਤੀ। ਹੁਣ ਤਾਂ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਪੈੜਚਾਲ ਕਰਕੇ ਸਿਆਸੀ ਪੈਂਠ ਬਣਾਉਣ ਖ਼ਾਤਿਰ ਹਰ ਸਿਆਸੀ ਧਿਰ ਹਰ ਹੀਲਾ-ਵਸੀਲਾ ਕਰਨ ਲਈ ਪੱਬਾਂ ਭਾਰ ਹੋਈ ਪਈ ਸੀ। ਇਸ ਤਰ੍ਹਾਂ ਦੇ ਮਾਹੌਲ ਵਿਚ ਵੀ ਜੇ ਸਿਆਸੀ ਦੂਸ਼ਣਬਾਜ਼ੀ ਤੋਂ ਕਿਸੇ ਨੇ ਗੁਰੇਜ਼ ਰੱਖਿਆ ਹੈ ਤਾਂ ਇਹ ਸ਼ੁਭ-ਸ਼ਗਨ ਹੀ ਕਿਹਾ ਜਾਣਾ ਚਾਹੀਦਾ ਹੈ।

ਧਾਰਮਿਕ ਮੇਲਿਆਂ 'ਤੇ ਸਿਆਸੀ ਕਾਨਫਰੰਸਾਂ ਦਾ ਪ੍ਰਬੰਧ ਨਿਰੋਲ ਸਿਆਸੀ ਮੁਫ਼ਾਦ ਨਾਲ ਜੁੜਿਆ ਮਸਲਾ ਹੈ। ਅੱਜ ਕੱਲ੍ਹ ਪੰਜਾਬ ਦਾ ਜੋ ਸਿਆਸੀ ਅਤੇ ਧਾਰਮਿਕ ਮਾਹੌਲ ਹੈ, ਉਸ ਪ੍ਰਸੰਗ ਵਿਚ ਤਾਂ ਇਨ੍ਹਾਂ ਮੁੱਦਿਆਂ-ਮਸਲਿਆਂ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ। ਇਸੇ ਪ੍ਰਸੰਗ ਵਿਚ ਹੀ ਜਥੇਦਾਰ ਦੀ ਅਪੀਲ ਦੇ ਵਿਸ਼ੇਸ਼ ਅਰਥ ਬਣਦੇ ਹਨ। ਪਿਛਲੇ ਕੁਝ ਸਾਲਾਂ ਤੋਂ ਸਿਆਸਤ ਨੇ ਜਿਸ ਢੰਗ ਨਾਲ ਸਿੱਖੀ ਉਤੇ ਆਪਣਾ ਹੱਥ ਉੱਚਾ ਕੀਤਾ ਹੈ ਅਤੇ ਧਰਮ ਪ੍ਰਚਾਰ ਦੇ ਸਮੁੱਚੇ ਮਾਮਲਿਆਂ ਨੂੰ ਜਿਸ ਢੰਗ ਨਾਲ ਲਗਾਤਾਰ ਦਰਕਿਨਾਰ ਕੀਤਾ ਗਿਆ ਹੈ, ਉਸ ਨਾਲ ਹੁਣ ਜੋ ਨੁਕਸਾਨ ਹੋ ਰਿਹਾ ਹੈ, ਉਹ ਤਾਂ ਹੋ ਹੀ ਰਿਹਾ ਹੈ; ਆਉਣ ਵਾਲੇ ਸਮੇਂ ਵਿਚ ਇਸ ਦੇ ਕੀ ਨਤੀਜੇ ਨਿਕਲਣੇ ਹਨ, ਉਸ ਬਾਰੇ ਸੰਜੀਦਾ ਢੰਗ ਨਾਲ ਵਿਚਾਰ ਕਰਨ ਦੀ ਲੋੜ ਹੈ। ਸਿਆਸੀ ਧਿਰਾਂ ਦਾ ਅਮਲ ਦੱਸਦਾ ਹੈ ਕਿ ਇਨ੍ਹਾਂ ਨੇ ਇਸ ਪਾਸੇ ਕਤਈ ਹੰਭਲਾ ਨਹੀਂ ਮਾਰਿਆ। ਜੇ ਕਿਸੇ ਨੇ ਮਾੜੀ-ਮੋਟੀ ਕੋਈ ਸਰਗਰਮੀ ਦਿਖਾਈ ਹੈ, ਉਸ ਦਾ ਇਕੋ-ਇਕ ਮਕਸਦ ਸਿਆਸਤ ਦੇ ਪਿੜ ਵਿਚ ਆਪਣੀ ਪੈਂਠ ਕਾਇਮ ਕਰਨ ਲਈ ਹੱਥ-ਪੈਰ ਮਾਰਨੇ ਹੀ ਸਨ। ਇਹ ਕੋਈ ਇਤਫ਼ਾਕ ਨਹੀਂ ਹੈ ਕਿ ਨੌਜਵਾਨ ਪੀੜ੍ਹੀ ਬਹੁਤ ਤੇਜ਼ੀ ਨਾਲ ਸਿੱਖੀ ਤੋਂ ਕਿਨਾਰਾ ਕਰ ਰਹੀ ਹੈ ਅਤੇ ਨਸ਼ਿਆਂ ਦੀ ਦਲ-ਦਲ ਵਿਚ ਧਸ ਰਹੀ ਹੈ। ਇਸ ਤਰ੍ਹਾਂ ਦੀਆਂ ਔਕੜਾਂ ਤਾਂ ਗਾਹੇ-ਬਗਾਹੇ, ਅਕਸਰ ਆਉਂਦੀਆਂ ਰਹੀਆਂ ਹਨ ਪਰ ਇਹ ਕੁਝ ਸਮੇਂ ਲਈ ਹੀ ਸਿਰ ਚੁੱਕਦੀਆਂ ਸਨ, ਜਾਂ ਕਹਿ ਸਕਦੇ ਹਾਂ ਕਿ ਔਕੜ ਉਤੇ ਤੁਰੰਤ ਕਾਬੂ ਪਾ ਲਿਆ ਜਾਂਦਾ ਸੀ। ਹੁਣ ਜੇ ਇਹ ਸਮੱਸਿਆ ਇੰਨੀ ਭਿਅੰਕਰ ਹੋ ਕੇ ਟੱਕਰੀ ਹੈ ਤਾਂ ਇਸ ਸਭ-ਕੁਝ ਨੂੰ 'ਪੱਛਮ ਦੀ ਹਨ੍ਹੇਰੀ' ਕਹਿ ਕੇ ਹੀ ਖਾਨਾਪੂਰੀ ਨਹੀਂ ਕੀਤੀ ਜਾ ਸਕਦੀ। ਨਾ ਹੀ ਇਸ ਤੋਂ ਮੂੰਹ ਮੋੜ ਕੇ ਹੀ ਬੈਠਿਆ ਜਾ ਸਕਦਾ ਹੈ। ਇਸ ਭਿਅੰਕਰ ਸਮੱਸਿਆ ਦਾ ਸਭ ਤੋਂ ਵੱਡਾ ਕਾਰਨ ਸਿੱਖੀ ਦੇ ਪ੍ਰਚਾਰ ਵਿਚ ਕਿਤੇ ਨਾ ਕਿਤੇ ਕਮੀ/ਖ਼ਾਮੀ ਰਹਿ ਜਾਣਾ ਹੈ। ਇਸ ਵੇਲੇ ਜੋ ਲੋਕ ਧਾਰਮਿਕ ਸੰਸਥਾਵਾਂ ਉਤੇ ਕਾਬਜ਼ ਹਨ, ਉਨ੍ਹਾਂ ਦੇ ਅਮਲ ਦੱਸਦੇ ਹਨ ਕਿ ਉਨ੍ਹਾਂ ਨੂੰ ਸਿੱਖੀ ਦੇ ਸਰੋਕਾਰਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਜਿਹੜੇ ਲੋਕ ਸਿੱਖੀ ਲਈ ਸਿਆਸੀ ਲੜਾਈ ਲੜਨ ਦਾ ਦਾਅਵਾ ਕਰ ਰਹੇ ਹਨ, ਉਨ੍ਹਾਂ ਨੂੰ ਸ਼ਾਇਦ ਇਹ ਇਲਮ ਹੀ ਨਹੀਂ ਹੈ ਜਾਂ ਇਹ ਗੱਲ ਉਹ ਕੁਝ ਕਾਰਨਾਂ ਕਰਕੇ ਸਮਝਣਾ ਹੀ ਨਹੀਂ ਚਾਹੁੰਦੇ ਕਿ ਸਿੱਖੀ ਦੀ ਪ੍ਰਫੁੱਲਤਾ ਲਈ ਸਿਆਸੀ ਜੁਗਾੜ ਤੋਂ ਬਿਨਾ ਵੀ ਕੰਮ ਹੋ ਸਕਦਾ ਹੈ; ਕਿਉਂਕਿ ਜੇ ਸਿਆਸਤ ਰਾਹੀਂ ਸਿੱਖੀ ਦੇ ਪ੍ਰਚਾਰ ਦਾ ਕੁਝ ਸੌਰਨਾ ਹੁੰਦਾ ਤਾਂ ਹੁਣ ਪਤਿਤਪੁਣੇ ਦੀ ਇੰਨੀ ਮਾਰ ਨਾ ਸਹਿਣੀ ਪੈਂਦੀ!

ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਦੇ ਮੀਰੀ ਅਤੇ ਪੀਰੀ ਦੇ ਸਿਧਾਂਤ ਨੂੰ ਪਹਿਲਾਂ 'ਸੰਤ ਤੇ ਸਿਪਾਹੀ ਦੇ ਸੰਕਲਪ' ਵਜੋਂ ਆਪੋ-ਆਪਣੇ ਢੰਗ ਨਾਲ ਪ੍ਰਚਾਰਿਆ-ਪ੍ਰਸਾਰਿਆ ਗਿਆ ਅਤੇ ਫਿਰ 'ਸਿਪਾਹੀ ਦੇ ਸੰਕਲਪ' ਨੂੰ ਨਿਰੋਲ ਸਿਆਸਤ ਦੀ ਪ੍ਰੀਭਾਸ਼ਾ ਨਾਲ ਪੱਕੇ ਤੌਰ 'ਤੇ ਨੱਥੀ ਕਰ ਦਿੱਤਾ ਗਿਆ। ਇਸੇ ਤਰ੍ਹਾਂ 'ਸੰਤ' ਨੂੰ ਧਾਰਮਿਕਤਾ ਤੱਕ ਮਹਿਦੂਦ ਕਰ ਦਿੱਤਾ ਗਿਆ। 'ਸੰਤ' ਸ਼ਬਦ ਵਿਚ ਸਮੋਈ ਪਈ ਬੌਧਿਕ ਸਮਰੱਥਾ ਅਤੇ ਉਡਾਣ ਨੂੰ ਉੱਕਾ ਹੀ ਬੇਦਾਵਾ ਦੇ ਦਿੱਤਾ ਗਿਆ। 'ਸੰਤ ਅਤੇ ਸਿਪਾਹੀ ਦੇ ਸੰਕਲਪ' ਦਾ ਅਰਥ 'ਬੌਧਿਕ ਸਮਰੱਥਾ ਅਤੇ ਸਿਆਸੀ ਸੋਝੀ' ਦਾ ਕੋਈ ਸਿਖਰ ਹੈ ਜਿਸ ਨਾਲ ਔਝੜ ਰਾਹ ਵੀ ਮੰਜ਼ਿਲ ਵੱਲ ਖੁੱਲ੍ਹਦੇ ਜਾਂਦੇ ਹਨ। 'ਸੰਤ ਅਤੇ ਸਿਪਾਹੀ ਦੇ ਸੰਕਲਪ' ਵਿਚ ਆਪ-ਹੁਦਰੇ ਢੰਗ ਨਾਲ ਕੀਤੀ ਤਬਦੀਲੀ ਦੇ ਨਤੀਜੇ ਹੀ ਹੁਣ ਸਾਹਮਣੇ ਆ ਰਹੇ ਹਨ। ਇਨ੍ਹਾਂ ਨਤੀਜਿਆਂ ਦੀ ਸ਼ਨਾਖ਼ਤ ਕਰਨ ਦੀ ਥਾਂ ਸਾਰਾ ਜ਼ੋਰ ਸਿਆਸੀ ਕਿਲੇਬੰਦੀ ਉਤੇ ਲੱਗਿਆ ਹੋਇਆ ਹੈ। ਸਿਤਮਜ਼ਰੀਫ਼ੀ ਇਹ ਕਿ ਇਸ ਸਿਆਸੀ ਕਿਲੇਬੰਦੀ ਖ਼ਾਤਿਰ ਸਿੱਖੀ ਦੇ ਮੂਲ ਸਿਧਾਂਤਾਂ ਨੂੰ ਵੀ ਤਿਲਾਂਜਲੀ ਦਿੱਤੀ ਜਾ ਰਹੀ ਹੈ। ਇਹ ਦਰਅਸਲ ਸਿੱਖੀ ਤੋਂ ਵਿਰਵੀਂ ਸਿਆਸਤ ਦਾ ਹੀ ਨਤੀਜਾ ਹੈ ਕਿ ਸਿੱਖੀ ਉਤੇ ਸਿਆਸਤ ਭਾਰੂ ਹੋ ਗਈ ਹੈ ਅਤੇ ਹਰ ਕੋਈ ਆਪੋ-ਆਪਣੀਆਂ ਸਿਆਸੀ ਗਰਜ਼ਾਂ ਖ਼ਾਤਿਰ ਸਿੱਖੀ ਦਾ ਇਸਤੇਮਾਲ ਕਰਨ ਦੀਆਂ ਕੋਸ਼ਿਸ਼ਾਂ ਵਿਚ ਹੈ। ਪੰਜਾਬ ਦੇ ਫ਼ੱਕਰ ਸ਼ਾਇਰ ਪ੍ਰੋਫ਼ੈਸਰ ਪੂਰਨ ਸਿੰਘ ਦੇ ਸ਼ਬਦ 'ਪੰਜਾਬ ਜੀਂਦਾ ਗੁਰਾਂ ਦੇ ਨਾਂ 'ਤੇ' ਦੇ ਅਰਥ ਇਸ ਪ੍ਰਸੰਗ ਵਿਚ ਹੀ ਸਹੀ ਰੂਪ ਵਿਚ ਸਮਝ ਆਉਣ ਲਗਦੇ ਹਨ। ਗੁਰਾਂ ਨੇ ਸਦਾ ਸਿੱਖੀ ਹੀ ਕਮਾਈ, ਸਿਆਸਤ ਨਹੀਂ। ਪੰਜਾਬ ਵਿਚ ਸੁੱਚੀ ਸਿਆਸਤ ਦਾ ਰਸਤਾ ਸਿੱਖੀ ਦੇ ਸਰੋਕਾਰਾਂ ਥਾਣੀਂ ਲੰਘਦਾ ਹੈ ਜਿਨ੍ਹਾਂ ਦਾ ਮੁੱਖ ਮੰਤਵ 'ਸਰਬੱਤ ਦਾ ਭਲਾ' ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬਿਮਾਰ ਸ਼ਾਇਰ ਦੇ ਫੁਰਨੇ?*

ਸਿਦਕਵਾਨ ਨਹੀਂ ਝੁਕਣ ਦੀ ਭੁੱਲ ਕਰਦੇ, ਕਿਸੇ ਬਾਬੇ ਦੀ ਕਬਰ ਜਾਂ ਮੜ੍ਹੀ ਹੋਵੇ।
ਅਣਖੀ ਕਦੇ ਖਾਮੋਸ਼ ਨਹੀਂ ਬੈਠ ਸਕਦਾ, ਜਦ ਕੋਈ ਅੱਗਿਓਂ ਮਾਰਦਾ ਤੜ੍ਹੀ ਹੋਵੇ।
ਹਾਸੇ ਸ਼ੁਗਲ ਸਭ ਭੁੱਲਦੇ ਪਲਾਂ ਅੰਦਰ, ਮੌਤ ਸਾਹਮਣੇ ਆਣ ਕੇ ਖੜ੍ਹੀ ਹੋਵੇ।
ਥਰ ਥਰ ਕੰਬਦੇ ਕੰਢੇ 'ਤੇ ਫਿਰਨ ਤਾਰੂ, ਨਦੀ ਵਿਚ ਬਰਸਾਤ ਜਦ ਚੜ੍ਹੀ ਹੋਵੇ।
ਉਦੋਂ ਲੱਖਾਂ ਉਪਾਅ ਨਹੀਂ ਕੰਮ ਆਉਂਦੇ, ਜੇਕਰ ਕਿਸਮਤ ਹੀ ਬੰਦੇ ਦੀ ਸੜੀ ਹੋਵੇ।
ਛੰਦ ਖੁਸ਼ੀ ਦੇ ਸ਼ਾਇਰ ਨੂੰ ਸੁੱਝਦੇ ਨਾ, ਜਿਸ ਦੀ ਨਰਸ ਨੇ ਨਬਜ਼ ਹੱਥ ਫੜੀ ਹੋਵੇ!

# ਭ੍ਰਿਸ਼ਟਾਚਾਰ: ਬਾਦਲ ਤੇ ਮਨਮੋਹਨ ਸਿੰਘ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ

***ਵੱਖ-ਵੱਖ ਸਰਕਾਰਾਂ ਸਮੇਂ ਭ੍ਰਿਸ਼ਟਾਚਾਰ ਦਾ ਘੇਰਾ ਵਧਿਆ ਹੀ ਹੈ। ਸਿਆਸਤਦਾਨ ਅਕਸਰ ਇਕ-ਦੂਜੇ ਵਿਰੁਧ ਰਿਸ਼ਵਤਖੋਰੀ ਦੇ ਦੋਸ਼ ਲਾਉਂਦੇ ਹਨ ਤੇ ਇਨ੍ਹਾਂ ਦੋਸ਼ਾਂ ਨੂੰ ਅਸਰਦਾਰ ਢੰਗ ਨਾਲ ਪੇਸ਼ ਕਰਨ ਲਈ ਲੰਬੇ-ਚੌੜੇ ਅੰਕੜੇ ਵੀ ਪੇਸ਼ ਕਰਦੇ ਹਨ ਪਰ ਜਦੋਂ ਸੱਤਾ ਵਿਚ ਹੁੰਦੇ ਹਨ ਤਾਂ ਇਸ ਪਾਸੇ ਘੱਟ ਹੀ ਸਰਗਰਮ ਹੁੰਦੇ ਹਨ। ਇਸ ਪ੍ਰਸੰਗ ਵਿਚ ਨਵੀਂ ਦਲੀਲ ਵੀ ਲੱਭ ਲਈ ਗਈ ਹੈ: ਜੇ ਤੁਸੀਂ ਭ੍ਰਿਸ਼ਟ ਸਿਆਸਤਦਾਨ 'ਤੇ ਮੁਕੱਦਮਾ ਚਲਾਉਂਦੇ ਹੋ ਤਾਂ ਇਸ ਨੂੰ ਬਦਲੇ ਦੀ ਰਾਜਨੀਤੀ ਕਿਹਾ ਜਾਂਦਾ ਹੈ।***

**ਗੋਬਿੰਦ ਠੁਕਰਾਲ**

ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਬਿਆਨ ਦਿੱਤਾ ਸੀ ਕਿ ਭ੍ਰਿਸ਼ਟਾਚਾਰੀਆਂ ਨੂੰ ਜਾਂ ਤਾਂ ਫਾਂਸੀ ਦੇ ਦੇਣੀ ਚਾਹੀਦੀ ਹੈ ਜਾਂ ਫਿਰ ਉਮਰ ਕੈਦ ਦੀ ਸਜ਼ਾ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਚੋਣ ਅਮਲ ਭ੍ਰਿਸ਼ਟ ਹੋ ਗਿਆ ਹੈ ਅਤੇ ਇਸ ਵਿਚ ਤੁਰੰਤ ਸੁਧਾਰਾਂ ਦੀ ਲੋੜ ਹੈ। ਪੰਜਾਬ ਦੇ ਇਸ ਵਡੇਰੇ ਸਿਆਸਤਦਾਨ ਨੇ ਇਹ ਬਿਆਨ ਗਾਂਧੀਵਾਦੀ ਸਮਾਜ ਸੁਧਾਰਕ ਅੰਨਾ ਹਜ਼ਾਰੇ ਵੱਲੋਂ ਰੱਖੇ ਗਏ ਮਰਨ ਵਰਤ ਤੋਂ ਬਾਅਦ ਤੇਜ਼ੀ ਨਾਲ ਵਾਪਰੀਆਂ ਘਟਨਾਵਾਂ ਦੇ ਪ੍ਰਸੰਗ ਵਿਚ ਦਿੱਤਾ। ਸਾਂਝਾ ਪ੍ਰਗਤੀਸ਼ੀਲ ਮੋਰਚਾ ਸਰਕਾਰ ਜੋ ਹੁਣ ਤੱਕ ਜਨਤਕ ਜ਼ਿੰਦਗੀ ਵਿਚ ਉਚੇ ਪੱਧਰ 'ਤੇ ਹੁੰਦੇ ਭ੍ਰਿਸ਼ਟਾਚਾਰ 'ਤੇ ਨਿਗਰਾਨੀ ਰੱਖਣ ਲਈ ਤਜਵੀਜ਼ਸ਼ੁਦਾ ਲੋਕਪਾਲ ਸੰਸਥਾ ਬਣਾਉਣ ਨੂੰ ਅਣਮਿਥੇ ਸਮੇਂ ਲਈ ਅੱਗੇ ਪਾਉਂਦੀ ਰਹੀ ਸੀ, ਸਮਾਜਿਕ ਕਾਰਕੁਨਾਂ ਦੀਆਂ ਇਸ ਸਬੰਧੀ ਮੰਗਾਂ ਮੰਨਣ ਲਈ ਮਜਬੂਰ ਹੋ ਗਈ ਪਰ ਕੀ ਸਾਨੂੰ ਸ. ਬਾਦਲ ਜੋ ਪੰਜਾਬ ਦੇ ਚੌਥੀ ਵਾਰ ਮੁੱਖ ਮੰਤਰੀ ਬਣੇ ਹੋਏ ਹਨ, ਤੋਂ ਇਹ ਨਹੀਂ ਪੁੱਛਣਾ ਚਾਹੀਦਾ ਕਿ ਉਹ ਭ੍ਰਿਸ਼ਟਾਚਾਰ ਨਾਲ ਲੜਨ ਵਿਚ ਆਪ ਇੰਨੇ ਅਵੇਸਲੇ ਕਿਉਂ ਰਹੇ ਹਨ?

ਅਸੀਂ ਸਾਰੇ ਜਾਣਦੇ ਹਾਂ ਕਿ ਪੰਜਾਬ ਦੀਆਂ ਵੱਖ-ਵੱਖ ਸਰਕਾਰਾਂ ਸਮੇਂ ਭ੍ਰਿਸ਼ਟਾਚਾਰ ਦਾ ਘੇਰਾ ਵਧਿਆ ਹੀ ਹੈ। ਸਿਆਸਤਦਾਨ ਅਕਸਰ ਇਕ-ਦੂਜੇ ਵਿਰੁਧ ਰਿਸ਼ਵਤਖੋਰੀ ਦੇ ਦੋਸ਼ ਲਾਉਂਦੇ ਹਨ ਤੇ ਇਨ੍ਹਾਂ ਦੋਸ਼ਾਂ ਨੂੰ ਅਸਰਦਾਰ ਢੰਗ ਨਾਲ ਪੇਸ਼ ਕਰਨ ਲਈ ਲੰਬੇ-ਚੌੜੇ ਅੰਕੜੇ ਵੀ ਪੇਸ਼ ਕਰਦੇ ਹਨ ਪਰ ਜਦੋਂ ਸੱਤਾ ਵਿਚ ਹੁੰਦੇ ਹਨ ਤਾਂ ਇਸ ਪਾਸੇ ਘੱਟ ਹੀ ਸਰਗਰਮ ਹੁੰਦੇ ਹਨ। ਇਸ ਪ੍ਰਸੰਗ ਵਿਚ ਨਵੀਂ ਦਲੀਲ ਵੀ ਲੱਭ ਲਈ ਗਈ ਹੈ: ਜੇ ਤੁਸੀਂ ਭ੍ਰਿਸ਼ਟ ਸਿਆਸਤਦਾਨ 'ਤੇ ਮੁਕੱਦਮਾ ਚਲਾਉਂਦੇ ਹੋ ਤਾਂ ਇਸ ਨੂੰ ਬਦਲੇ ਦੀ ਰਾਜਨੀਤੀ ਕਿਹਾ ਜਾਂਦਾ ਹੈ।

ਪਿਛਲੇ ਕੁਝ ਮਹੀਨਿਆਂ ਦੌਰਾਨ ਕਈ ਕਾਰਨਾਂ ਕਰਕੇ ਭ੍ਰਿਸ਼ਟਾਚਾਰ ਅਤੇ ਕੁਨਬਾਪ੍ਰਸਤੀ ਘਟਾਉਣ ਲਈ ਸਿਆਸੀ ਸੁਧਾਰ ਵਾਸਤੇ ਗੰਭੀਰ ਮਾਹੌਲ ਬਣਿਆ ਹੈ। ਇਹ ਤਾਂ ਸ਼ੁਕਰ ਹੈ ਵਿਕੀਲੀਕਸ ਦਾ ਜਿਸ ਨੇ ਗੁਪਤ ਦਸਤਾਵੇਜ਼ ਸਾਹਮਣੇ ਲਿਆਂਦੇ ਹਨ। ਇਸ ਤੋਂ ਇਲਾਵਾ ਰਾਡੀਆ ਟੇਪਾਂ ਦੇ ਖੁਲਾਸੇ ਪ੍ਰਕਾਸ਼ਿਤ ਹੋਣ ਨਾਲ ਵੀ ਕਰੋੜਾਂ ਰੁਪਏ ਦੀ ਵੱਢੀ ਅਤੇ ਧੋਖਾਧੜੀ ਦੇ ਮਾਮਲੇ ਬੇਨਕਾਬ ਹੋਏ ਹਨ। ਇਸ ਨਾਲ ਲੋਕਾਂ ਦਾ ਰੋਹ ਇਸ ਕਦਰ ਵਧ ਗਿਆ ਕਿ ਕੋਈ ਵੀ ਸਰਕਾਰ ਇਸ ਪਾਸੇ ਧਿਆਨ ਦੇਣ ਤੋਂ ਬਿਨਾਂ ਆਪਣੀ ਹੋਂਦ ਕਾਇਮ ਨਹੀਂ ਰੱਖ ਸਕਦੀ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ ਅਕਸ ਲੋਕਾਂ ਦੀਆਂ ਨਜ਼ਰਾਂ ਵਿਚ ਬੇਹੱਦ ਡਿਗ ਪਿਆ ਹੈ। ਜਦੋਂ ਉਨ੍ਹਾਂ ਦੇ ਮੰਤਰੀ ਉਨ੍ਹਾਂ ਦੇ ਸਾਹਮਣੇ ਅਤੇ ਉਨ੍ਹਾਂ ਦੀ ਜਾਣਕਾਰੀ ਵਿਚ ਹੀ ਕਾਲਾ ਧਨ ਇਕੱਠਾ ਕਰਦੇ ਹਨ ਤਾਂ ਉਨ੍ਹਾਂ ਦੀ ਆਪਣੀ ਇਮਾਨਦਾਰੀ ਦਾ ਕੋਈ ਅਰਥ ਨਹੀਂ ਰਹਿ ਜਾਂਦਾ।

ਕੀ ਅਜੇ ਵੀ ਕੋਈ ਸ਼ੱਕ ਰਹਿ ਗਿਆ ਹੈ, ਜਦੋਂ ਇਕ ਵੱਕਾਰੀ ਅਖ਼ਬਾਰ 'ਦ ਹਿੰਦੂ' ਨੇ ਭਾਰਤ ਵਿਚ ਅਮਰੀਕੀ ਕੂਟਨੀਤੀਵਾਨਾਂ ਵੱਲੋਂ ਵਾਸ਼ਿੰਗਟਨ ਵਿਚ ਬੈਠੇ ਆਪਣੇ ਸਰਪ੍ਰਸਤਾਂ ਨੂੰ ਭੇਜੇ ਦਸਤਾਵੇਜ਼ ਪ੍ਰਕਾਸ਼ਿਤ ਕਰ ਦਿੱਤੇ ਹਨ। ਇਹ ਦਸਤਾਵੇਜ਼ ਉਨ੍ਹਾਂ ਗੱਲਾਂ ਬਾਰੇ ਸਬੂਤ ਪੇਸ਼ ਕਰਦੇ ਹਨ ਜੋ ਉਂਜ ਵੀ ਭਾਰਤ ਵਿਚ ਵੱਡੇ ਤੌਰ 'ਤੇ ਮੰਨੀਆਂ ਜਾਂਦੀਆਂ ਹਨ। ਅਮਰੀਕਾ ਨਾਲ ਪ੍ਰਮਾਣੂ ਸੰਧੀ ਦੇ ਮਾਮਲੇ ਵਿਚ ਜਦੋਂ ਸਰਕਾਰ ਵਿਰੁਧ ਬੇਵਸਾਹੀ ਦਾ ਮਤਾ ਸੰਸਦ ਵਿਚ ਪੇਸ਼ ਹੋਇਆ ਸੀ ਤਾਂ ਇਸ ਸਮੇਂ ਸਰਕਾਰ ਨੂੰ ਸੰਕਟ ਵਿਚੋਂ ਉਭਾਰਨ ਲਈ ਸੱਤਾਧਾਰੀ ਕਾਂਗਰਸ ਪਾਰਟੀ ਨੇ ਸੰਸਦ ਮੈਂਬਰਾਂ ਨੂੰ ਰਿਸ਼ਵਤ ਦਿੱਤੀ ਸੀ। ਇਸ ਨੂੰ 'ਵੋਟ ਬਦਲੇ ਨੋਟ' ਦਾ ਨਾਂ ਦਿੱਤਾ ਗਿਆ ਅਤੇ ਜਦੋਂ ਕੁਝ ਸੰਸਦ ਮੈਂਬਰਾਂ ਨੇ ਉਨ੍ਹਾਂ ਨੂੰ ਦਿੱਤੀ ਨਕਦੀ ਨੂੰ ਸਦਨ ਵਿਚ ਨਸ਼ਰ ਕੀਤਾ ਤਾਂ ਸੰਸਦ ਹਿੱਲ ਗਈ। ਹੁਣ ਇਹੀ ਪ੍ਰਧਾਨ ਮੰਤਰੀ ਭ੍ਰਿਸ਼ਟਾਚਾਰ ਦੇ ਵਿਰੁਧ ਕਾਨੂੰਨ ਬਣਾਉਣ ਲਈ ਸਰਗਰਮੀ ਤੇਜ਼ ਕਰਨ ਲਈ ਮਜਬੂਰ ਹੋਏ ਹਨ। ਇਹ ਕਾਨੂੰਨ ਪਿਛਲੇ 42 ਸਾਲਾਂ ਤੋਂ ਸੰਸਦ ਵਿਚ ਲਟਕਿਆ ਪਿਆ ਹੈ ਅਤੇ ਕਾਂਗਰਸ ਤੇ ਭਾਜਪਾ ਵਰਗੀਆਂ ਪਾਰਟੀਆਂ ਇਸ ਨੂੰ ਪਾਸ ਕਰਕੇ ਲਾਗੂ ਕਰਨ ਵਿਚ ਅਸਫਲ ਰਹੀਆਂ ਹਨ।

ਦਰਅਸਲ, ਜਿਵੇਂ ਸੀਨੀਅਰ ਮੰਤਰੀਆਂ ਤੇ ਸਿਆਸਤਦਾਨਾਂ ਦਾ ਇਸ 'ਤੇ ਪ੍ਰਤੀਕਰਮ ਆਇਆ ਹੈ, ਉਸ ਤੋਂ ਪਤਾ ਲਗਦਾ ਹੈ ਕਿ ਉਹ ਲੋਕਪਾਲ ਦੀ ਸੰਸਥਾ ਤੋਂ ਡਰਦੇ ਹਨ ਅਤੇ ਇਸ ਨੂੰ ਅਸਫਲ ਬਣਾਉਣ ਲਈ ਹਰ ਹੀਲਾ ਵਰਤਣਗੇ। "ਜੰਤਰ-ਮੰਤਰ (ਨਵੀਂ ਦਿੱਲੀ) ਵਿਖੇ ਇਕੱਠੇ ਹੋਏ ਹਜ਼ਾਰ ਕੁ ਭਾਂਤ-ਭਾਂਤ ਦੇ ਵਿਅਕਤੀਆਂ ਦਾ ਹੁਕਮ ਅਸੀਂ ਕਿਵੇਂ ਮੰਨ ਸਕਦੇ ਹਾਂ? ਕੀ ਉਹ ਜਨਤਾ ਦੇ ਚੁਣੇ ਹੋਏ ਨੁਮਾਇੰਦੇ ਹਨ? ਅਸੀਂ ਲੋਕਾਂ ਦੇ ਅਸਲੀ ਨੁਮਾਇੰਦੇ ਹਾਂ।" ਇਹ ਇਕ ਤਰ੍ਹਾਂ ਨਾਲ ਬੁਰਛਾਗਰਦੀ ਵਾਲੇ ਸ਼ਬਦ ਸਨ ਜੋ ਬਹੁਤੇ ਮੰਤਰੀਆਂ ਨੇ ਸ਼ਰੇਆਮ ਵਰਤੇ ਹਨ।




*ਡਾ. ਮਨਮੋਹਨ ਸਿੰਘ*


21 ਦਿਨਾਂ ਵਿਚ 'ਦ ਹਿੰਦੂ' ਨੇ ਵਿਕੀਲੀਕਸ ਦੇ ਹੱਥ ਲੱਗੇ 5,100 ਦਸਤਾਵੇਜ਼ ਪ੍ਰਕਾਸ਼ਿਤ ਕੀਤੇ ਜਿਸ ਦੇ 60 ਲੱਖ ਸ਼ਬਦ ਬਣਦੇ ਹਨ। ਇਹ ਸਿਰਫ ਸਾਂਝੇ ਪ੍ਰਗਤੀਸ਼ੀਲ ਮੋਰਚੇ ਦੇ ਹੀ ਕੱਚੇ ਚਿੱਠੇ ਨਹੀਂ ਖੋਲ੍ਹਦੇ ਸਗੋਂ ਕੌਮੀ ਜਮਹੂਰੀ ਮੋਰਚੇ ਦੇ ਵੀ ਖੋਲ੍ਹਦੇ ਹਨ। ਭਾਰਤ ਆਪਣੀ ਆਜ਼ਾਦੀ ਅਮਰੀਕਾ ਦੇ ਹਵਾਲੇ ਕਿਵੇਂ ਕਰ ਰਿਹਾ ਹੈ ਅਤੇ ਆਰਥਿਕ ਨੀਤੀਆਂ ਜੋ ਸਿਰਫ ਅਮੀਰਾਂ ਨੂੰ ਫਾਇਦਾ ਪਹੁੰਚਾਉਂਦੀਆਂ ਹਨ, ਨਿਰਧਾਰਿਤ ਕਰਨ ਵਿਚ ਪੂੰਜੀ ਦਾ ਕਿੰਨਾ ਵੱਡਾ ਰੋਲ ਹੈ?

ਵਿਕੀਲੀਕਸ ਦੇ ਮੁੱਖ ਸੰਪਾਦਕ ਜੂਲੀਅਨ ਅਸਾਂਜੇ ਨੇ ਸਾਰੀ ਦੁਨੀਆਂ ਦੀਆਂ ਸਰਕਾਰਾਂ ਹਿਲਾ ਕੇ ਰੱਖ ਦਿੱਤੀਆਂ ਹਨ। ਭਾਰਤ ਨਾਲ ਸਬੰਧਤ ਇਨ੍ਹਾਂ ਦਸਤਾਵੇਜ਼ਾਂ 'ਤੇ ਆਧਾਰਤ ਛਪੇ ਲੇਖਾਂ 'ਤੇ ਲੋਕਾਂ ਦੇ ਪ੍ਰਤੀਕਰਮ ਤੋਂ ਪਤਾ ਲਗਦਾ ਹੈ ਕਿ ਭਾਰਤ ਗੰਭੀਰ ਭ੍ਰਿਸ਼ਟਾਚਾਰੀ ਅਮਲਾਂ ਵਿਚ ਫਸਿਆ ਹੋਇਆ ਹੈ ਅਤੇ ਇਸ ਬਾਰੇ ਕੁਝ ਕਰਨਾ ਚਾਹੀਦਾ ਹੈ ਪਰ ਅਸਾਂਜੇ ਆਸ ਦੀ ਇਹ ਕਿਰਨ ਦੇਖ ਰਹੇ ਹਨ ਕਿ ਵੱਡੀ ਗਿਣਤੀ ਵਿਚ ਲੋਕ ਇਸ ਵਿਰੁਧ ਮਜ਼ਬੂਤੀ ਨਾਲ ਖੜ੍ਹੇ ਹੋ ਰਹੇ ਹਨ। ਉਨ੍ਹਾਂ ਦਾ ਸੁਝਾਅ ਹੈ ਕਿ ਕਿਸੇ ਵੀ ਥਾਂ 'ਤੇ ਵਿਅਕਤੀਗਤ ਪੱਧਰ 'ਤੇ ਉਠਾਏ ਉਤਸ਼ਾਹੀ ਕਦਮ ਜਿਵੇਂ ਟਿਊਨੀਸ਼ੀਆ ਵਿਚ ਹੋਇਆ, ਅਜਿਹਾ ਤਰੀਕਾਕਾਰ ਪੇਸ਼ ਕਰਦੇ ਹਨ ਜੋ ਭ੍ਰਿਸ਼ਟਾਚਾਰ ਵਿਰੁਧ ਲੜਾਈ ਲੜਨ ਦੀ ਇੱਛਾ-ਸ਼ਕਤੀ ਦਾ ਲੋਕਾਂ ਵਿਚ ਸੰਚਾਰ ਕਰੇਗਾ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਭਾਰਤ ਨਾਲ ਸਬੰਧਤ ਦਸਤਾਵੇਜ਼ਾਂ ਦੀ ਪ੍ਰਮਾਣਿਕਤਾ 'ਤੇ ਸੰਸਦ ਵਿਚ ਸਵਾਲ ਖੜ੍ਹਾ ਕੀਤਾ ਸੀ ਅਤੇ ਇਹ ਬਿਆਨ ਦਿੱਤਾ ਸੀ ਕਿ 'ਸਰਕਾਰ ਅਜਿਹੇ ਸੰਚਾਰ ਦੀ ਸੱਚਾਈ, ਪ੍ਰਮਾਣਿਕਤਾ ਜਾਂ ਇਸ ਦੀ ਹੋਂਦ ਸਬੰਧੀ ਪੁਸ਼ਟੀ ਨਹੀਂ ਕਰ ਸਕਦੀ।'

ਇਕ ਮੁਲਾਕਾਤ ਵਿਚ ਜੂਲੀਅਨ ਅਸਾਂਜੇ ਨੇ ਹਾਲ ਹੀ ਵਿਚ ਕਿਹਾ ਹੈ, "ਇਸੇ ਕਰਕੇ ਮੈਂ ਇਹ ਕਿਹਾ ਹੈ ਕਿ ਮੈਨੂੰ ਉਹ ਬਿਆਨ ਮਿਲ ਗਿਆ ਹੈ ਜੋ ਭਾਰਤੀ ਲੋਕਾਂ ਨੂੰ ਗੁਮਰਾਹ ਕਰਨ ਦੀ ਜਾਣਬੁੱਝ ਕੇ ਕੀਤੀ ਗਈ ਕੋਸ਼ਿਸ਼ ਹੈ।...ਕਿਉਂਕਿ ਇਹ ਸਿੱਧੇ ਤੌਰ 'ਤੇ ਪ੍ਰਧਾਨ ਮੰਤਰੀ ਦੇ ਮੂੰਹੋਂ ਨਿਕਲਿਆ ਹੈ ਅਤੇ ਉਹ ਇਸ ਬਾਰੇ ਬਿਹਤਰ ਤਰੀਕੇ ਨਾਲ ਜਾਣਦੇ ਹਨ। ਜਦੋਂ ਕਿ ਮੈਂ ਸਿਰਫ ਸੁਣਿਆ ਹੀ ਹੈ ਅਤੇ ਮੇਰੇ ਕੋਲ ਕੋਈ ਸਬੂਤ ਨਹੀਂ ਹੈ ਪਰ ਆਮ ਰਾਏ ਇਹ ਬਣੀ ਜਾਪਦੀ ਹੈ ਕਿ ਉਹ ਨਿੱਜੀ ਤੌਰ 'ਤੇ ਭ੍ਰਿਸ਼ਟ ਨਹੀਂ ਹਨ ਪਰ ਉਨ੍ਹਾਂ ਨੇ ਇਥੇ ਦੂਜਿਆਂ ਦੇ ਸੰਭਵ ਭ੍ਰਿਸ਼ਟ ਅਮਲਾਂ ਨੂੰ ਢਕਣ ਦੀ ਸਪੱਸ਼ਟ ਤੌਰ 'ਤੇ ਕੋਸ਼ਿਸ਼ ਕੀਤੀ ਹੈ। ਵਿਕੀਲੀਕਸ ਦੇ ਦਸਤਾਵੇਜ਼ਾਂ ਸਬੰਧੀ ਸਾਧਾਰਨ ਤਰੀਕੇ ਨਾਲ ਸਿੱਧਾ ਤਰੀਕਾ ਅਪਨਾਉਂਦਿਆਂ ਉਨ੍ਹਾਂ ਨੂੰ ਇਹ ਕਹਿਣਾ ਚਾਹੀਦਾ ਸੀ, 'ਦੇਖੋ ਇਹ ਜੋ ਦੋਸ਼ ਲੱਗੇ ਹਨ, ਉਹ ਗੰਭੀਰ ਹਨ ਅਤੇ ਅਸੀਂ ਉਨ੍ਹਾਂ ਦੀ ਜਾਂਚ ਕਰਾਂਗੇ। ਮਾਮਲੇ ਦਾ ਸੱਚ ਸਾਹਮਣੇ ਲਿਆਵਾਂਗੇ ਤੇ ਸੰਸਦ ਨੂੰ ਪੂਰੀ ਰਿਪੋਰਟ ਦੇਵਾਂਗੇ'।" ਅਸਾਂਜੇ ਨੇ ਇਹ ਵੀ ਕਿਹਾ, "ਮੈਂ ਸੋਚਦਾ ਹਾਂ ਕਿ ਜੇ ਪ੍ਰਧਾਨ ਮੰਤਰੀ ਅਜਿਹੀ ਪਹੁੰਚ ਅਪਨਾਉਂਦੇ ਤਾਂ ਕਿਤੇ ਜ਼ਿਆਦਾ ਬਿਹਤਰ ਤਰੀਕੇ ਨਾਲ ਸੇਵਾ ਕਰ ਸਕਦੇ ਸਨ। ਇਸ ਲਈ ਉਨ੍ਹਾਂ ਨੇ ਆਪਣੇ ਹਿਤਾਂ ਤੇ ਆਪਣੀ ਪਾਰਟੀ ਜੋ ਅਜੀਬ ਹੈ, ਦੇ ਹਿਤਾਂ ਦੇ ਵਿਰੁਧ ਜਾਣ ਵਾਲੀ ਕਾਰਵਾਈ ਕੀਤੀ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਇਸ ਦਾ ਅਰਥ ਨਿਕਲਦਾ ਹੈ ਕਿ ਉਨ੍ਹਾਂ ਦੀ ਆਦਤ ਹੈ ਕਿ ਉਹ ਵਰਤਾਰਿਆਂ ਬਾਰੇ ਸੋਚਣ ਨਾਲੋਂ ਉਨ੍ਹਾਂ ਦੇ ਪਿੱਛੇ ਲੱਗ ਰਹੇ ਹਨ। ਤੇ ਉਨ੍ਹਾਂ ਦੀ ਇਹ ਵੀ ਆਦਤ ਹੈ ਕਿ ਉਹ ਭ੍ਰਿਸ਼ਟਾਚਾਰ ਦੇ ਦੋਸ਼ਾਂ ਨੂੰ ਸਰਗਰਮੀ ਨਾਲ ਢਕ ਰਹੇ ਹਨ।"

ਭਾਰਤ ਦੀ ਇਹ ਬਦਕਿਸਮਤੀ ਹੈ ਕਿ ਇਸ ਕੋਲ ਅਜਿਹਾ ਮੁਖ਼ਤਿਆਰ ਪ੍ਰਧਾਨ ਮੰਤਰੀ ਹੈ ਜੋ ਕਦੇ ਵੀ ਲੋਕਾਂ ਦੁਆਰਾ ਚੁਣਿਆ ਨਹੀਂ ਗਿਆ। ਉਨ੍ਹਾਂ ਨੇ ਇਕ ਵਾਰ ਲੋਕ ਸਭਾ ਦੀ ਚੋਣ ਲੜੀ ਸੀ ਪਰ ਹਾਰ ਗਏ ਸਨ ਅਤੇ ਫਿਰ ਰਾਜ ਸਭਾ ਦੇ ਰਾਹ ਥਾਣੀਂ ਸੰਸਦ ਮੈਂਬਰ ਬਣੇ ਸਨ। ਉਨ੍ਹਾਂ ਕੋਲ ਪਾਰਟੀ ਅੰਦਰ ਕੋਈ ਤਾਕਤ ਨਹੀਂ ਹੈ ਅਤੇ ਉਨ੍ਹਾਂ ਨੂੰ ਪਾਰਟੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਦੀ ਅਗਵਾਈ ਕਬੂਲਣੀ ਪੈਂਦੀ ਹੈ। ਤ੍ਰਾਸਦੀ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਨੂੰ ਪਾਰਟੀ ਦੇ ਅੰਦਰ ਜਾਂ ਬਾਹਰ ਬੇਇਮਾਨ ਆਗੂਆਂ ਨੂੰ ਸਰਪ੍ਰਸਤੀ ਦੇਣੀ ਪੈਂਦੀ ਹੈ। ਜਦੋਂ 2-ਜੀ ਘੁਟਾਲਾ ਸਾਹਮਣੇ ਆਇਆ ਸੀ ਤਾਂ ਉਨ੍ਹਾਂ ਵੱਲੋਂ ਜੋ ਹਾਸੋਹੀਣਾ ਬਹਾਨਾ ਲਾਇਆ ਗਿਆ, ਉਸ ਵੱਲ ਗੌਰ ਕਰੋ। ਉਨ੍ਹਾਂ ਨੇ ਬਚਾਅ ਕਰਦਿਆਂ ਇਹ ਕਿਹਾ ਕਿ ਗਠਜੋੜ ਦੀਆਂ ਮਜਬੂਰੀਆਂ ਕਰਕੇ ਉਨ੍ਹਾਂ ਨੇ ਡੀ.ਐਮ.ਕੇ. ਦਾ ਬਚਾਅ ਕੀਤਾ। ਹੁਣ ਉਹ ਤਾਮਿਲਨਾਡੂ ਵਿਚ ਉਸੇ ਪਾਰਟੀ ਲਈ ਚੋਣ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਦਾ ਦੂਰਸੰਚਾਰ ਮੰਤਰੀ ਰਿਹਾ ਏ. ਰਾਜਾ ਹੁਣ ਜੇਲ੍ਹ ਵਿਚ ਹੈ। ਉਹ ਲਾਚਾਰ ਬਣੇ ਰਾਸ਼ਟਰਮੰਡਲ ਖੇਡਾਂ ਦੇ ਪ੍ਰਬੰਧਾਂ ਵਿਚ ਹੋਏ ਭ੍ਰਿਸ਼ਟਾਚਾਰ ਅਤੇ ਇਸਰੋ-ਦੇਵਾਸ ਸੌਦੇ ਵਿਚ ਹੋਏ ਘੁਟਾਲੇ ਨੂੰ ਮੂਕ ਦਰਸ਼ਕ ਬਣ ਕੇ ਦੇਖਦੇ ਰਹੇ। ਉਨ੍ਹਾਂ ਕਾਰਵਾਈ ਉਦੋਂ ਹੀ ਕੀਤੀ ਜਦੋਂ ਉਨ੍ਹਾਂ ਨੂੰ ਅਜਿਹਾ ਕਰਨ ਲਈ ਮਜਬੂਰ ਕੀਤਾ ਗਿਆ ਅਤੇ ਕਾਰਵਾਈ ਵੀ ਅਜਿਹੀ ਜੋ ਦੋਸ਼ੀਆਂ ਦੀ ਮਦਦ ਕਰ ਸਕੇ।

# ਫਿਰਕਾਪ੍ਰਸਤੀ ਦੀਆਂ ਜੜ੍ਹਾਂ ਕਿਵੇਂ ਲੱਗੀਆਂ?



ਅਸਗਰ ਅਲੀ

*ਸਲੰਬਰ (ਰਾਜਸਥਾਨ) ਵਿਚ 10 ਮਾਰਚ 1939 ਨੂੰ ਜਨਮੇ ਕੌਮਾਂਤਰੀ ਪੱਧਰ ਦੇ ਵਿਦਵਾਨ ਅਸਗਰ ਅਲੀ ਇੰਜੀਨੀਅਰ ਦਾ ਮੁੱਖ ਕਾਰਜ ਇਸਲਾਮ ਵਿਚ 'ਲਿਬਰੇਸ਼ਨ ਥਿਓਲੌਜੀ' ਉਤੇ ਹੈ। ਭਾਰਤ ਅਤੇ ਦੱਖਣੀ ਏਸ਼ੀਆ ਵਿਚ ਫ਼ਿਰਕਾਪ੍ਰਸਤੀ ਅਤੇ ਫ਼ਿਰਕੂ ਹਿੰਸਾ ਬਾਰੇ ਉਨ੍ਹਾਂ ਨਿੱਠ ਕੇ ਕੰਮ ਕੀਤਾ ਹੈ। ਅੱਜਕੱਲ ਉਹ 'ਇੰਸਟੀਚਿਊਟ ਆਫ਼ ਇਸਲਾਮਿਕ ਸਟਡੀਜ਼' ਅਤੇ 'ਸੈਂਟਰ ਫਾਰ ਸਟਡੀ ਆਫ਼ ਸੁਸਾਇਟੀ ਐਂਡ ਸੈਕੂਲਰਿਜ਼ਮ' ਨਾਂ ਦੀਆਂ ਦੋ ਸੰਸਥਾਵਾਂ ਚਲਾ ਰਹੇ ਹਨ। ਫ਼ਿਰਕੂ ਸਦਭਾਵਨਾ ਦੇ ਉਹ ਬਹੁਤ ਵੱਡੇ ਮੱਦਾਹ ਹਨ। ਔਰਤਾਂ ਦੇ ਹਕੂਕ ਲਈ ਉਨ੍ਹਾਂ ਭਰਵੀਂ ਮੁਹਿੰਮ ਚਲਾਈ। ਉਨ੍ਹਾਂ ਦੀਆਂ ਲਿਖਤਾਂ ਵਿਚ 21ਵੀਂ ਸਦੀ ਦੇ ਸੰਸਾਰ ਵਿਚ, ਮੁਸਲਮਾਨਾਂ ਲਈ ਨਵੇਂ ਬੂਹੇ ਖੋਲ੍ਹਣ ਦੇ ਸੁੱਖ-ਸੁਨੇਹੇ ਭਰੇ ਪਏ ਹਨ। ਇਹ ਲਿਖਤਾਂ ਫ਼ਿਰਕੂ ਨਫ਼ਰਤ ਨੂੰ ਤੱਜ ਕੇ ਬੰਦੇ ਨੂੰ ਬੰਦੇ ਵਜੋਂ ਦੇਖਣ ਦਾ ਨਜ਼ਰੀਆ ਪੇਸ਼ ਕਰਦੀਆਂ ਹਨ। ਇਸ ਲੇਖ ਵਿਚ ਉਸ ਨੇ ਫ਼ਿਰਕਾਪ੍ਰਸਤੀ ਦੀ ਭਾਰਤ ਵਿਚ ਹੋਈ ਪੈਦਾਇਸ਼ ਬਾਰੇ ਪੁਣ-ਛਾਣ ਕੀਤੀ ਹੈ। -ਸੰਪਾਦਕ*

**ਅਸਗਰ ਅਲੀ ਇੰਜੀਨੀਅਰ**

ਸੰਪਰਦਾਇਕਤਾ ਗੁੰਝਲਦਾਰ ਵਰਤਾਰਾ ਹੈ। ਇਸ ਨੂੰ ਕੇਵਲ ਸਮਕਾਲੀਨ ਸਮਾਜਕ ਅਤੇ ਸਿਆਸੀ ਪ੍ਰਸੰਗਾਂ ਵਿਚ ਹੀ ਨਹੀਂ ਸਮਝਿਆ ਜਾ ਸਕਦਾ। ਇਸ ਨੂੰ ਸਮੁੱਚੇ ਰੂਪ ਵਿਚ ਸਮਝਣ ਲਈ ਸਮਾਨ ਨਜ਼ਰੀਆ ਅਪਨਾਉਣ ਦੀ ਲੋੜ ਹੈ। ਟੁਕੜਿਆਂ ਦੇ ਰੂਪ ਵਿਚ ਇਸ ਨੂੰ ਨਹੀਂ ਸਮਝਿਆ ਜਾ ਸਕਦਾ। ਫਿਰਕੂ ਤਾਕਤਾਂ ਆਪਣੇ ਅੱਜਕੱਲ੍ਹ ਦੇ ਕੀਤੇ ਕੰਮਾਂ ਨੂੰ ਜਾਇਜ਼ ਠਹਿਰਾਉਣ ਲਈ ਮੱਧ-ਕਾਲ ਵਿਚੋਂ ਜੜ੍ਹਾਂ ਲੱਭਦੀਆਂ ਹਨ ਜਿਵੇਂ ਬਾਬਰੀ ਮਸਜਿਦ 'ਤੇ ਇਸ ਆਧਾਰ ਉਤੇ ਦਾਅਵਾ ਕੀਤਾ ਗਿਆ ਕਿ ਵਿਦੇਸ਼ੀ ਹਮਲਾਵਰ ਬਾਬਰ ਨੇ ਉਸ ਸਥਾਨ 'ਤੇ ਬਣਿਆ ਰਾਮ ਜਨਮ-ਭੂਮੀ ਮੰਦਰ ਤੋੜ ਦਿੱਤਾ ਸੀ। ਫਿਰਕੂ ਤਾਕਤਾਂ ਇਹ ਵੀ ਮੰਨਦੀਆਂ ਹਨ ਕਿ ਮੁਸਲਮਾਨ ਸ਼ਾਸਨ, ਹਿੰਦੂਆਂ ਉਪਰ ਅੱਤਿਆਚਾਰ ਅਤੇ ਉਨ੍ਹਾਂ ਦੇ ਅਪਮਾਨ ਦਾ ਯੁੱਗ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਅੱਜ ਜਦੋਂ ਹਿੰਦੂਆਂ ਕੋਲ ਸਿਆਸੀ ਸੱਤਾ ਹੈ ਤਾਂ ਉਨ੍ਹਾਂ ਨੂੰ ਬਦਲਾ ਲੈਣਾ ਚਾਹੀਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਕਈ ਮੁਸਲਮਾਨ ਸ਼ਾਸਕਾਂ ਨੇ ਹਿੰਦੂਆਂ ਦੇ ਮੰਦਰ ਤੋੜ ਕੇ ਉਸ ਥਾਂ 'ਤੇ ਮਸਜਿਦਾਂ ਬਣਵਾਈਆਂ। ਜਿਨ੍ਹਾਂ ਨੇ ਵੀ ਸੁਲਤਾਨਾਂ ਅਤੇ ਮੁਗਲ ਸ਼ਾਸਕਾਂ ਖਿਲਾਫ ਵਿਦਰੋਹ ਕੀਤਾ, ਉਹ ਬਹਾਦਰ ਹਨ ਅਤੇ ਉਨ੍ਹਾਂ ਨੂੰ ਕੌਮੀ ਨਾਇਕ ਦਾ ਖਿਤਾਬ ਦਿੱਤਾ ਗਿਆ। ਇਸ ਤਰ੍ਹਾਂ ਰਾਣਾ ਸਾਂਗਾ, ਰਾਣਾ ਪ੍ਰਤਾਪ, ਸ਼ਿਵਾ ਜੀ ਅਤੇ ਉਨ੍ਹਾਂ ਵਰਗੇ ਹੋਰ ਬੰਦੇ ਇਸੇ ਸ਼੍ਰੇਣੀ ਵਿਚ ਆਉਂਦੇ ਹਨ। ਉਨ੍ਹਾਂ ਨੂੰ ਇੰਜ ਪੇਸ਼ ਨਹੀਂ ਕੀਤਾ ਗਿਆ ਕਿ ਉਹ ਆਪਣੀ ਰਾਜ ਸੱਤਾ ਲਈ ਲੜ ਰਹੇ ਸਨ, ਬਲਕਿ ਉਨ੍ਹਾਂ ਨੂੰ ਮੁਸਲਮਾਨ ਸ਼ਾਸਨ ਹੱਥੋਂ ਹਿੰਦੂਆਂ ਦੀ ਆਜ਼ਾਦੀ ਦੇ ਜੁਝਾਰੂਆਂ ਵਜੋਂ ਪੇਸ਼ ਕੀਤਾ ਗਿਆ। ਇਹ ਇਤਿਹਾਸ ਵੱਲ ਸਿੱਧਾ ਜਿਹਾ ਨਜ਼ਰੀਆ ਹੈ। ਇਸ ਨਜ਼ਰੀਏ ਅਨੁਸਾਰ, ਸ਼ਾਸਕ ਧਰਮਾਂ ਦੇ ਆਧਾਰ 'ਤੇ ਵੰਡੇ ਹੋਏ ਸਨ, ਆਪੋ-ਆਪਣੇ ਸਿਆਸੀ ਸੰਕਲਪਾਂ ਦੁਆਰਾ ਨਹੀਂ। ਇਹ ਮੰਨਿਆ ਜਾਂਦਾ ਹੈ ਕਿ ਮੁਸਲਿਮ ਸ਼ਾਸਕ ਸੁਭਾਅ ਤੋਂ ਦੁਰਾਚਾਰੀ ਸਨ ਅਤੇ ਉਨ੍ਹਾਂ ਦਾ ਧਰਮ ਉਨ੍ਹਾਂ ਨੂੰ ਕੱਟੜ, ਕਰੋਧੀ ਅਤੇ ਹਿੰਸਕ ਬਣਾਉਂਦਾ ਸੀ। ਇਸੇ ਤਰ੍ਹਾਂ ਸਾਰੇ ਹਿੰਦੂ ਸ਼ਾਸਕ ਸਹਿਣਸ਼ੀਲ ਤੇ ਦਿਆਲੂ ਸਨ ਅਤੇ ਉਹ 'ਧਰਮ' ਤੋਂ ਸੇਧ ਲੈਂਦੇ ਸਨ।

ਇਹ ਵੀ ਮੰਨਿਆ ਜਾਂਦਾ ਹੈ ਕਿ ਭਾਰਤ ਦੇ ਇਤਿਹਾਸ ਵਿਚ 'ਹਿੰਦੂ ਕਾਲ' ਸੁਨਿਹਰੀ ਯੁੱਗ ਸੀ ਅਤੇ ਇਸ ਦਾ ਪਤਨ ਮੁਸਲਮਾਨਾਂ ਦੁਆਰਾ ਸੱਤਾ ਪ੍ਰਾਪਤ ਕਰਨ ਤੋਂ ਬਾਅਦ ਸ਼ੁਰੂ ਹੋਇਆ। ਦੂਸਰੇ ਪਾਸੇ ਮੁਗਲ ਫਿਰਕਾਪ੍ਰਸਤ ਮੰਨਦੇ ਸਨ ਕਿ ਮੁਗਲ ਕਾਲ ਭਾਰਤੀ ਇਤਿਹਾਸ ਦਾ ਸੁਨਹਿਰੀ ਯੁੱਗ ਹੈ, ਮੁਗਲਾਂ ਦੇ ਆਉਣ ਤੋਂ ਪਹਿਲਾਂ ਹਨੇਰਾ ਹੀ ਸੀ ਅਤੇ ਭਾਰਤੀ ਲੋਕ ਭੈੜੇ ਤੇ ਗੰਵਾਰ ਸਨ। ਮੁਸਲਮਾਨਾਂ ਨੇ ਉਨ੍ਹਾਂ ਨੂੰ ਸਿਆਣੇ ਅਤੇ ਸੂਝਵਾਨ ਬਣਾਇਆ। ਇਸ ਸ਼੍ਰੇਣੀ ਦੇ ਮੁਸਲਮਾਨ ਇਤਿਹਾਸਕਾਰਾਂ ਨੇ ਕਾਫ਼ਿਰਾਂ ਨੂੰ ਨੀਵਾਂ ਦਿਖਾਉਣ ਲਈ ਮੁਗਲ ਸ਼ਾਸਕਾਂ ਨੂੰ ਖੂਬ ਮਾਣ-ਤਾਣ ਬਖ਼ਸ਼ਿਆ। ਇਤਿਹਾਸ ਵਿਚ 'ਸੁਨਹਿਰੀ ਯੁੱਗ' ਦੀ ਧਾਰਨਾ ਹੀ ਗ਼ਲਤ ਹੈ। ਇਤਿਹਾਸ ਦਾ ਕੋਈ ਵੀ ਕਾਲ ਹਿੰਸਾ ਅਤੇ ਵਿਰੋਧਤਾਈਆਂ ਤੋਂ ਰਹਿਤ ਨਹੀਂ ਹੁੰਦਾ, ਤੇ ਕੋਈ ਵੀ ਸ਼ਾਸਕ ਪੂਰੀ ਤਰ੍ਹਾਂ ਬੁਰਾ ਜਾਂ ਚੰਗਾ ਨਹੀਂ ਹੁੰਦਾ। ਇਸ ਦੇ ਨਾਲ ਹੀ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਕਿਸੇ ਵੀ ਸ਼ਾਸਕ ਦਾ ਵਤੀਰਾ, ਧਾਰਮਿਕ ਵਿਸ਼ਵਾਸਾਂ ਨਾਲ ਨਹੀਂ ਸਗੋਂ ਹੋਰ ਸਵਾਰਥਾਂ ਰਾਹੀਂ ਤੈਅ ਹੁੰਦਾ ਹੈ। ਇੱਥੋਂ ਤੱਕ ਕਿ ਮਹਿਮੂਦ ਗਜ਼ਨਵੀ ਅਤੇ ਔਰੰਗਜ਼ੇਬ ਵਰਗੇ ਸ਼ਾਸਕਾਂ ਨੂੰ ਵੀ ਮਹਿਜ਼ ਧਾਰਮਿਕ ਵਿਸ਼ਵਾਸਾਂ ਤੋਂ ਪ੍ਰੇਰਿਤ ਮੰਨਣਾ ਗ਼ਲਤ ਹੋਵੇਗਾ।

ਤਕਰੀਬਨ ਸਾਰੇ ਸ਼ਾਸਕ-ਹਿੰਦੂ, ਮੁਸਲਮਾਨ ਜਾਂ ਕਿਸੇ ਵੀ ਹੋਰ ਧਰਮ ਨਾਲ ਸਬੰਧ ਰੱਖਦੇ ਹੋਣ, ਉਹ ਸਭ ਤੋਂ ਪਹਿਲਾਂ ਆਪਣੇ ਸਿਆਸੀ ਹਿੱਤ ਦੇਖਦੇ ਹਨ। ਉਨ੍ਹਾਂ ਦੇ ਧਾਰਮਿਕ ਵਿਸ਼ਵਾਸ ਜਾਂ ਤਾਂ ਕੋਈ ਮਹੱਤਵ ਨਹੀਂ ਰੱਖਦੇ ਜਾਂ ਫਿਰ ਛਿਪੇ ਰਹਿੰਦੇ ਹਨ। ਅਖੀਰ ਵਿਚ ਜੋ ਗੱਲਾਂ ਉਨ੍ਹਾਂ ਦੇ ਰਵੱਈਏ ਨੂੰ ਤੈਅ ਕਰਦੀਆਂ ਹਨ, ਉਹ ਸਿਆਸੀ ਹਿੱਤ ਹੀ ਹਨ। ਸੱਚਾਈ ਇਹ ਹੈ ਕਿ ਆਮ ਕਰਕੇ ਤਾਂ ਇਕ ਸ਼ਾਸਕ ਨੇ ਦੂਜੇ ਧਰਮਾਂ ਦੇ ਸ਼ਾਸਕਾਂ ਨਾਲ ਗਠਜੋੜ ਕੀਤੇ ਬਿਨਾਂ ਸ਼ਾਸਨ ਨਹੀਂ ਕੀਤਾ। ਇਸ ਤੱਥ ਨੂੰ ਅਣਦੇਖਿਆ ਕੀਤਾ ਜਾਂਦਾ ਹੈ ਕਿ ਮੁਗਲ ਸ਼ਾਸਕਾਂ ਦਾ ਰਾਜਪੂਤਾਂ ਜਾਂ ਮਰਾਠਿਆਂ ਨਾਲ ਗਠਜੋੜ ਰਿਹਾ ਤੇ ਹਿੰਦੂ ਬਾਗ਼ੀਆਂ ਨੇ ਮੁਗਲਾਂ ਜਾਂ ਦੂਜੇ ਰਾਜ ਘਰਾਣਿਆਂ ਨੂੰ ਪਠਾਣਾਂ ਜਾਂ ਹੋਰ ਮੁਸਲਮਾਨਾਂ ਨਾਲ ਮਿਲ ਕੇ ਚੁਣੌਤੀ ਦਿੱਤੀ। ਇਸ ਤੱਥ ਨੂੰ ਵੀ ਅੱਖੋਂ-ਪਰੋਖੇ ਕੀਤਾ ਗਿਆ ਕਿ ਇਕ ਹੀ ਧਰਮ ਨਾਲ ਸਬੰਧਤ ਸ਼ਾਸਕ, ਇਕ ਦੂਜੇ ਨਾਲ ਉਸੇ ਤਰ੍ਹਾਂ ਲੜਦੇ ਸਨ ਜਿਵੇਂ ਉਹ ਵੱਖੋ-ਵੱਖਰੇ ਧਰਮਾਂ ਦੇ ਸ਼ਾਸਕ ਹੋਣ। ਬਾਬਰ ਤੇ ਇਬਰਾਹਿਮ ਲੋਧੀ ਵਿਚਕਾਰ ਅਤੇ ਸ਼ੇਰ ਸ਼ਾਹ ਸੂਰੀ ਤੇ ਹਮਾਯੂੰ ਵਿਚਕਾਰ ਯੁੱਧ ਹੋਇਆ। ਕੇਵਲ ਇੰਨਾ ਹੀ ਨਹੀਂ, ਪੁੱਤਰ ਵੱਲੋਂ ਆਪਣੇ ਪਿਤਾ ਖਿਲਾਫ਼ ਲੜਾਈ ਦੀਆਂ ਮਿਸਾਲਾਂ ਵੀ ਮਿਲਦੀਆਂ ਹਨ, ਜਿਵੇਂ ਸਲੀਮ ਆਪਣੇ ਪਿਤਾ ਅਕਬਰ ਨਾਲ ਅਤੇ ਖੁਸਰੋ ਆਪਣੇ ਪਿਤਾ ਜਹਾਂਗੀਰ ਨਾਲ ਲੜਿਆ। ਔਰੰਗਜ਼ੇਬ ਆਪਣੇ ਪਿਤਾ ਨੂੰ ਕੈਦ ਕਰਕੇ ਅਤੇ ਭਰਾਵਾਂ ਦੀ ਹੱਤਿਆ ਕਰਕੇ ਸੱਤਾ 'ਤੇ ਕਾਬਜ਼ ਹੋਇਆ। ਇਸ ਤਰ੍ਹਾਂ ਸੱਤਾ ਖ਼ਾਤਰ ਸੰਘਰਸ਼ ਦੌਰਾਨ ਧਰਮਾਂ ਤੋਂ ਹਟ ਕੇ ਵੀ ਗਠਜੋੜ ਬਣੇ।

ਇਹ ਗੱਲ ਵੀ ਕਾਫ਼ੀ ਮਸ਼ਹੂਰ ਹੈ ਕਿ ਮਹਿਮੂਦ ਗਜ਼ਨਵੀ ਦੀ ਸੈਨਾ ਵਿਚ ਹਿੰਦੂ ਵੀ ਸਨ। ਉਸ ਦਾ ਸੈਨਾਪਤੀ ਤਿਲਕ ਨਾਂ ਦਾ ਬ੍ਰਾਹਮਣ ਸੀ। ਜਦੋਂ ਉਸ ਨੇ ਸੋਮ ਨਾਥ ਦੇ ਮੰਦਿਰ 'ਤੇ ਹਮਲਾ ਕੀਤਾ ਤਾਂ ਉਸ ਦੀ ਮੁਗਲ ਸੈਨਾ ਨਾਲ ਹਿੰਦੂ ਸੈਨਾ ਵੀ ਸੀ। ਜਦੋਂ ਬਾਬਰ ਨੇ ਇਬਰਾਹਿਮ ਲੋਧੀ ਉਤੇ ਹਮਲਾ ਕੀਤਾ ਤਾਂ ਰਾਣਾ ਸਾਂਗਾ ਬਾਬਰ ਦੇ ਨਾਲ ਸੀ ਅਤੇ ਜਦੋਂ ਅਕਬਰ, ਰਾਣਾ ਪ੍ਰਤਾਪ ਵਿਰੁਧ ਲੜਿਆ ਤਾਂ ਰਾਜਾ ਮਾਨ ਸਿੰਘ ਅਕਬਰ ਵੱਲ ਸੀ ਅਤੇ ਹਾਕਮ ਖਾਨ ਸੂਰੀ ਰਾਣਾ ਪ੍ਰਤਾਪ ਵੱਲ। ਇਹ ਹਾਕਮ ਖਾਨ ਸੂਰੀ ਹੀ ਸੀ ਜੋ ਹਲਦੀ ਘਾਟੀ ਦੀ ਰੱਖਿਆ ਕਰ ਰਿਹਾ ਸੀ। ਇਸੇ ਤਰ੍ਹਾਂ ਜੈ ਸਿੰਘ ਔਰੰਗਜ਼ੇਬ ਦੀ ਸੈਨਾ ਦਾ ਸੈਨਾਪਤੀ ਸੀ। ਸ਼ਿਵਾ ਜੀ ਦੇ ਤੋਪਖਾਨੇ ਦਾ ਮੁਖੀ ਪਠਾਣ ਸੀ। ਦੋਹਾਂ ਵਰਗਾਂ ਦੇ ਫਿਰਕਾਪ੍ਰਸਤ ਲੋਕ, ਇਤਿਹਾਸ ਦੇ ਇਨ੍ਹਾਂ ਤੱਥਾਂ ਨੂੰ ਅੱਖੋਂ-ਪਰੋਖੇ ਕਰ ਦਿੰਦੇ ਹਨ।

ਦੇਖਣ ਵਾਲੀ ਇਕ ਹੋਰ ਗੱਲ ਇਹ ਵੀ ਹੈ ਕਿ ਫਿਰਕੂ ਇਤਿਹਾਸ ਰਚਨਾ ਅੰਤਰਮੁਖੀ ਨਜ਼ਰੀਏ ਨੂੰ ਲੈ ਕੇ ਚੱਲਦੀ ਹੈ। ਮਸਲਨ, ਹਿੰਦੂ ਫਿਰਕਾਪ੍ਰਸਤ ਕੁਝ ਮੁਗਲ ਸ਼ਾਸਕਾਂ ਦੁਆਰਾ ਮੰਦਰ ਤੋੜਨ ਦੀ ਮਿਸਾਲ ਦਿੰਦੇ ਹਨ ਪਰ ਹਿੰਦੂਆਂ ਅਤੇ ਬੋਧੀਆਂ ਨੇ ਇਕ-ਦੂਜੇ ਦੇ ਪੂਜਾ ਸਥਾਨ ਵੀ ਤੋੜੇ ਹਨ, ਇਸ ਬਾਰੇ ਉਹ ਚੁੱਪ ਹਨ। ਕਸ਼ਮੀਰ ਦੇ ਬੋਧੀ ਰਾਜਾ ਹਰਸ਼ ਨੇ ਹਿੰਦੂ ਮੰਦਰ ਯੋਜਨਾਬੱਧ ਤਰੀਕੇ ਨਾਲ ਤੋੜੇ ਅਤੇ ਮੂਰਤੀਆਂ ਗਲੀਆਂ ਵਿਚ ਘੜੀਸੀਆਂ। ਉਸ ਨੇ ਮੰਦਰ ਤੋੜਨ ਵਾਸਤੇ ਇਕ ਅਧਿਕਾਰੀ ਦੀ ਨਿਯੁਕਤੀ ਕੀਤੀ ਜਿਸ ਨੂੰ 'ਦੇਵ-ਪਤਨ-ਨਾਇਕ' ਕਿਹਾ ਗਿਆ। ਇਸੇ ਤਰ੍ਹਾਂ ਬਹੁਤ ਸਾਰੇ ਹਿੰਦੂ ਸ਼ਾਸਕਾਂ ਨੇ ਬੋਧੀ ਮੰਦਰ ਨਸ਼ਟ ਕੀਤੇ। ਪਾਟਲੀਪੁੱਤਰ ਦੇ ਹਿੰਦੂ ਸ਼ਾਸਕ ਨੇ ਉਸ ਬੋਧੀ ਦਰਖਤ ਨੂੰ ਹੀ ਵਢਵਾ ਦਿੱਤਾ ਜਿੱਥੇ ਮਹਾਤਮਾ ਬੁੱਧ ਨੂੰ ਗਿਆਨ ਪ੍ਰਾਪਤ ਹੋਇਆ ਸੀ ਅਤੇ ਉਸ ਥਾਂ ਹਿੰਦੂ ਮੰਦਰ ਬਣਵਾ ਦਿੱਤਾ ਸੀ। ਇਸੇ ਤਰ੍ਹਾਂ ਹਿੰਦੂ ਰਾਜਿਆਂ ਨੇ ਜੈਨ ਮੰਦਰ ਵੀ ਨਸ਼ਟ ਕੀਤੇ। ਇਹ ਵੀ ਅਣਡਿੱਠ ਕੀਤਾ ਜਾਂਦਾ ਹੈ ਕਿ ਔਰੰਗਜ਼ੇਬ ਅਤੇ ਮਹਿਮੂਦ ਗਜ਼ਨਵੀ ਵਰਗੇ ਮੁਸਲਿਮ ਸ਼ਾਸਕਾਂ ਨੇ ਮਸਜਿਦਾਂ ਵੀ ਤੁੜਵਾਈਆਂ। ਮਹਿਮੂਦ ਗਜ਼ਨਵੀ ਨੇ ਸੋਮਨਾਥ 'ਤੇ ਹਮਲਾ ਕਰਨ ਤੋਂ ਪਹਿਲਾਂ ਲਾਹੌਰ ਦੇ ਹਿੰਦੂ ਰਾਜਿਆਂ ਨਾਲ ਮਿਲ ਕੇ ਮੁਲਤਾਨ ਵਿਚ ਕਈ ਮਸਜਿਦਾਂ ਨਸ਼ਟ ਕੀਤੀਆਂ ਕਿਉਂਕਿ ਇਹ ਮੁਸਲਮਾਨਾਂ ਦੇ ਇਸਮਾਇਲੀ ਫਿਰਕੇ ਨਾਲ ਸਬੰਧਤ ਸਨ। ਔਰੰਗਜ਼ੇਬ ਨੇ ਜਦੋਂ ਗੋਲਕੁੰਡਾ ਦੇ ਆਦਿਲਸ਼ਾਹੀ ਸ਼ਾਸਕ 'ਤੇ ਹਮਲਾ ਕੀਤਾ ਤਾਂ ਉਸ ਨੇ ਵੀ ਇਕ ਮਸਜਿਦ ਤੁੜਵਾਈ। ਇਹ ਗੱਲ ਵੀ ਅਣਡਿੱਠ ਕੀਤੀ ਜਾਂਦੀ ਹੈ ਕਿ ਔਰੰਗਜ਼ੇਬ ਨੇ ਬਨਾਰਸ, ਉਜੈਨ ਆਦਿ ਮੰਦਿਰਾਂ ਨੂੰ 'ਜਾਗੀਰਾਂ' ਦਿੱਤੀਆਂ ਸਨ।

ਸੋ, ਜ਼ਾਹਿਰ ਹੈ ਕਿ ਇਸ ਕਿਸਮ ਦਾ ਇਕਤਰਫਾ ਅਤੇ ਫਿਰਕੂ ਨਜ਼ਰੀਆ ਇਤਿਹਾਸ ਨੂੰ ਨਾ ਕੇਵਲ ਤੋੜਦਾ-ਮਰੋੜਦਾ ਹੈ, ਬਲਕਿ ਧਾਰਮਿਕ ਭਾਵਨਾਵਾਂ ਨੂੰ ਵੀ ਉਕਸਾਉਂਦਾ ਹੈ। ਫਿਰਕਾਪ੍ਰਸਤ ਸਿਆਸਤਦਾਨ ਵੀ ਫਿਰਕੂ ਆਧਾਰ 'ਤੇ ਵੋਟਰਾਂ ਨੂੰ ਆਪਣੇ ਪਿੱਛੇ ਲਾਉਣ ਲਈ ਇਸ ਨੂੰ ਸ਼ਕਤੀਸ਼ਾਲੀ ਹਥਿਆਰ ਵਜੋਂ ਵਰਤਦੇ ਹਨ। ਇਹ ਗੱਲ ਜ਼ਰੂਰੀ ਹੈ ਕਿ ਇਤਿਹਾਸ ਨੂੰ ਵੀ ਦੂਜੇ ਸਮਾਜ ਵਿਗਿਆਨਾਂ ਵਾਂਗ ਵਿਗਿਆਨ ਹੀ ਮੰਨਿਆ ਜਾਵੇ ਅਤੇ ਇਸ ਨੂੰ ਸਮਝਣ ਲਈ ਵਿਗਿਆਨਕ ਪ੍ਰਣਾਲੀ ਵਿਕਸਿਤ ਕੀਤੀ ਜਾਵੇ। ਇਸ ਨੂੰ ਧਾਰਮਿਕ, ਫਿਰਕੂ ਜਾਂ ਤੰਗ-ਦਿਲ ਨਜ਼ਰੀਏ ਤੋਂ ਉਪਰ ਉਠ ਕੇ ਸਮੁੱਚਤਾ ਵਿਚ ਸਮਝਿਆ ਜਾਵੇ। ਫਿਰਕਾਪ੍ਰਸਤ ਲੋਕਾਂ ਨੂੰ ਆਪਣੇ ਸਿਆਸੀ ਹਿੱਤਾਂ ਲਈ ਇਤਿਹਾਸ ਦੀ ਤੋੜ-ਮਰੋੜ ਕਰਨ ਦੀ ਉਕਾ ਆਗਿਆ ਨਹੀਂ ਹੋਣੀ ਚਾਹੀਦੀ। ਇੱਥੇ ਇਸ ਗੱਲ 'ਤੇ ਰੋਸ਼ਨੀ ਪਾਉਣਾ ਵੀ ਮਹੱਤਵਪੂਰਨ ਹੈ ਕਿ ਫਿਰਕਾਪ੍ਰਸਤੀ ਆਧੁਨਿਕ ਵਰਤਾਰਾ ਹੈ, ਮੱਧਕਾਲੀਨ ਨਹੀਂ। ਸਾਰ ਰੂਪ ਵਜੋਂ ਇਹ ਅੰਗਰੇਜ਼ੀ ਕਾਲ ਦੀ ਪੈਦਾਵਾਰ ਹੈ। ਇਸ ਦੇ ਕਈ ਕਾਰਨ ਹਨ। ਅੰਗਰੇਜ਼ਾਂ ਨੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਪਨਾਈ ਅਤੇ ਹਿੰਦੂ-ਮੁਸਲਮਾਨਾਂ ਵਿਚ ਤਣਾਅ ਪੈਦਾ ਕੀਤਾ ਜੋ ਪਹਿਲਾਂ ਇਸ ਪੱਧਰ 'ਤੇ ਕਦੇ ਵੀ ਨਹੀਂ ਸੀ ਹੋਇਆ। ਅਸਲ ਵਿਚ ਅੰਗਰੇਜ਼ 1857 ਦੀ ਬਗ਼ਾਵਤ (ਆਜ਼ਾਦੀ ਸੰਗਰਾਮ) ਦੌਰਾਨ ਹਿੰਦੂ-ਮੁਸਲਿਮ ਏਕਤਾ ਤੋਂ ਡਰੇ ਹੋਏ ਸਨ ਜਦੋਂਕਿ ਹਿੰਦੂਆਂ ਅਤੇ ਮੁਸਲਮਾਨਾਂ ਨੇ ਬਹਾਦਰ ਸ਼ਾਹ ਜ਼ਫਰ ਨੂੰ ਆਪਣਾ ਨੇਤਾ ਐਲਾਨਿਆ ਸੀ। ਅੰਗਰੇਜ਼ਾਂ ਨੇ ਇਤਿਹਾਸ ਲਿਖਣ ਲਈ ਇਲੀਅਟ ਅਤੇ ਡਾਊਸਨ ਦੀਆਂ ਸੇਵਾਵਾਂ ਹਾਸਲ ਕੀਤੀਆਂ ਤੇ ਉਨ੍ਹਾਂ ਨੇ ਫਾਰਸੀ ਵਿਚੋਂ ਚੋਣਵੇਂ ਸਰੋਤਾਂ ਦਾ ਅਨੁਵਾਦ ਕਰਕੇ ਅਜਿਹੀ ਸਮੱਗਰੀ ਮੁਹੱਈਆ ਕਰਵਾਈ ਜਿਹੜੀ ਇਹ ਸਿੱਧ ਕਰਦੀ ਸੀ ਕਿ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਸਦੀਵੀ ਲੜਾਈ ਹੈ। ਇਨ੍ਹਾਂ ਦੋ ਅੰਗਰੇਜ਼ ਇਤਿਹਾਸਕਾਰਾਂ ਨੇ ਮੁਢਲੀ ਇਤਿਹਾਸ ਰਚਨਾ ਨੂੰ ਕਾਫ਼ੀ ਪ੍ਰਭਾਵਿਤ ਕੀਤਾ। ਅੰਗਰੇਜ਼ਾਂ ਦੁਆਰਾ ਇਤਿਹਾਸ ਦੀ ਵੰਡ 'ਹਿੰਦੂ-ਮੁਸਲਿਮ' ਅਤੇ 'ਅੰਗਰੇਜ਼ੀ' ਦੇ ਰੂਪ ਵਿਚ ਕੀਤੀ ਗਈ। ਕਾਲ-ਵੰਡ ਸ਼ੈਤਾਨੀ ਚਾਲ ਸੀ। ਅਜਿਹੀ ਕਾਲ-ਵੰਡ ਅਨੁਸਾਰ ਪਹਿਲਾਂ ਦੇ ਯੁੱਗਾਂ ਦੀ ਪਛਾਣ ਧਰਮਾਂ ਰਾਹੀਂ ਕੀਤੀ ਗਈ ਜਦੋਂ ਕਿ ਆਪਣੇ ਕਾਲ ਦੀ ਪਛਾਣ ਉਨ੍ਹਾਂ ਨੇ ਕੌਮੀਅਤ ਦੇ ਆਧਾਰ 'ਤੇ ਕੀਤੀ।

ਫਿਰਕਾਪ੍ਰਸਤੀ ਦੀ ਉਤਪਤੀ ਦਾ ਕਾਰਨ ਸਿਆਸੀ ਅਤੇ ਆਰਥਿਕ ਵਿਵਸਥਾ ਵਿਚ ਬਹੁਪੱਖੀ ਤਬਦੀਲੀ ਵੀ ਹੈ। ਬਸਤੀਵਾਦੀ ਸਿਆਸਤ ਤੇ ਅਰਥ-ਵਿਵਸਥਾ ਨੇ ਜਗੀਰੂ ਸਿਆਸਤ ਤੇ ਅਰਥ-ਵਿਵਸਥਾ ਦੀ ਥਾਂ ਲਈ। ਜਗੀਰੂ ਅਰਥ-ਵਿਵਸਥਾ ਅਤੇ ਸਿਆਸਤ, ਦੋਵੇਂ ਮੁਕਾਬਲਾ ਆਧਾਰਤ ਨਹੀਂ ਹਨ। ਜਗੀਰਦਾਰੀ ਦੌਰ ਵਿਚ ਸੱਤਾ ਤਲਵਾਰ ਦੇ ਬਲ ਹਾਸਲ ਕੀਤੀ ਜਾਂਦੀ ਸੀ, ਜਦੋਂ ਕਿ ਆਧੁਨਿਕ ਜਮਹੂਰੀ ਪ੍ਰਬੰਧ ਵਿਚ ਸੱਤਾ ਮੱਤ-ਪੇਟੀ ਵਿਚੋਂ ਪ੍ਰਾਪਤ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਜਗੀਰਦਾਰੀ ਅਰਥ-ਵਿਵਸਥਾ ਮੁਕਾਬਲਾ ਆਧਾਰਤ ਨਹੀਂ ਸੀ ਕਿਉਂਕਿ ਉਤਪਾਦਨ ਮੁੱਖ ਰੂਪ ਵਿਚ ਸਥਾਨਕ ਵਰਤੋਂ ਲਈ ਹੁੰਦਾ ਸੀ, ਆਧੁਨਿਕ ਪੂੰਜੀਵਾਦੀ ਅਰਥ-ਵਿਵਸਥਾ ਵਾਂਗ ਵਿਆਪਕ ਮੰਡੀ ਲਈ ਨਹੀਂ। ਬਸਤੀਵਾਦੀ ਸਿਆਸਤ ਅਤੇ ਅਰਥ-ਵਿਵਸਥਾ ਮੁਕਾਬਲਾ ਆਧਾਰਤ ਹਨ। ਅੰਸ਼ਕ ਰੂਪ ਵਿਚ ਇਸ ਮੁਕਾਬਲਾ ਆਧਾਰਤ ਸਿਆਸਤ ਅਤੇ ਅਰਥ-ਵਿਵਸਥਾ ਨੇ ਫਿਰਕੂ ਵਰਤਾਰੇ ਨੂੰ ਜਨਮ ਦਿੱਤਾ। ਅੰਗਰੇਜ਼ਾਂ ਨੇ ਬਹੁਤ ਜ਼ਿਆਦਾ ਕਠੋਰ ਲੋਕਤੰਤਰ-ਪ੍ਰਣਾਲੀ ਕਾਇਮ ਕੀਤੀ ਜਿਸ ਨੇ ਦੋ ਮੁੱਖ ਫਿਰਕਿਆਂ ਹਿੰਦੂ ਅਤੇ ਮੁਸਲਮਾਨਾਂ ਦੇ ਕੁਲੀਨ ਵਰਗਾਂ ਵਿਚ ਮੁਕਾਬਲੇ ਦੀ ਭਾਵਨਾ ਪੈਦਾ ਕੀਤੀ। ਇਸ ਤਰ੍ਹਾਂ 19ਵੀਂ ਸਦੀ ਦੇ 70ਵਿਆਂ ਦੇ ਸ਼ੁਰੂ ਵਿਚ ਜਦੋਂ ਅੰਗਰੇਜ਼ਾਂ ਨੇ ਸਥਾਨਕ ਸਵਰਾਜ ਬਿਲ ਪੇਸ਼ ਕੀਤਾ ਤਾਂ 19ਵੀਂ ਸਦੀ ਦੇ ਮੁਸਲਮਾਨਾਂ ਦੀ ਆਧੁਨਿਕ ਆਵਾਜ਼ ਸੱਈਅਦ ਨੇ ਇਹ ਕਹਿ ਕੇ ਇਸ ਦਾ ਵਿਰੋਧ ਕੀਤਾ ਕਿ ਲੋਕਤੰਤਰ ਭਾਰਤ ਦੇ ਅਨੁਕੂਲ ਨਹੀਂ ਹੈ ਅਤੇ ਇਹ ਭਾਰਤ ਦੇ ਦੋ ਮੁੱਖ ਫਿਰਕਿਆਂ ਵਿਚਕਾਰ ਮੁਕਾਬਲੇ ਨੂੰ ਜਨਮ ਦੇਵੇਗਾ। ਲੋਕਤੰਤਰਕ ਕੋਸ਼ਿਸ਼ਾਂ ਨੂੰ ਲਾਗੂ ਕਰਨ ਨਾਲ ਸੱਤਾ ਦੀ ਵੰਡ ਨੂੰ ਲੈ ਕੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਤਿੱਖਾ ਵਿਰੋਧ ਪੈਦਾ ਹੋਇਆ। ਮੁਸਲਿਮ ਉਚ ਵਰਗ ਨੇ ਕੁੱਝ ਨਿਸ਼ਚਿਤ ਹਿੱਸੇ ਦੀ ਮੰਗ ਕੀਤੀ ਜਿਸ ਦਾ ਹਿੰਦੂ ਕੁਲੀਨ ਵਰਗ ਨੇ ਵਿਰੋਧ ਕੀਤਾ ਅਤੇ ਇਹ ਸਵਾਲ ਦੇਸ਼ ਦੀ ਵੰਡ ਤੱਕ ਨਾ ਸੁਲਝਾਇਆ ਜਾ ਸਕਿਆ। ਇਸ ਤਰ੍ਹਾਂ ਦੋਵਾਂ ਫ਼ਿਰਕਿਆਂ ਦੇ ਉਚ ਵਰਗਾਂ ਵਿਚ ਸਿਆਸੀ ਮੁਕਾਬਲਾ ਵਧ ਗਿਆ ਅਤੇ ਇਸ ਨੇ ਵੀ ਫਿਰਕਾਪ੍ਰਸਤੀ ਨੂੰ ਹਵਾ ਦਿੱਤੀ।



ਗੁਜਰਾਤ ਵਿਚ ਸੋਮਨਾਥ ਮੰਦਰ ਦੇ ਖੰਡਰਾਤ

ਇਸੇ ਤਰ੍ਹਾਂ ਅੰਗਰੇਜ਼ੀ ਸ਼ਾਸਨ ਵਿਚ ਨੌਕਰੀ ਪ੍ਰਾਪਤ ਕਰਨ ਦੀ ਦੌੜ ਨੇ ਵੀ ਮਜ਼ਹਬੀ ਭਾਵਨਾਵਾਂ ਨੂੰ ਹੋਰ ਅੱਗੇ ਵਧਾਇਆ। ਅੰਗਰੇਜ਼ੀ ਸ਼ਾਸਕਾਂ ਨੇ ਪ੍ਰਸ਼ਾਸਨ ਦੇ ਉਚ ਪੱਧਰਾਂ 'ਤੇ ਅੰਗਰੇਜ਼ੀ ਭਾਸ਼ਾ ਲਾਗੂ ਕਰਕੇ ਅਤੇ ਜ਼ਿਲ੍ਹਾ ਪੱਧਰ 'ਤੇ ਫਾਰਸੀ ਲਿਪੀ ਵਿਚ ਲਿਖੀ ਗਈ ਉਰਦੂ ਜਾਂ ਦੇਵਨਾਗਰੀ ਲਿੱਪੀ ਵਿਚ ਹਿੰਦੀ ਨੂੰ ਲਾਗੂ ਕਰਕੇ ਫਾਰਸੀ ਹਟਾ ਦਿੱਤੀ। ਉਤਰ ਪ੍ਰਦੇਸ਼ ਦੇ ਗਵਰਨਰ ਦੇ ਸੂਚਨਾ ਪੱਤਰ ਨੇ ਜ਼ਿਲ੍ਹਾ ਪੱਧਰ ਦੀ ਸਰਕਾਰੀ ਨੌਕਰੀ ਲਈ ਚਾਹਵਾਨਾਂ ਲਈ ਦੇਵਨਾਗਰੀ ਲਿਪੀ ਵਿਚ ਹਿੰਦੀ ਅਤੇ ਫਾਰਸੀ ਲਿਪੀ ਵਿਚ ਉਰਦੂ ਭਾਸ਼ਾ ਦਾ ਗਿਆਨ ਜ਼ਰੂਰੀ ਕਰ ਦਿੱਤਾ ਗਿਆ। ਇਸ ਨੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਖਿੱਚੋਤਾਣ ਪੈਦਾ ਕੀਤੀ। ਹਿੰਦੂਆਂ ਨੇ ਕਿਹਾ ਕਿ ਦੇਵਨਾਗਰੀ ਲਿਪੀ ਵਿਚ ਲਿਖੀ ਹੋਈ ਹਿੰਦੀ, ਪ੍ਰਸ਼ਾਸਨ ਦੀ ਭਾਸ਼ਾ ਹੋਣੀ ਚਾਹੀਦੀ ਹੈ। ਦੂਜੇ ਬੰਨ੍ਹੇ, ਮੁਸਲਮਾਨਾਂ ਦਾ ਕਹਿਣਾ ਸੀ ਕਿ ਫਾਰਸੀ ਲਿਪੀ ਵਿਚ ਲਿਖੀ ਹੋਈ ਉਰਦੂ ਭਾਸ਼ਾ ਇਹ ਸਥਾਨ ਲਵੇ। ਇਸ ਤਰ੍ਹਾਂ ਨੌਕਰੀ ਪ੍ਰਾਪਤ ਕਰਨ ਦੇ ਮਾਧਿਅਮ ਦੇ ਰੂਪ ਵਿਚ ਭਾਸ਼ਾ ਨੇ ਹਿੰਦੂ ਅਤੇ ਮੁਸਲਿਮ ਉਚ ਵਰਗ ਵਿਚ ਵਖਰੇਵਾਂ ਪੈਦਾ ਕੀਤਾ। ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਫਿਰਕਾਪ੍ਰਸਤੀ, ਧਾਰਮਿਕ ਵਰਤਾਰਾ ਜਾਂ ਰਵੱਈਆ ਨਹੀਂ ਹੈ ਬਲਕਿ ਇਹ ਇਕ ਧਰਮ ਨੂੰ ਮੰਨਣ ਵਾਲੇ ਸਮੂਹ ਦੇ ਹਿੱਤਾਂ ਨਾਲ ਜੁੜੀ ਹੈ। ਇਸ ਵਿਚ ਧਾਰਮਿਕ ਮੱਤਾਂ ਦੇ ਸਵਾਲ 'ਤੇ ਕੋਈ ਵਿਰੋਧ ਨਹੀਂ ਹੁੰਦਾ ਬਲਕਿ ਸੰਸਾਰਿਕ ਹਿੱਤਾਂ ਦਾ ਆਪਸੀ ਵਿਰੋਧ ਜੁੜਿਆ ਹੁੰਦਾ ਹੈ। ਅਕਸਰ ਉਚ-ਵਰਗ, ਧਰਮ ਨੂੰ ਕੇਵਲ ਆਸਥਾ ਜਾਂ ਵਿਸ਼ਵਾਸ ਲਈ ਨਹੀਂ ਸਗੋਂ ਆਪਣੀ ਸਥਾਪਤੀ ਦੀ ਜਾਇਜ਼ਤਾ ਵਜੋਂ ਲੈਂਦਾ ਹੈ।

19ਵੀਂ ਸਦੀ ਤੋਂ ਹੀ ਫਿਰਕਾਪ੍ਰਸਤੀ ਦੀ ਉਤਪਤੀ, ਪੜ੍ਹੇ-ਲਿਖੇ ਮੱਧ ਵਰਗ ਦੇ ਹਿੱਤਾਂ ਦੇ ਆਪਸੀ ਵਿਰੋਧ ਵਿਚੋਂ ਹੋਈ ਹੈ, ਆਮ ਜਨਤਾ ਦੇ ਵਿਰੋਧ ਵਿਚੋਂ ਨਹੀਂ। ਇਹ ਗੱਲ ਵੀ ਧਿਆਨ ਦੇਣ ਵਾਲੀ ਹੈ ਕਿ ਸਰ ਸੱਈਅਦ ਅਹਿਮਦ ਖਾਨ ਨੇ ਉਚ ਵਰਗ ਦੇ ਮੁਸਲਿਮ ਲੋਕਾਂ ਦੇ ਹਿੱਤਾਂ ਦੀ ਅਗਵਾਈ ਕੀਤੀ ਅਤੇ ਆਮ ਮੁਸਲਮਾਨ ਲੋਕਾਂ ਦੇ ਹਿੱਤਾਂ ਤੋਂ ਉਹ ਪਰ੍ਹੇ ਰਹੇ। ਮੌਲਾਨਾ ਕਾਸਿਮ ਅਹਿਮਦ ਨਨਤੋਵੀ ਅਤੇ ਕਈ ਰੂੜੀਵਾਦੀ 'ਉਲੇਮਾ' ਨੇ ਪੂਰੀ ਤਰ੍ਹਾਂ ਨਾਲ, ਬਿਨਾ ਕਿਸੇ ਸਮਝੌਤੇ ਦੇ ਅੰਗਰੇਜ਼ੀ ਰਾਜ ਦਾ ਵਿਰੋਧ ਕੀਤਾ ਕਿਉਂਕਿ ਇੰਗਲੈਂਡ ਵਿਚ ਪੈਦਾ ਕੀਤੀਆਂ ਗਈਆਂ ਵਸਤੂਆਂ ਨੇ ਇਥੋਂ ਦੇ ਆਮ ਮੁਸਲਮਾਨਾਂ ਨੂੰ ਦਫਨ ਕਰ ਦਿੱਤਾ ਸੀ ਅਤੇ 'ਉਲੇਮਾ' ਨੂੰ ਉਨ੍ਹਾਂ ਸ਼ਕਤੀਆਂ ਤੋਂ ਵਾਂਝੇ ਕਰ ਦਿੱਤਾ ਸੀ ਜੋ ਮੁਸਲਿਮ ਸ਼ਾਸਕਾਂ ਨੇ ਉਨ੍ਹਾਂ ਨੂੰ ਸ਼ਰੀਅਤ ਅਦਾਲਤ ਵਜੋਂ ਦਿੱਤੀਆਂ ਸਨ। 1885 ਵਿਚ ਜਦੋਂ ਭਾਰਤੀ ਰਾਸ਼ਟਰੀ ਕਾਂਗਰਸ ਬਣੀ ਤਾਂ ਸਰ ਸੱਈਅਦ ਅਹਿਮਦ ਖਾਨ ਨੇ ਮੁਸਲਮਾਨਾਂ ਨੂੰ ਇਸ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਜਦੋਂ ਕਿ ਕਾਸਿਮ ਅਹਿਮਦ ਨਨੋਤਵੀ ਦੀ ਅਗਵਾਈ ਵਿਚ ਰੂੜੀਵਾਦੀ ਉਲੇਮਾ ਨੇ ਇਸ ਵਿਚ ਸ਼ਾਮਲ ਹੋਣ ਦੀ ਸਲਾਹ ਦਿੱਤੀ ਅਤੇ ਹਿੰਦੂ ਭਰਾਵਾਂ ਨਾਲ ਮਿਲ ਕੇ ਅੰਗਰੇਜ਼ੀ ਸ਼ਾਸਨ ਖ਼ਿਲਾਫ ਲੜਨ ਲਈ ਪ੍ਰੇਰਿਆ।

ਇੰਨਾ ਹੀ ਨਹੀਂ, ਮੌਲਾਨਾ ਨਨੋਤਵੀ ਨੇ ਇਸ ਵਿਸ਼ੇ ਵਿਚ ਵੱਖ-ਵੱਖ ਉਲੇਮਾ ਤੋਂ ਤਕਰੀਬਨ 100 ਫਤਵੇ ਇਕੱਠੇ ਕੀਤੇ ਅਤੇ 'ਨੁਸਰਤ-ਅਲ-ਅਹਿਰਾਰ' (ਅੰਗਰੇਜ਼ੀ ਰਾਜ ਤੋਂ ਮੁਕਤੀ ਵਾਸਤੇ ਲੜਨ ਵਾਲਿਆਂ ਲਈ) ਨਾਮਕ ਪੁਸਤਕ ਛਪਵਾਈ। ਇਹ ਫਤਵੇ ਕਹਿੰਦੇ ਸਨ ਕਿ ਅੰਗਰੇਜ਼ੀ ਰਾਜ ਵਿਰੁਧ ਜਹਾਦ ਛੇੜ ਦੇਣਾ ਚਾਹੀਦਾ ਹੈ। ਸਰ ਸਈਅਦ ਅਹਿਮਦ ਵਰਗੇ ਅਧੁਨਿਕ ਅਤੇ ਮੌਲਾਨਾ ਨਨੋਤਵੀ ਵਰਗੇ ਰੂੜੀਵਾਦੀ ਦਾ ਆਪਸੀ ਵਿਰੋਧੀ ਰਵੱਈਆ ਇਹ ਦਰਸਾਉਂਦਾ ਹੈ ਕਿ ਫਿਰਕਾਪ੍ਰਸਤੀ ਵਿਚ ਧਾਰਮਿਕ ਵਿਰੋਧ ਨਹੀਂ ਬਲਕਿ ਹਿੱਤਾਂ ਦਾ ਵਿਰੋਧ ਹੁੰਦਾ ਹੈ। ਰੂੜੀਵਾਦੀ ਉਲੇਮਾ ਆਪਣੇ ਹਿੱਤਾਂ ਲਈ ਅੰਗਰੇਜ਼ੀ ਰਾਜ ਵਿਰੁਧ ਹਿੰਦੂਆਂ ਨਾਲ ਭਾਈਚਾਰਾ ਕਾਇਮ ਕਰ ਰਹੇ ਸਨ; ਦੂਜੇ ਪਾਸੇ, ਹਿੰਦੂ ਅਤੇ ਮੁਸਲਿਮ ਉਚ ਵਰਗ ਹਿੱਤਾਂ ਦੇ ਲਈ ਆਪਸ ਵਿਚ ਲੜ ਰਿਹਾ ਸੀ। 'ਧਰਮ-ਨਿਰਪੱਖਤਾ' ਅਤੇ 'ਰਾਸ਼ਟਰਵਾਦ' ਵਰਗੀ ਆਧੁਨਿਕ ਸ਼ਬਦਾਵਲੀ ਨੇ ਸਾਧਾਰਨ ਭਾਰਤੀ ਜਨਤਾ ਨੂੰ ਭਰਮਾਇਆ ਨਹੀਂ। ਇਹ ਸ਼ਬਦਾਵਲੀ ਕੇਵਲ ਉਚ ਪੜ੍ਹੇ-ਲਿਖੇ ਵਰਗ ਤੱਕ ਹੀ ਸੀਮਤ ਸੀ। ਆਮ ਜਨਤਾ ਲਈ ਇਸ ਵੱਲ ਕੋਈ ਉਤਸ਼ਾਹ ਨਹੀਂ ਸੀ। ਇਸ ਲਈ ਉਲੇਮਾ ਅਤੇ ਤਿਲਕ ਵਰਗੇ ਬੰਦਿਆਂ ਨੇ ਭਾਰਤੀ ਜਨਤਾ ਨੂੰ ਅੰਗਰੇਜ਼ੀ ਰਾਜ ਵਿਰੋਧੀ ਸੰਘਰਸ਼ ਵਿਚ ਸ਼ਾਮਲ ਕਰਨ ਲਈ ਧਰਮ ਦਾ ਸਹਾਰਾ ਲਿਆ। ਇਸ ਨੇ 19ਵੀਂ ਸਦੀ ਦੀ ਉਦਾਰਵਾਦੀ ਰਾਜਨੀਤੀ ਵਿਚ ਧਰਮ ਨੂੰ ਸ਼ਾਮਲ ਕੀਤਾ, ਸ਼ਾਇਦ ਇਸ ਤੋਂ ਇਲਾਵਾ ਕੋਈ ਹੋਰ ਰਾਹ ਵੀ ਨਹੀਂ ਸੀ।

ਅਸਲ ਵਿਚ ਇਹ ਸਮੇਂ ਦੀ ਮੰਗ ਸੀ ਪਰ ਇਹ ਧਿਆਨ ਰੱਖਣਾ ਵੀ ਮਹੱਤਵਪੂਰਨ ਹੈ ਕਿ ਸੁਤੰਤਰਤਾ ਅੰਦੋਲਨ ਨਾਲ ਧਰਮ ਨੂੰ ਜੋੜਨ ਦੀ ਯੋਜਨਾ ਨੇ ਸਾਡੀ ਸਿਆਸਤ ਦਾ ਉਨਾ ਮਜ਼ਹਬੀਕਰਨ ਨਹੀਂ ਕੀਤਾ, ਜਿੰਨਾ ਦੋ ਫਿਰਕਿਆਂ ਦੇ ਉਚ ਵਰਗ ਦੇ ਹਿੱਤਾਂ ਨੇ। ਇਹ ਅਜੀਬ ਅੰਤਰਵਿਰੋਧ ਹੈ ਕਿ ਸਿੱਖਿਅਤ ਉਚ ਵਰਗ, ਜਿਸ ਨੇ ਧਰਮ ਨੂੰ ਸਿਆਸਤ ਨਾਲ ਮਿਲਾਉਣ ਦਾ ਵਿਰੋਧ ਕੀਤਾ, ਉਹੀ ਸਾਡੀ ਸਿਆਸਤ ਦੇ ਮਜ਼ਹਬੀਕਰਨ ਲਈ ਜ਼ਿੰਮੇਵਾਰ ਹਨ।

# ਪੰਜਾਬੀ ਰੇਡੀਓ ਯੂ ਐਸ ਏ ਵਲੋਂ ਰੇਡੀਓ ਚੜ੍ਹਦੀ ਕਲਾ ਨੂੰ ਨੋਟਿਸ

**ਸੈਨ ਹੋਜੇ (ਬਿਊਰੋ):** ਪੰਜਾਬੀ ਰੇਡੀਓ ਯੂ ਐਸ ਏ ਨੇ ਰੇਡੀਓ ਚੜ੍ਹਦੀ ਕਲਾ ਉਪਰ ਰੇਡੀਓ ਗੀਤ ਸੰਗੀਤ ਦਾ ਨਾਂ ਆਪਣੇ ਇਸ਼ਤਿਹਾਰਾਂ ਅਤੇ ਪ੍ਰੈਸ ਬਿਆਨਾਂ ਵਿਚ ਅਣਅਧਿਕਾਰਤ ਤੌਰ ਤੇ ਵਰਤਣ ਦਾ ਦੋਸ਼ ਲਾਉਂਦਿਆਂ ਰੇਡੀਓ ਚੜ੍ਹਦੀ ਕਲਾ ਨੂੰ ਆਪਣੇ ਵਕੀਲ ਪਾਲ ਅਵੀਲਾ ਤੋਂ ਕਾਨੂੰਨੀ ਨੋਟਿਸ ਭਿਜਵਾਇਆ ਹੈ। ਇਸ ਨੋਟਿਸ ਵਿਚ ਦੋਸ਼ ਲਾਇਆ ਗਿਆ ਹੈ ਕਿ ਰੇਡੀਓ ਚੜ੍ਹਦੀ ਕਲਾ ਵਲੋਂ ਰੇਡੀਓ ਗੀਤ ਸੰਗੀਤ ਦੇ ਸਰੋਤਿਆਂ ਨੂੰ ਇਹ ਆਖ ਕੇ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਉਹ ਰੇਡੀਓ ਚੜ੍ਹਦੀ ਕਲਾ ਉਨ੍ਹਾਂ ਹੀ ਰੇਡੀਓ ਸੈਟਾਂ ਰਾਹੀਂ ਸੁਣ ਸਕਦੇ ਹਨ ਜਿਨ੍ਹਾਂ ਰਾਹੀਂ ਕਿ ਉਹ ਰੇਡੀਓ ਗੀਤ ਸੰਗੀਤ ਦੇ ਪ੍ਰੋਗਰਾਮ ਸੁਣਦੇ ਆਏ ਹਨ।

ਪੰਜਾਬੀ ਰੇਡੀਓ ਯੂ ਐਸ ਏ ਦਾ ਦਾਅਵਾ ਹੈ ਕਿ ਰੇਡੀਓ ਗੀਤ ਸੰਗੀਤ ਦਾ ਟਰੇਡ ਨਾਂ ਪੂਰਨ ਤੌਰ 'ਤੇ ਉਸ ਦੀ ਮਲਕੀਅਤ ਹੈ ਅਤੇ ਇਸ ਨੇ ਕਦੀ ਵੀ ਰੇਡੀਓ ਚੜ੍ਹਦੀ ਕਲਾ ਨੂੰ ਰੇਡੀਓ ਗੀਤ ਸੰਗੀਤ ਦਾ ਨਾਂ ਆਪਣੇ ਇਸ਼ਤਿਹਾਰਾਂ ਜਾਂ ਹੋਰ ਐਲਾਨਾਂ ਵਿਚ ਵਰਤਣ ਦੀ ਇਜਾਜ਼ਤ ਨਹੀਂ ਦਿੱਤੀ ਅਤੇ ਅਜਿਹਾ ਕਰਨਾ ਕੈਲੀਫੋਰਨੀਆ ਦੇ ਕਾਨੂੰਨ ਤਹਿਤ ਗੈਰ ਕਾਨੂੰਨੀ ਹੈ। ਪੰਜਾਬੀ ਰੇਡੀਓ ਨੇ ਰੇਡੀਓ ਚੜ੍ਹਦੀ ਕਲਾ ਨੂੰ ਭਵਿੱਖ ਵਿਚ ਆਪਣੇ ਕਿਸੇ ਵੀ ਇਸ਼ਤਿਹਾਰ ਜਾਂ ਐਲਾਨ ਵਿਚ ਰੇਡੀਓ ਗੀਤ ਸੰਗੀਤ ਦਾ ਨਾਂ ਵਰਤਣ ਤੋਂ ਬਾਜ ਆਉਣ ਲਈ ਕਿਹਾ ਹੈ। ਜੇ ਇੰਜ ਕਰਨ ਤੋਂ ਗੁਰੇਜ ਨਾ ਕੀਤਾ ਗਿਆ ਤਾਂ ਫੌਰੀ ਤੌਰ 'ਤੇ ਹਰਜਾਨੇ ਲਈ ਕਾਨੂੰਨੀ ਕਾਰਵਾਈ ਕੀਤੀ ਜਾਏਗੀ।

ਪੰਜਾਬੀ ਰੇਡੀਓ ਨੇ ਇਹ ਵੀ ਕਿਹਾ ਹੈ ਕਿ ਯੂਬਾ ਸਿਟੀ ਦੇ ਸਟੇਸ਼ਨ ਕੇ ਕੇ ਸੀ ਵਾਈ ਵਲੋਂ ਪੰਜਾਬੀ ਰੇਡੀਓ ਯੂ ਐਸ ਏ ਦੇ ਪ੍ਰਸਾਰਣ ਹੱਕ ਗਲਤ ਤਰੀਕੇ ਨਾਲ ਮਨਸੂਖ ਕੀਤੇ ਗਏ ਹਨ। ਇਸ ਦਾ ਇਹ ਵੀ ਵਿਸ਼ਵਾਸ ਹੈ ਕਿ ਸਟੇਸ਼ਨ ਵਲੋਂ ਪੰਜਾਬੀ ਰੇਡੀਓ ਯੂ ਐਸ ਏ ਦੀ ਮਾਲਕੀ ਵਾਲੇ 67 ਕਿਲੋ ਹਰਟਜ਼ ਚੈਨਲ ਦੀ ਰੇਡੀਓ ਚੜ੍ਹਦੀ ਕਲਾ ਦੇ ਪ੍ਰੋਗਰਾਮ ਪ੍ਰਸਾਰਤ ਕਰਨ ਲਈ ਵਰਤੋਂ ਕੀਤੀ ਜਾ ਰਹੀ ਹੈ। ਰੇਡੀਓ ਸਟੇਸ਼ਨ ਕੇ ਕੇ ਸੀ ਵਾਈ ਨੂੰ ਅਜਿਹੀ ਵਰਤੋਂ ਤੋਂ ਬਾਜ ਆਉਣ ਲਈ ਕਿਹਾ ਗਿਆ ਹੈ।

ਇਸੇ ਦੌਰਾਨ ਰੇਡੀਓ ਚੜ੍ਹਦੀ ਕਲਾ ਦੇ ਇਕ ਬੁਲਾਰੇ ਸ. ਗੁਰਚਰਨ ਸਿੰਘ ਮਾਨ ਨੇ ਇਸ ਕਾਨੂੰਨੀ ਨੋਟਿਸ ਉਤੇ ਪ੍ਰਤੀਕਰਮ ਦਿੰਦਿਆਂ ਕਿਹਾ ਹੈ ਕਿ ਇਹ ਦੋਸ਼ ਗਲਤ ਹੈ ਕਿ ਰੇਡੀਓ ਚੜ੍ਹਦੀ ਕਲਾ ਵਲੋਂ ਰੇਡੀਓ ਗੀਤ ਸੰਗੀਤ ਦੇ ਸਰੋਤੇ ਆਪਣੇ ਵਲ ਖਿਚਣ ਲਈ ਰੇਡੀਓ ਗੀਤ ਸੰਗੀਤ ਦੇ ਨਾਂ ਦੀ ਵਰਤੋਂ ਕੀਤੀ ਗਈ ਹੈ। ਪੰਜਾਬ ਟਾਈਮਜ਼ ਨੂੰ ਭੇਜੇ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਅਸੀਂ ਤਾਂ ਸਿਰਫ ਇਹ ਹੀ ਕਿਹਾ ਹੈ ਕਿ ਯੂਬਾ ਸਿਟੀ ਵਿਚ ਜਿਨ੍ਹਾਂ ਲੋਕਾਂ ਕੋਲ ਬੰਦ ਹੋ ਚੁਕੇ ਰੇਡੀਓ ਗੀਤ ਸੰਗੀਤ ਵਾਲੇ ਪੁਰਾਣੇ ਰੇਡੀਓ ਸੈਟ ਪਏ ਹਨ, ਉਨ੍ਹਾਂ ਉਤੇ ਰੇਡੀਓ ਚੜ੍ਹਦੀ ਕਲਾ ਸੁਣਿਆ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਨਵੇਂ ਰੇਡੀਓ ਸੈਟ ਖਰੀਦਣ ਦੀ ਲੋੜ ਨਹੀਂ। ਇਸ ਵਿਚ ਕੋਈ ਸ਼ਕ ਨਹੀਂ ਕਿ ਇਹ ਰੇਡੀਓ ਸੈਟ ਰੇਡੀਓ ਗੀਤ ਸੰਗੀਤ ਦੀ ਨਹੀਂ ਸਗੋਂ ਉਨ੍ਹਾਂ ਲੋਕਾਂ ਦੀ ਮਾਲਕੀ ਹੈ ਜਿਨ੍ਹਾਂ ਨੇ ਪੈਸੇ ਖਰਚ ਕੇ ਇਹ ਸੈਟ ਖਰੀਦੇ ਹਨ। ਉਨ੍ਹਾਂ ਕਿਹਾ ਕਿ ਕੇ ਕੇ ਸੀ ਵਾਈ 103.1 ਐਫ ਐਮ ਐਸ ਸੀ ਏ 67 ਕਿਲੋ ਹਰਟਜ਼ ਚੈਨਲ ਦੀ ਲੀਜ਼ ਰੇਡੀਓ ਚੜ੍ਹਦੀ ਕਲਾ ਨਾਲ ਸਹੀਬੰਦ ਹੋ ਚੁਕੀ ਹੈ। ਰੇਡੀਓ ਚੜ੍ਹਦੀ ਕਲਾ ਨੂੰ ਕਿਸੇ ਦੇ ਉਘ ਦੀ ਪਤਾਲ ਮਾਰਨ ਨਾਲ ਕੋਈ ਫਰਕ ਨਹੀਂ ਪੈਂਦਾ। ਬਥੇਰੇ ਰੇਡੀਓ ਚੈਨਲ ਚਲਦੇ ਹਨ ਪਰ ਲੋਕ ਸੁਣਦੇ ਉਨ੍ਹਾਂ ਨੂੰ ਹੀ ਹਨ ਜਿਥੇ ਉਨ੍ਹਾਂ ਦੀ ਦਿਲਚਸਪੀ ਹੋਵੇ ਅਤੇ ਪ੍ਰੋਗਰਾਮ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਹੋਵੇ।

# ਪੰਜਾਬੀ ਰੇਡੀਓ ਯੂਐਸਏ ਦਾ 'ਪਗੜੀ ਜਾਗਰੂਕਤਾ ਮੁਕਾਬਲਾ' ਸੁਖਦੀਪ ਸਿੰਘ ਭਿੰਡਰ ਨੇ ਜਿੱਤਿਆ

**ਸੈਨ ਹੋਜ਼ੇ (ਬਿਊਰੋ):** ਪੰਜਾਬੀ ਰੇਡੀਓ ਯੂਐਸਏ ਵਲੋਂ ਕਰਵਾਏ ਗਏ 'ਟਰਬਨ ਅਵੇਅਰਨੈਸ ਕੰਟੈਸਟ' ਵਿਚ ਦੁਨੀਆਂ ਭਰ ਤੋਂ 130 ਤੋਂ ਵੱਧ ਦਸਤਾਰਧਾਰੀ ਮੁੰਡਿਆਂ ਨੇ ਹਿੱਸਾ ਲਿਆ ਅਤੇ ਲਾਸ ਵੇਗਸ ਤੋਂ ਸੁਖਦੀਪ ਸਿੰਘ ਭਿੰਡਰ ਜੇਤੂ ਰਿਹਾ ਜਦੋਂਕਿ ਕੈਲੇਫ਼ੋਰਨੀਆ ਦੇ ਸੁਮਨਦੀਪ ਸਿੰਘ ਸਰਾਂ ਨੇ ਦੂਜਾ ਸਥਾਨ ਹਾਸਲ ਕੀਤਾ ਅਤੇ ਤੀਜੀ ਪੁਜ਼ੀਸ਼ਨ ਟੋਰਾਂਟੋ ਸ਼ਹਿਰ ਦੇ ਬਿਕਰਮ ਸਿੰਘ ਦੀ ਰਹੀ।

ਰੇਡੀਓ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਮੁਕਾਬਲੇ, ਪੱਗ ਬਾਰੇ ਜਾਗਰੂਕਤਾ ਫੈਲਾਉਣ ਦੇ ਮਕਸਦ ਨਾਲ ਸ਼ੁਰੂ ਕੀਤਾ ਗਿਆ ਸੀ, ਨੂੰ ਇੰਨਾ ਹੁੰਗਾਰਾ ਮਿਲਿਆ ਕਿ ਪੰਜਾਬੀ ਰੇਡੀਓ ਦੇ ਸਰੋਤਿਆਂ ਦੀ ਗਿਣਤੀ ਕੁਝ ਸਮੇਂ ਵਿਚ ਹੀ ਦੁੱਗਣੀ-ਚੌਗੁਣੀ ਹੋ ਗਈ। ਬਹੁਤ ਛੇਤੀ ਹੀ ਫ਼ੇਸਬੁੱਕ 'ਤੇ ਵੀ ਪੰਜਾਬੀ ਰੇਡੀਓ ਦੇ ਪ੍ਰਸ਼ੰਸਕਾਂ ਦੀ ਗਿਣਤੀ 50,000 ਨੂੰ ਛੂਹ ਜਾਵੇਗੀ।

ਦੂਜੇ ਪਾਸੇ, ਵਿਸਾਖੀ ਦੀ ਕਵਰੇਜ ਸ੍ਰੀ ਨਨਕਾਣਾ ਸਾਹਿਬ ਤੋਂ ਲਾਈਵ ਦੇ ਕੇ ਵੀ ਪੰਜਾਬੀ ਰੇਡੀਓ ਯੂਐਸਏ ਨੇ ਚੋਖੀ ਵਾਹ-ਵਾਹ ਖੱਟੀ ਹੈ। ਪੰਜਾਬੀ ਰੇਡੀਓ ਯੂਐਸਏ ਦੇ ਸਰੋਤਿਆਂ ਦਾ ਸਭ ਤੋਂ ਵੱਧ ਹਰਮਨ ਪਿਆਰਾ ਹੋਸਟ ਮਸੂਦ ਮੱਲ੍ਹੀ ਜਦੋਂ ਅੱਲ੍ਹਾ ਵਾਹਿਗੁਰੂ ਦਾ ਨਾਂ ਲੈ ਕੇ ਆਪਣੀਆਂ ਮਿੱਠੀਆਂ ਮਿੱਠੀਆਂ ਗੱਲਾਂ ਦਾ ਰਸ ਸਰੋਤਿਆਂ ਦੇ ਕੰਨਾਂ ਵਿਚ ਘੋਲਦਾ ਹੈ ਤਾਂ ਸਰੋਤੇ ਆਪਣੇ ਸਾਰੇ ਕੰਮ-ਕਾਰ ਛੱਡ ਕੇ ਉਸ ਨੂੰ ਸੁਣਨ 'ਤੇ ਮਜਬੂਰ ਹੋ ਜਾਂਦੇ ਨੇ । ਉਨ੍ਹਾਂ ਦੀ ਬੇਗਮ ਪਰਵੀਨ ਮੱਲ੍ਹੀ ਉਨ੍ਹਾਂ ਦਾ ਸਾਥ ਇੰਨਾ ਬਾਖ਼ੂਬੀ ਨਿਭਾਉਂਦੇ ਨੇ, ਕਿ ਬਿਲਕੁਲ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਵਿਸਾਖੀ ਵਾਲੇ ਪੂਰੇ ਹਫ਼ਤੇ ਦੌਰਾਨ ਮਸੂਦ ਮੱਲ੍ਹੀ ਨਨਕਾਣਾ ਸਾਹਿਬ ਗੁਰੂਘਰ ਤੋਂ ਗੁਰਬਾਣੀ ਸਰਵਣ ਕਰਵਾਉਂਦੇ ਰਹੇ। ਪੰਜਾਬੀ ਮੀਡੀਆ ਦੇ ਇਤਿਹਾਸ ਵਿਚ ਇਹ ਸਿਰਫ਼ ਦੂਜੀ ਵਾਰ ਸੀ ਕਿ ਨਨਕਾਣਾ ਸਾਹਿਬ ਤੋਂ ਸਿੱਧਾ ਪ੍ਰਸਾਰਣ ਕੀਤਾ ਗਿਆ ਹੋਵੇ ਅਤੇ ਪਹਿਲੀ ਵਾਰ ਵੀ ਇਹ ਪ੍ਰਸਾਰਣ ਕਰਨ ਦਾ ਮਾਣ ਪੰਜਾਬੀ ਰੇਡੀਓ ਯੂਐਸਏ ਕੋਲ ਹੀ ਹੈ।

ਇਸ ਦੇ ਨਾਲ-ਨਾਲ ਗ਼ਦਰੀ ਬਾਬਿਆਂ ਦੇ ਇਤਿਹਾਸਕ ਗੁਰੂਘਰ ਸਟਾਕਟਨ ਤੋਂ ਵੀ ਪਹਿਲੀ ਤੋਂ 17 ਅਪਰੈਲ ਤਕ ਸਿੱਧਾ ਪ੍ਰਸਾਰਣ ਕੀਤਾ ਗਿਆ। ਇਨ੍ਹਾਂ ਸਾਰੇ ਦਿਨਾਂ ਦੌਰਾਨ ਗਿਆਨੀ ਪਿੰਦਰਪਾਲ ਸਿੰਘ ਤੋਂ ਸਰੋਤਿਆਂ ਨੇ ਗੁਰਬਾਣੀ ਕਥਾ ਲਾਈਵ ਸਰਵਣ ਕੀਤੀ। ਪੰਜਾਬੀ ਰੇਡੀਓ ਯੂਐਸਏ ਸਵੇਰੇ ਫ਼ਰੀਮਾਂਟ ਗੁਰੂਘਰ ਤੋਂ ਅਤੇ ਸ਼ਾਮ ਨੂੰ ਵੱਖ-ਵੱਖ ਗੁਰੂਘਰਾਂ ਤੋਂ ਲਾਈਵ ਗੁਰਬਾਣੀ ਬ੍ਰਾਡਕਾਸਟ ਕਰਦਾ ਹੈ।

ਬਿਆਨ ਅਨੁਸਾਰ ਪੰਜਾਬੀ ਰੇਡੀਓ ਯੂਐਸਏ ਛੇਤੀ ਹੀ ਸਰੋਤਿਆਂ ਦੀ ਮੰਗ 'ਤੇ ਇੰਟਰਨੈਟ ਰੇਡੀਓ ਸੈਟ ਲੈ ਕੇ ਆ ਰਿਹਾ ਹੈ। ਇਨ੍ਹਾਂ ਸੈਟਾਂ ਰਾਹੀਂ ਕੋਈ ਵੀ ਦੁਨੀਆਂ ਦੇ ਕਿਸੇ ਹਿੱਸੇ ਵਿਚ ਵੀ ਪੰਜਾਬੀ ਰੇਡੀਓ ਯੂਐਸਏ ਸੁਣ ਸਕੇਗਾ। ਹੋਰ ਜਾਣਕਾਰੀ ਲਈ ਪੰਜਾਬੀ ਰੇਡੀਓ ਯੂਐਸਏ ਨਾਲ ਫੋਨ 408-722-7698 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਮਨਪ੍ਰੀਤ ਸਿੰਘ ਬਾਦਲ ਦੀ ਅਮਰੀਕਾ ਫੇਰੀ ਜੁਲਾਈ ਵਿਚ

**ਸੈਕਰਾਮੈਂਟੋ (ਬਿਊਰੋ):** ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਵੱਲੋਂ ਪੰਜਾਬ ਵਿਚ ਇਨਕਲਾਬੀ ਤਬਦੀਲੀਆਂ ਲਈ ਸ਼ੁਰੂ ਕੀਤੀ 'ਜਾਗੋ ਪੰਜਾਬ ਯਾਤਰਾ' ਅਤੇ ਜੱਦੋ-ਜਹਿਦ ਦਾ ਦੂਜਾ ਦੌਰ ਗ਼ਦਰੀ ਬਾਬਿਆਂ ਦੀ ਧਰਤੀ ਉਤਰੀ ਅਮਰੀਕਾ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਇਸੇ ਸਿਲਸਿਲੇ ਵਿਚ ਸ੍ਰੀ ਬਾਦਲ ਜੁਲਾਈ ਦੇ ਆਖ਼ਰੀ ਹਫ਼ਤੇ ਕੈਨੇਡਾ ਅਤੇ ਅਮਰੀਕਾ ਦੇ ਆਪਣੇ ਪਲੇਠੇ ਦੌਰੇ 'ਤੇ ਆ ਰਹੇ ਹਨ।

ਪਾਰਟੀ ਦੇ ਆਗੂ ਭਗਵੰਤ ਮਾਨ, ਜੋ ਕਿ ਇਨ੍ਹੀਂ ਦਿਨੀਂ ਅਮਰੀਕਾ ਦੌਰੇ 'ਤੇ ਹਨ, ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਕੈਨੇਡਾ ਅਤੇ ਅਮਰੀਕਾ ਵਿਚ ਵਸਦੇ ਪੰਜਾਬੀਆਂ ਦੇ ਸਹਿਯੋਗ ਤੋਂ ਬਗੈਰ ਪੰਜਾਬ ਵਿਚ ਕੋਈ ਵੀ ਤਬਦੀਲੀ ਸੰਭਵ ਨਹੀਂ ਹੈ। ਇਸ ਲਈ ਵਿਦੇਸ਼ਾਂ ਵਿਚ ਪਾਰਟੀ ਲਈ ਮੁਹਿੰਮ ਗ਼ਦਰੀ ਬਾਬਿਆਂ ਦੀ ਧਰਤੀ ਕੈਲੀਫੋਰਨੀਆ ਅਤੇ ਵੈਨਕੂਵਰ (ਕੈਨੇਡਾ) ਤੋਂ ਕੀਤੀ ਜਾ ਰਹੀ ਹੈ। ਪਹਿਲੇ ਗੇੜ ਵਿਚ ਸ੍ਰੀ ਬਾਦਲ ਸੈਕਰਾਮੈਂਟੋ, ਫ਼ਰਿਜਨੋ, ਫਰੀਮਾਂਟ, ਸਿਆਟਲ, ਸਰੀ, ਅਤੇ ਵੈਨਕੂਵਰ ਵਿਚ ਪੰਜਾਬੀਆਂ ਦੇ ਇਕੱਠ ਨੂੰ ਸੰਬੋਧਨ ਕਰਨਗੇ। ਇਸ ਸਬੰਧੀ ਤਿਆਰੀਆਂ ਜ਼ੋਰਾਂ 'ਤੇ ਹਨ। ਇਸੇ ਸਿਲਸਿਲੇ ਵਿਚ ਉਹ ਆਪ 30 ਅਪਰੈਲ ਅਤੇ ਪਹਿਲੀ ਮਈ ਨੂੰ ਇਨ੍ਹਾਂ ਸ਼ਹਿਰਾਂ ਵਿਚ ਮੀਟਿੰਗਾਂ ਕਰ ਰਹੇ ਹਨ।

ਉਨ੍ਹਾਂ ਦੱਸਿਆ ਕਿ ਸੈਕਰਾਮੈਂਟੋ, ਯੂਬਾ ਸਿਟੀ, ਸਟਾਕਟਨ, ਰੀਨੋ, ਲੋਡਾਈ ਅਤੇ ਫੇਅਰਫੀਲਡ ਖੇਤਰਾਂ ਦੀ ਮੀਟਿੰਗ ਸੈਕਰਾਮੈਂਟੋ ਵਿਚ 30 ਅਪਰੈਲ, ਸਨਿਚਰਵਾਰ ਨੂੰ ਬਾਅਦ ਦੁਪਹਿਰ 2 ਵਜੇ ਤੋਂ 4 ਵਜੇ ਤੱਕ ਹੋਵੇਗੀ। ਇਸ ਮੀਟਿੰਗ ਲਈ ਕੁਲਦੀਪ ਸਿੰਘ ਧਾਲੀਵਾਲ (ਫੋਨ 510-859-5964) ਅਤੇ ਗੁਲਿੰਦਰ ਸਿੰਘ ਗਿੱਲ (ਫੋਨ 916-844-5310) ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਬੇਅ ਏਰੀਆ ਦੀ ਮੀਟਿੰਗ ਫਰੀਮਾਂਟ ਵਿਖੇ 30 ਅਪ੍ਰੈਲ ਨੂੰ ਹੀ ਸ਼ਾਮੀ 6 ਵਜੇ ਤੋਂ 8 ਵਜੇ ਤੱਕ ਹੋਵੇਗੀ। ਇਸ ਮੀਟਿੰਗ ਲਈ ਪ੍ਰੋ. ਬਲਵਿੰਦਰ ਸਿੰਘ ਲਾਲੀ ਧਨੋਆ (ਫੋਨ 510-224-7380), ਡਾ. ਜਗਤਾਰ ਸਿੰਘ ਸੰਧੂ (ਫੋਨ 408-489-4559)ਅਤੇ ਜੰਗ ਬਦੇਸਾ (ਫੋਨ 408-888-1718) ਨਾਲ ਰਾਬਤਾ ਬਣਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਪਹਿਲੀ ਮਈ, ਐਤਵਾਰ ਨੂੰ ਦੁਪਹਿਰੇ 12 ਵਜੇ ਫਰਿਜਨੋ ਵਿਚ ਮੀਟਿੰਗ ਹੋਵੇਗੀ। ਇਸ ਮੀਟਿੰਗ ਲਈ ਹਾਕਮ ਸਿੰਘ (ਫੋਨ 559-304-8696) ਅਤੇ ਡਾ. ਖਹਿਰਾ (ਫੋਨ 559-389-4748) ਨਾਲ ਸੰਪਰਕ ਕੀਤਾ ਜਾ ਸਕਦਾ ਹੈ।


Gas Station For Sale

Once in a life time opportunity. Very profitable Gas Station with property for sale in Ohio. Doing inside store sales $90,000 to $95,000 per month and $60,000 gallons fuel outside. Absentee owner.

If interested call with confidence

Ph:734-756-7463 or 734-660-2721

or contact via e-mail: ABRENTERPRISE@LIVE.COM




ਓਹਾਇਓ ਵਿਚ ਬਹੁਤ ਹੀ ਵਧੀਆ ਮੁਨਾਫਾ ਦੇਣ ਵਾਲਾ ਗੈਸ ਸਟੇਸ਼ਨ ਪ੍ਰਾਪਰਟੀ ਸਮੇਤ ਵਿਕਾਊ ਹੈ। ਬਹੁਤ ਵੀ ਬਿਜ਼ੀ ਹਾਈਵੇ ਲੋਕੇਸ਼ਨ। ਬੀਅਰ, ਵਾਈਨ ਅਤੇ ਲਿੱਕਰ ਦੇ ਲਾਈਸੈਂਸ ਸਮੇਤ।

ਅੰਦਰ ਦੀ ਸੇਲ 90 ਤੋਂ 95 ਹਜ਼ਾਰ ਡਾਲਰ, ਗੈਸ ਦੀ ਸੇਲ 60 ਹਜ਼ਾਰ ਗੈਲਨ

ਕਾਲ ਕਰੋ:734-756-7463 ਜਾਂ 734-660-2721



Ten Gas Station & C Stores For Sale

In Cincinnati, OH

Sale By Owner, No Brokers Involved



More Info. Call: Jimmy Jessey

317-538-5385

Brokers not allowed to contact.

**ਸਿਆਸਤ ਦਾ ਪਿੜ**

# ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੇ ਨੁਕਸਾਨ ਤੋਂ ਬਚਣਾ ਹੋਵੇਗਾ ਅੰਨਾ ਹਜ਼ਾਰੇ ਨੂੰ

**ਜਤਿੰਦਰ ਪਨੂੰ**

***ਗੁਜਰਾਤ ਵਿਚ ਹੋਏ ਦੰਗਿਆਂ ਦੇ ਸਵਾਲ ਉਤੇ ਜਿਹੜੇ ਨਰਿੰਦਰ ਮੋਦੀ ਦੇ ਕਿਰਦਾਰ ਉਤੇ ਖ਼ੂਨ ਦੇ ਧੱਬੇ ਹਨ, ਉਸ ਨੂੰ ਵਿਕਾਸ ਦਾ ਮਾਡਲ ਪੁਰਸ਼ ਕਿਵੇਂ ਮੰਨਿਆ ਜਾ ਸਕਦਾ ਹੈ? ਬਾਬਾ ਅੰਨਾ ਹਜ਼ਾਰੇ ਨੇ ਕਿਹਾ ਕਿ ਉਸ ਨੇ ਨਰਿੰਦਰ ਮੋਦੀ ਦੇ ਵਿਕਾਸ ਬਾਰੇ ਕਿਹਾ ਸੀ, ਦੰਗਿਆਂ ਦੇ ਸਵਾਲ ਉਤੇ ਉਸ ਨੂੰ ਕਲੀਨ ਚਿੱਟ ਨਹੀਂ ਸੀ ਦਿੱਤੀ। ਦੂਜੇ ਲੋਕ ਇਹ ਆਖ ਰਹੇ ਹਨ ਕਿ ਜੇ ਵਿਕਾਸ ਹੀ ਮੁੱਖ ਰੱਖਣਾ ਹੈ ਤਾਂ ਜਰਮਨੀ ਵਿਚ ਹਿਟਲਰ ਨੇ ਵੀ ਬੜਾ ਵਿਕਾਸ ਕੀਤਾ ਸੀ, ਜਿਸ ਨੇ ਪਿੱਛੋਂ ਫਾਸ਼ਿਜ਼ਮ ਦੀ ਆਪਣੀ ਮਾਨਸਿਕਤਾ ਕਾਰਨ ਮਨੁੱਖਤਾ ਨੂੰ ਦੂਜੀ ਸੰਸਾਰ ਜੰਗ ਵਿਚ ਉਲਝਾ ਕੇ ਪੰਜ ਕਰੋੜ ਪੈਂਤੀ ਲੱਖ ਲੋਕਾਂ ਦੀ ਮੌਤ ਦਾ ਕਾਰਨ ਪੈਦਾ ਕੀਤਾ ਸੀ।***

ਉਰਦੂ ਦਾ ਮੁਹਾਵਰਾ ਹੈ ਕਿ 'ਆਗਾਜ਼ ਤੋ ਅੱਛਾ ਹੈ, ਅੰਜਾਮ ਖ਼ੁਦਾ ਜਾਨੇ'। ਇਹ ਗੱਲ ਸਾਡੇ ਸਮੇਤ ਬਹੁਤ ਸਾਰੇ ਲੋਕਾਂ ਨੇ ਓਦੋਂ ਕਹੀ ਸੀ, ਜਦੋਂ ਬਜ਼ੁਰਗ ਸਮਾਜ ਸੇਵੀ ਅੰਨਾ ਹਜ਼ਾਰੇ ਨੇ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦਾ ਪਹਿਲਾ ਪੜਾਅ ਤੈਅ ਕੀਤਾ ਸੀ। ਸਾਨੂੰ ਇਸ ਗੱਲ ਦੀ ਖੁਸ਼ੀ ਸੀ ਤੇ ਤਸੱਲੀ ਵੀ ਕਿ ਭਾਰਤ ਦੇ ਲੋਕ ਭ੍ਰਿਸ਼ਟਾਚਾਰ ਦੇ ਵਿਰੋਧ ਵਿਚ ਸੜਕਾਂ ਉਤੇ ਆਉਣ ਨੂੰ ਤਿਆਰ ਹੋਏ ਅਤੇ ਰਾਜਸੀ ਪਾਰਟੀਆਂ ਨੂੰ ਇਹ ਫਿਕਰ ਲੱਗਾ ਕਿ ਮੁਹਿੰਮ ਅੱਗੇ ਵਧਦੀ ਹੋਈ ਕਿਧਰੇ ਇਸ ਰਾਜਸੀ ਢਾਂਚੇ ਤੇ ਉਨ੍ਹਾਂ ਦੀ ਰਾਜਸੀ ਚੌਧਰ ਲਈ ਖਤਰਾ ਨਾ ਬਣ ਜਾਵੇ। ਏਸੇ ਲਈ ਲੀਡਰ ਲੋਕ ਇੱਕ ਪਾਸੇ ਇਸ ਦਾ ਸਮਰਥਨ ਕਰ ਕੇ ਦੂਸਰੇ ਪਾਸੇ ਸਮਝਾਉਣੀਆਂ ਦੇਣ ਤੁਰ ਪਏ ਸਨ ਕਿ ਲੜਾਈ ਭ੍ਰਿਸ਼ਟਾਚਾਰ ਦੇ ਖਿਲਾਫ ਹੋਣੀ ਚਾਹੀਦੀ ਹੈ, ਭਾਰਤ ਦੇ ਰਾਜਸੀ ਪ੍ਰਬੰਧ ਦੇ ਖਿਲਾਫ ਨਹੀਂ ਬਣ ਜਾਣੀ ਚਾਹੀਦੀ। ਲੋਕ ਉਨ੍ਹਾਂ ਦੀ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ ਸਨ ਜਾਪਦੇ।

ਰਾਜਨੀਤੀ ਦੇ ਧੁਰੰਤਰ ਇਸ ਮਾਮਲੇ ਵਿਚ ਇੱਕ ਦੂਜੇ ਨੂੰ ਕਟਹਿਰੇ ਵਿਚ ਖੜਾ ਕਰ ਕੇ ਖੁਦ ਨਿਕਲਣ ਦੇ ਯਤਨ ਕਰਦੇ ਹੋਏ ਹੋਰ ਜ਼ਿਆਦਾ ਫਸਦੇ ਜਾ ਰਹੇ ਸਨ। ਮਿਸਾਲ ਵਜੋਂ ਸਾਬਕਾ ਡਿਪਟੀ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਮੌਜੂਦਾ ਪ੍ਰਧਾਨ ਮੰਤਰੀ ਉਤੇ ਇਹ ਦੋਸ਼ ਲਾ ਦਿੱਤਾ ਕਿ ਉਸ ਦੀ ਸਰਕਾਰ ਬੜੀ ਭ੍ਰਿਸ਼ਟ ਹੈ, ਇਸੇ ਲਈ ਲੋਕ ਪਾਲ ਬਿੱਲ ਪਾਸ ਨਹੀਂ ਹੋਣ ਦੇਂਦੀ। ਇਹੋ ਜਿਹੇ ਮੌਕਿਆਂ ਉਤੇ ਕਾਂਗਰਸੀ ਰਾਜਨੀਤੀ ਵਿਚ ਸਭ ਤੋਂ ਪੁਰਾਣੇ ਆਗੂਆਂ ਵਿਚੋਂ ਪ੍ਰਣਬ ਮੁਖਰਜੀ ਨੇ ਇਹ ਕਹਿ ਕੇ ਭਾਜੀ ਮੋੜ ਦਿੱਤੀ ਕਿ ਇਹ ਮਾਮਲਾ ਤਾਂ ਐਮਰਜੈਂਸੀ ਤੋਂ ਵੀ ਪਹਿਲਾਂ ਦਾ ਲਟਕਦਾ ਆਉਂਦਾ ਹੈ, ਮੁਰਾਰਜੀ ਡਿਸਾਈ ਦੀ ਸਰਕਾਰ ਵਿਚ ਅਡਵਾਨੀ ਜੀ ਮੰਤਰੀ ਸਨ, ਛੇ ਸਾਲ ਚੱਲੀ ਵਾਜਪਾਈ ਸਰਕਾਰ ਵਿਚ ਡਿਪਟੀ ਪ੍ਰਧਾਨ ਮੰਤਰੀ ਸਨ, ਚੰਗਾ ਲੱਗਦਾ ਸੀ ਤਾਂ ਇਹ ਬਿੱਲ ਓਦੋਂ ਹੀ ਪਾਸ ਕਰਵਾ ਦੇਂਦੇ, ਰੋਕਦਾ ਕੌਣ ਸੀ? ਉਸ ਵੱਲੋਂ ਆਈ ਮੋੜਵੀਂ ਚੋਟ ਪਿੱਛੋਂ ਅਡਵਾਨੀ ਸਾਹਿਬ ਵੀ ਸਰਕਾਰ ਦੀ ਥਾਂ ਬਾਬਾ ਹਜ਼ਾਰੇ ਨੂੰ ਸਮਝਾਉਣੀਆਂ ਦੇਣ ਰੁੱਝ ਗਏ ਕਿ ਦੇਸ਼ ਦੇ ਸਾਰੇ ਆਗੂ ਭ੍ਰਿਸ਼ਟ ਨਹੀਂ ਹਨ, ਜਿਹੜਾ ਰੌਲਾ ਪਾਇਆ ਜਾ ਰਿਹਾ ਹੈ, ਉਸ ਨਾਲ ਭਾਰਤ ਦੇ ਲੋਕਾਂ ਵਿਚ ਸਾਰੇ ਆਗੂਆਂ ਅਤੇ ਇਸ ਰਾਜਸੀ ਢਾਂਚੇ ਬਾਰੇ ਬੇਵਿਸ਼ਵਾਸੀ ਪੈਦਾ ਹੁੰਦੀ ਹੈ, ਇਹ ਨਹੀਂ ਕੀਤੀ ਜਾਣੀ ਚਾਹੀਦੀ।

ਲਾਲ ਕ੍ਰਿਸ਼ਨ ਅਡਵਾਨੀ ਇਸ ਪਾਸੇ ਥੋੜ੍ਹੀ ਦੇਰ ਨਾਲ ਤੁਰੇ ਹਨ, ਕਾਂਗਰਸ ਪਾਰਟੀ ਦੇ ਜਨਰਲ ਸੈਕਟਰੀ ਦਿਗਵਿਜੇ ਸਿੰਘ ਤੇ ਭਾਜਪਾ ਦੇ ਮੁਖਤਾਰ ਅੱਬਾਸ ਨਕਵੀ ਨੇ ਪਹਿਲਾਂ ਹੀ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਅਜਿਹੀ ਮੁਹਿੰਮ ਸਮੁੱਚੇ ਰਾਜ ਪ੍ਰਬੰਧ ਬਾਰੇ ਭਰਮ ਪੈਦਾ ਕਰ ਰਹੀ ਹੈ। ਇਹੋ ਲੋਕ ਮੁੰਬਈ ਦੇ ਦਹਿਸ਼ਤਗਰਦ ਹਮਲੇ ਮਗਰੋਂ ਵੀ ਲੋਕਾਂ ਵਿਚ ਪੈਦਾ ਹੋਏ ਰੋਹ ਬਾਰੇ ਏਦਾਂ ਦੀਆਂ ਗੱਲਾਂ ਕਹਿੰਦੇ ਰਹੇ ਸਨ। ਕੁਝ ਲੋਕ ਬਿਨਾਂ ਵਜ੍ਹਾ ਚਰਚਾ ਵਿਚ ਰਹਿਣਾ ਚਾਹੁੰਦੇ ਹਨ, ਭਾਵੇਂ ਉਹ ਆਪਣੇ ਵਿਰੁਧ ਹੀ ਲੋਕਾਂ ਨੂੰ ਨੁਕਤਾਚੀਨੀ ਦਾ ਮੌਕਾ ਦੇ ਰਹੇ ਹੋਣ, ਤੇ ਕਾਰਨ ਇਸ ਦਾ ਇਹ ਹੁੰਦਾ ਹੈ ਕਿ ਉਹ ਇਸ ਬਹਾਨੇ ਆਪਣੇ ਆਪ ਨੂੰ ਮੀਡੀਏ ਵਿਚ 'ਛਾ ਗਿਆ' ਹੋਣ ਦਾ ਧਰਵਾਸ ਦੇ ਰਹੇ ਹੁੰਦੇ ਹਨ। ਨਕਵੀ ਹੋਵੇ ਜਾਂ ਦਿਗਵਿਜੇ ਸਿੰਘ, ਇਹ ਸਾਰੇ ਏਸੇ ਕਿਸਮ ਦੇ ਲੋਕ ਹਨ, ਇਸ ਕਰ ਕੇ ਇਨ੍ਹਾਂ ਦੀ ਗੱਲ ਬਹੁਤੀ ਨਹੀਂ ਗੌਲਣੀ ਚਾਹੀਦੀ, ਪਰ ਅੰਨਾ ਹਜ਼ਾਰੇ ਦੀ ਮੁਹਿੰਮ ਨੂੰ ਲੀਹੋਂ ਲੱਥ ਰਹੀ ਉਨ੍ਹਾਂ ਲੋਕਾਂ ਵੀ ਮਹਿਸੂਸ ਕੀਤਾ ਹੈ, ਜਿਹੜੇ ਇਸ ਮੁਹਿੰਮ ਤੋਂ ਆਸਾਂ ਲਾਈ ਬੈਠੇ ਸਨ। ਇਸ ਦੇ ਕਈ ਕਾਰਨਾਂ ਵਿਚੋਂ ਕੁਝ ਤਾਂ ਖੁਦ ਅੰਨਾ ਹਜ਼ਾਰੇ ਜਾਂ ਉਸ ਦੇ ਸੰਗੀ-ਸਾਥੀਆਂ ਦੀ ਬੋਲ-ਬਾਣੀ ਨਾਲ ਪੈਦਾ ਹੋ ਰਹੇ ਹਨ।

ਮਿਸਾਲ ਵਜੋਂ ਯੋਗੀ ਬਾਬਾ ਰਾਮ ਦੇਵ ਅੰਨਾ ਹਜ਼ਾਰੇ ਦੀ ਮੁਹਿੰਮ ਦੀ ਸਟੇਜ ਉਤੇ ਜਾ ਕੇ ਜਦੋਂ ਬੋਲਿਆ ਤਾਂ ਉਸ ਨੇ ਆਪਣੀ ਇੱਕ ਖਾਸ ਤਰ੍ਹਾਂ ਦੀ ਰਾਜਸੀ ਟਿਪਣੀ ਨਾਲ ਪਹਿਲੇ ਵਿਵਾਦ ਦਾ ਮੁੱਢ ਬੰਨ੍ਹ ਦਿੱਤਾ ਸੀ। ਜਿਹੜੀਆਂ ਗੱਲਾਂ ਉਹ ਲੀਡਰਾਂ ਬਾਰੇ ਕਰ ਰਿਹਾ ਸੀ, ਉਹ ਸਾਰੇ ਰੰਗ ਦੀ ਰਾਜਨੀਤੀ ਵਾਲਿਆਂ ਬਾਰੇ ਸਨ ਪਰ ਉਸ ਨੇ ਵਿਚਾਲੇ ਜਿਹੇ ਇਹ ਟਿਪਣੀ ਕਰ ਦਿੱਤੀ ਕਿ ਮੈਂ ਉਨ੍ਹਾਂ ਲੀਡਰਾਂ ਦੀ ਗੱਲ ਨਹੀਂ ਕਰਦਾ, ਜਿਹੜੇ ਭਾਰਤ ਤੋਂ ਬਾਹਰ ਪੈਦਾ ਹੋਏ ਸਨ। ਇਹ ਇਸ਼ਾਰਾ ਉਸ ਨੇ ਸੋਨੀਆ ਗਾਂਧੀ ਬਾਰੇ ਕੀਤਾ ਸੀ, ਜਿਸ ਦੇ ਵਿਦੇਸ਼ੀ ਹੋਣ ਦਾ ਮੁੱਦਾ ਅਦਾਲਤਾਂ ਵੀ ਕਈ ਵਾਰੀ ਨਿਪਟਾ ਚੁੱਕੀਆਂ ਹਨ ਤੇ ਜਿਹੜੇ ਭਾਰਤੀ ਲੋਕ ਇਸ ਗੱਲ ਦਾ ਮਾਣ ਕਰਦੇ ਹਨ ਕਿ ਵਿਦੇਸ਼ ਵਿਚ ਸਾਡੇ ਲੋਕਾਂ ਨੇ ਰਾਜਸੀ ਜੀਵਨ ਵਿਚ ਆਪਣੀ ਸੋਹਣੀ ਥਾਂ ਬਣਾਈ ਹੈ, ਉਹ ਵੀ ਇਸ ਨੂੰ ਵੇਲਾ ਵਿਹਾਅ ਚੁੱਕੀ ਛੇੜ ਮੰਨਦੇ ਹਨ। ਕਾਂਗਰਸ ਪਾਰਟੀ ਨੂੰ ਯੋਗੀ ਰਾਮ ਦੇਵ ਦੀ ਇਸ ਟਿਪਣੀ ਦੇ ਵਿਰੋਧ ਲਈ ਬਹਾਨਾ ਮਿਲ ਗਿਆ ਤੇ ਭਾਰਤੀ ਜਨਤਾ ਪਾਰਟੀ ਰਾਮ ਦੇਵ ਦੀ ਹਮਾਇਤ ਵਿਚ ਆ ਗਈ, ਜਿਸ ਨਾਲ ਅਸਲ ਮੁੱਦੇ ਤੋਂ ਗੱਲ ਤਿਲਕ ਗਈ।

ਫਿਰ ਰਾਮ ਦੇਵ ਨੇ ਸਾਰੇ ਲੀਡਰਾਂ ਬਾਰੇ ਵੀ ਕੋਈ ਹੋਰ ਕੌੜੀ ਗੱਲ ਕਹਿ ਦਿੱਤੀ ਤੇ ਲਾਲੂ ਪ੍ਰਸਾਦ ਯਾਦਵ ਨੇ ਜਵਾਬੀ ਮਿਹਣਾ ਮਾਰ ਦਿੱਤਾ ਕਿ ਯੋਗੀ ਪਹਿਲਾਂ ਆਪਣੀਆਂ ਦਵਾਈਆਂ ਵਿਚ ਹੱਡੀਆਂ ਪੀਸ ਕੇ ਪਾਉਣ ਦੇ ਦੋਸ਼ ਦਾ ਜਵਾਬ ਹੀ ਦੇ ਲਵੇ। ਜਦੋਂ ਇਹ ਮੁੱਦਾ ਚਾਰ ਕੁ ਸਾਲ ਪਹਿਲਾਂ ਉਠਿਆ ਸੀ, ਓਦੋਂ ਲਾਲੂ ਨੇ ਹੀ ਉਸ ਦੀ ਹਮਾਇਤ ਕੀਤੀ ਸੀ। ਹੁਣ ਲਾਲੂ ਨੇ ਇਹ ਵੀ ਕਹਿ ਦਿੱਤਾ ਕਿ ਓਦੋਂ ਮੈਂ ਇਹ ਨਹੀਂ ਸੀ ਕਿਹਾ ਕਿ ਰਾਮ ਦੇਵ ਦਵਾਈਆਂ ਵਿਚ ਜੜ੍ਹੀ-ਬੂਟੀਆਂ ਦੀ ਥਾਂ ਹੱਡੀਆਂ ਪਾ ਕੇ ਵੇਚਣ ਦਾ ਧੋਖਾ ਨਹੀਂ ਕਰਦਾ, ਸਗੋਂ ਇਹ ਕਿਹਾ ਸੀ ਕਿ ਜੇ ਇੰਜ ਕਰਦਾ ਵੀ ਹੈ ਤਾਂ ਕਿਸੇ ਦਾ ਇਲਾਜ ਹੀ ਕਰਦਾ ਹੈ, ਪਰ ਉਸ ਦਾ ਇਹ ਬਚਾਅ ਇੱਕ ਯਾਦਵ ਹੋਣ ਕਰ ਕੇ ਕੀਤਾ ਸੀ, ਸੱਚਾ-ਸੁੱਚਾ ਹੋਣ ਕਰ ਕੇ ਨਹੀਂ।

ਲਾਲੂ ਤਾਂ ਲੀਡਰ ਹੈ, ਉਹ ਕਈ ਪਲਟੇ ਮਾਰ ਸਕਦਾ ਹੈ, ਯੋਗੀ ਹੋਣ ਦੇ ਬਾਵਜੂਦ ਰਾਮ ਦੇਵ ਇਸ ਦਾ ਜਵਾਬ ਨਹੀਂ ਦੇ ਸਕਿਆ ਕਿ ਲਾਲੂ ਠੀਕ ਕਹਿੰਦਾ ਹੈ ਜਾਂ ਗਲਤ, ਸਗੋਂ ਇਸ ਦੀ ਥਾਂ ਨਵਾਂ ਵਿਵਾਦ ਛੇੜ ਬੈਠਾ ਕਿ ਵੱਡੇ ਨੋਟ ਹੀ ਰਿਸ਼ਵਤ ਦਾ ਵਸੀਲਾ ਬਣਦੇ ਹਨ, ਇਨ੍ਹਾਂ ਨੂੰ ਬੰਦ ਕਰਨ ਦੀ ਮੁਹਿੰਮ ਚਲਾਵੇਗਾ ਤੇ ਛੇਤੀ ਹੀ ਇੱਕ ਨਵੀਂ ਰਾਜਸੀ ਪਾਰਟੀ ਵੀ ਬਣਾਵੇਗਾ, ਜਿਸ ਵਿਚ ਉਸ ਦਾ ਸਾਥ ਗੋਵਿੰਦਾਚਾਰੀਆ ਦੇਵੇਗਾ। ਇੱਕ ਪਾਸੇ ਅੰਨਾ ਹਜ਼ਾਰੇ ਦਾ ਸਾਥ ਅਤੇ ਦੂਜੇ ਪਾਸੇ ਉਸ ਗੋਵਿੰਦਾਚਾਰੀਆ ਨਾਲ ਸਾਂਝ, ਜਿਹੜਾ ਬਾਬਰੀ ਮਸਜਿਦ ਢਾਹੁਣ ਦੀ ਮੁਹਿੰਮ ਦਾ ਆਗੂ ਬਣਨ ਪਿੱਛੋਂ ਅਮਰੀਕੀ ਰਾਜਦੂਤ ਨੂੰ ਇਹ ਕਹਿਣ ਗਿਆ ਸੀ ਕਿ ਅਟਲ ਬਿਹਾਰੀ ਵਾਜਪਾਈ ਤਾਂ ਭਾਰਤੀ ਜਨਤਾ ਪਾਰਟੀ ਦਾ 'ਮਾਡਰੇਟ ਮੁਖੌਟਾ' ਹੈ, ਅਸਲ ਮੁੱਖੜਾ ਨਹੀਂ, ਉਨ੍ਹਾਂ ਦੀ ਪਾਰਟੀ ਦਾ ਅਸਲ



*ਨਰਿੰਦਰ ਮੋਦੀ*

ਏਜੰਡਾ ਹਿੰਦੂਤਵ ਹੈ। ਆਚਾਰੀਆ ਰਾਮ ਦੇਵ ਦੀਆਂ ਇਹ ਦੋਵੇਂ ਸਾਂਝਾਂ ਇਕੱਠੀਆਂ ਕਿਵੇਂ ਚੱਲਣਗੀਆਂ?

ਫੇਰ ਵੀ ਵੱਡਾ ਵਿਵਾਦ ਨਾ ਖੜਾ ਕੀਤਾ ਯੋਗੀ ਰਾਮ ਦੇਵ ਵਰਗੇ ਬੜਬੋਲਿਆਂ ਦੀਆਂ ਟਿਪਣੀਆਂ ਨੇ ਤੇ ਨਾ ਅੰਨਾ ਹਜ਼ਾਰੇ ਦੇ ਪੈਨਲ ਵਿਚ ਸ਼ਾਮਲ ਸ਼ਾਂਤੀ ਭੂਸ਼ਣ ਹੁਰਾਂ ਬਾਰੇ ਲਾਈਆਂ ਗਈਆਂ ਊਜਾਂ ਨੇ, ਸਗੋਂ ਰਾਜਸੀ ਪੱਖ ਤੋਂ ਅੰਨਾ ਹਜ਼ਾਰੇ ਦੇ ਆਪਣੇ ਕੱਚ-ਘਰੜਪੁਣੇ ਨੇ ਮੀਡੀਏ ਵਿਚ ਚਰਚਾ ਛੇੜ ਦਿੱਤੀ। ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਬਾਰੇ ਅੰਨਾ ਦੀ ਟਿਪਣੀ ਨੇ ਉਸ ਦੇ ਸਹਿਯੋਗੀਆਂ ਦੇ ਵੀ ਮੂੰਹ ਵਿੰਗੇ ਕਰ ਦਿੱਤੇ।

ਕਿਸੇ ਵੀ ਬੰਦੇ ਬਾਰੇ ਅੰਨਾ ਹਜ਼ਾਰੇ ਦੇ ਨਿਜੀ ਵਿਚਾਰ ਨਿਜੀ ਪੱਧਰ ਦੇ ਰਹਿਣੇ ਚਾਹੀਦੇ ਹਨ, ਉਹ ਜਨਤਕ ਪੱਧਰ ਉਤੇ ਦੂਜਿਆਂ ਨੂੰ ਸਿਖਾਉਣੀ ਦੇਣ ਦਾ ਆਧਾਰ ਨਹੀਂ ਸੀ ਬਣਾਉਣੇ ਚਾਹੀਦੇ। ਗਲਤੀ ਇਹ ਹੋਈ ਕਿ ਅੰਨਾ ਨੇ ਬਾਕੀ ਰਾਜਸੀ ਲੀਡਰਾਂ ਨੂੰ ਕਹਿ ਦਿੱਤਾ ਕਿ ਜਿਹੜਾ ਆਗੂ ਦੇਸ਼ ਦਾ ਵਿਕਾਸ ਕਰਨਾ ਚਾਹੁੰਦਾ ਹੈ, ਉਸ ਨੂੰ ਗੁਜਰਾਤ



*ਅੰਨਾ ਹਜ਼ਾਰੇ*

ਦੇ ਮੁੱਖ ਮੰਤਰੀ ਨਰਿੰਦਰ ਮੋਦੀ ਅਤੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਤੋਂ ਸਿੱਖਣਾ ਚਾਹੀਦਾ ਹੈ। ਇਸ ਨਾਲ ਇੱਕ ਪਾਸੇ ਨਰਿੰਦਰ ਮੋਦੀ ਦੀ ਚੜ੍ਹ ਮੱਚ ਗਈ ਤੇ ਉਹ ਕਹਿਣ ਲੱਗ ਪਿਆ ਕਿ ਅੰਨਾ ਹਜ਼ਾਰੇ ਵਰਗਾ ਪ੍ਰਵਾਨਤ ਸਮਾਜ ਸੇਵੀ ਮੇਰੇ ਰਾਜ ਵਿਚ ਹੋਏ ਵਿਕਾਸ ਦੀ ਸਿਫਤ ਕਰ ਰਿਹਾ ਹੈ। ਦੂਜੇ ਪਾਸੇ ਵਿਰੋਧੀਆਂ ਨੇ ਇਹ ਗੱਲ ਚੁੱਕ ਲਈ ਕਿ ਨਰਿੰਦਰ ਮੋਦੀ ਤੇ ਨਿਤੀਸ਼ ਕੁਮਾਰ ਸਿਰਫ ਦੋ ਮੁੱਖ ਮੰਤਰੀਆਂ ਦੀ ਸਿਫਤ ਕਰ ਕੇ ਅੰਨਾ ਹਜ਼ਾਰੇ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਅਸਲ ਵਿਚ ਭਾਜਪਾ ਗੱਠਜੋੜ ਵਾਲੇ ਪਾਸੇ ਨਾਲ ਨੇੜ ਰੱਖ ਕੇ ਚੱਲਦਾ ਹੈ। ਤੀਜੇ ਪਾਸੇ ਉਹ ਧਿਰਾਂ ਉਬਲ ਪਈਆਂ ਜਿਨ੍ਹਾਂ ਪਿਛਲੇ ਸਮੇਂ ਵਿਚ ਧਰਮ ਨਿਰਪੱਖ ਪੈਂਤੜਾ ਵੀ ਲਈ ਰੱਖਿਆ ਸੀ ਤੇ ਆਪਣੀ ਈਮਾਨਦਾਰੀ ਨੂੰ ਵੀ ਦਾਗ ਨਹੀਂ ਸੀ ਲੱਗਣ ਦਿੱਤਾ।

ਸਮਾਜ ਸੇਵਾ ਦੇ ਖੇਤਰ ਦੀਆਂ ਇਨ੍ਹਾਂ ਧਿਰਾਂ ਵਿਚ ਇੱਕ ਮੇਧਾ ਪਾਟੇਕਰ ਹੈ। ਉਹ ਵਾਤਾਵਰਣ ਬਚਾਉਣ ਦੇ ਸਵਾਲ ਚੁੱਕ ਕੇ ਨਰਿੰਦਰ ਮੋਦੀ ਦੀ ਸਰਕਾਰ ਦੇ ਵਿਰੁਧ ਕਈ ਵਾਰੀ ਮੋਰਚਾ ਲਾ ਚੁੱਕੀ ਹੈ। ਉਸ ਨੂੰ ਜੇਲ੍ਹ ਵੀ ਜਾਣਾ ਪੈ ਚੁੱਕਾ ਹੈ ਤੇ ਲੰਮੀ ਭੁੱਖ ਹੜਤਾਲ ਵੀ ਕਰਦੀ ਰਹੀ ਹੈ। ਮੇਧਾ ਪਾਟੇਕਰ ਦਾ ਕਹਿਣਾ ਹੈ ਕਿ ਨਰਿੰਦਰ ਮੋਦੀ ਦਾ ਵਿਕਾਸ ਦਾ ਮਾਡਲ ਏਨਾ ਅਣਮਨੁੱਖੀ ਹੈ ਕਿ ਉਸ ਵਿਚ ਸ਼ਹਿਰਾਂ ਦੀ ਕੀਮਤ ਉਤੇ ਕਬੀਲਿਆਂ ਦੇ ਭੁੱਖਾਂ ਮਾਰੇ ਲੋਕਾਂ ਦਾ ਘਾਣ ਕੀਤਾ ਜਾਂਦਾ ਹੈ। ਓਸੇ ਨਰਿੰਦਰ ਮੋਦੀ ਦੀਆਂ ਸਿਫਤਾਂ ਅੰਨਾ ਹਜ਼ਾਰੇ ਦੇ ਮੂੰਹੋਂ ਸੁਣ ਕੇ ਕੱਲ੍ਹ ਤੱਕ ਉਸ ਦੇ ਨਾਲ ਖੜੀ ਮੇਧਾ ਪਾਟੇਕਰ ਨੂੰ ਵੀ ਕਹਿਣਾ ਪਿਆ ਕਿ ਅੰਨਾ ਹਜ਼ਾਰੇ ਠੀਕ ਨਹੀਂ ਕਹਿੰਦਾ।

ਦੂਜਾ ਸਵਾਲ ਧਰਮ ਨਿਰਪੱਖ ਧਿਰਾਂ ਦੇ ਅੰਦਰੋਂ ਉਠ ਪਿਆ ਕਿ ਨੌਂ ਕੁ ਸਾਲ ਪਹਿਲਾਂ ਗੁਜਰਾਤ ਵਿਚ ਹੋਏ ਦੰਗਿਆਂ ਦੇ ਸਵਾਲ ਉਤੇ ਜਿਹੜੇ ਨਰਿੰਦਰ ਮੋਦੀ ਦੇ ਕਿਰਦਾਰ ਉਤੇ ਖ਼ੂਨ ਦੇ ਧੱਬੇ ਹਨ, ਉਸ ਨੂੰ ਵਿਕਾਸ ਦਾ ਮਾਡਲ ਪੁਰਸ਼ ਕਿਵੇਂ ਮੰਨਿਆ ਜਾ ਸਕਦਾ ਹੈ? ਬਾਬਾ ਅੰਨਾ ਹਜ਼ਾਰੇ ਨੇ ਕਿਹਾ ਕਿ ਉਸ ਨੇ ਨਰਿੰਦਰ ਮੋਦੀ ਦੇ ਵਿਕਾਸ ਬਾਰੇ ਕਿਹਾ ਸੀ, ਦੰਗਿਆਂ ਦੇ ਸਵਾਲ ਉਤੇ ਉਸ ਨੂੰ ਕਲੀਨ ਚਿੱਟ ਨਹੀਂ ਸੀ ਦਿੱਤੀ। ਦੂਜੇ ਲੋਕ ਇਹ ਆਖ ਰਹੇ ਹਨ ਕਿ ਜੇ ਵਿਕਾਸ ਹੀ ਮੁੱਖ ਰੱਖਣਾ ਹੈ ਤਾਂ ਜਰਮਨੀ ਵਿਚ ਹਿਟਲਰ ਨੇ ਵੀ ਬੜਾ ਵਿਕਾਸ ਕੀਤਾ ਸੀ, ਜਿਸ ਨੇ ਪਿੱਛੋਂ ਫਾਸ਼ਿਜ਼ਮ ਦੀ ਆਪਣੀ ਮਾਨਸਿਕਤਾ ਕਾਰਨ ਮਨੁੱਖਤਾ ਨੂੰ ਦੂਜੀ ਸੰਸਾਰ ਜੰਗ ਵਿਚ ਉਲਝਾ ਕੇ ਪੰਜ ਕਰੋੜ ਪੈਂਤੀ ਲੱਖ ਲੋਕਾਂ ਦੀ ਮੌਤ ਦਾ ਕਾਰਨ ਪੈਦਾ ਕੀਤਾ ਸੀ। ਕੀ ਉਸ ਦੇ ਵਿਕਾਸ ਨੂੰ ਵੇਖਣ ਲੱਗਿਆਂ ਇਹ ਗੱਲ ਭੁਲਾਈ ਜਾ ਸਕਦੀ ਹੈ ਕਿ ਦੁਨੀਆਂ ਦੇ ਇਤਿਹਾਸ ਦੀ ਹੁਣ ਤੱਕ ਦੀ ਸਭ ਤੋਂ ਜ਼ਾਲਮ ਜੰਗ ਦਾ ਮੂਲ ਵੀ ਓਹੋ ਬਣਿਆ ਸੀ ਤੇ ਕੀ ਨਰਿੰਦਰ ਮੋਦੀ ਦਾ ਗੁਜਰਾਤ ਦੇ ਦੰਗਿਆਂ ਵੇਲੇ ਨਿਭਾਇਆ ਕਿਰਦਾਰ ਭੁਲਾਇਆ ਜਾ ਸਕਦਾ ਹੈ? ਪਹਿਲਾਂ ਤਾਂ ਮੋਦੀ ਨੇ ਸਰਕਾਰੀ ਮਸ਼ੀਨਰੀ ਵਰਤ ਕੇ ਲੋਕਾਂ ਦੇ ਕਤਲ ਕਰਾਏ ਅਤੇ ਫਿਰ ਦੰਗਾ ਪੀੜਤਾਂ ਨੂੰ ਕਿਸੇ ਵੀ ਕਿਸਮ ਦੀ ਮਦਦ ਵਿਚ ਅੜਿੱਕੇ ਪਾਏ ਸਨ। ਜਦੋਂ ਉਸ ਨੇ ਦੰਗਾ ਪੀੜਤਾਂ ਦੇ ਰਾਹਤ ਕੈਂਪ ਬੰਦ ਕਰਾਉਣ ਦਾ ਫੈਸਲਾ ਲਿਆ ਤਾਂ ਕਾਰਨ ਪੁੱਛੇ ਜਾਣ ਉਤੇ ਕਿਹਾ ਸੀ ਕਿ "ਸਾਡਾ ਨਾਹਰਾ ਹੈ 'ਅਸੀਂ ਦੋ, ਸਾਡੇ ਦੋ', ਪਰ ਮੁਸਲਮਾਨ ਇਸ ਦੀ ਥਾਂ 'ਅਸੀਂ ਪੰਜ (ਇੱਕ ਪਤੀ ਤੇ ਚਾਰ ਪਤਨੀਆਂ), ਸਾਡੇ ਪੰਝੀ ਅਤੇ ਅਗਲੀ ਪੀੜ੍ਹੀ ਵਿਚ ਇੱਕ ਸੌ ਪੰਝੀ' ਦੇ ਫਾਰਮੂਲੇ ਨਾਲ ਚੱਲ ਕੇ ਆਬਾਦੀ ਵਧਾਉਣ ਲੱਗੇ ਰਹਿੰਦੇ ਹਨ। ਮੇਰੀ ਸਰਕਾਰ ਜਵਾਕ ਜੰਮਣ ਦੀਆਂ ਫੈਕਟਰੀਆਂ ਚਲਾਉਣ ਦੀ ਜ਼ਿਮੇਵਾਰੀ ਨਹੀਂ ਲੈ ਸਕਦੀ।" ਇਹ ਸਾਰਾ ਕੁਝ ਰਿਕਾਰਡ ਉਤੇ ਹੈ ਤੇ ਅੰਨਾ ਹਜ਼ਾਰੇ ਨੇ ਜਦੋਂ ਉਸੇ ਬੰਦੇ ਨੂੰ ਵਿਕਾਸ ਦਾ ਮਾਡਲ ਮੰਨਣ ਦਾ ਰਾਗ ਛੇੜ ਦਿੱਤਾ ਸੀ, ਵਿਵਾਦ ਤਾਂ ਇਸ ਨਾਲ ਭਖਣਾ ਹੀ ਸੀ।

ਫਿਰ ਵੱਡੀ ਗੱਲ ਇਹ ਵੀ ਹੈ ਕਿ ਅੰਨਾ ਹਜ਼ਾਰੇ ਦੀ ਮੁਹਿੰਮ ਇਸ ਵੇਲੇ ਵਿਕਾਸ ਦੀ ਤੋਰ ਤੇਜ਼ ਕਰਨ ਵਾਲੇ ਨਾਹਰੇ ਦੀ ਥਾਂ ਭ੍ਰਿਸ਼ਟਾਚਾਰ ਦੇ ਵਿਰੋਧ ਦੀ ਹੈ ਤੇ ਦਿੱਲੀ ਜਾ ਕੇ ਮਰਨ ਵਰਤ ਰੱਖਣ ਵੇਲੇ ਸਭ ਤੋਂ ਵੱਡੀ ਮੰਗ ਇਹੋ ਸੀ ਕਿ ਕੇਂਦਰ ਸਰਕਾਰ ਲੋਕ ਪਾਲ ਦੀ ਸਥਾਪਨਾ ਕਰੇ। ਜਿਸ ਨਰਿੰਦਰ ਮੋਦੀ ਦੀ ਸਿਫਤ ਅੰਨਾ ਹਜ਼ਾਰੇ ਕਰਨ ਲੱਗ ਪਏ, ਉਸ ਨੇ ਆਪਣੇ ਰਾਜ ਗੁਜਰਾਤ ਵਿਚ ਲੋਕ ਪਾਲ ਦੀ ਕੁਰਸੀ ਖਾਲੀ ਰੱਖੀ ਹੋਈ ਹੈ, ਕਿਉਂਕਿ ਜੇ ਕੋਈ ਲੋਕ ਪਾਲ ਹੋਵੇਗਾ ਤਾਂ ਸਰਕਾਰ ਦੇ ਕੰਮਾਂ ਦੀ ਪੁਣ-ਛਾਣ ਕਰੇਗਾ। ਜਦੋਂ ਕਈ ਹੋਰ ਰਾਜਾਂ ਵਿਚ ਲੋਕ ਪਾਲ ਨਿਯੁਕਤ ਹੋਏ ਹਨ, ਨਰਿੰਦਰ ਮੋਦੀ ਕਿਉਂ ਨਹੀਂ ਕਰ ਰਿਹਾ? ਓਸੇ ਨਰਿੰਦਰ ਮੋਦੀ ਦੇ ਰਾਜ ਵਿਚ ਪੱਕੀ ਸ਼ਰਾਬਬੰਦੀ ਹੈ, ਪਰ ਲੋਕ ਆਖਦੇ ਹਨ ਕਿ ਹਰ ਰੋਜ਼ ਲੱਖਾਂ ਬੋਤਲਾਂ ਸ਼ਰਾਬ ਦੂਜੇ ਰਾਜਾਂ ਤੋਂ ਆ ਕੇ ਓਥੇ ਨਾਜਾਇਜ਼ ਵੇਚੀ ਜਾਂਦੀ ਹੈ। ਹਰ ਦੂਜੇ-ਤੀਜੇ ਸਾਲ ਨਾਜਾਇਜ਼ ਫੜੀਆਂ ਸ਼ਰਾਬ ਦੀਆਂ ਬੋਤਲਾਂ ਦੇ ਢੇਰ ਉਤੇ ਬੁਲਡੋਜ਼ਰ ਫੇਰੇ ਜਾਂਦੇ ਹਨ। ਫੜੇ ਜਾ ਰਹੇ ਬੰਦੇ ਹੋਰਨਾਂ ਦੇ ਨਾਲ ਭਾਰਤੀ ਜਨਤਾ ਪਾਰਟੀ ਦੇ ਵੀ ਨਿਕਲਦੇ ਹਨ। ਕਿਹਾ ਜਾਂਦਾ ਹੈ ਕਿ ਨਰਿੰਦਰ ਮੋਦੀ ਦਾ ਜਿਸ ਠੇਕੇਦਾਰ ਨਾਲ ਵਿਗਾੜ ਪੈ ਜਾਵੇ, ਉਹ ਫੜਿਆ ਜਾਂਦਾ ਹੈ, ਬਾਕੀ ਆਪਣਾ ਕੰਮ ਕਰੀ ਜਾਂਦੇ ਹਨ। ਗੁਜਰਾਤ ਜਾ ਕੇ ਨਵੇਂ ਅਦਾਰੇ ਸਥਾਪਤ ਕਰਨ ਵਾਲੀਆਂ ਕਾਰਪੋਰੇਸ਼ਨਾਂ ਤੋਂ ਇਨਕਮ ਟੈਕਸ ਵਿਭਾਗ ਨੇ ਉਨ੍ਹਾਂ ਦੀਆਂ ਰਿਟਰਨਾਂ ਮੰਗ ਲਈਆਂ, ਤਾਂ ਕਿ ਪਤਾ ਲੱਗ ਸਕੇ ਕਿ ਪੈਸਾ ਜਾਇਜ਼ ਲੱਗ ਰਿਹਾ ਹੈ, ਕਾਲਾ ਧਨ ਨਹੀਂ ਲਾਇਆ ਜਾ ਰਿਹਾ। ਜੇ ਨਰਿੰਦਰ ਮੋਦੀ ਨੇ ਇਹ ਮੰਗ ਕੀਤੀ ਹੁੰਦੀ ਕਿ ਬਾਕੀ ਰਾਜਾਂ ਵਿਚ ਪੈਸਾ ਲਾਉਣ ਵਾਲਿਆਂ ਦੀਆਂ ਰਿਟਰਨਾਂ ਵੀ ਮੰਗ ਲਵੋ ਤਾਂ ਸਾਰੇ ਸੁਹਿਰਦ ਲੋਕ ਇਸ ਨੂੰ ਠੀਕ ਆਖਦੇ, ਪਰ ਉਸ ਨੇ ਇਸ ਦੀ ਥਾਂ ਪ੍ਰਧਾਨ ਮੰਤਰੀ ਤੋਂ ਇਹ ਮੰਗ ਕੀਤੀ ਕਿ ਉਸ ਦੇ ਰਾਜ ਵਿਚ ਪੈਸਾ ਲਾਉਣ ਵਾਲੇ ਅਦਾਰਿਆਂ ਤੋਂ ਰਿਟਰਨ ਹੀ ਨਾ ਮੰਗੀ ਜਾਵੇ। ਇਸ ਦੇ ਬਾਵਜੂਦ ਅੰਨਾ ਹਜ਼ਾਰੇ ਨੇ ਬਾਕੀਆਂ ਨੂੰ ਨਰਿੰਦਰ ਮੋਦੀ ਤੋਂ ਸਿੱਖਣ ਦੀ ਨਸੀਹਤ ਦੇ ਦਿੱਤੀ ਹੈ ਤਾਂ ਵਿਵਾਦ ਉਠਣੇ ਹੀ ਸਨ।

ਆਖਰੀ ਗੱਲ ਇਹ ਕਿ ਅੰਨਾ ਹਜ਼ਾਰੇ ਨੇ ਨਰਿੰਦਰ ਮੋਦੀ ਦੇ ਨਾਲ-ਨਾਲ ਨਿਤੀਸ਼ ਕੁਮਾਰ ਨੂੰ ਵੀ ਬਰਾਬਰ ਦਾ ਵਿਕਾਸ ਦਾ ਪ੍ਰਤੀਕ ਆਖਿਆ ਹੈ, ਜਿਸ ਦੇ ਬਾਰੇ ਇਹ ਚਰਚਾ ਚੱਲ ਚੁੱਕੀ ਹੈ ਕਿ ਲਾਲੂ ਪ੍ਰਸਾਦ ਦੇ ਇੱਕ ਹਜ਼ਾਰ ਕਰੋੜ ਰੁਪਏ ਦੇ ਚਾਰਾ ਸਕੈਂਡਲ ਦੇ ਮੁਕਾਬਲੇ ਉਸ ਦੇ ਰਾਜ ਵਿਚ ਸਾਢੇ ਬਾਰਾਂ ਹਜ਼ਾਰ ਕਰੋੜ ਰੁਪਏ ਦਾ ਸਕੈਂਡਲ ਵਾਪਰ ਚੁੱਕਾ ਹੈ। ਫਿਰ ਵੀ ਇਸ ਨੂੰ ਮੁੱਦਾ ਬਣਾਉਣ ਦੀ ਥਾਂ ਪੁੱਛਿਆ ਜਾ ਰਿਹਾ ਹੈ ਕਿ ਅੰਨਾ ਹਜ਼ਾਰੇ ਨੂੰ ਇਨ੍ਹਾਂ ਦੋ ਜਣਿਆਂ ਵਿਚ ਸਾਂਝ ਕਿਹੜੀ ਲੱਭੀ ਹੈ? ਪਿਛਲੇ ਸਾਲ ਭਾਜਪਾ ਦੀ ਕੌਮੀ ਕਾਰਜਕਾਰਨੀ ਦੀ ਮੀਟਿੰਗ ਮੌਕੇ ਨਰਿੰਦਰ ਮੋਦੀ ਨੇ ਬਿਹਾਰ ਜਾਣਾ ਸੀ ਤਾਂ ਓਥੋਂ ਦੇ ਅਖਬਾਰਾਂ ਵਿਚ ਇਸ਼ਤਿਹਾਰ ਛਪਵਾ ਦਿੱਤੇ ਕਿ ਗੁਜਰਾਤ ਵਿਚ ਮੁਸਲਮਾਨਾਂ ਨੂੰ ਪੜ੍ਹਾਈ ਦੇ ਮੌਕੇ ਬਹੁਤ ਦਿੱਤੇ ਜਾ ਰਹੇ ਹਨ। ਇਸ਼ਤਿਹਾਰ ਵਿਚ ਜਿਹੜੀ ਤਸਵੀਰ ਛਾਪੀ ਗਈ, ਉਹ ਬਿਹਾਰ ਦੇ ਇੱਕ ਕਾਲਜ ਦੇ ਵਿਦਿਆਰਥੀਆਂ ਦੀ ਨਿਕਲ ਆਈ, ਗੁਜਰਾਤ ਵਿਚੋਂ ਇਹੋ ਜਿਹੀ ਤਸਵੀਰ ਹੀ ਨਹੀਂ ਸੀ ਮਿਲ ਸਕੀ। ਇਸ ਨਾਲ ਬਿਹਾਰ ਵਿਚ ਵੀ ਰੋਹ ਫੈਲ ਗਿਆ ਕਿ ਗੁਜਰਾਤ ਦੇ ਬਹਾਨੇ ਮੋਦੀ ਨੇ ਸਾਨੂੰ ਵਰਤਣ ਦੀ ਕੋਸ਼ਿਸ਼ ਕੀਤੀ ਹੈ। ਇੱਕ ਤਸਵੀਰ ਮੋਦੀ ਨੇ ਪਿਛਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਮੌਕੇ ਲੁਧਿਆਣੇ ਦੀ ਰੈਲੀ ਵਿਚ ਖਿੱਚੀ ਹੋਈ ਛਪਵਾ ਦਿੱਤੀ, ਜਿਸ ਵਿਚ ਉਹ ਨਿਤੀਸ਼ ਕੁਮਾਰ ਨਾਲ ਹੱਥ ਮਿਲਾ ਰਿਹਾ ਸੀ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਭਾਜਪਾ ਦੀ ਸਾਰੀ ਲੀਡਰਸ਼ਿਪ ਨੂੰ ਰਾਤ ਦੇ ਖਾਣੇ ਦਾ ਸੱਦਾ ਦਿੱਤਾ ਹੋਇਆ ਸੀ, ਪਰ ਇਨ੍ਹਾਂ ਦੋ ਤਸਵੀਰਾਂ ਦੀ ਕੌੜ ਖਾ ਕੇ ਖਾਣੇ ਦਾ ਉਹ ਸੱਦਾ ਖੜੇ ਪੈਰ ਰੱਦ ਕਰ ਦਿੱਤਾ। ਫਿਰ ਬਿਹਾਰ ਦੀਆਂ ਵਿਧਾਨ ਸਭਾ ਚੋਣਾਂ ਮੌਕੇ ਉਸ ਨੇ ਇਹ ਅੜੀ ਵੀ ਕਰ ਲਈ ਕਿ ਭਾਜਪਾ ਨਾਲ ਚੋਣ ਸਮਝੌਤਾ ਸਿਰਫ



*ਅਡੋਲਫ ਹਿਟਲਰ*

ਇਸ ਸ਼ਰਤ ਉਤੇ ਹੋਵੇਗਾ ਕਿ ਉਹ ਨਰਿੰਦਰ ਮੋਦੀ ਨੂੰ ਬਿਹਾਰ ਵਿਚ ਨਹੀਂ ਵਾੜੇਗੀ। ਸਾਫ ਹੈ ਕਿ ਨਿਤੀਸ਼ ਨੂੰ ਨਰਿੰਦਰ ਮੋਦੀ ਦੇ ਮੱਥੇ ਲੱਗਣਾ ਵੀ ਪਸੰਦ ਨਹੀਂ ਤੇ ਅੰਨਾ ਹਜ਼ਾਰੇ ਨੇ ਦੋਵਾਂ ਦੇ ਗਲ਼ ਇਕੱਠਾ ਸਿਰੋਪਾ ਪਾ ਦਿੱਤਾ ਹੈ।

ਅੰਨਾ ਹਜ਼ਾਰੇ ਸਿਰਫ ਅੰਨਾ ਹਜ਼ਾਰੇ ਰਹੇ, ਭ੍ਰਿਸ਼ਟਾਚਾਰ ਦੀ ਗੱਲ ਚੁੱਕੀ ਹੈ ਤਾਂ ਆਪਣੇ ਮੁੱਦੇ ਉਤੇ ਨੱਕ ਦੀ ਸੇਧ ਵਿਚ ਚੱਲਦਾ ਜਾਵੇ, ਜੇ ਉਹ ਰਾਜਸੀ ਨਕਸ਼ਾ ਵੀ ਲੋਕਾਂ ਨੂੰ ਆਪਣੀ ਐਨਕ ਨਾਲ ਵੇਖਣ ਦੀ ਸਲਾਹ ਦੇਵੇਗਾ ਤਾਂ ਉਹ ਆਪਣੀ ਓਸੇ ਸੁਲੱਖਣੀ ਮੁਹਿੰਮ ਦਾ ਭੱਠਾ ਬਿਠਾਉਣ ਦਾ ਗੁਨਾਹ ਕਰ ਬੈਠੇਗਾ, ਜਿਸ ਨੂੰ ਉਸ ਨੇ ਅਸਮਾਨ ਉਤੇ ਚੜ੍ਹੀ ਗੁੱਡੀ ਵਾਂਗ ਸਾਰੇ ਭਾਰਤ ਦੀਆਂ ਨਜ਼ਰਾਂ ਦਾ ਕੇਂਦਰ ਵੀ ਬਣਾਇਆ ਹੈ ਤੇ ਉਮੀਦਾਂ ਦਾ ਵੀ।


## ਜਾਇਦਾਦ ਦੀ ਖਰੀਦ-ਵੇਚ

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੁਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

# ਖੂਬ ਰੰਗ ਬਝੇ ਪੀ ਸੀ ਐਸ ਸੈਕਰਾਮੈਂਟੋ ਦੇ 22ਵੇਂ ਮੇਲੇ 'ਤੇ

ਸੈਕਰਾਮੈਂਟੋ: ਨਿਕੀਆਂ-ਨਿਕੀਆਂ ਬਾਲੜੀਆਂ ਸੁੰਦਰ ਫਰਾਕਾਂ 'ਚ ਸਜੀਆਂ ਛੜੱਪੇ ਮਾਰ ਰਹੀਆਂ ਸਨ, ਮੁਟਿਆਰਾਂ ਰੰਗ-ਬਰੰਗੀਆਂ ਪੁਸ਼ਾਕਾਂ ਵਿਚ ਸੱਜੀਆਂ ਗਿੱਧੇ ਦੇ ਪਿੜ ਵਿਚ ਅੱਡੀ-ਟੱਪੇ ਦੇ ਜੌਹਰ ਦਿਖਾਉਣ ਲਈ ਕਾਹਲੀਆਂ ਸਨ। ਛੋਟੇ ਛੋਟੇ ਮੁੰਡਿਆਂ ਅਤੇ ਮੁਛਫੁਟ ਗਭਰੂਆਂ ਤੋਂ ਲੈ ਕੇ ਤਗੜੇ ਜਵਾਨ ਤੁਰਲੇ ਵਾਲੀਆਂ ਰੰਗ-ਬਰੰਗੀਆਂ ਪੱਗਾਂ ਬਨ੍ਹੀਂ ਅਤੇ ਚਾਦਰੇ ਲਾਈ ਢੋਲ ਦੇ ਡਗੇ ਉਤੇ ਭੰਗੜਾ ਪਾਉਣ ਨੂੰ ਕਾਹਲੇ ਸਨ। ਹਾਲ ਦੇ ਬਾਹਰ ਲਗੇ ਖਰੀਦੋ-ਫਰੋਖਤ ਦੇ ਸਟਾਲਾਂ ਉਤੇ ਜਿਥੇ ਕੁੜੀਆਂ-ਚਿੜੀਆਂ ਤੇ ਬੀਬੀਆਂ ਖਰੀਦੋ-ਫਰੋਖਤ ਵਿਚ ਮਸਤ ਸਨ, ਉਥੇ ਦੇਸੀ ਖਾਣਿਆਂ ਦੇ ਸਟਾਲਾਂ ਤੋਂ ਆਉਂਦੀਆਂ ਮਹਿਕਾਂ ਵੀ ਦਰਸ਼ਕਾਂ ਨੂੰ ਆਪਣੇ ਵਲ ਖਿੱਚ ਰਹੀਆਂ ਸਨ। ਕਿਧਰੇ ਦਰਸ਼ਕ ਪ੍ਰਬੰਧਕਾਂ ਨੂੰ ਵਧਾਈਆਂ ਦੇ ਰਹੇ ਸਨ। ਇਹ ਨਜ਼ਾਰਾ ਸੀ ਸਨਿਚਰਵਾਰ 16 ਅਪਰੈਲ ਨੂੰ ਪੰਜਾਬੀ ਕਲਚਰਲ ਸੁਸਾਇਟੀ, ਸੈਕਰਾਮੈਂਟੋ ਦੇ 22ਵੇਂ ਵਿਸਾਖੀ ਮੇਲੇ ਦਾ ਅਤੇ ਸਥਾਨ ਸੀ ਐਲਕ ਗਰੂਵ ਦਾ ਸੀ ਈ ਐਸ ਹਾਲ।




ਪ੍ਰਬੰਧਕ ਕਮੇਟੀ ਨੇ 22 ਗੁਬਾਰੇ ਹਵਾ ਵਿਚ ਛਡ ਕੇ ਮੇਲੇ ਦਾ ਉਦਘਾਟਨ ਕੀਤਾ ਅਤੇ ਮੇਲੇ ਦੀ ਸ਼ੁਰੂਆਤ ਉਘੇ ਗਾਇਕ ਅਨੂਪ ਸਿੰਘ ਚੀਮਾ ਨੇ "ਲੱਖ ਵਾਰ ਮੈਂ ਕਰਦਾ ਹਾਂ ਪ੍ਰਣਾਮ ਸ਼ਹੀਦਾਂ ਨੂੰ" ਗਾ ਕੇ ਕੀਤੀ। ਉਪਰੰਤ ਤਨਵੀਰ ਡੋਡ ਅਤੇ ਹਰਪ੍ਰੀਤ ਕੌਰ ਨੇ ਇਕ ਦੋਗਾਨੇ ਉਪਰ ਨ੍ਰਿਤ ਆਈਟਮ ਪੇਸ਼ ਕਰ ਕੇ ਦਰਸ਼ਕਾਂ ਨੂੰ ਬੰਨ੍ਹ ਕੇ ਬਿਠਾ ਲਿਆ। ਆਪਣੀ ਸੂਫੀ ਗਾਇਕੀ ਕਰ ਕੇ ਜਾਣੀ ਜਾਂਦੀ ਗਾਇਕਾ ਰਾਜਬੀਰ ਕੌਰ ਨੇ ਇਕ ਸਾਹਿਤਕ ਗੀਤ ਇਨੀ ਸ਼ਿਦਤ ਨਾਲ ਗਾਇਆ ਕਿ ਸਰੋਤਿਆਂ ਦੇ ਮੂੰਹੋਂ ਵਾਹ-ਵਾਹ ਆਪ-ਮੁਹਾਰੇ ਹੀ ਨਿਕਲ ਆਈ।

ਭੰਗੜੇ ਅਤੇ ਗਿੱਧੇ ਦੇ ਦੌਰ ਵਿਚ ਕੁੜੀਆਂ ਦੀਆਂ ਟੀਮਾਂ "ਤੋਰ ਪੰਜਾਬਣ ਦੀ", "ਗਿੱਧਾ ਪੰਜਾਬਣਾਂ ਦਾ", "ਪੰਜਾਬਣਾਂ ਦੀ ਸ਼ਾਨ", ਭੰਗੜਾ ਪੰਜਾਬਣਾ ਦਾ", "ਟੌਹਰ ਪੰਜਾਬਣਾਂ ਦੀ" ਅਤੇ ਭੰਗੜੇ ਦੇ ਗਰੁਪਾਂ "ਅਜੈ ਭੰਗੜਾ ਅਕਾਡਮੀ ਸੈਨ ਹੋਜੇ", "ਮਾਣ ਦੁਆਬੇ ਦਾ" ਅਤੇ "ਅਣਖੀਲੇ ਗਭਰੂ ਸੈਕਰਾਮੈਂਟੋ" ਨੇ ਗਿੱਧੇ-ਭੰਗੜੇ ਦੇ ਉਹ ਜੌਹਰ ਦਿਖਾਏ ਕਿ ਨਾ ਸਿਰਫ ਦਰਸ਼ਕਾਂ ਨੂੰ ਅੱਡੀ ਥਪਕਾਉਣ ਅਤੇ ਮੋਢੇ ਹਿਲਾਉਣ ਹੀ ਲਾ ਦਿਤਾ ਸਗੋਂ ਉਨ੍ਹਾਂ ਨੂੰ ਤਾੜੀਆਂ ਦੀ ਗੂੰਜ ਨਾਲ ਹਾਲ ਨੂੰ ਗੂੰਜਣ ਲਾਉਣ ਵਾਸਤੇ ਵੀ ਮਜਬੂਰ ਕਰ ਦਿਤਾ।

ਗਾਇਕੀ ਦੇ ਦੌਰ ਵਿਚ ਗਾਇਕ ਜੱਗਾ, ਪੰਮੀ ਮਾਨ ਤੋਂ ਇਲਾਵਾ ਸੰਗੀਤ ਗਰੁਪ ਦੇ ਗਾਇਕ ਤਰਲੋਕ ਸਿੰਘ ਤੇ ਅਨੂਪ ਸਿੰਘ ਚੀਮਾ ਨੇ ਗੀਤਾਂ ਦੀ ਝੜੀ ਲਾ ਕੇ ਮਾਹੌਲ ਨੂੰ ਸੁਰਮਈ ਬਣਾ ਦਿਤਾ। ਸੁਸਾਇਟੀ ਦੇ ਰੂਹੇ-ਰਵਾਂ ਰਛਪਾਲ ਸਿੰਘ ਫਰਵਾਲਾ ਨੇ ਵੀ 'ਖਰਬੂਜੇ ਨੂੰ ਵੇਖ ਖਰਬੂਜਾ ਰੰਗ ਫੜਦਾ ਹੈ' ਵਾਲੀ ਕਹਾਵਤ ਸਿੱਧ ਕਰਦਿਆਂ ਇਕ ਗੀਤ ਗਾ ਕੇ ਭਰਪੂਰ ਦਾਦ ਖੱਟੀ। ਸੈਨ ਹੋਜੇ ਤੋਂ ਉਚੇਚੇ ਪੁਜੇ ਗਾਇਕ ਮਿੱਕੀ ਸਰਾਂ ਨੇ ਦੋ ਗੀਤ ਗਾ ਕੇ ਰੰਗ ਬੰਨ੍ਹਿਆ। ਅਜੇਪਾਲ ਸਿੰਘ ਤੇ ਪੂਜਾ ਸੋਲੰਕੀ ਨੇ ਇਕ ਦੋਗਾਣੇ ਉਤੇ ਐਕਸ਼ਨ ਡਾਂਸ ਕਰ ਕੇ ਦਰਸ਼ਕ ਝੂਮਣ ਲਾ ਦਿਤੇ। ਮਨਟਿਕਾ ਤੋਂ ਆਏ ਅੰਮ੍ਰਿਤ ਧਾਲੀਵਾਲ ਅਤੇ ਬਲਬੀਰ ਢਿਲੋਂ ਲੋਡਾਈ ਨੇ ਮਾਡਰਨ ਕਵੀਸ਼ਰੀ ਨਿਵੇਕਲੇ ਅੰਦਾਜ਼ ਵਿਚ ਪੇਸ਼ ਕਰ ਕੇ ਸਰੋਤਿਆਂ ਦੇ ਢਿਡੀਂ ਪੀੜਾਂ ਪਾ ਦਿਤੀਆਂ। ਅਵਤਾਰ ਲਾਖਾ ਤੇ ਜਸਵੰਤ ਸਿੰਘ ਸ਼ਾਦ ਨੇ ਉਲਟੇ-ਪੁਲਟੇ ਸਵਾਲ-ਜਵਾਬ ਕਰਕੇ ਅਤੇ ਲਤੀਫਿਆਂ ਦੀ ਝੜੀ ਲਾ ਕੇ ਖੂਬ ਰੰਗ ਬੰਨ੍ਹਿਆ। ਕੋਈ ਪੰਜ ਘੰਟੇ ਚਲੇ ਇਸ ਮੇਲੇ ਦੇ ਅਖੀਰ ਵਿਚ ਜਸਪਾਲ ਸਿੰਘ ਅਤੇ ਸੁਖਵਿੰਦਰ ਸਿੰਘ ਗੋਗੀ ਦੀ ਤਿਆਰ ਕੀਤੀ ਗਿੱਧਾ ਟੀਮ ਨੇ ਉਹ ਰੰਗ ਬੰਨ੍ਹਿਆ ਕਿ ਇਹ ਮੇਲੇ ਦਾ ਸਿਖਰ ਹੋ ਨਿਬੜਿਆ।

ਹਰ ਸਾਲ ਵਾਂਗ ਪੰਜਾਬੀ ਭਾਈਚਾਰੇ ਲਈ ਕੰਮ ਕਰਨ ਵਾਲੀਆਂ ਉਘੀਆਂ ਸ਼ਖਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ। ਸ. ਤ੍ਰਿਪਤ ਸਿੰਘ ਭੱਟੀ ਨੂੰ ਸਾਹਿਤ, ਡਾ. ਜਸਬੀਰ ਸਿੰਘ ਕੰਗ ਨੂੰ ਸਭਿਆਚਾਰ ਅਤੇ ਵਿਰਸੇ ਦੀ ਸੇਵਾ ਲਈ, ਸ. ਦਰਸ਼ਨ ਸਿੰਘ ਮੁੰਡੀ ਸਮਾਜ ਸੇਵਾ ਅਤੇ ਸ. ਜਗਜੀਤ ਸਿੰਘ ਥਿੰਦ ਨੂੰ ਪੱਤਰਕਾਰੀ ਲਈ ਸਨਮਾਨਤ ਕੀਤਾ ਗਿਆ। ਸਨਮਾਨ ਲੈਣ ਵਾਲੇ ਬੁਲਾਰਿਆਂ ਨੇ ਜਿਥੇ ਪੰਜਾਬੀ ਕਲਚਰਲ ਸੁਸਾਇਟੀ ਦੀ ਜੰਮ ਕੇ ਤਾਰੀਫ ਕੀਤੀ, ਉਥੇ ਸੁਸਾਇਟੀ ਦੇ ਫਾਉਂਡਰ ਸ. ਰਛਪਾਲ ਸਿੰਘ ਫਰਵਾਲਾ ਨੂੰ 22ਵੇਂ ਮੇਲੇ 'ਤੇ ਵਧਾਈਆਂ ਦਿਤੀਆਂ। ਸ. ਤ੍ਰਿਪਤ ਸਿੰਘ ਭੱਟੀ ਨੇ ਆਪਣੀਆਂ ਕਿਤਾਬਾਂ ਦਾ ਇਕ ਸੈਟ ਸ. ਫਰਵਾਲਾ ਨੂੰ ਭੇਟ ਕੀਤਾ। ਇਸ ਮੌਕੇ ਸ. ਹਰਜਿੰਦਰ ਸਿੰਘ ਪੰਧੇਰ ਨੇ ਸੁਸਾਇਟੀ ਬਾਰੇ ਇਕ ਜਾਣਕਾਰੀ ਭਰਪੂਰ ਪਰਚਾ ਪੜ੍ਹਿਆ। ਮੰਚ ਸੰਚਾਲਨ ਜਸਵੰਤ ਸਿੰਘ ਸ਼ਾਦ ਨੇ ਆਪਣੇ ਵਿਸ਼ੇਸ਼ ਰੰਗ ਵਿਚ ਕੀਤਾ।

ਇਸ ਮੇਲੇ ਵਿਚ 150 ਤੋਂ ਵੱਧ ਕਲਾਕਾਰਾਂ ਨੇ ਹਿੱਸਾ ਲਿਆ। ਪ੍ਰਬੰਧਕਾਂ ਵਲੋਂ ਸਪਾਂਸਰਾਂ ਤੇ ਕਲਾਕਾਰਾਂ ਦਾ ਮਾਣ-ਸਨਮਾਨ ਕੀਤਾ ਗਿਆ। ਮੇਲੇ ਨੂੰ ਕਾਮਯਾਬ ਕਰਨ ਲਈ ਸਮੂਹ ਮੈਂਬਰਾਂ ਸ. ਰਾਜਿੰਦਰਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਸਿੰਘ ਬਰਸਾ, ਤੀਰਥ ਸਹੋਤਾ, ਪਰਮਵੀਰ ਢਿਲੋਂ, ਸੁਰਿੰਦਰ ਬਿੰਦਰਾ, ਅਜੈਬ ਕਾਹਲੋਂ, ਰਛਪਾਲ ਫਰਵਾਲਾ, ਜਰਨੈਲ ਸਰਪੰਚ, ਦੇਬੀ ਗਿੱਲ, ਸੁਖਰਾਜ ਔਲਖ, ਕੁਲਦੀਪ ਬੈਂਸ, ਜਸਵਿੰਦਰ ਪੂਨੀ, ਜਸਵੰਤ ਸ਼ਾਦ, ਅਰਜਿੰਦਰ ਕੁਕੀ, ਐਮ ਐਸ ਚਾਹਲ, ਪਵਿੱਤਰ ਨਾਹਲ, ਸਤਵਿੰਦਰ ਰੰਗੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਬੀਰ ਜੌਹਲ, ਕਮਲ ਸਿੰਘ, ਅਵਤਾਰ ਡੋਡ, ਹਰਜਿੰਦਰ ਸਿੰਘ ਪੰਧੇਰ, ਬਲਵੰਤ ਸਿੰਘ ਅਤੇ ਗੁਰਮੁਖ ਗੌਸਲ ਨੇ ਭਰਪੂਰ ਯੋਗਦਾਨ ਪਾਇਆ। ਅੰਤ ਵਿਚ ਰਛਪਾਲ ਸਿੰਘ ਫਰਵਾਲਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਵੀਡੀਓ ਦੀ ਸੇਵਾ ਚਾਹਲ ਵੀਡੀਓ ਨੇ ਕੀਤੀ।













# ਐਸ. ਅਸ਼ੋਕ ਭੌਰਾ ਦਾ ਸਨਮਾਨ ਤੇ ਮਿਲਣੀ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ) :** "ਸਾਨੂੰ ਮਾਣ ਹੈ ਕਿ ਐਸ. ਅਸ਼ੋਕ ਭੌਰਾ ਦੀਆਂ ਲਿਖਤਾਂ ਨੂੰ ਪਾਠਕ ਬੇਹੱਦ ਬੇਸਬਰੀ ਨਾਲ ਉਡੀਕਦੇ ਹਨ ਅਤੇ ਹਰ ਲਿਖਤ ਵਿਚੋਂ ਆਨੰਦ ਮਿਲਣ ਦੇ ਨਾਲ-ਨਾਲ ਕੋਈ ਨਾ ਕੋਈ ਸੇਧ ਵੀ ਮਿਲਦੀ ਹੈ। ਅਜਿਹਾ ਬਹੁਤ ਘੱਟ ਲੇਖਕਾਂ ਦੇ ਹਿੱਸੇ ਆਉਂਦਾ ਹੈ।" ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਥਾਨਕ 'ਸੋਹਣਾ ਪੰਜਾਬ ਰੈਸਟੋਰੈਂਟ' ਵਿਚ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਵੱਲੋਂ ਸ੍ਰੀ ਭੌਰਾ ਦੇ ਸਨਮਾਨ ਵਿਚ ਰਾਤਰੀ ਭੋਜ 'ਤੇ ਕਰਵਾਏ ਸਮਾਗਮ ਦੌਰਾਨ ਪ੍ਰਧਾਨ ਨਿਰਮਲ ਸਿੰਘ ਅਤੇ ਖੇਡ ਲੇਖਕ ਵਜੋਂ ਜਾਣੇ ਜਾਂਦੇ ਇਕਬਾਲ ਸਿੰਘ ਜੱਬੋਵਾਲੀਆ ਨੇ ਕੀਤਾ।

ਇਸ ਮੌਕੇ ਸ੍ਰੀ ਭੌਰਾ ਦੇ ਹਮਜਮਾਤੀ ਰਹੇ ਹਰਬੰਸ ਸਿੰਘ ਬੱਧਣ ਨੇ ਕਿਹਾ ਕਿ ਉਨ੍ਹਾਂ ਨੂੰ ਸਾਰਿਆਂ ਨਾਲੋਂ ਵੱਧ ਖੁਸ਼ੀ ਇਸ ਗੱਲ ਦੀ ਹੈ ਕਿ ਉਹ ਦੋਵੇਂ ਜਣੇ ਕਾਲਜ ਤੋਂ ਬਾਅਦ ਇਕ-ਦੂਜੇ ਨੂੰ 29 ਸਾਲ ਮਗਰੋਂ ਮਿਲੇ ਹਨ। ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਭੌਰਾ ਨੇ ਕਿਹਾ ਕਿ ਕੁਝ ਲੋਕਾਂ ਨੇ ਆਪਣੇ ਸੁਆਰਥਾਂ ਲਈ ਸਮੁੱਚੀ ਕੌਮ ਨੂੰ ਭੰਬਲਭੂਸੇ ਵਿਚ ਪਾਇਆ ਹੋਇਆ ਹੈ। ਗੱਲਾਂ ਤਾਂ ਕੌਮ ਨੂੰ ਅਗਵਾਈ ਦੇਣ ਦੀਆਂ ਕੀਤੀਆਂ ਜਾਂਦੀਆਂ ਹਨ ਪਰ ਇਨ੍ਹਾਂ ਦੀ ਕਹਿਣੀ ਅਤੇ ਕਰਨੀ ਵਿਚ ਬਹੁਤ ਵੱਡਾ ਪਾੜਾ ਹੈ। ਕੁਝ ਲੋਕ ਇੱਥੇ ਆ ਕੇ ਪੰਜਾਬ ਦੀ ਭੰਡੀ ਕਰਕੇ ਤੁਰ ਜਾਂਦੇ ਹਨ ਕਿ ਪੰਜਾਬ ਵਿਚ ਕੌਮ ਨਾਲ ਆਹ ਹੋ ਰਿਹਾ ਹੇ, ਔਹ ਹੋ ਰਿਹਾ ਹੈ ਪਰ ਇਥੋਂ ਨਿਕਲਦਿਆਂ ਸਾਰ ਹੀ ਉਨ੍ਹਾਂ ਨੂੰ ਸਾਰਾ ਕੁਝ ਭੁੱਲ-ਭੁਲਾ ਜਾਂਦਾ ਹੈ। ਇਸ ਲਈ ਦੂਜੀਆਂ ਕੌਮਾਂ ਉਤੇ ਚਿੱਕੜ ਸੁੱਟ ਕੇ ਖਿੱਚੋਤਾਣ ਵਾਲੇ ਹਾਲਾਤ ਪੈਦਾ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਇਸ ਮੌਕੇ ਸੁਸਾਇਟੀ ਵੱਲੋਂ ਸ੍ਰੀ ਭੌਰਾ ਨੂੰ ਪਲੈਕ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਭੋਲਾ ਕਲੇਰ, ਰਸ਼ਪਾਲ, ਪਰਮਜੀਤ ਲਾਲ, ਓਮ ਪ੍ਰਕਾਸ਼, ਮਨਮੋਹਨ ਕਲੇਰ, ਸਤਨਾਮ ਸਿੰਘ, ਨੰਦ ਲਾਲ, ਬੂਟਾ ਰਾਮ, ਕਸ਼ਮੀਰ ਸਿੰਘ, ਰਾਜ ਕੁਮਾਰ ਅਤੇ ਰਮੇਸ਼ ਲਾਲ ਹਾਜ਼ਿਰ ਸਨ।





# ਵਿਸਾਖੀ ਸਮਾਗਮ 'ਤੇ ਗਾਇਕ ਸੁਖਵਿੰਦਰ ਪੰਛੀ ਨੇ ਰੰਗ ਬੰਨ੍ਹਿਆ











**ਫ਼ਰਿਜ਼ਨੋ (ਬਿਊਰੋ):** 'ਜਸ਼ਨ-ਏ-ਵਿਸਾਖੀ' ਲਈ ਕੁਝ ਸੱਜਣਾਂ-ਮਿੱਤਰਾਂ ਨੇ ਗੁਰਿੰਦਰਜੀਤ ਸਿੰਘ ਅਤੇ ਡਾ. ਸਿਮਰਜੀਤ ਸਿੰਘ ਧਾਲੀਵਾਲ ਦੀ ਅਗਵਾਈ ਵਿਚ ਸੰਗੀਤ ਮਹਿਫ਼ਿਲ ਦਾ ਪ੍ਰਬੰਧ ਕੀਤਾ ਜਿਸ ਵਿਚ ਔਰਤਾਂ ਅਤੇ ਬੱਚਿਆਂ ਨੇ ਵੀ ਸ਼ਿਰਕਤ ਕੀਤੀ। ਇਸ ਮਹਿਫ਼ਿਲ ਵਿਚ ਨਾਮਵਰ ਫ਼ਨਕਾਰ ਸੁਖਵਿੰਦਰ ਪੰਛੀ ਨੇ ਤਕਰੀਬਨ ਦੋ ਘੰਟੇ ਸਰੋਤਿਆਂ ਦਾ ਭਰਵਾਂ ਮਨੋਰੰਜਨ ਕੀਤਾ।

ਸਮਾਗਮ ਦੀ ਸ਼ੁਰੂਆਤ ਪੱਪੀ ਭਦੌੜ ਦੇ ਗੀਤਾਂ 'ਸਭ ਤੋਂ ਬਹੁਤਾ ਪਿਆਰ ਬੱਚੇ ਦਾ ਹੁੰਦਾ ਮਾਵਾਂ ਨੂੰ', 'ਮਾਵਾਂ ਕੋਲੋਂ ਦੁੱਧ ਚੁੰਘ ਕੇ ਇੱਥੇ ਪੁੱਤ ਨਾ ਪਿਆਉਂਦੇ ਪਾਣੀ' ਨਾਲ ਹੋਈ। ਇਸ ਤੋਂ ਬਾਅਦ ਬਹਾਦਰ ਸਿੱਧੂ ਨੇ 'ਕਦੇ ਤਾਂ ਹੱਸ ਬੋਲ ਵੇ' ਨਾਲ ਮਾਹੌਲ ਨੂੰ ਸਿਖਰ ਵੱਲ ਤੋਰਿਆ। ਫਿਰ ਸੁਖਵਿੰਦਰ ਪੰਛੀ ਨੇ ਲਗਾਤਾਰ, ਆਪਣੇ ਗੀਤਾਂ-ਛੱਲੇ ਮੁੰਦੀਆਂ, ਦਿੱਲੀ ਦੇ ਹਵਾਈ ਅੱਡੇ 'ਤੇ, ਤੂੰ ਚਾਹੁੰਦਾ ਰਹਿ ਦਿਲਦਾਰ, ਸਾਡੀ ਮੁੰਦਰੀ ਸੱਜਣਾਂ, ਸ਼ਾਹਾਂ ਦੀਏ ਕੁੜੀਏ, ਆਦਿ ਰਾਹੀਂ ਇਨ੍ਹਾਂ ਸੰਗੀਤਕ ਪਲਾਂ ਨੂੰ ਯਾਦਗਾਰੀ ਬਣਾ ਦਿੱਤਾ। ਸਟੇਜ ਸੰਚਾਲਨ ਅਸ਼ੋਕ ਭੌਰਾ ਨੇ ਸ਼ਾਇਰਾਨਾ ਅੰਦਾਜ਼ ਵਿਚ ਕੀਤਾ। ਇਸ ਮੌਕੇ ਉਘੇ ਟਰਾਂਸਪੋਰਟਰ ਨਾਜਰ ਸਿੰਘ ਸਹੋਤਾ ਤੋਂ ਇਲਾਵਾ ਅਮਰਜੀਤ ਦੌਧਰ, ਰਾਣਾ ਚੁਗਾਵਾਂ ਵਾਲਾ, ਜੈਲਾ ਧੂੜਕੋਟ, ਜਸਪਾਲ ਸਿੰਘ ਬਿਲਾਸਪੁਰ, ਅਵਤਾਰ ਸਿੰਘ ਜੇਠੂਕੇ, ਬਲਦੇਵ ਸਿੰਘ ਧਾਲੀਵਾਲ, ਕਾਕਾ ਪ੍ਰੀਤ ਇੰਦਰ ਸਿੰਘ, ਹਰਜਿੰਦਰ ਕੌਰ, ਕਰਮਜੀਤ ਕੌਰ, ਪੱਤਰਕਾਰ ਕੁਲਬੀਰ ਹੇਅਰ ਆਦਿ ਹਾਜ਼ਿਰ ਸਨ।

## 15 ਪਰਮਾਣੂ ਬੰਬਾਂ ਦੀ ਸ਼ਕਤੀ ਵਾਲਾ ਪਥਰਾਟ ਧਰਤੀ ਕੋਲੋਂ ਲੰਘਿਆ

**ਲੰਡਨ:** 15 ਪਰਮਾਣੂ ਬੰਬਾਂ ਦੀ ਸ਼ਕਤੀ ਵਾਲਾ ਪਥਰਾਟ ਧਰਤੀ ਦੇ ਕੋਲੋਂ ਲੰਘਿਆ ਹੈ। ਪੁਲਾੜ ਵਿਗਿਆਨੀਆਂ ਅਨੁਸਾਰ ਜੇ ਇਹ ਪਥਰਾਟ ਧਰਤੀ ਨਾਲ ਟਕਰਾਅ ਜਾਂਦਾ ਤਾਂ ਇਕ ਛੋਟਾ ਦੇਸ਼ ਪੂਰੀ ਤਰ੍ਹਾਂ ਤਬਾਹ ਹੋ ਸਕਦਾ ਸੀ। 'ਡੇਲੀ ਮੇਲ' ਵਿਚ ਛਪੀ ਇਕ ਖ਼ਬਰ ਅਨੁਸਾਰ ਪੁਲਾੜ ਵਿਗਿਆਨੀਆਂ ਨੇ ਸਿਗਾਰ ਦੇ ਅਕਾਰ ਵਾਲੇ ਪਥਰਾਟ ਦੀ ਇਕ ਹਫਤਾ ਪਹਿਲਾਂ ਪਛਾਣ ਕੀਤੀ ਸੀ ਜਿਸ ਦਾ ਨਾਂ ਜੀ.ਪੀ.-59 ਰੱਖਿਆ ਗਿਆ ਸੀ। ਕੁੱਲ 50 ਮੀਟਰ ਲੰਬਾ ਇਹ ਚਟਾਨ ਦਾ ਟੁਕੜਾ ਧਰਤੀ ਨਾਲੋਂ 2,085,321 ਮੀਲ ਦੀ ਦੂਰੀ ਤੋਂ ਲੰਘਿਆ ਹੈ।

ਨਾਸਾ ਦੇ ਵਿਗਿਆਨੀ ਡੋਨ ਯਿਓਮਾਨਸ ਅਨੁਸਾਰ ਇਸ ਪਥਰਾਟ ਦਾ ਰੰਗ ਕਈ ਵਾਰ ਬਦਲ ਰਿਹਾ ਸੀ।

# ਗੁਰਦੁਆਰਾ ਸੈਨ ਹੋਜ਼ੇ ਦੇ ਉਸਾਰੀ ਪ੍ਰਾਜੈਕਟ ਦਾ ਦੂਜਾ ਪੜਾਅ ਮੁਕੰਮਲ ਹੋਣ 'ਤੇ ਸਮੂਹ ਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕਾਂ ਨੂੰ ਬਹੁਤ ਬਹੁਤ ਵਧਾਈ



*ਸਾਗਰ ਰੈਸਟੋਰੈਂਟ ਦੇ ਮਾਲਕ ਸ੍ਰੀ ਚੰਦਰ ਸ਼ੇਖਰ ਸ. ਬਲਬੀਰ ਸਿੰਘ ਬਾਠ ਨਾਲ*

**ਸੈਨ ਹੋਜ਼ੇ: ਅਮਰੀਕਾ ਦੌਰੇ 'ਤੇ ਆਏ ਹੋਏ ਪੰਜਾਬ ਦੇ ਐਨ ਆਰ ਆਈ ਮੰਤਰੀ ਬਲਬੀਰ ਸਿੰਘ ਬਾਠ ਦਾ ਸਨਮਾਨ ਇਥੇ ਸਥਾਨਕ ਆਗੂ ਸ੍ਰੀ ਚੰਦਰ ਸ਼ੇਖਰ ਵਲੋਂ ਆਪਣੇ ਸਾਗਰ ਰੈਸਟੋਰੈਂਟ ਵਿਚ ਕੀਤਾ ਗਿਆ। ਇਸ ਮੌਕੇ ਸ੍ਰੀ ਚੰਦਰ ਸ਼ੇਖਰ ਅਤੇ ਉਨ੍ਹਾਂ ਦੇ ਪਰਿਵਾਰ ਤੋਂ ਬਿਨਾ ਜਸਵਿੰਦਰ ਸਿੰਘ ਸੋਹਲ, ਹਰਪ੍ਰਕਾਸ਼ ਸਿੰਘ ਢਿੱਲੋਂ, ਗੁਰਜੰਟ ਸਿੰਘ ਸੰਘਾ, ਕੁਲਵੰਤ ਸਿੰਘ ਖਹਿਰਾ, ਗੁਰਬਖਸ਼ ਸਿੰਘ ਢਿੱਲੋਂ, ਜਸਵੀਰ ਸਿੰਘ ਪਵਾਰ, ਬਰਨੀ ਨਿੱਝਰ ਤੋਂ ਇਲਾਵਾ ਹੋਰ ਬਹੁਤ ਸਾਰੇ ਸੱਜਣ ਹਾਜ਼ਰ ਸਨ।**





# ਸੈਲਮਾ 'ਚ ਸਜਿਆ 17ਵਾਂ ਵਿਸ਼ਾਲ ਨਗਰ ਕੀਰਤਨ

**ਸੈਲਮਾ (ਮਾਨ ਮਨਦੀਪ):** ਗੁਰਦੁਆਰਾ ਸਿੱਖ ਸੈਂਟਰ ਆਫ ਪੈਸੇਫਿਕ ਕੋਸਟ, ਸੈਲਮਾ ਵਲੋਂ 17ਵਾਂ ਸਾਲਾਨਾ ਨਗਰ ਕੀਰਤਨ ਇਥੇ ਵਿਸਾਖੀ ਮੌਕੇ ਸਜਾਇਆ ਗਿਆ ਜਿਸ ਵਿਚ 10 ਹਜ਼ਾਰ ਤੋਂ ਵੀ ਵੱਧ ਸੰਗਤਾਂ ਨੇ ਹਾਜ਼ਰੀਆਂ ਭਰ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਈਆਂ। ਨਗਰ ਕੀਰਤਨ ਵਿਚ ਬੀਬੀਆਂ ਦੀ ਗਿਣਤੀ ਵੀ ਕਾਫੀ ਜ਼ਿਆਦਾ ਸੀ।

ਨਗਰ ਕੀਰਤਨ ਸਬੰਧੀ ਸ਼ੁਕਰਵਾਰ 15 ਅਪਰੈਲ ਨੂੰ ਅਖੰਡ ਪਾਠ ਦਾ ਅਰੰਭ ਹੋਇਆ ਅਤੇ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ। 16 ਅਪਰੈਲ ਨੂੰ ਅੰਮ੍ਰਿਤ ਸੰਚਾਰ ਹੋਇਆ ਜਿਸ ਵਿਚ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਅੰਮ੍ਰਿਤ ਛਕ ਕੇ ਗੁਰੂ ਵਾਲੀਆਂ ਬਣੀਆਂ। ਐਤਵਾਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਅਮਰੀਕ ਸਿੰਘ ਅਤੇ ਕਰਮਨ ਤੋਂ ਆਏ ਭਾਈ ਹਰਪ੍ਰੀਤ ਸਿੰਘ ਤੇ ਭਾਈ ਜੋਗਿੰਦਰ ਸਿੰਘ ਚੰਦਨ ਦੇ ਜਥਿਆਂ ਨੇ ਇਲਾਹੀ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।




ਨਗਰ ਕੀਰਤਨ ਦਾ ਅਰੰਭ ਇਕ ਸਜੀ ਹੋਈ ਪਾਲਕੀ ਵਿਚ ਸੁਸ਼ੋਭਿਤ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਸਵੇਰੇ 10:30 ਵਜੇ ਹੋਇਆ। ਸਭ ਤੋਂ ਅੱਗੇ ਰਵਾਇਤੀ ਅਸਤਰ ਬਸਤਰ ਵਿਚ ਸਜੇ ਪੰਜ ਪਿਆਰੇ ਅਤੇ ਨਿਸ਼ਾਨਚੀ ਚੱਲ ਰਹੇ ਸਨ। ਗੁਰੂ ਮਹਾਰਾਜ ਦੀ ਸਵਾਰੀ ਵਾਲੀ ਪਾਲਕੀ ਤੋਂ ਇਲਾਹੀ ਬਾਣੀ ਦੀਆਂ ਧੁਨਾਂ ਫਿਜ਼ਾ ਵਿਚ ਇਕ ਅਲੌਕਿਕ ਰਸ ਘੋਲ ਰਹੀਆਂ ਸਨ। ਸੰਗਤਾਂ ਵਾਹਿਗੁਰੂ ਦਾ ਜਾਪ ਕਰਦਿਆਂ ਨਗਰ ਕੀਰਤਨ ਵਿਚ ਹਾਜ਼ਰੀ ਭਰ ਰਹੀਆਂ ਸਨ। ਐਨ ਆਰ ਆਈ ਸਭਾ, ਅਮਰੀਕਾ ਦੇ ਉਦਮ ਨਾਲ ਇਕ ਹੈਲੀਕਾਪਟਰ ਰਾਹੀਂ ਨਗਰ ਕੀਰਤਨ ਉਤੇ ਫੁੱਲਾਂ ਦੀ ਵਰਖਾ ਕੀਤੀ ਗਈ। ਗੁਰੂ ਘਰ ਤੋਂ ਅਰੰਭ ਹੋ ਕੇ ਸ਼ਹਿਰ ਦੀਆਂ ਵੱਖ ਵੱਖ ਸੜਕਾਂ ਤੋਂ ਹੁੰਦਾ ਹੋਇਆ ਨਗਰ ਕੀਰਤਨ ਬਾਅਦ ਦੁਪਹਿਰ ਦੋ ਵਜੇ ਗੁਰੂ ਘਰ ਆ ਕੇ ਸਮਾਪਤ ਹੋਇਆ।

ਰਵਾਇਤ ਅਨੁਸਾਰ ਨਗਰ ਕੀਰਤਨ ਦੇ ਸਾਰੇ ਰਸਤੇ 'ਤੇ ਸ਼ਰਧਾਲੂ ਸੰਗਤਾਂ ਵਲੋਂ ਥਾਂ ਥਾਂ ਉਤੇ ਖਾਣ-ਪੀਣ ਦੀਆਂ ਚੀਜ਼ਾਂ ਦੇ ਸਟਾਲ ਲਾਏ ਗਏ ਸਨ ਜਿਨ੍ਹਾਂ ਤੋਂ ਸੰਗਤਾਂ ਪੀਜ਼ਾ, ਸਮੋਸੇ, ਫਲ-ਫਰੂਟ, ਡਰਾਈ ਫਰੂਟ ਅਤੇ ਸੋਡਾ ਅਤੇ ਜੂਸ ਛਕ ਰਹੀਆਂ ਸਨ। ਗੁਰੂ ਘਰ ਦੇ ਅਹਾਤੇ ਵਿਚ ਧਾਰਮਿਕ ਕਿਤਾਬਾਂ, ਸੀਡੀਆਂ, ਤਸਵੀਰਾਂ ਅਤੇ ਕੱਪੜੇ ਆਦਿ ਦੇ ਸਟਾਲ ਵੀ ਲੱਗੇ ਹੋਏ ਸਨ ਜਿਨ੍ਹਾਂ ਤੋਂ ਲੋੜਵੰਦ ਆਪੋ ਆਪਣੀ ਪਸੰਦ ਦਾ ਸਾਮਾਨ ਖਰੀਦ ਰਹੇ ਸਨ।

ਗੁਰੂ ਘਰ ਦੇ ਪ੍ਰਧਾਨ ਰਾਜਬੀਰ ਸਿੰਘ ਪੰਨੂ, ਜਰਨਲ ਸਕੱਤਰ ਗੁਰਪ੍ਰੀਤ ਸਿੰਘ ਮਾਨ, ਕਮੇਟੀ ਮੈਂਬਰ ਮਹਿੰਦਰ ਸਿੰਘ ਸੰਧਾਵਾਲੀਆ ਅਤੇ ਹਰਜਿੰਦਰ ਸਿੰਘ ਗਿੱਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਨਗਰ ਕੀਰਤਨ ਵਿਚ ਐਨ ਆਰ ਆਈ ਸਭਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ, ਗੁਰਪ੍ਰੀਤ ਚੌਹਾਨ, ਅਰਵਿਨ ਪੰਨੂ, ਗੁਰਦੀਪ ਨਿੱਜਰ, ਅਕਾਲੀ ਆਗੂ ਹੈਰੀ ਗਿੱਲ, ਸਿੱਖ ਆਗੂ ਚਰਨਜੀਤ ਸਿੰਘ ਬਾਠ, ਸਿਮਰਨਜੀਤ ਸਿੰਘ ਪੰਨੂ, ਪਰਮਿੰਦਰ ਰੰਧਾਵਾ, ਸ਼ਾਨ ਘੁੰਮਣ, ਰਾਜ ਦੁਸਾਂਝ, ਜੈਫਰੀ ਗਿੱਲ, ਕੈਵਿਨ ਪੰਨੂ, ਟਰਾਂਸਪੋਰਟਰ ਤੇ ਕਾਂਗਰਸੀ ਆਗੂ ਪਾਲ ਸਹੋਤਾ, ਰਣਜੀਤ ਸੰਘਾ ਅਤੇ ਰਣਬੀਰ ਚੌਹਾਨ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ।



## ਗੁਰਦੁਆਰਾ ਦਸ਼ਮੇਸ਼ ਦਰਬਾਰ 'ਚ ਵਿਸਾਖੀ ਪੁਰਬ

**ਬੇਕਰਜ਼ਫੀਲਡ (ਮਾਨ ਮਨਦੀਪ):** ਸਥਾਨਕ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ ਖਾਲਸੇ ਦਾ ਜਨਮ ਦਿਹਾੜਾ ਵਿਸਾਖੀ ਰਵਾਇਤੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਬੱਚਿਆਂ ਵਿਚ ਦਸਤਾਰ ਸਬੰਧੀ ਉਤਸ਼ਾਹ ਪੈਦਾ ਕਰਨ ਲਈ ਸੁੰਦਰ ਦਸਤਾਰ ਮੁਕਾਬਲੇ ਕਰਵਾਏ ਗਏ।

ਖਾਲਸਾ ਸਿਰਜਣਾ ਦਿਹਾੜੇ ਸਬੰਧੀ ਕੀਤੇ ਗਏ ਤਿੰਨ ਰੋਜ਼ਾ ਸਮਾਗਮਾਂ ਦੌਰਾਨ ਲੰਘੇ ਸ਼ੁਕਰਵਾਰ ਅਖੰਡਪਾਠ ਦਾ ਆਰੰਭ ਕੀਤਾ ਗਿਆ, ਸਨਿਚਰਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ ਅਤੇ



ਐਤਵਾਰ ਨੂੰ ਅਖੰਡਪਾਠ ਦੇ ਭੋਗ ਉਪਰੰਤ ਪੰਥ ਪ੍ਰਸਿਧ ਕਥਾਵਾਚਕ ਭਾਈ ਸਾਹਿਬ ਸਿੰਘ ਕੈਨੇਡਾ ਅਤੇ ਭਾਈ ਜਸਪਾਲ ਸਿੰਘ ਨਿਊ ਯਾਰਕ ਨੇ ਵਿਸਾਖੀ ਦੀ ਮਹੱਤਤਾ ਅਤੇ ਦਸ਼ਮੇਸ਼ ਪਾਤਸ਼ਾਹ ਵਲੋ ਸਾਜੇ-ਨਿਵਾਜੇ ਖਾਲਸੇ ਦੇ ਇਤਿਹਾਸ ਬਾਰੇ ਸੰਗਤਾਂ ਨੂੰ ਜਾਣਕਾਰੀ ਦਿਤੀ। ਭਾਈ ਸੁਖਦੇਵ ਸਿੰਘ ਸੈਕਰਾਮੈਂਟੋ ਅਤੇ ਭਾਈ ਗੁਰਪ੍ਰੀਤ ਸਿੰਘ ਬੇਕਰਜ਼ਫੀਲਡ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਦੇ ਲੜ ਲਾਇਆ। ਪ੍ਰਬੰਧਕਾਂ ਵਲੋਂ ਦਸਤਾਰ ਮੁਕਾਬਲੇ ਦੇ ਜੇਤੂ ਬੱਚਿਆਂ ਨੂੰ ਇਨਾਮ ਦੇ ਕੇ ਉਨ੍ਹਾਂ ਦੀ ਹੌਂਸਲਾ ਅਫਜਾਈ ਕੀਤੀ ਗਈ। ਇਨ੍ਹਾਂ ਸਮਾਗਮਾਂ ਦੌਰਾਨ ਗੁਰੂ ਕਾ ਲੰਗਰ ਅਤੁਟ ਵਰਤਿਆ।







# ਰੂਸ ਨੂੰ ਗਗਾਰਿਨ ਦੇ ਕਾਰਨਾਮੇ ‘ਤੇ ਮਾਣ

**ਮਾਸਕੋ:** ਰੂਸ ਨੇ ਯੂਰੀ ਗਗਾਰਿਨ ਵੱਲੋਂ ਭਰੀ ਪੁਲਾੜ ਦੀ ਪਹਿਲੀ ਉਡਾਣ ਦੇ 50 ਵਰ੍ਹੇ ਪੂਰੇ ਹੋਣ ‘ਤੇ ਭਰਵੇਂ ਉਤਸ਼ਾਹ ਦਾ ਵਿਖਾਵਾ ਕੀਤਾ ਤੇ ਰਾਸ਼ਟਰਪਤੀ ਦਮਿਤਰੀ ਮੈਦਵੇਦੇਵ ਨੇ ਇਸ ਨੂੰ ਦੁਨੀਆ ਦੀ ਹੋਣੀ ਬਦਲਣ ਵਾਲਾ ਕਾਰਨਾਮਾ ਕਰਾਰ ਦਿੱਤਾ ਹੈ।

ਮੈਦਵੇਦੇਵ ਨੇ ਆਖਿਆ ਕਿ ਉਹ ਸੋਵੀਅਤ ਪੁਲਾੜ ਵਿਗਿਆਨੀ ਵੱਲੋਂ 50 ਸਾਲ ਪਹਿਲਾਂ 12 ਅਪਰੈਲ ਦੇ ਦਿਨ ਭਰੀ ਪਲੇਠੀ ਮਾਨਵੀ ਪੁਲਾੜ ਉਡਾਣ ‘ਤੇ ਫਖ਼ਰ ਮਹਿਸੂਸ ਕਰਦੇ ਹਨ ਤੇ ਉਨ੍ਹਾਂ ਦਾ ਦੇਸ਼ ਅਜੇ ਵੀ ਦੂਜੇ ਗ੍ਰਹਿਆਂ ‘ਤੇ ਝੰਡੇ ਗੱਡਣ ਤੇ ਦੂਰ-ਦੁਰੇਡੇ ਤਾਰਿਆਂ ਵੱਲ ਜਾਣ ਦੇ ਸੁਪਨੇ ਲੈਂਦਾ ਹੈ। ਸ੍ਰੀ ਮੈਦਵੇਦੇਵ ਨੇ ਚੀਨ ਦੇ ਇਕ ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਇਸ ਤੱਥ ‘ਤੇ ਮਾਣ ਹੈ ਕਿ ਸਾਡੇ ਦੇਸ਼ ਨੇ ਇਹ ਪਹਿਲਾ ਕਦਮ ਪੁੱਟਿਆ ਸੀ। ਗਗਾਰਿਨ ਦੇ ਪੁਲਾੜੀ ਵਾਹਨ ਨੇ ਧਰਤੀ ਦਾ ਇਕੋ ਵਾਰ ਚੱਕਰ ਲਾਇਆ ਸੀ ਜਦਕਿ ਮਾਹਿਰ ਇਹ ਜ਼ੋਖ਼ਮ ਉਠਾਉਣ ਦੇ ਹੱਕ ਵਿਚ ਨਹੀਂ ਸਨ ਕਿਉਂਕਿ ਕੁੱਤਿਆਂ ਨੂੰ ਲੈ ਕੇ ਪਹਿਲਾਂ ਕੀਤੀ ਉਡਾਣ ਦੌਰਾਨ ਤਿੰਨ ਚੌਥਾਈ ਪੰਧ ਪੂਰਾ ਕਰਨ ‘ਤੇ ਗੜਬੜ ਪੈਦਾ ਹੋ ਗਈ ਸੀ।

M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont







Dhillon Truck Stop
Dhillon Road Service
Interstate 40, exit 356, San Jon, NM
Gill Manj Gurdaspur Wale
ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776



# ਖੂਬ ਭਰਵਾਂ ਰਿਹਾ ਪੰਜਾਬ ਟਾਈਮਜ਼ ਦੀ 11ਵੀਂ ਵਰ੍ਹੇਗੰਢ ਦਾ ਸਮਾਗਮ

**ਸ਼ਿਕਾਗੋ:** ਨਿਊ ਯਾਰਕ, ਸ਼ਿਕਾਗੋ ਅਤੇ ਕੈਲੀਫੋਰਨੀਆ ਤੋਂ ਇਕੋ ਸਮੇਂ ਤਿੰਨ ਐਡੀਸ਼ਨਾਂ ਵਿਚ ਛਪਦੇ ਅਖਬਾਰ 'ਪੰਜਾਬ ਟਾਈਮਜ਼' ਦੀ 11ਵੀਂ ਵਰ੍ਹੇਗੰਢ ਦੇ ਸਮਾਗਮ 'ਪੰਜਾਬ ਟਾਈਮਜ਼ ਨਾਈਟ-2011' ਦਾ ਵਖ ਵਖ ਸੰਸਥਾਵਾਂ ਦੇ ਨੁਮਾਇੰਦਿਆਂ, ਇਸ ਦੇ ਸਪਾਂਸਰਾਂ ਅਤੇ ਸ਼ੁਭਚਿੰਤਕਾਂ ਨੇ ਜਿਥੇ ਗੀਤ ਸੰਗੀਤ ਦਾ ਆਨੰਦ ਮਾਣਿਆ ਉਥੇ ਪੰਜਾਬ ਟਾਈਮਜ਼ ਦੀ ਮਿਆਰੀ ਪੱਤਰਕਾਰੀ ਦੀ ਸਰਾਹਨਾ ਕਰਦਿਆਂ ਇਸ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ।

ਇਹ ਸਮਾਗਮ ਕਈ ਪੱਖਾਂ ਤੋਂ ਬੇਮਿਸਾਲ ਅਤੇ ਯਾਦਗਾਰੀ ਹੋ ਨਿਬੜਿਆ। ਬੁਲਾਰਿਆਂ ਨੇ ਜਿਥੇ 'ਪੰਜਾਬ ਟਾਈਮਜ਼' ਦੇ ਸੰਪਾਦਕ ਅਮੋਲਕ ਸਿੰਘ ਜੰਮੂ ਦੀ ਮਿਹਨਤ ਅਤੇ ਸਿਹਤ ਦੀਆਂ ਮਜਬੂਰੀਆਂ ਦੇ ਬਾਵਜੂਦ ਦਿਖਾਏ ਸਿਰੜ ਦੀ ਸ਼ਲਾਘਾ ਕੀਤੀ, ਉਥੇ ਨਾਲ ਹੀ ਕਿਹਾ ਕਿ ਉਨ੍ਹਾਂ ਨੇ ਅਖਬਾਰ ਲਈ ਅਜਿਹੀ ਟੀਮ ਖੜ੍ਹੀ ਕੀਤੀ ਹੈ ਜੋ ਹੁਣ ਪੰਜਾਬੀ ਭਾਈਚਾਰੇ ਨੂੰ ਦਰਪੇਸ਼ ਮੰਗਾਂ-ਮਸਲਿਆਂ-ਮੁੱਦਿਆਂ ਨੂੰ ਉਭਾਰਨ ਦੇ ਨਾਲ-ਨਾਲ ਉਨ੍ਹਾਂ ਨੂੰ ਨਿਤ ਨਵੀਂ ਜਾਣਕਾਰੀ ਨਾਲ ਲੈਸ ਕਰਦੀ ਹੈ।


ਜਗਮੀਤ ਸਿੰਘ

ਇੰਡੀਆ ਹਾਊਸ ਸ਼ਾਮਬਰਗ ਵਿਚ ਕਰਵਾਏ ਗਏ ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ, ਸਿੱਖ ਚਿੰਤਕ ਅਤੇ ਅਖ਼ਬਾਰ ਦੇ ਸਭ ਤੋਂ ਪੁਰਾਣੇ ਕਾਲਮਨਵੀਸ ਤੇ ਕਾਲਮ 'ਲਿਖਤੁਮ' ਦੇ ਲੇਖਕ ਤਰਲੋਚਨ ਸਿੰਘ ਦੁਪਾਲਪੁਰ ਨੇ ਪੱਤਰਕਾਰੀ ਦੇ ਖੇਤਰ ਵਿਚ ਆਏ ਨਿਘਾਰ ਬਾਰੇ ਫ਼ਿਕਰ ਜ਼ਾਹਿਰ ਕੀਤਾ ਕਿ ਵਿਦੇਸ਼ਾਂ ਵਿਚ ਅਖ਼ਬਾਰੀ ਕਾਰੋਬਾਰ ਹੁਣ ਉਨ੍ਹਾਂ ਹੱਥਾਂ ਵਿਚ ਜਾ ਰਿਹਾ ਹੈ ਜਿਨ੍ਹਾਂ ਦਾ ਪੱਤਰਕਾਰੀ ਜਾਂ ਮੀਡੀਏ ਨਾਲ ਕਦੀ ਕੋਈ ਵਾਹ-ਵਾਸਤਾ ਨਹੀਂ ਰਿਹਾ। ਇਸੇ ਲਈ ਗਿਰੀ ਦੇ ਸਿਰਲੇਖ ਹੇਠ ਛਿਲਕੇ ਦੀਆਂ ਖ਼ਬਰਾਂ ਛਪ ਰਹੀਆਂ ਹਨ। ਇਹ ਸਚਮੁੱਚ ਫ਼ਿਕਰ ਵਾਲੀ ਗੱਲ ਹੈ। ਇਸ ਦੇ ਨਾਲ ਹੀ ਉਨ੍ਹਾਂ 'ਪੰਜਾਬ ਟਾਈਮਜ਼' ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਅਮਰੀਕਾ ਦੀ ਇਸ ਸਭ ਤੋਂ ਪ੍ਰਮੁੱਖ ਪੰਜਾਬੀ ਅਖ਼ਬਾਰ ਦੀ ਲੋਕਪ੍ਰਿਯਤਾ ਜੇ ਅਮਰੀਕਾ ਤੋਂ ਬਾਹਰ ਵੀ ਇੰਟਰਨੈੱਟ ਜ਼ਰੀਏ ਸਿਖ਼ਰਾਂ ਤੱਕ ਪਹੁੰਚੀ ਹੋਈ ਹੈ ਤਾਂ ਇਹ ਗੱਲ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਨਾ ਸਿਰਫ ਪੱਤਰਕਾਰੀ ਦੀਆਂ ਕਦਰਾਂ-ਕੀਮਤਾਂ ਨੂੰ ਹੀ ਕਾਇਮ ਰੱਖਿਆ ਗਿਆ ਹੈ ਸਗੋਂ ਨਿਰਪੱਖ ਅਤੇ ਦਲੇਰਾਨਾ ਸੋਚ ਅਪਨਾ ਕੇ ਸੰਪਾਦਕ ਅਮੋਲਕ ਸਿੰਘ ਜੰਮੂ ਨੇ ਅਖ਼ਬਾਰ ਨੂੰ ਲੋਕਰਾਜ ਦਾ ਚੌਥਾ ਥੰਮ੍ਹ ਕਰਕੇ ਜਾਣੇ ਜਾਂਦੇ ਮੀਡੀਏ ਦੀ ਮਾਣ-ਮਰਿਯਾਦਾ ਦਾ ਖਿਆਲ ਵੀ ਰਖਿਆ ਹੈ ਅਤੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਨਿਧੜਕ ਹੋ ਕੇ ਸਹੀ ਜਾਣਕਾਰੀ ਦੇਣ ਦਾ ਸਫਲ ਯਤਨ ਕੀਤਾ ਹੈ।


ਰਾਜ


ਦਰਸ਼ਨ ਸਿੰਘ ਗਰੇਵਾਲ

ਸ. ਦੁਪਾਲਪੁਰ ਨੇ ਕਿਹਾ ਕਿ ਆਪਣੇ ਮੁਲਕ ਵਿਚ ਹੁਣ ਪ੍ਰੈਸ ਆਜ਼ਾਦ ਨਹੀਂ ਅਤੇ ਇਸ ਨੂੰ ਹਾਕਮ ਧਿਰਾਂ ਲਗਾਤਾਰ ਦਬਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। 'ਪੰਜਾਬ ਟਾਈਮਜ਼' ਨੇ ਸੰਤੁਲਿਤ ਖ਼ਬਰਾਂ ਦੇ ਨਾਲ-ਨਾਲ ਮਿਆਰੀ ਸਮੱਗਰੀ ਅਤੇ ਸਾਹਿਤ ਛਾਪ ਕੇ ਆਪਣੇ ਅੱਵਲ ਨੰਬਰ ਹੋਣ ਦੀ ਸਮਰੱਥਾ ਨੂੰ ਬਰਕਰਾਰ ਰੱਖਿਆ ਹੈ। ਅਖਬਾਰ ਦੇ ਸੰਪਾਦਕ ਨੇ ਆਪਣੀ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਅਖ਼ਬਾਰ ਉਤੇ ਕਿਸੇ ਕਿਸਮ ਦਾ ਕੋਈ ਅਸਰ ਪੈਣ ਨਹੀਂ ਦਿੱਤਾ। ਪਾਠਕਾਂ ਦੇ ਭਰਵੇਂ ਹੁੰਗਾਰੇ ਕਰਕੇ ਹੀ 'ਪੰਜਾਬ ਟਾਈਮਜ਼' ਪ੍ਰਿੰਟ ਰੂਪ ਵਿਚ ਅਮਰੀਕਾ ਵਿਚ ਅਤੇ ਇੰਟਰਨੈਟ ਜ਼ਰੀਏ ਦੁਨੀਆਂ ਦੇ ਹੋਰ ਬਹੁਤ ਸਾਰੇ ਮੁਲਕਾਂ ਵਿਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਅਖ਼ਬਾਰ ਬਣ ਗਿਆ ਹੈ।


ਡਾ. ਹਰਜਿੰਦਰ ਸਿੰਘ ਖਹਿਰਾ

ਪੰਜਾਬ ਟਾਈਮਜ਼ ਦੇ ਸਥਾਈ ਕਾਲਮ 'ਗੱਲੀਂ-ਬਾਤੀਂ' ਅਤੇ ਹੁਣ 'ਨੈਣ-ਨਕਸ਼' ਦੇ ਲੇਖਕ ਐਸ. ਅਸ਼ੋਕ ਭੌਰਾ ਨੇ ਕਿਹਾ ਕਿ ਸ਼ਿਕਾਗੋ ਆ ਕੇ ਇਉਂ ਲਗਦਾ ਹੈ, ਜਿਵੇਂ ਧੀ ਆਪਣੇ ਪੇਕਿਆਂ ਦੇ ਪਿੰਡ ਆਈ ਹੋਵੇ; ਕਿਉਂਕਿ ਸਾਡੀਆਂ ਬਹੁਤੀਆਂ ਰੀਝਾਂ, ਸਾਂਝਾਂ 'ਪੰਜਾਬ ਟਾਈਮਜ਼' ਨਾਲ ਜੁੜੀਆਂ ਹੋਈਆਂ ਹਨ ਜਿਸ ਦਾ ਮੂਲ ਆਧਾਰ ਸ਼ਿਕਾਗੋ ਹੀ ਹੈ ਕਿਉਂਕਿ ਇਹ ਛਪਣਾ ਹੀ ਇਥੋਂ ਸ਼ੁਰੂ ਹੋਇਆ ਅਤੇ ਸ਼ਿਕਾਗੋ ਵਾਸੀ ਮੁਢ ਤੋਂ ਹੀ ਇਸ ਨਾਲ ਡਟ ਕੇ ਖੜੇ ਹੋਏ ਹਨ। ਸ਼ਿਕਾਗੋਵਾਸੀਆਂ ਅਤੇ 'ਪੰਜਾਬ ਟਾਈਮਜ਼' ਨੂੰ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਜਿਸ ਤਰ੍ਹਾਂ ਵਾਰਿਸ ਨੇ 'ਹੀਰ' ਹੀ ਰਾਂਝੇ ਤੋਂ ਖੋਹ ਕੇ ਆਪਣੇ ਨਾਂ ਕਰ ਲਈ ਸੀ, ਉਸੇ ਤਰ੍ਹਾਂ 'ਪੰਜਾਬ ਟਾਈਮਜ਼' ਅਮੋਲਕ ਸਿੰਘ ਜੰਮੂ ਦੀ ਘਟ, ਸ਼ਿਕਾਗੋ ਵਾਸੀਆਂ ਅਤੇ ਮਿਡਵੈਸਟ ਸਟੇਟਾਂ ਦੀ ਵੱਧ ਲਗਦੀ ਹੈ। ਇਸ ਅਖ਼ਬਾਰ ਵਿਚ ਲਿਖ ਕੇ ਹੋਰ ਕਿਸੇ ਪਾਸੇ ਵੱਲ ਝਾਕਣ ਦੀ ਲੋੜ ਹੀ ਨਹੀਂ ਰਹਿੰਦੀ। ਉਨ੍ਹਾਂ ਕਿਹਾ ਕਿ ਉਨ੍ਹਾਂ ਆਪਣੇ 32 ਸਾਲਾਂ ਦੇ ਪੱਤਰਕਾਰੀ ਅਤੇ ਲੇਖਕ ਜੀਵਨ ਵਿਚ 'ਅਜੀਤ' ਅਤੇ 'ਪੰਜਾਬੀ ਟ੍ਰਿਬਿਊਨ' ਤੋਂ ਪਿੱਛੋਂ ਸਭ ਤੋਂ ਵੱਧ ਸ਼ੋਹਰਤ, ਮਾਣ-ਵਡਿਆਈ ਤੇ ਆਪਣੀਆਂ ਲਿਖਤਾਂ ਪ੍ਰਤੀ ਸੰਤੁਸ਼ਟੀ 'ਪੰਜਾਬ ਟਾਈਮਜ਼' ਤੋਂ ਹੀ ਹਾਸਲ ਕੀਤੀ ਹੈ।


ਤਰਲੋਚਨ ਸਿੰਘ ਦੁਪਾਲਪੁਰ


ਗੁਰਮੁਖ ਸਿੰਘ ਭੁੱਲਰ

ਸ੍ਰੀ ਭੌਰਾ ਨੇ ਕਿਹਾ ਕਿ ਵਿਦੇਸ਼ਾਂ ਵਿਚ ਖਾਸ ਕਰ ਪੰਜਾਬੀ ਅਖ਼ਬਾਰਾਂ ਦਾ ਉਹ ਹਾਲ ਹੋ ਚੁੱਕਾ ਹੈ ਜਿਵੇਂ ਦੰਦਾਂ ਦੇ ਡਾਕਟਰ ਦਿਲ ਦਾ ਅਪਰੇਸ਼ਨ ਕਰਨ ਲੱਗ ਪਏ ਹੋਣ। ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਸਾਡੀ ਬਚਦੀ ਜ਼ਿੰਦਗੀ ਦਾ ਕੁਝ ਹਿੱਸਾ ਅਮੋਲਕ ਸਿੰਘ ਜੰਮੂ ਨੂੰ ਲੱਗ ਜਾਵੇ ਤਾਂ ਕਿ ਇਹ ਅਖ਼ਬਾਰ ਹੋਰ ਸਿਖ਼ਰਾਂ ਛੂਹੇ ਤੇ ਇਸ ਦੀ ਹਰਮਨਪਿਆਰਤਾ ਵਿਚ ਕਿਤੇ ਕੋਈ ਜਰਬ ਨਾ ਆਵੇ। ਉਨ੍ਹਾਂ ਕਿਹਾ ਕਿ ਖਿਆਲਾਂ ਵਿਚ ਮਤਭੇਦ ਹੋਣ ਦੇ ਬਾਵਜੂਦ, ਦੋਖੀ ਵੀ ਇਸ ਗੱਲ ਨੂੰ ਮੰਨਦੇ ਹਨ ਕਿ 'ਪੰਜਾਬ ਟਾਈਮਜ਼' ਦਾ ਇਸ ਵੇਲੇ ਕੋਈ ਮੁਕਾਬਲਾ ਨਹੀਂ ਅਤੇ ਇਸ ਦੇ ਪਾਠਕਾਂ ਦਾ ਘੇਰਾ ਲੇਖਕ ਹੀ ਜਾਣਦੇ ਹਨ ਕਿ ਆਏ ਦਿਨ ਕਿੰਨਾ ਵੱਡਾ ਹੁੰਦਾ ਜਾ ਰਿਹਾ ਹੈ।


ਐਸ ਅਸ਼ੋਕ ਭੌਰਾ

ਪਿਛਲੇ ਕੁਝ ਅਰਸੇ ਤੋਂ 'ਮੂੰਹ ਆਈ ਬਾਤ' ਕਾਲਮ ਨਾਲ ਚਰਚਿਤ ਹੋਏ ਮੇਜਰ ਸਿੰਘ ਕੁਲਾਰ ਨੇ ਕਿਹਾ ਕਿ ਜਦੋਂ ਦਾ ਮੈਂ ਇਸ ਅਖ਼ਬਾਰ ਨਾਲ ਜੁੜਿਆ ਹਾਂ, ਇਸ ਦੇ ਪਾਠਕਾਂ ਨੇ ਇੰਨਾ ਪਿਆਰ ਦਿੱਤਾ ਹੈ ਕਿ ਉਹ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦੇ। ਸੰਪਾਦਕ ਵੱਲੋਂ ਸਮੇਂ-ਸਮੇਂ ਦਿੱਤੀ ਯੋਗ ਅਗਵਾਈ ਅਤੇ ਸ. ਤਰਲੋਚਨ ਸਿੰਘ ਦੁਪਾਲਪੁਰ ਤੇ ਅਸ਼ੋਕ ਭੌਰਾ ਵੱਲੋਂ ਦਿੱਤੀ ਹੱਲਾਸ਼ੇਰੀ ਨੇ ਉਸ ਨੂੰ ਇਸ ਕਾਬਲ ਬਣਾਇਆ ਹੈ ਕਿ ਅੱਜ ਸਰੋਤਿਆਂ/ਪਾਠਕਾਂ ਦੇ ਰੂ-ਬ-ਰੂ ਹੋ ਕੇ ਬੋਲਣ ਦਾ ਮੌਕਾ ਨਸੀਬ ਹੋਇਆ ਹੈ। 'ਪੰਜਾਬ ਟਾਈਮਜ਼' ਦਾ ਪਰਿਵਾਰ ਇੰਨਾ ਵੱਡਾ ਹੋ ਚੁੱਕਾ ਹੈ ਕਿ ਰਾਹ ਵਿਚ ਕਿੰਨੇ ਵੀ ਰੋੜੇ ਆ ਜਾਣ, ਸਭ ਆਸਾਨੀ ਨਾਲ ਚੁਗ ਦਿਆਂਗੇ। ਸਾਡਾ ਰੋਮ-ਰੋਮ ਇਸ ਦਾ ਕਰਜ਼ਾਈ ਹੈ ਅਤੇ ਇਹਦੇ ਲਈ ਸਭ ਕੁਝ ਵਾਰ ਵੀ ਸਕਦੇ ਹਾਂ।


ਮੇਜਰ ਕੁਲਾਰ

ਸਮਾਗਮ ਦੇ ਮੁੱਖ ਮਹਿਮਾਨ ਕੰਸਟਰੱਕਸ਼ਨ ਬਿਜਨੈਸ ਵਿਚ ਕਾਮਯਾਬੀ ਦੇ ਝੰਡੇ ਗੱਡ ਚੁਕੇ ਮਿਸ਼ੀਗਨ ਦੀ ਕੰਪਨੀ 'ਸਿੰਘ ਹੋਮਜ਼' ਦੇ ਪ੍ਰੈਜ਼ੀਡੈਂਟ ਸ. ਦਰਸ਼ਨ ਸਿੰਘ ਗਰੇਵਾਲ ਨੇ ਆਪਣੀ ਸੰਖੇਪ ਪਰ ਪ੍ਰਭਾਵਸ਼ਾਲੀ ਤਕਰੀਰ ਵਿਚ ਆਖਿਆ ਕਿ 'ਪੰਜਾਬ ਟਾਈਮਜ਼' ਨਾਲ ਜੁੜ ਕੇ ਉਹ ਸਦਾ ਇਹ ਮਹਿਸੂਸ ਕਰਦੇ ਹਨ ਕਿ ਪੰਜਾਬ ਸਾਥੋਂ ਦੂਰ ਨਹੀਂ ਹੋਇਆ। ਅਖ਼ਬਾਰ ਦੀਆਂ ਲਿਖਤਾਂ, ਸੂਚਨਾਵਾਂ, ਖ਼ਬਰਾਂ ਵਿਚ ਪਾਰਦਰਸ਼ਤਾ ਇਸ ਗੱਲ ਦਾ ਸਬੂਤ ਹੈ ਕਿ ਇਸ ਦੇ ਸੰਪਾਦਕ ਅਤੇ ਸਮੁੱਚੀ ਟੀਮ ਨੇ ਪੰਜਾਬੀ ਭਾਈਚਾਰੇ ਦੀ ਸਹੀ ਅਰਥਾਂ ਵਿਚ ਸੇਵਾ ਕੀਤੀ ਹੈ। ਇਹ ਇਸੇ ਗੱਲ ਦਾ ਸਬੂਤ ਹੈ ਕਿ ਅੱਜ ਇਸ ਦੀ 11ਵੀ ਵਰ੍ਹੇਗੰਢ ਮੌਕੇ ਵੱਡੇ ਇਕੱਠ ਵਿਚ ਦੂਰੋਂ-ਨੇੜਿਓਂ ਇਸ ਨਾਲ ਜੁੜੇ ਲੋਕਾਂ ਨੇ ਸ਼ਿਰਕਤ ਕੀਤੀ ਹੈ। ਆਪਣੇ ਪਰਿਵਾਰ ਸਮੇਤ ਸ਼ਾਮਲ ਹੋਏ ਸ. ਗਰੇਵਾਲ ਨੇ ਭਾਵੁਕ ਹੁੰਦਿਆਂ ਕਿਹਾ ਕਿ ਜਿੱਥੇ ਉਹ ਸ੍ਰੀ ਜੰਮੂ ਦੀ ਸਿਹਤਯਾਬੀ ਲਈ ਦੁਆ ਕਰਦੇ ਹਨ, ਉਥੇ ਭਵਿਖ ਵਿਚ 'ਪੰਜਾਬ ਟਾਈਮਜ਼' ਦੀ ਪਿਠ 'ਤੇ ਡਟ ਕੇ ਖੜੇ ਰਹਿਣਗੇ।

ਪੰਜਾਬ ਟਾਈਮਜ਼ ਦੇ ਸੰਪਾਦਕ ਸ. ਅਮੋਲਕ ਸਿੰਘ ਜੰਮੂ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ 'ਪੰਜਾਬ ਟਾਈਮਜ਼' ਅਜ ਜੋ ਵੀ ਹੈ, ਉਹ ਆਪਣੇ ਸਮਰਥਕਾਂ, ਸੁਹਿਰਦ ਪਾਠਕਾਂ, ਸ਼ੁਭਚਿੰਤਕਾਂ ਅਤੇ ਦਾਨਿਸ਼ਵਰ ਲੇਖਕਾਂ ਤੇ ਕਾਲਮਨਵੀਸਾਂ ਕਰਕੇ ਹੈ। ਮੈਨੂੰ ਇਸ ਗੱਲ ਤੇ ਮਾਣ ਹੈ ਕਿ ਮੈਨੂੰ ਇਨੇ ਸੁਹਿਰਦ ਸੱਜਣਾਂ ਦਾ ਪਿਆਰ ਹਾਸਲ ਹੈ ਜਿਸ ਕਰਕੇ ਮੈਨੂੰ ਕਦੇ ਜਾਪਿਆ ਹੀ ਨਹੀਂ ਕਿ ਸਿਹਤ ਪੱਖੋਂ ਮੇਰੀ ਕੋਈ ਮਜਬੂਰੀ ਹੈ। ਤੁਹਾਡੇ ਸਭ ਦੇ ਸਨੇਹ ਅਤੇ ਸਲਾਹਕਾਰ ਕਮੇਟੀ ਦੀ ਯੋਗ ਅਗਵਾਈ ਸਦਕਾ 'ਪੰਜਾਬ ਟਾਈਮਜ਼' ਇਕ ਸੰਸਥਾ ਦਾ ਰੂਪ ਧਾਰਨ

(ਅਗਲੇ ਸਫੇ 'ਤੇ ਜਾਰੀ)


ਪੂਜਾ ਧਾਲੀਵਾਲ


ਮਾਹੀਜੀਤ ਵਿਰਦੀ



ਤਸਵੀਰਾਂ: ਰਾਜਿੰਦਰ ਸਿਆਨ
ਸਿਆਨ ਵੀਡੀਓ, ਮਿਸ਼ੀਗਨ
ਫੋਨ: 734-261-0936


ਪੰਜਾਬ ਟਾਈਮਜ਼ ਨਾਈਟ ਦੇ ਮਹਿਮਾਨ ਖੜ੍ਹੇ ਹੋ ਕੇ ਤਾੜੀਆਂ ਵਜਾ ਕੇ ਪੰਜਾਬ ਟਾਈਮਜ਼ ਪ੍ਰਤੀ ਆਪਣੀ ਵਚਨਬੱਧਤਾ ਪ੍ਰਗਟਾਉਂਦੇ ਹੋਏ

ਕਰ ਚੁਕਾ ਹੈ ਅਤੇ ਸੰਸਥਾਵਾਂ ਕਦੀ ਵਿਅਕਤੀਆਂ ਦੀਆਂ ਮੁਥਾਜ ਨਹੀਂ ਹੁੰਦੀਆਂ। ਸੰਪਾਦਕ ਕੋਈ ਵੀ ਹੋਵੇ ਤੁਹਾਡੇ ਪਿਆਰ ਕਰਕੇ ਇਹ ਅਖਬਾਰ ਲਗਾਤਾਰ ਅਗੇ ਵਧਦਾ ਜਾਏਗਾ।

ਇਸ ਮੌਕੇ ਪੰਜਾਬ ਟਾਈਮਜ਼ ਦੀ ਤਰਫੋਂ ਇਸ ਦੀ ਸਲਾਹਕਾਰ ਕਮੇਟੀ ਵਲੋਂ ਮੁਖ ਮਹਿਮਾਨ ਸ. ਦਰਸ਼ਨ ਸਿੰਘ ਗਰੇਵਾਲ ਨੂੰ ਸਨਮਾਨ ਚਿੰਨ੍ਹ ਦੇ ਕੇ ਉਨ੍ਹਾਂ ਦਾ ਮਾਣ-ਸਤਿਕਾਰ ਕੀਤਾ ਗਿਆ। ਇਸ ਤੋਂ ਇਲਾਵਾ ਕਾਲਮਨਵੀਸ ਸ. ਦੁਪਾਲਪੁਰ, ਸ੍ਰੀ ਅਸ਼ੋਕ ਭੌਰਾ, ਮੇਜਰ ਸਿੰਘ ਕੁਲਾਰ ਅਤੇ ਦੇਸੀ ਜੰਕਸ਼ਨ ਰੇਡੀਓ ਦੇ ਸੰਚਾਲਕ ਸ੍ਰੀ ਜੱਸੀ ਪਰਮਾਰ ਦਾ ਪੱਤਰਕਾਰੀ ਦੇ ਖੇਤਰ ਵਿਚ ਪਾਏ ਯੋਗਦਾਨ ਲਈ ਸਨਮਾਨ ਕੀਤਾ ਗਿਆ। ਪੰਜਾਬ ਟਾਈਮਜ਼ ਦੇ ਪੁਰਾਣੇ ਸਹਿਯੋਗੀ ਸ੍ਰੀ ਜੈ ਰਾਮ ਸਿੰਘ ਕਾਹਲੋਂ ਦਾ ਵੀ ਸਨਮਾਨ ਕੀਤਾ ਗਿਆ।

ਇਸ ਸ਼ਾਮ ਦੇ ਗੀਤ-ਸੰਗੀਤ ਵਾਲੇ ਹਿੱਸੇ ਵਿਚ ਜਗਮੀਤ ਸਿੰਘ, ਰਾਜ, ਨਿੰਮਾ ਡਲੇਵਾਲ, ਪੂਜਾ ਧਾਲੀਵਾਲ, ਮਾਹੀਜੀਤ ਵਿਰਦੀ, ਪਦਮਨੀ, ਵਿਕ ਸਿੰਘ ਅਤੇ ਗਜੀ ਕਾਹਲੋਂ ਨੇ ਚੰਗੇ ਰੰਗ ਬੰਨ੍ਹੇ। ਸੰਗੀਤ ਅਜੈ ਰੰਧਾਵਾ ਨੇ ਦਿਤਾ।

ਸ਼ਿਕਾਗੋ ਦੇ ਹਰਮਨ ਪਿਆਰੇ ਰੇਡੀਓ ਦੇਸੀ ਜੰਕਸ਼ਨ ਦੇ ਹੋਸਟ ਜੱਸੀ ਪਰਮਾਰ ਅਤੇ ਹੈਪੀ ਹੀਰ ਨੇ ਸਥਾਨਕ ਛੋਹ ਦੇ ਕੇ ਭੰਡਾਂ ਦਾ ਪ੍ਰੋਗਰਾਮ ਕੁਝ ਅਜਿਹੇ ਤਰੀਕੇ ਨਾਲ ਪੇਸ਼ ਕੀਤਾ ਕਿ ਸਰੋਤਿਆਂ ਦੇ ਹੱਸ-ਹੱਸ ਢਿੱਡੀਂ ਪੀੜਾਂ ਪੈ ਗਈਆਂ। ਮੰਚ ਸੰਚਾਲਨ ਦੀ ਜਿੰਮੇਵਾਰੀ ਗੁਰਮੁਖ ਸਿੰਘ ਭੁਲਰ ਅਤੇ ਡਾ ਹਰਜਿੰਦਰ ਸਿੰਘ ਖਹਿਰਾ ਨੇ ਬਾਖੂਬੀ ਨਿਭਾਈ। ਪੰਜਾਬ ਟਾਈਮਜ਼ ਦੇ ਡਿਟਰਾਇਟ, ਮਿਸ਼ੀਗਨ ਤੋਂ ਨੁਮਾਇੰਦੇ ਰਾਜਿੰਦਰ ਸਿਆਨ ਮਹਿਮਾਨਾਂ ਦੀਆਂ ਤਸਵੀਰਾਂ ਖਿੱਚਣ ਵਿਚ ਮਸ਼ਰੂਫ ਸਨ।

ਇਸ ਮੌਕੇ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਡਾ. ਨਵਦੀਪ ਕੌਰ ਸੰਧੂ, ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸ. ਹਰਦਿਆਲ ਸਿੰਘ ਦਿਓਲ, ਜੈਦੇਵ ਸਿੰਘ ਭੱਠਲ, ਬਲਵਿੰਦਰ ਸਿੰਘ ਸੰਧੂ, ਹਰਜੀਤ ਸਿੰਘ ਸਾਹੀ, ਰਾਜਿੰਦਰ ਸਿੰਘ ਬੈਂਸ, ਸ਼ਮਸ਼ੇਰ ਸਿੰਘ ਬੋਪਾਰਾਏ, ਸਰਵਣ ਸਿੰਘ ਟਿਵਾਣਾ, ਗੁਰਿੰਦਰ ਸਿੰਘ ਗਿੱਲ, ਦਰਸ਼ਨ ਸਿੰਘ ਦਰੜ, ਮਨਦੀਪ ਸਿੰਘ ਭੂਰਾ, ਜਗਦੀਸ਼ਰ ਸਿੰਘ ਕਲੇਰ, ਹੈਪੀ ਹੀਰ ਉਚੇਚੇ ਤੌਰ ਤੇ ਹਾਜਰ ਸਨ। ਸਲਾਹਕਾਰ ਬੋਰਡ ਦੇ ਇਕ ਸੀਨੀਅਰ ਮੈਂਬਰ ਸਵਰਨਜੀਤ ਸਿੰਘ ਢਿਲੋਂ ਤਬੀਅਤ ਠੀਕ ਨਾ ਹੋਣ ਕਰਕੇ, ਸੰਨੀ ਧੂੜ ਅਤੇ ਡਾ. ਗੁਰਦਿਆਲ ਸਿੰਘ ਬਸਰਾਨ ਹੋਰ ਰੁਝੇਵਿਆਂ ਕਰਕੇ ਪਹੁੰਚ ਨਹੀਂ ਸਕੇ।

ਮਹਿਮਾਨਾਂ ਵਿਚ ਓਹਾਇਓ ਤੋਂ ਸ. ਅਵਤਾਰ ਸਿੰਘ ਸਪਰਿੰਗਫੀਲਡ ਅਤੇ ਹਰਵਿੰਦਰ ਵਾਲੀਆ ਉਚੇਚਾ ਚਲ ਕੇ ਆਏ ਸਨ। ਇੰਡੀਆਨਾ ਤੋਂ ਗੁਰਦੁਆਰਾ ਕਰਾਊਨ ਪੁਆਇੰਟ ਦੇ ਪ੍ਰਧਾਨ ਸ. ਗੁਰਨਾਮ ਸਿੰਘ ਸਿੱਧੂ, ਰਾਜ ਸਿੱਧੂ, ਪ੍ਰਿਤਪਾਲ ਸਿੰਘ ਘੋਤੜਾ, ਯਾਦਵਿੰਦਰ ਸਿੰਘ ਖਟੜਾ, ਧਰਮਿੰਦਰ ਸਿੰਘ ਖਟੜਾ, ਸਤਿੰਦਰ ਸਿੰਘ ਸੱਤਾ, ਸਿਕੰਦਰ ਬਿੱਟੂ, ਤੇਜਾ ਸਿੰਘ ਨਾਰੰਗ, ਰਾਣਾ ਵਿਰਕ, ਰਣਜੀਤ ਸਿੰਘ ਕਾਹਲੋਂ, ਨਿਧਾਨ ਸਿੰਘ, ਮੇਜਰ ਸਿੰਘ ਢਿਲੋਂ, ਜਸਪਾਲ ਸਿੰਘ ਧਾਲੀਵਾਲ ਅਤੇ ਸੁਖਵਿੰਦਰ ਸਿੰਘ ਬਸਰਾ ਪਹੁੰਚੇ ਹੋਏ ਸਨ।

ਮਿਸ਼ੀਗਨ ਤੋਂ ਹਰਪ੍ਰੀਤ ਸਿੰਘ (ਵਰਲਡਵਾਈਡ ਟਰੈਵਲ), ਪੰਜਾਬੀ ਕਲਚਰਲ ਸੁਸਾਇਟੀ ਮਿਡਵੈਸਟ, ਕੈਲਮਜ਼ੂ ਦੇ ਰਾਜਬੀਰ ਸਿੰਘ ਬੋਪਾਰਾਏ, ਦਰਬਾਰਾ ਸਿੰਘ ਮਾਂਗਟ, ਪਲਵਿੰਦਰ ਸਿੰਘ ਬਾਠ, ਰਣਬੀਰ ਸਿੰਘ ਲਾਲੀ, ਕੁਲਵਿੰਦਰ ਸਿੰਘ ਗਿੱਲ, ਨਰਿੰਦਰ ਸਿੰਘ ਮੁੰਦਰ, ਹਰਪਾਲ ਸਿੰਘ ਟਾਂਡਾ, ਅਵਤਾਰ ਸਿੰਘ, ਲੈਨਸਿੰਗ, ਮਿਸ਼ੀਗਨ ਤੋਂ ਲਾਡੀ ਮੁਲਤਾਨੀ, ਬਲਬੀਰ ਸਿੰਘ ਤੇ ਕੁਲਦੀਪ ਸਿੰਘ (ਪ੍ਰਧਾਨ ਗੁਰਦੁਆਰਾ ਲੈਨਸਿੰਗ), ਮਸਕੀਗਨ ਤੋਂ ਜਗਰਾਜ ਸਿੰਘ ਅਟਵਾਲ, ਬਲਜੀਤ ਸਿੰਘ ਬੋਬੀ, ਸਤਪਾਲ ਸਿੰਘ ਸੱਤਾ ਆਪਣੀ ਹਾਜਰੀ ਲਵਾਉਣ ਪਹੁੰਚੇ।

ਮਿਲਵਾਕੀ ਤੋਂ ਬਿਜਨੈਸਮੈਨ ਬੇਅੰਤ ਸਿੰਘ ਬੋਪਾਰਾਏ ਆਪਣੇ ਪਰਿਵਾਰ ਸਮੇਤ, ਇੰਡੀਅਨ ਓਵਰਸੀਜ਼ ਕਾਗਰਸ ਦੇ ਲਾਲੀ ਸਿੱਧੂ, ਹਰਵਿੰਦਰ ਚਾਹਲ, ਕੁਲਵਿੰਦਰ ਧਾਲੀਵਾਲ, ਗੁਰੂ ਲਾਧੋ ਰੇ ਸੁਸਾਇਟੀ (ਮਿਲਵਾਕੀ) ਦੇ ਪ੍ਰਧਾਨ ਜਸਵਿੰਦਰ ਸਿੰਘ ਭੱਦਾਸ, ਖਜਾਨਚੀ ਜਰਨੈਲ ਸਿੰਘ ਮਿਆਣੀ, ਮੀਤ ਪ੍ਰਧਾਨ ਕੰਵਰਵੀਰ ਸਿੰਘ ਕਵੀ, ਸੁਖਦੇਵ ਸਿੰਘ ਖਾਲਸਾ, ਪਰਮਜੀਤ ਸਿੰਘ, ਨਿਰਮਲ ਸਿੰਘ ਭੱਦਾਸ, ਕੁਲਦੀਪ ਸਿੰਘ, ਸੁਖਵਿੰਦਰ ਸਿੰਘ ਬਰੀਮਪੁਰ ਹਾਜਰ ਸਨ।

ਸ਼ਿਕਾਗੋ ਦੀ ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ ਦੇ ਮੌਜੂਦਾ ਪ੍ਰਧਾਨ ਪਰਮਜੀਤ ਸਿੰਘ ਸੰਘਾ, ਸਾਬਕਾ ਪ੍ਰਧਾਨ ਲਖਬੀਰ ਸਿੰਘ ਸੰਧੂ, ਤੇਜਿੰਦਰ ਸਿੰਘ ਮਿਨਹਾਸ, ਕ੍ਰਿਪਾਲ ਰੰਧਾਵਾ, ਮਹਿੰਦਰਜੀਤ ਸਿੰਘ ਰਕਾਲਾ, ਸ਼ਾਨ ਕਪੂਰ, ਜੈਰਾਮ ਸਿੰਘ ਕਾਹਲੋਂ, ਦਰਸ਼ਨ ਸਿੰਘ ਬਸਰਾਓਂ ਆਪਣੇ ਸਾਥੀਆਂ ਸਮੇਤ; ਪੀ ਸੀ ਐਸ, ਸ਼ਿਕਾਗੋ ਵਲੋਂ ਪ੍ਰਧਾਨ ਬਲਵਿੰਦਰ ਸਿੰਘ ਗਿਰਨ, ਸੰਨੀ ਕੁਲਾਰ, ਰੋਨੀ ਕੁਲਾਰ, ਬਲਜੀਤ ਸਿੰਘ ਸਿੱਧੂ, ਓਂਕਾਰ ਸਿੰਘ ਸੰਘਾ, ਸੁਖਮੇਲ ਸਿੰਘ ਅਟਵਾਲ, ਸੁਰਿੰਦਰ ਸਿੰਘ ਸੰਘਾ, ਸਾਬਕਾ ਪ੍ਰਧਾਨ ਮਨਜੀਤ ਗਿੱਲ; ਪੰਜਾਬੀ ਅਮੈਰੀਕਨ ਆਰਗੇਨਾਈਜੇਸ਼ਨ ਵਲੋਂ ਪ੍ਰਧਾਨ ਜਗਮੀਤ ਸਿੰਘ, ਗੁਲਜ਼ਾਰ ਸਿੰਘ ਮੁਲਤਾਨੀ, ਜਸਵੀਰ ਸਿੰਘ ਸੂਗਾ, ਸੁਖਵਿੰਦਰ ਸਿੰਘ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ ਵਲੋਂ ਪ੍ਰਧਾਨ ਨਰਿੰਦਰ ਸਿੰਘ ਸਰਾਂ, ਅਜਮੇਰ ਸਿੰਘ ਪੰਨੂੰ, ਹਰਦੀਪ ਸਿੰਘ ਬਦੇਸਾ, ਅਮਰਦੇਵ ਸਿੰਘ ਬਦੇਸਾ, ਹਰਦੀਪ ਗਿੱਲ, ਸੰਤੋਖ ਸਿੰਘ ਡੀ. ਸੀ., ਲੱਕੀ ਸਹੋਤਾ; ਸਤਨਾਮ ਮਿਨਹਾਸ, ਜਿੰਦੀ ਖੰਗੂੜਾ, ਜਿੰਦੀ ਦਿਆਲ, ਪਰਮਿੰਦਰ ਵਾਲੀਆ; ਪੰਜਾਬ ਲਾਇਨਜ਼ ਕਲੱਬ, ਸ਼ਿਕਾਗੋ ਵਲੋਂ ਪ੍ਰਧਾਨ ਗਿਆਨ ਸਿੰਘ ਸੀਹਰਾ ਅਤੇ ਪੰਜਾਬ ਸਪੋਰਟਸ ਕਲੱਬ, ਮਿਡਵੈਸਟ ਵਲੋਂ ਪ੍ਰਧਾਨ ਮਨਜੀਤ ਸਿੰਘ ਧਨੋਆ, ਨਿਰਭੈਅ ਸਿੰਘ, ਸੰਤ ਬਲਬੀਰ ਸਿੰਘ, ਜੱਸੀ ਧਾਲੀਵਾਲ, ਦਵਿੰਦਰ ਸਿੰਘ ਰੰਗੀ, ਜਗਜੀਤ ਸਿੰਘ ਢੀਂਡਸਾ, ਸਵਰਨ ਸਿੰਘ ਸੇਖੋਂ, ਬੀਬੀ ਬਲਵਿੰਦਰ ਕੌਰ ਸੇਖੋਂ ਅਤੇ ਪੰਜਾਬੀ ਯੂਥ ਕਲੱਬ ਵਲੋਂ ਸਤਿੰਦਰ ਸੁਸਾਣਾ, ਜਸਕਰਣ ਧਾਲੀਵਾਲ, ਸੁਖਦੇਵ ਸਿੰਘ ਖਹਿਰਾ, ਅਵਤਾਰ ਸਿੰਘ ਔਲਖ, ਅਮਰੀਕ ਸਿੰਘ ਪੰਜਾਬ ਟਾਈਮਜ਼ ਦੀ ਸੁਪੋਰਟ ਲਈ ਮੌਜੂਦ ਸਨ।

ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਦੇ ਪ੍ਰਧਾਨ ਸਤਵੰਤ ਸਿੰਘ ਅਟਲ, ਸੰਵਿਧਾਨ ਅਮਲ ਕਮੇਟੀ ਦੇ ਮੈਂਬਰ ਹਰਜਿੰਦਰ ਸਿੰਘ ਸੰਧੂ, ਚੋਣ ਅਤੇ ਮੈਂਬਰਸ਼ਿਪ ਕਮੇਟੀ ਦੇ ਚੇਅਰਮੈਨ ਮੇਜਰ ਗੁਰਚਰਨ ਸਿੰਘ ਝੱਜ, ਸਾਬਕਾ ਬੋਰਡ ਮੈਂਬਰ ਬੀਬੀ ਸੁਰਿੰਦਰ ਕੌਰ ਸੰਘਾ, ਬਲਕਾਰ ਸਿੰਘ ਢਿਲੋਂ, ਡਾ. ਹਰਗੁਰਮੁਖਪਾਲ ਸਿੰਘ, ਅਮ੍ਰਿਤਪਾਲ ਸਿੰਘ ਸੰਘਾ, ਬੀਬੀ ਜਸਬੀਰ ਕੌਰ ਮਾਨ ਅਤੇ ਉਘੇ ਬਿਜਨਸਮੈਨ ਭੁਪਿੰਦਰ ਸਿੰਘ ਹੁੰਦਲ ਵੀ ਹਾਜਰ ਸਨ।

ਹੋਰ ਮੁਅਜ਼ਜ਼ ਮਹਿਮਾਨਾਂ ਵਿਚ ਡਾ. ਸਰਬਜੀਤ ਸਿੰਘ ਭੰਡਾਲ, ਕਰਨਲ ਨਿਰਮਲ ਸਿੰਘ ਸਿੰਘਾ, ਅਮਰੀਕ ਸਿੰਘ (ਅਮਰ ਕਾਰਪੈਟ), ਗੁਰਮੀਤ ਸਿੰਘ ਸੈਣੀ, ਸੰਤੋਖ ਸਿੰਘ ਭਟਨੂਰਾ, ਰਮਨਜੀਤ ਸਿੰਘ, ਸੌਦਾਗਰ ਸਿੰਘ ਬਿਧੀ, ਹਰਵਿੰਦਰ ਸਿੰਘ ਕੰਗ, ਦਰਸ਼ਨ ਸਿੰਘ ਪੰਮਾ; ਏਸ਼ੀਅਨ ਅਮੈਰੀਕਨ ਸੀਨੀਅਰ ਐਸੋਸੀਏਸ਼ਨਜ਼ (ਆਸਾ) ਦੇ ਕੋਆਰਡੀਨੇਟਰ ਠਾਕਰ ਸਿੰਘ ਬਸਾਤੀ, ਅਮੋਲਕ ਸਿੰਘ ਗਿੱਧਾ, ਨਰਿੰਦਰ ਸੂਦ, ਐਲਿਸ, ਬਾਬ ਵੋਲਫ, ਸਤਨਾਮ ਸਿੰਘ ਔਲਖ, ਕੁਲਦੀਪ ਸਿੰਘ, ਇਕਬਾਲ ਸਿੰਘ ਜੱਜ, ਸੋਨੀ ਜੱਜ, ਜੱਸੀ ਸੰਧੂ, ਸੋਨੂ ਖਹਿਰਾ, ਅਜੀਤ ਸਿੰਘ ਗਿੱਲ ਸਿਆਟਲ ਅਤੇ ਲਵਦੀਪ ਸਿੰਘ ਦੁਲੱਤ ਸਮਾਗਮ ਦੀ ਰੌਣਕ ਵਧਾ ਰਹੇ ਸਨ।



ਪੰਜਾਬ ਟਾਈਮਜ਼ ਦਾ ਐਡਵਾਈਜ਼ਰੀ ਬੋਰਡ





ਜੱਸੀ ਪਰਮਾਰ ਤੇ ਹੈਪੀ ਹੀਰ ਸਕਿੱਟ ਪੇਸ਼ ਕਰਦੇ ਹੋਏ





ਤਰਲੋਚਨ ਸਿੰਘ ਦੁਪਾਲਪੁਰ ਦਾ ਸਨਮਾਨ ਕਰਦੇ ਹੋਏ ਸ. ਗਰੇਵਾਲ



ਮੇਜਰ ਕੁਲਾਰ ਨੂੰ ਸਨਮਾਨ ਚਿੰਨ੍ਹ ਦਿੰਦੇ ਹੋਏ ਦਰਸ਼ਨ ਸਿੰਘ ਗਰੇਵਾਲ







ਜੈਰਾਮ ਸਿੰਘ ਕਾਹਲੋਂ ਦਾ ਸਨਮਾਨ ਕਰਦੇ ਹੋਏ ਦਰਸ਼ਨ ਸਿੰਘ ਗਰੇਵਾਲ ਅਤੇ ਪ੍ਰੋ. ਜੋਗਿੰਦਰ ਸਿੰਘ ਰਮਦੇਵ





ਦਰਸ਼ਨ ਸਿੰਘ ਗਰੇਵਾਲ ਤੋਂ ਮਾਣ ਸਨਮਾਨ ਲੈਂਦੇ ਹੋਏ ਅਸ਼ੋਕ ਭੌਰਾ



ਸ. ਗਰੇਵਾਲ ਤੇ ਪ੍ਰੋ. ਰਮਦੇਵ ਜੱਸੀ ਪਰਮਾਰ ਦਾ ਸਨਮਾਨ ਕਰਦੇ ਹੋਏ

# ਡਾ. ਬਿਨਾਇਕ ਸੇਨ ਆਖ਼ਰਕਾਰ ਜ਼ਮਾਨਤ ’ਤੇ ਰਿਹਾਅ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਸੁਪਰੀਮ ਕੋਰਟ ਵੱਲੋਂ ਮਨੁੱਖੀ ਹੱਕਾਂ ਦੀ ਪੈਰਵੀ ਕਰਨ ਵਾਲੇ ਬਿਨਾਇਕ ਸੇਨ ਨੂੰ ਜ਼ਮਾਨਤ ਦੇਣ ਤੋਂ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਯਾਦ ਰਹੇ ਕਿ ਛੱਤੀਸਗੜ੍ਹ ਦੀ ਹੇਠਲੀ ਅਦਾਲਤ ਨੇ ਨਕਸਲੀਆਂ ਦੀ ਮਦਦ ਕਰਨ ਤੇ ਦੇਸ਼-ਧ੍ਰੋਹ ਦੇ ਦੋਸ਼ ਲਾ ਕੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ।

**‘ਗਾਂਧੀ ਦੀ ਜੀਵਨੀ ਰੱਖਣ ਨਾਲ ਕੋਈ ਗਾਂਧੀਵਾਦੀ ਨਹੀਂ ਬਣ ਜਾਂਦਾ’**

ਸੁਪਰੀਮ ਕੋਰਟ ਨੇ ਡਾ. ਸੇਨ ਦੀ ਜ਼ਮਾਨਤ ਮਨਜ਼ੂਰ ਕਰਦਿਆਂ ਸਖ਼ਤ ਟਿੱਪਣੀ ਕਰਦੇ ਹੋਏ ਕਿਹਾ ਕਿ ਭਾਰਤ ’ਚ ਜਮਹੂਰੀਅਤ ਹੈ ਤੇ ਸੇਨ ਨਕਸਲੀਆਂ ਦਾ ਹਮਦਰਦ ਹੋ ਸਕਦਾ ਹੈ ਪਰ ਇਸ ਕਾਰਨ ਉਸ ਨੂੰ ਦੇਸ਼-ਧ੍ਰੋਹ ਦਾ ਦੋਸ਼ੀ ਨਹੀਂ ਕਿਹਾ ਜਾ ਸਕਦਾ। ਇਸ ਮੌਕੇ ਸੁਪਰੀਮ ਕੋਰਟ ਨੇ ਛੱਤੀਸਗੜ੍ਹ ਸਰਕਾਰ ਦੀ ਖਿਚਾਈ ਕਰਦੇ ਹੋਏ ਕਿਹਾ ਕਿ ਮਹਾਤਮਾ ਗਾਂਧੀ ਦੀ ਜੀਵਨੀ ਰੱਖਣ ਨਾਲ ਕੋਈ ਵਿਅਕਤੀ ਗਾਂਧੀਵਾਦੀ ਨਹੀਂ ਹੋ ਸਕਦਾ। ਜ਼ਿਕਰਯੋਗ ਹੈ ਕਿ ਮਾਨਵੀ ਹੱਕਾਂ ਦੇ ਅਲੰਬਰਦਾਰ ਬਿਨਾਇਕ ਸੇਨ ਨੂੰ ਪਾਬੰਦੀਸ਼ੁਦਾ ਸੀ.ਪੀ.ਆਈ. (ਮਾਓਵਾਦੀ) ਦੇ ਪੈਂਫਲਿਟ ਰੱਖਣ ’ਤੇ ਕੱਟੜ ਨਕਸਲੀ ਕਰਾਰ ਦਿੱਤਾ ਸੀ। ਬੈਂਚ ਨੇ ਕਿਹਾ ਕਿ ਇਸ ਦਾ ਮਤਲਬ ਤਾਂ ਇਹ ਹੋਇਆ ਕਿ ਜਿਸ ਵਿਅਕਤੀ ਦੇ ਘਰ ਮਹਾਤਮਾ ਗਾਂਧੀ ਦੀ ਜੀਵਨੀ ਹੈ, ਉਹ ਗਾਂਧੀਵਾਦੀ ਹੋ ਗਿਆ। ਅਦਾਲਤ ਨੇ 61 ਸਾਲਾ ਸੇਨ ਦੀ ਜ਼ਮਾਨਤ ਮਨਜ਼ੂਰ ਕਰਦਿਆਂ ਕਿਹਾ ਕਿ ਇਹ ਫੈਸਲਾ ਸਬੰਧਿਤ ਅਦਾਲਤ ਹੀ ਕਰੇਗੀ ਕਿ ਜ਼ਮਾਨਤ ’ਤੇ ਰਿਹਾਈ ਦੀਆਂ ਸ਼ਰਤਾਂ ਕੀ ਹੋਣਗੀਆਂ।

ਸਰਵਉੱਚ ਅਦਾਲਤ ਨੇ ਛੱਤੀਸਗੜ੍ਹ ਹਾਈ ਕੋਰਟ ਵੱਲੋਂ ਸੇਨ ਦੀ ਜ਼ਮਾਨਤ ਨੂੰ ਚੁਣੌਤੀ ਦਿੰਦੀ ਪਟੀਸ਼ਨ ’ਤੇ ਸੁਣਵਾਈ ਦੌਰਾਨ ਇਹ ਫੈਸਲਾ ਸੁਣਾਇਆ। ਸੇਨ ਨੂੰ ਜ਼ਮਾਨਤ ਮਿਲਣ ਦਾ ਚੁਫੇਰਿਓਂ ਸਵਾਗਤ ਕੀਤਾ ਜਾ ਰਿਹਾ ਹੈ। ਇਸ ਮੌਕੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਬਿਨਾਇਕ ਸੇਨ ਨੂੰ ਸੁਪਰੀਮ ਕੋਰਟ ਵੱਲੋਂ ਜ਼ਮਾਨਤ ਦਿੱਤੇ ਜਾਣ ’ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਦੱਸਿਆ ਕਿ ਉਹ ਹਮੇਸ਼ਾ ਇਹ ਮੰਨਦੇ ਰਹੇ ਹਨ ਕਿ ਜੇਕਰ ਹੇਠਲੀ ਅਦਾਲਤ ’ਚ ਕਿਸੇ ਦੀ ਤਸੱਲੀ ਨਹੀਂ ਹੁੰਦੀ ਤਾਂ ਉਪਰਲੀਆਂ ਅਦਾਲਤਾਂ ’ਚ ਉਨ੍ਹਾਂ ਨੂੰ ਰਾਹਤ ਮਿਲ ਜਾਂਦੀ ਹੈ। ਘੱਟ-ਗਿਣਤੀਆਂ ਦੇ ਮਾਮਲਿਆਂ ਬਾਰੇ ਮੰਤਰੀ ਸਲਮਾਨ ਖੁਰਸ਼ੀਦ ਨੇ ਸੇਨ ਦੀ ਜ਼ਮਾਨਤ ਮਨਜ਼ੂਰ ਕਰਨ ਦੇ ਅਦਾਲਤ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਹਾਲਾਤ ’ਚ ਜ਼ਮਾਨਤ ਮਨਜ਼ੂਰ ਹੋਈ ਹੈ, ਉਸ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ।



*ਜ਼ਮਾਨਤ ’ਤੇ ਰਿਹਾਅ ਹੋਣ ਤੋਂ ਬਾਅਦ ਆਪਣੇ ਘਰ ਜਾ ਰਿਹਾ ਡਾ. ਬਿਨਾਇਕ ਸੇਨ।*

ਉਨ੍ਹਾਂ ਕਿਹਾ ਕਿ ਲੋਕਾਂ ’ਚ ਇਹ ਪ੍ਰਭਾਵ ਜ਼ੋਰ ਫੜਦਾ ਜਾ ਰਿਹਾ ਸੀ ਕਿ ਸੇਨ ਨਾਲ ਜੋ ਸਲੂਕ ਹੋਇਆ, ਉਹ ਠੀਕ ਨਹੀਂ ਸੀ। ਉਸ ਦੇ ਪਿੱਛੇ ਦੇਸ਼ ਦੇ ਵੱਡੀ ਗਿਣਤੀ ਲੋਕ ਤੇ ਬੌਧਿਕ ਤਬਕਾ ਸੀ।ਬਿਨਾਇਕ ਸੇਨ ਦੀ ਬਿਮਾਰ ਮਾਂ ਨੇ ਕਿਹਾ ਹੈ ਕਿ ਉਸ ਦੇ ਪੁੱਤਰ ਦੀ ਜ਼ਮਾਨਤ ਮਨਜ਼ੂਰ ਹੋਣ ’ਤੇ ਨਿਆਂਪਾਲਿਕਾ ’ਚ ਭਰੋਸਾ ਬਹਾਲ ਹੋਇਆ ਹੈ। ਅਨੁਸੂਈਆ ਸੇਨ ਨੇ ਕਿਹਾ ਕਿ ਜਦੋਂ ਛੱਤੀਸਗੜ੍ਹ ਦੀ ਹਾਈ ਕੋਰਟ ਨੇ ਉਨ੍ਹਾਂ ਦੇ ਪੁੱਤਰ ਦੀ ਜ਼ਮਾਨਤ ਮਨਜ਼ੂਰ ਕਰਨੋਂ ਨਾ ਕਰ ਦਿੱਤੀ ਸੀ ਤਾਂ ਉਹ ਮਨੋਂ ਡੋਲ ਗਈ ਸੀ ਤੇ ਉਸ ਨੂੰ ਲੱਗਣ ਲੱਗ ਪਿਆ ਸੀ ਕਿ ਉਹ ਆਪਣੇ ਪੁੱਤਰ ਨੂੰ ਮੁੜ ਨਹੀਂ ਮਿਲ ਸਕੇਗੀ।

## ਮਾਓਵਾਦੀ ਆਜ਼ਾਦ ਹੱਤਿਆ ਕੇਸ ਦੀ ਸੀ.ਬੀ.ਆਈ. ਜਾਂਚ ਲਈ ਸਹਿਮਤੀ

ਸੁਪਰੀਮ ਕੋਰਟ ਵੱਲੋਂ ਕੀਤੀ ਜਵਾਬਤਲਬੀ ਮਗਰੋਂ ਆਂਧਰਾ ਪ੍ਰਦੇਸ਼ ਸਰਕਾਰ ਮਾਓਵਾਦੀ ਆਗੂ ਚੇਰੂਕੁਰੀ ਰਾਜ ਕੁਮਾਰ ਉਰਫ਼ ਆਜ਼ਾਦ ਤੇ ਇਕ ਪੱਤਰਕਾਰ ਦੀ ਝੂਠੇ ਪੁਲਿਸ ਮੁਕਾਬਲੇ ’ਚ ਹੋਈ ਮੌਤ ਦੇ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਾਉਣ ਲਈ ਰਾਜ਼ੀ ਹੋ ਗਈ ਹੈ। ਜਸਟਿਸ ਆਫਤਾਬ ਆਲਮ ਤੇ ਜਸਟਿਸ ਆਰ.ਐਮ. ਲੋਢਾ ਨੇ ਜਾਂਚ ਕਰਾਉਣ ਦੇ ਹੁਕਮ ਦੇਣ ਬਾਰੇ ਫੈਸਲਾ ਰਾਖਵਾਂ ਰੱਖ ਲਿਆ ਕਿਉਂਕਿ ਸਰਕਾਰ ਨੇ ਅਦਾਲਤ ਨੂੰ ਦੱਸਿਆ ਹੈ ਕਿ ਉਹ ਇਸ ਬਾਰੇ ਕੇਂਦਰੀ ਗ੍ਰਹਿ ਮੰਤਰਾਲੇ ਨਾਲ ਚਰਚਾ ਕਰਨਾ ਚਾਹੁੰਦੀ ਹੈ। ਇਸ ਦੌਰਾਨ ਇਕ ਹੋਰ ਮਾਮਲੇ ਵਿਚ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਉਹ ਛੱਤੀਸਗੜ੍ਹ ਦੇ ਨਕਸਲ ਪ੍ਰਭਾਵਿਤ ਇਲਾਕਿਆਂ ਵਿਚ ਰਾਹਤ ਤੇ ਮੁੜ ਵਸੇਬੇ ਦੇ ਕੰਮ ਦੀ ਨਿਗਰਾਨੀ ਲਈ ਇਕ ਕਮੇਟੀ ਬਣਾਉਣ ਬਾਰੇ ਵਿਚਾਰ ਕਰੇਗੀ। ਜ਼ਿਕਰਯੋਗ ਯੋਗ ਹੈ ਕਿ ਸਰਕਾਰ ’ਤੇ ਦੋਸ਼ ਲੱਗੇ ਸਨ ਕਿ ਉਹ ਰਾਹਤ ਤੇ ਮੁੜ ਵਸੇਬੇ ਦੇ ਕੰਮਾਂ ਵੱਲ ਧਿਆਨ ਨਹੀਂ ਦੇ ਰਹੀ।

# ਅਮਰੀਕਾ ’ਚ ਭਾਰਤੀ ਨਾਗਰਿਕ ਜਾਂਚ ਦੇ ਘੇਰੇ ’ਚ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਇਲੀਨੌਇ ਦੇ ਸਾਬਕਾ ਗਵਰਨਰ ਰੌਡ ਬਲੈਗੋਜੇਵਿਚ ਨਾਲ ਇਕ ਅਮੀਰ ਭਾਰਤੀ-ਅਮਰੀਕੀ ਵਿਅਕਤੀ ਦੇ ਸਬੰਧਾਂ ਬਾਰੇ ਜਾਂਚ ਦੇ ਸਿਲਸਿਲੇ ’ਚ ਸੰਘੀ ਜਿਊਰੀ ਵੱਲੋਂ ਸ਼ਿਕਾਗੋ ਖੇਤਰ ਦੇ ਦਰਜਨਾਂ ਡਾਕਟਰਾਂ ਨੂੰ ਸੰਮਨ ਜਾਰੀ ਕੀਤੇ ਗਏ ਹਨ। ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫ.ਬੀ.ਆਈ.) ਤੇ ਇੰਟਰਨਲ ਰੈਵੇਨਿਊ ਸਰਵਿਸਿਜ਼ (ਆਈ.ਆਰ.ਐਸ.) ਦੀ ਜਾਂਚ ਦਾ ਧੁਰਾ ਇਸ ਵੇਲੇ ਕਾਰੋਬਾਰੀ ਤੇ ਸਿਆਸੀ ਗਤੀਵਿਧੀਆਂ ਲਈ ਧਨ ਇਕੱਠਾ ਕਰਨ ਵਾਲੇ (ਫੰਡ ਰੇਜ਼ਰ) ਰਘੂਵੀਰ ਨਾਇਕ ਦੁਆਲੇ ਹੈ। ਰਿਪੋਰਟਾਂ ’ਚ ਬਿਨਾਂ ਨਾਂ ਵਾਲੇ ਸੂਤਰਾਂ ਦਾ ਹਵਾਲਾ ਦੇ ਕੇ ਕਿਹਾ ਗਿਆ ਹੈ ਕਿ ਦੋਵੇਂ ਵਿਭਾਗਾਂ ਨੇ ਜਾਂਚ ਲਈ ਵੱਡਾ ਨੈੱਟਵਰਕ ਵਿਛਾਇਆ ਹੋਇਆ ਹੈ। ਨਾਇਕ ਦੇ ਇਲੀਨੌਇ ਤੇ ਇੰਡੀਆਨਾ ’ਚ ਸਰਜੀਕਲ ਕੇਂਦਰ ਹਨ ਤੇ ਉਸ ਦੇ ਬਲੈਗੋਜੋਵਿਚ ਨਾਲ ਸਬੰਧ ਹਨ ਜਿਸ ’ਤੇ ਰਾਸ਼ਟਰਪਤੀ ਬਰਾਕ ਓਬਾਮਾ ਦੀ ਸੈਨੇਟ ਸੀਟ ਕਥਿਤ ਤੌਰ ’ਤੇ ਵੇਚਣ ਦੇ ਯਤਨ ਕਰਨ ਦਾ ਮਹਾਂਦੋਸ਼ ਲੱਗਿਆ ਹੋਇਆ ਹੈ। ਅਮਰੀਕੀ ਪ੍ਰਤੀਨਿਧ ਸਦਨ ਦੇ ਮੈਂਬਰ ਜੈਸੀ ਜੈਕਸਨ ਜੂਨੀਅਰ ਨਾਲ ਵੀ ਨਾਇਕ ਦੇ ਸਬੰਧ ਹਨ।

**ਸ਼ਿਕਾਗੋ ਖੇਤਰ ਦੇ ਦਰਜਨਾਂ ਡਾਕਟਰਾਂ ਨੂੰ ਸੰਮਨ**

ਰਿਪੋਰਟ ’ਚ ਘੱਟੋ-ਘੱਟ 30 ਡਾਕਟਰਾਂ ਨੂੰ ਜਿਊਰੀ ਦੇ ਸੰਮਨ ਮਿਲਣ ਦਾ ਖੁਲਾਸਾ ਕੀਤਾ ਹੈ। ਨਾਇਕ ਦੇ 10 ਤੋਂ ਵੱਧ ਮੁਲਾਜ਼ਮਾਂ ਨੂੰ ਵੀ ਇਹ ਸੰਮਨ ਜਾਰੀ ਕੀਤੇ ਗਏ ਹਨ। ਸੰਘੀ ਏਜੰਸੀਆਂ ਇਹ ਜਾਂਚ ਕਰ ਰਹੀਆਂ ਹਨ ਕਿ ਆਪਣੇ ਕੇਂਦਰਾਂ ’ਚ ਅਪਰੇਸ਼ਨ ਵਾਲੇ ਕੇਸ ਲਿਆਉਣ ਲਈ ਨਾਇਕ ਨੇ ਕਿਤੇ ਡਾਕਟਰਾਂ ਨੂੰ ਗੈਰ-ਵਾਜਬ ਰਕਮਾਂ ਤਾਂ ਨਹੀਂ ਦਿੱਤੀਆਂ ਸਨ। ਨਾਇਕ ਲੰਮੇ ਸਮੇਂ ਤੋਂ ਸਿਆਸੀ ਪਰਿਵਾਰ ਜੈਕਸਨ ਦਾ ਮਿੱਤਰ ਹੈ। ਉਸ ਨੇ ਜਾਂਚਕਾਰਾਂ ਨੂੰ ਦੱਸਿਆ ਸੀ ਕਿ ਜੈਕਸਨ ਨੇ ਉਸ ਨੂੰ ਆਪਣੀ ਵਾਸ਼ਿੰਗਟਨ ਡੀ.ਸੀ. ਫੇਰੀ ਦੌਰਾਨ ਉਸ ਵੇਲੇ ਦੇ ਗਵਰਨਰ ਨੂੰ ਇਕ ਸੈਨੇਟ ਸੀਟ ’ਤੇ ਨਿਯੁਕਤੀ ਦੇ ਬਦਲੇ ’ਚ 60 ਲੱਖ ਡਾਲਰ ਦੀ ਰਾਸ਼ੀ ਮੁਹਿੰਮ ਚਲਾਉਣ ਲਈ ਦਿੱਤੇ ਜਾਣ ਦੀ ਪੇਸ਼ਕਸ਼ ਕਰਨ ਲਈ ਕਿਹਾ ਸੀ। ਬਲੈਗੋਜੇਵਿਚ 2008 ’ਚ ਫੜਿਆ ਗਿਆ ਸੀ ਤੇ ਉਹਦੇ ’ਤੇ ਸੈਨੇਟ ਸੀਟ ਕਥਿਤ ਤੌਰ ’ਤੇ ਵੇਚਣ ਦੇ ਸਬੰਧੀ ਮੁੜ ਮੁਕੱਦਮਾ ਚਲਾਇਆ ਜਾ ਰਿਹਾ ਹੈ। ਨਾਇਕ ਦੇ ਸਰਜਰੀ ਕੇਂਦਰਾਂ ਨੇ 2001 ਤੋਂ 2007 ਤੱਕ ਇਲੀਨੌਇ ਦੇ ਸਿਆਸਤਦਾਨਾਂ ਨੂੰ 2,83,000 ਡਾਲਰ ਅਦਾ ਕੀਤੇ ਸਨ।

## ਭਾਰਤੀ ਮਹਿਲਾ ਨੇ ਟੈਕਸ ਚੋਰੀ ਦਾ ਦੋਸ਼ ਕਬੂਲਿਆ

**ਵਾਸ਼ਿੰਗਟਨ:** ਭਾਰਤੀ ਮੂਲ ਦੀ ਇਕ ਔਰਤ ਨੇ ਤਕਰੀਬਨ 80 ਲੱਖ ਡਾਲਰ ਦਾ ਟੈਕਸ ਚੋਰੀ ਕਰਨ ਲਈ ਐਚ.ਐਸ.ਬੀ.ਸੀ. ਬੈਂਕ ਵਿਚਲੇ ਆਪਣੇ ਖਾਤੇ ਦੀ ਇਤਲਾਹ ਅਮਰੀਕੀ ਫੈਡਰਲ ਅਧਿਕਾਰੀਆਂ ਨੂੰ ਨਾ ਦੇਣ ਦਾ ਗੁਨਾਹ ਕਬੂਲ ਕਰ ਲਿਆ ਹੈ। ਕੁਝ ਦਿਨ ਪਹਿਲਾਂ ਇਕ ਹੋਰ ਭਾਰਤੀ ਨੇ ਇਸੇ ਤਰ੍ਹਾਂ ਦਾ ਦੋਸ਼ ਮੰਨਿਆ ਸੀ।ਨਿਆਂ ਵਿਭਾਗ ਦੀ ਟੈਕਸ ਡਿਵੀਜ਼ਨ ਨੇ ਦੱਸਿਆ ਕਿ ਜੋਸਫ਼ੀਨ ਭਸੀਨ ਨੇ 2008 ਵਿਚ ਜਿਹੜੀ ਨਿੱਜੀ ਆਮਦਨ ਕਰ ਰਿਟਰਨ ਭਰੀ ਸੀ, ਉਸ ਵਿਚ ਐਚ.ਐਸ.ਬੀ.ਸੀ. ਇੰਡੀਆ ਵਿਚ ਉਸ ਦੇ ਵਿਦੇਸ਼ੀ ਵਿੱਤੀ ਲੈਣ-ਦੇਣ ਦੇ ਵੇਰਵੇ ਨਹੀਂ ਭਰੇ ਗਏ ਸਨ।

# ਭੈਅ ਕਾਰਨ ਪਾਕਿਸਤਾਨ ਵਿਚ ਘਰੋਂ ਬੇਘਰ ਹੋ ਰਹੇ ਨੇ ਸਿੱਖ ਤੇ ਹਿੰਦੂ

**ਇਸਲਾਮਾਬਾਦ:** ਪਾਕਿਸਤਾਨ ਵਿਚ ਪਿਛਲਾ ਸਾਲ ਦੇਸ਼ ਵਿਚਲੇ ਘੱਟ ਗਿਣਤੀ ਸਿੱਖਾਂ ਤੇ ਹਿੰਦੂਆਂ ਦੇ ਨਾਲ-ਨਾਲ ਕਈ ਮੁਸਲਿਮ ਫਿਰਕਿਆਂ ਲਈ ਬੜਾ ਖਰਾਬ ਰਿਹਾ। ਉਨ੍ਹਾਂ ਨੂੰ ਅਤਿਵਾਦੀਆਂ ਵੱਲੋਂ ਜਾਨ ਤੋਂ ਮਾਰਨ ਦੀਆਂ ਧਮਕੀਆਂ ਮਿਲਦੀਆਂ ਰਹੀਆਂ ਤੇ ਉਨ੍ਹਾਂ ਦਾ ਜਾਨੀ ਤੇ ਮਾਲੀ ਨੁਕਸਾਨ ਵੀ ਹੋਇਆ। ਇਸ ਬਾਰੇ ਆਈ ਤਾਜ਼ਾ ਰਿਪੋਰਟ ਮੁਤਾਬਕ ਆਉਣ ਵਾਲੇ ਸਮੇਂ ਵਿਚ ਦੇਸ਼ ਅੰਦਰ ਘੱਟ ਗਿਣਤੀਆਂ ਲਈ ਕਈ ਹੋਰ ਖ਼ਤਰੇ ਹਨ।



*ਪਾਕਿਸਤਾਨ ਦੀ ਫ਼ੌਜ ਵਿਚ ਸ਼ਾਮਲ ਪਹਿਲਾ ਸਿੱਖ ਅਫ਼ਸਰ ਹਰਚਰਨ ਸਿੰਘ ਆਪਣੇ ਸਾਥੀ ਫ਼ੌਜੀਆਂ ਨਾਲ।*

## ਘੱਟ ਗਿਣਤੀਆਂ ਨੂੰ ਖ਼ਤਰਾ ਵਧਿਆ

ਪਾਕਿਸਤਾਨ ਦੇ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਦੇਸ਼ ਵਿਚ ਘੱਟ ਗਿਣਤੀਆਂ ਦੀ ਹਾਲਤ ਬਾਰੇ ਜਾਰੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਔਰਾਕਜ਼ਾਈ ਵਿਚ ਰਹਿੰਦੇ ਸਿੱਖਾਂ ਵਿਚੋਂ 25 ਫ਼ੀਸਦੀ ਨੂੰ ਅਪਣੇ ਘਰ-ਬਾਰ ਛੱਡ ਕੇ ਜਾਣਾ ਪਿਆ ਤੇ 27 ਹਿੰਦੂ ਪਰਿਵਾਰ ਜਾਨ ਦੇ ਖ਼ਤਰੇ ਕਾਰਨ ਭਾਰਤ ਵਿਚ ਪਨਾਹ ਮੰਗਣ ਲਈ ਮਜਬੂਰ ਹੋਏ ਜਦਕਿ 500 ਹਿੰਦੂ ਪਰਵਾਰਾਂ ਨੂੰ ਬਲੋਚਿਸਤਾਨ ਸੂਬਾ ਛੱਡਣਾ ਪਿਆ ਹੈ। ਰਿਪੋਰਟ ਵਿਚ ਕਿਹਾ ਗਿਆ ਸਾਲ 2010 ਘੱਟ ਗਿਣਤੀਆਂ ਲਈ ਦੁੱਖਾਂ ਭਰਿਆ ਰਿਹਾ ਤੇ ਆਉਣ ਵਾਲਾ ਸਮਾਂ ਹੋਰ ਵੀ ਬੁਰਾ ਹੋ ਸਕਦਾ ਹੈ। ਰਿਪੋਰਟ ਵਿਚ ਸਿੱਖਾਂ, ਹਿੰਦੂਆਂ ਤੇ ਇਸਾਈਆਂ ਦੀ ਮਾੜੀ ਹਾਲਤ ਲਈ ਅਤਿਵਾਦੀ ਖ਼ਤਰੇ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। '2010 ਵਿਚ ਮਨੁੱਖੀ ਅਧਿਕਾਰਾਂ ਦੀ ਹਾਲਤ’ ਨਾਂ ਦੀ ਇਸ ਰਿਪੋਰਟ ਵਿਚ ਸਿੱਖਾਂ ਦੀ ਹਾਲਤ ਬਾਰੇ ਕਿਹਾ ਗਿਆ ਹੈ ਕਿ ਜਿਹੜੇ ਸਿੱਖ ਪਰਿਵਾਰ ਸੈਂਕੜੇ ਸਾਲਾਂ ਤੋਂ ਪਾਕਿਸਤਾਨ ਦੇ ਪੱਛਮ-ਉਤਰੀ ਹਿੱਸੇ ਵਿਚ ਰਹਿ ਰਹੇ ਸਨ, ਉਨ੍ਹਾਂ ਨੂੰ ਤਾਲਿਬਾਨ ਤੋਂ 'ਜਜ਼ੀਆ’ ਮੰਗੇ ਜਾਣ ਕਾਰਨ ਇਲਾਕਾ ਛੱਡਣਾ ਪਿਆ।

ਔਰਾਕਜ਼ਾਈ ਖੇਤਰ ਵਿਚ ਰਹਿੰਦੇ 102 ਸਿੱਖ ਪਰਵਾਰਾਂ ਵਿਚੋਂ 25 ਕਿਤੇ ਹੋਰ ਜਾ ਕੇ ਵਸ ਗਏ। ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਮਹਿਦੀ ਹਸਨ ਦੇ ਹਵਾਲੇ ਨਾਲ ਕਿਹਾ ਗਿਆ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਜ਼ਿਆਦਾਤਰ ਮਾਮਲੇ ਸਰਕਾਰੀ ਵਿਭਾਗਾਂ ਵੱਲੋਂ ਹੋਏ। ਰਿਪੋਰਟ ਵਿਚ ਕਾਨੂੰਨ ਤੇ ਵਿਵਸਥਾ ਦੀ ਹਾਲਤ ਬਾਰੇ ਕਿਹਾ ਗਿਆ ਕਿ 12580 ਲੋਕਾਂ ਦਾ ਕਤਲ ਕਰ ਦਿੱਤਾ ਗਿਆ ਜਦਕਿ 581 ਵਿਅਕਤੀਆਂ ਨੂੰ ਫਿਰੌਤੀ ਲਈ ਅਗ਼ਵਾ ਕੀਤਾ ਗਿਆ। ਮੁਸਲਮਾਨਾਂ ਨਾਲ ਸਬੰਧਿਤ ਘੱਟ ਗਿਣਤੀ ਫ਼ਿਰਕਿਆਂ ਦੇ 418 ਲੋਕਾਂ ਦੀ ਹਿੰਸਾ ਦੌਰਾਨ ਮੌਤ ਹੋਈ ਜਦਕਿ ਆਤਮਘਾਤੀ ਹਮਲਿਆਂ ਵਿਚ 628 ਲੋਕ ਮਾਰੇ ਗਏ। ਬਲੋਚਿਸਤਾਨ ਦੇ ਸੰਘੀ ਮਨੁੱਖੀ ਅਧਿਕਾਰਾਂ ਬਾਰੇ ਮੰਤਰਾਲੇ ਮੁਤਾਬਕ ਅਹਿਮਦੀ ਜਮਾਤ ਜਿਸ ਨੂੰ 1974 ਵਿਚ ਸੰਵਿਧਾਨਕ ਸੋਧ ਰਾਹੀਂ ਗ਼ੈਰ-ਮੁਸਲਿਮ ਕਰਾਰ ਦਿੱਤਾ ਗਿਆ ਸੀ, ਦੇ 99 ਮੈਂਬਰ ਪਿਛਲੇ ਸਾਲ ਹਿੰਸਾ ਦਾ ਸ਼ਿਕਾਰ ਹੋਏ। 64 ਵਿਅਕਤੀਆਂ ਨੂੰ ਧਰਮ ਦੀ ਬੇਅਦਬੀ ਬਾਰੇ ਕਾਨੂੰਨ ਤਹਿਤ ਸਜ਼ਾ ਦਿੱਤੀ ਗਈ। ਇਸ ਕਾਨੂੰਨ ਤਹਿਤ ਹਿਰਾਸਤ ਵਿਚ ਲਏ ਗਏ ਇਕ ਮੁਸਲਮਾਨ ਤੇ ਦੋ ਈਸਾਈਆਂ ਦੀ ਮੌਤ ਹੋਈ।

ਰਿਪੋਰਟ ਮੁਤਾਬਕ ਪਾਕਿਸਤਾਨ ਵਿਚ ਘੱਟ ਗਿਣਤੀਆਂ ਤੇ ਮੁਸਲਮਾਨਾਂ ਦੇ ਹੋਰ ਫਿਰਕਿਆਂ ਲਈ ਖ਼ਤਰੇ ਘਟੇ ਨਹੀਂ ਸਗੋਂ ਵਧੇ ਹਨ। ਤਾਲਿਬਾਨ ਦਾ ਖ਼ੌਫ਼ ਤੇ ਪ੍ਰਭਾਵ ਦਿਨ-ਬ-ਦਿਨ ਵਧ ਰਿਹਾ ਹੈ।

ਇਸ ਤੋਂ ਇਲਾਵਾ ਪੁਲਿਸ ਘੱਟ ਗਿਣਤੀਆਂ ਨੂੰ ਜਿੱਥੇ ਸੁਰੱਖਿਆ ਮੁਹੱਈਆ ਕਰਾਉਣ ਵਿਚ ਅਸਫਲ ਹੋ ਰਹੀ ਹੈ, ਉਥੇ ਉਹ ਇਨ੍ਹਾਂ ਨੂੰ ਝੂਠੇ ਮੁਕੱਦਮਿਆਂ ਵਿਚ ਫਸਾ ਕੇ ਪ੍ਰੇਸ਼ਾਨ ਕਰ ਰਹੀ ਹੈ। ਇਸ ਤਰ੍ਹਾਂ ਘੱਟ ਗਿਣਤੀਆਂ ਉਪਰ ਦੋਹਰੀ ਮਾਰ ਪੈ ਰਹੀ ਹੈ। ਇਕ ਪਾਸੇ ਤਾਲਿਬਾਨ ਦੂਜੇ ਪਾਸੇ ਪੁਲਿਸ। ਰਿਪੋਰਟ ਮੁਤਾਬਕ ਸੁਰੱਖਿਆ ਏਜੰਸੀਆਂ ਦੇ ਇਸ ਰਵੱਈਏ ’ਚ ਕੋਈ ਸੁਧਾਰ ਨਹੀਂ ਆ ਰਿਹਾ। ਜਿਸ ਕਾਰਨ ਘੱਟ ਗਿਣਤੀਆਂ ਲਈ ਆਉਂਦੇ ਸਮੇਂ ਦੌਰਾਨ ਖ਼ਤਰੇ ਹੋਰ ਵਧਣਗੇ।

## ਲੜਕੀਆਂ ਦਾ ਕੀਤਾ ਜਾ ਰਿਹੈ ਜਬਰੀ ਧਰਮ ਤਬਦੀਲ

**ਇਸਲਾਮਾਬਾਦ:** ਪਾਕਿਸਤਾਨ ਦੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਕਿਹਾ ਹੈ ਕਿ ਦੇਸ਼ ’ਚ ਨਾਬਾਲਗ ਹਿੰਦੂ ਲੜਕੀਆਂ ਦਾ ਜ਼ਬਰਦਸਤੀ ਧਰਮ ਤਬਦੀਲ ਕੀਤਾ ਜਾ ਰਿਹਾ ਹੈ ਜਿਸ ਕਾਰਨ ਘੱਟ ਗਿਣਤੀ ਭਾਈਚਾਰਾ ਬਹੁਤ ਚਿੰਤਤ ਹੈ। ਰਿਪੋਰਟ ’ਚ ਕਿਹਾ ਗਿਆ ਹੈ ਕਿ ਬਹੁਤ ਸਾਰੇ ਅਜਿਹੇ ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਹਿੰਦੂ ਲੜਕੀਆਂ ਨੂੰ ਅਗਵਾ ਕਰ ਕੇ ਉਨ੍ਹਾਂ ਨਾਲ ਜਬਰ ਜਨਾਹ ਕੀਤਾ ਜਾਂਦਾ ਹੈ ਤੇ ਬਾਅਦ ਵਿਚ ਉਨ੍ਹਾਂ ਨੂੰ ਧਰਮ ਤਬਦੀਲ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਸਿੰਧ ਸੂਬੇ ਵਿਸ਼ੇਸ਼ ਕਰ ਕੇ ਦੇਸ਼ ਦੀ ਵਪਾਰਕ ਰਾਜਧਾਨੀ ਕਰਾਚੀ ਵਿਚ ਜਬਰੀ ਧਰਮ ਤਬਦੀਲੀ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ।

ਕਮਿਸ਼ਨ ਨੇ ਆਪਣੀ ਰਿਪੋਰਟ ’ਚ ਕਿਹਾ ਹੈ ਕਿ ਜ਼ਬਰਦਸਤੀ ਧਰਮ ਤਬਦੀਲ ਕਰਨ ਦੀਆਂ ਘਟਨਾਵਾਂ ਕੇਵਲ ਸਿੰਧ ਸੂਬੇ ਵਿਚ ਹੀ ਨਹੀਂ ਬਲਕਿ ਦੇਸ਼ ਦੇ ਹੋਰਨਾਂ ਹਿੱਸਿਆਂ ’ਚ ਵੀ ਵਾਪਰ ਰਹੀਆਂ ਹਨ। ਘੱਟ ਗਿਣਤੀ ਭਾਈਚਾਰੇ ਦੀਆਂ ਲੜਕੀਆਂ ਅਗਵਾ ਹੁੰਦੀਆਂ ਹਨ ਤੇ ਉਨ੍ਹਾਂ ਨਾਲ ਜਬਰ ਜਨਾਹ ਹੁੰਦਾ ਹੈ ਤੇ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਲੜਕੀ ਨੇ ਇਸਲਾਮ ਕਬੂਲ ਕਰ ਲਿਆ ਹੈ। ਉਸ ਦਾ ਮੁਸਲਮਾਨ ਵਿਅਕਤੀ ਨਾਲ ਨਿਕਾਹ ਹੋ ਗਿਆ ਹੈ ਤੇ ਉਹ ਹੁਣ ਆਪਣੇ ਪੁਰਾਣੇ ਧਰਮ ’ਚ ਮੁੜਨਾ ਨਹੀਂ ਚਾਹੁੰਦੀ। ਕਮਿਸ਼ਨ ਨੇ ਕਿਹਾ ਕਿ ਅਦਾਲਤਾਂ ਵੀ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਿਤ ਲੜਕੀ ਜਾਂ ਉਸ ਦੇ ਪਰਿਵਾਰ ਵਾਲਿਆਂ ਨਾਲ ਇਨਸਾਫ਼ ਨਹੀਂ ਕਰਦੀਆਂ ਤੇ 12 ਜਾਂ 13 ਸਾਲ ਦੀਆਂ ਕੁੜੀਆਂ ਨੂੰ ਵੀ ਉਨ੍ਹਾਂ ਦੇ ਵਾਰਸਾਂ ਦੀ ਨਿਗਰਾਨੀ ਹੇਠ ਨਹੀਂ ਛੱਡਿਆ ਜਾਂਦਾ। ਕਮਿਸ਼ਨ ਨੇ ਇਕ ਘਟਨਾ ਦਾ ਜ਼ਿਕਰ ਕੀਤਾ ਜਿਸ ਵਿਚ ਇਕ 12 ਸਾਲ ਦੀ ਲੜਕੀ ਨੇ ਇਹ ਬਿਆਨ ਦਿੱਤਾ ਕਿ ਉਸ ਨੇ ਆਪਣੀ ਮਰਜ਼ੀ ਨਾਲ ਇਸਲਾਮ ਕਬੂਲ ਕਰ ਲਿਆ ਹੈ।

ਅਦਾਲਤ ਨੇ ਪਰਿਵਾਰ ਵਾਲਿਆਂ ਦੇ ਵਕੀਲ ਦੀ ਇਹ ਦਲੀਲ ਅਣਸੁਣੀ ਕਰ ਦਿੱਤੀ ਕਿ ਲੜਕੀ ਨਾਬਾਲਗ ਹੈ। ਕਮਿਸ਼ਨ ਨੇ ਕਿਹਾ ਕਿ ਅਜਿਹੇ ਮਾਮਲਿਆਂ ’ਚ ਅਦਾਲਤਾਂ ਨਿਰਪੱਖ ਰੂਪ ਵਿਚ ਵਿਚਾਰ ਨਹੀਂ ਕਰ ਸਕਦੀਆਂ ਕਿਉਂਕਿ ਮਜ਼ਹਬੀ ਨਾਅਰੇਬਾਜ਼ੀ ਕਰਨ ਵਾਲੇ ਕੱਟੜਪੰਥੀ ਦਾ ਡਰ ਰਹਿੰਦਾ ਹੈ।

## ਯਾਦਾਂ ਦਾ ਚੀਰ-ਹਰਣ

# ਫਗਵਾੜੇ ਤੋਂ ਨਿਊ ਯਾਰਕ ਵਾਇਆ 'ਪੰਜਾਬ ਟਾਈਮਜ਼'

**ਐਸ. ਅਸ਼ੋਕ ਭੌਰਾ**

ਅਸੀਂ ਇਹ ਗੱਲ ਆਮ ਸੁਣਦੇ ਹਾਂ ਕਿ 'ਇਹਦੀ ਜੀਭ ਨ੍ਹੀਂ ਕਾਬੂ 'ਚ ਰਹਿੰਦੀ।' ਅਸਲ 'ਚ ਇਹ ਕਿਸੇ ਤੋਂ ਵੀ ਕਾਬੂ 'ਚ ਨਹੀਂ ਰਹਿ ਸਕਦੀ, ਕਿਉਂਕਿ ਇਹ ਚੌਵੀ ਘੰਟੇ ਗਿੱਲੀ ਹੀ ਰਹਿੰਦੀ ਹੈ ਅਤੇ ਇਹਨੇ ਤਿਲਕਣਾ ਹੀ ਹੁੰਦਾ ਹੈ। ਕਈ ਲੋਕ ਬੁੱਕ ਸਟਾਲ ਅੱਗੇ ਕਿਤਾਬਾਂ ਦੇਖ-ਦੇਖ ਰੱਖੀ ਜਾਣਗੇ। ਇਨ੍ਹਾਂ ਭੋਲੇ ਲੋਕਾਂ ਨੂੰ ਇਹ ਪਤਾ ਹੀ ਨਹੀਂ ਹੁੰਦਾ ਕਿ ਕਿਤਾਬਾਂ ਦੇਖਣ ਲਈ ਨਹੀਂ, ਪੜ੍ਹਨ ਲਈ ਹੁੰਦੀਆਂ ਹਨ। ਇਵੇਂ ਘੁੰਮ ਕੇ ਜਦੋਂ ਅਸੀਂ ਜ਼ਿੰਦਗੀ ਦੇ ਪਿਛੋਕੜ ਵੱਲ ਮੁੜਦੇ ਹਾਂ ਤਾਂ ਕਈ ਯਾਦਾਂ ਅਜਿਹੀਆਂ ਹੁੰਦੀਆਂ ਨੇ ਕਿ ਤਹਾਨੂੰ ਸੰਗ ਅਤੇ ਸ਼ਰਮ 'ਕੱਠਿਆਂ ਘੇਰ ਕੇ ਕਹਿੰਦੀ ਹੈ, 'ਏਦਾਂ ਕਿਉਂ ਕੀਤਾ ਸੀ?' ਤੇ ਕੁਝ ਯਾਦਾਂ ਅਜਿਹੀਆਂ ਕਿ ਬੰਦਾ ਸੋਚਦਾ ਹੈ-ਕਾਸ਼! ਹੁਣ ਵੀ ਏਦਾਂ ਹੋ ਜਾਵੇ। ਕਰੀਬ ਢਾਈ ਦਹਾਕਿਆਂ ਤੋਂ ਅਮਰੀਕਾ ਤੱਕ ਮੇਰਾ ਪਿੱਛਾ ਕਰਦੇ ਇਕ ਪਾਠਕ ਨੇ ਕਿਹਾ ਕਿ ਤੁਹਾਡੇ ਕੋਲ ਸ਼ਬਦ ਬੜੇ ਨੇ। ਸਵੈ-ਜੀਵਨੀ ਲਿਖੋ, ਸੁਆਦ ਆ ਜੂ! ਮੈਂ ਕਿਹਾ, 'ਥੋੜ੍ਹਾ ਜਿਹਾ ਸਬਰ ਕਰੋ। ਖੁਸ਼ਵੰਤ ਸਿੰਘ ਵਾਂਗ ਪੂਰਾ ਝੱਗਾ ਚੱਕੂੰ। ਹਾਲੇ ਮੈਂ ਬੁੱਢਾ ਨ੍ਹੀਂ ਹੋਇਆ ਤੇ ਤੁਹਾਡੇ ਵਾਂਗ ਮੇਰੀ ਜ਼ਿੰਦਗੀ ਵੀ ਘਟਨਾਵਾਂ ਨਾਲ ਨੱਕੋ-ਨੱਕ ਭਰੀ ਪਈ ਹੈ। ਇਨ੍ਹਾਂ ਨੂੰ ਮੈਂ ਉਵੇਂ ਸੰਭਾਲ ਕੇ ਰੱਖਿਆ ਹੋਇਐ ਜਿਵੇਂ ਲੀਬੀਆ 'ਚ ਗੱਦਾਫ਼ੀ ਨੇ ਕੁਇੰਟਲਾਂ ਦੇ ਹਿਸਾਬ ਸੋਨਾ।'

ਜਦੋਂ ਮੈਂ ਅਮਰੀਕਾ ਆਇਆ ਤਾਂ ਇਕ ਸੱਜਣ ਨੂੰ ਸਹਿਜ-ਸੁਭਾਅ ਪੁੱਛਿਆ, 'ਯਾਰ ਇਥੇ ਮੇਰੀ ਇਕ ਪ੍ਰੇਮਿਕਾ ਹੈ, ਲੱਭਦੀ ਕਿਤੇ ਨ੍ਹੀਂ?' ਉਹ ਬੜਾ ਹੈਰਾਨ ਹੋ ਕੇ ਕਹਿਣ ਲੱਗਾ, 'ਮੁੰਡੇ ਵਿਆਹੁਣ ਵਾਲੇ ਨੇ, ਤੇਰੇ ਤੋਂ ਇਹ ਆਸ ਨਹੀਂ ਸੀ' ਤੇ ਤੋੜਾ ਝਾੜਦਿਆਂ ਮੈਂ ਉਤਰ ਦਿੱਤਾ, 'ਕਈ ਮਿੱਤਰ ਪ੍ਰੇਮਕਾਵਾਂ ਤੋਂ ਵੀ ਵੱਧ ਹੁੰਦੇ ਨੇ ਤੇ ਹਰਬੰਸ ਮੇਰੇ ਲਈ ਉਹੀ ਹੈ ਜੀਹਦਾ ਪੂਰਾ ਨਾਂ ਹਰਬੰਸ ਸਿੰਘ ਬੱਧਣ ਹੈ। ਅਮਰੀਕਾ ਆਉਣ ਤੋਂ ਕਰੀਬ ਚਾਰ ਸਾਲਾਂ ਪਿੱਛੋਂ ਸਾਡਾ ਮੇਲ-ਮਿਲਾਪ ਇਥੇ ਹੋਇਆ। ਉਂਜ ਵਿਛੜਿਆਂ ਨੂੰ ਉਨਤੀ ਸਾਲ ਹੋ ਗਏ ਨੇ। ਉਹ ਮੇਰਾ ਸਭ ਤੋਂ ਨੇੜਲਾ ਹਮਜਮਾਤੀ ਮਿੱਤਰ ਹੈ। ਅਸੀਂ ਇਕੱਠਿਆਂ ਨੇ ਮਕੈਨੀਕਲ ਇੰਜੀਨੀਅਰਿੰਗ ਕੀਤੀ ਸੀ।



*ਹਰਬੰਸ ਆਪਣੀ ਪਤਨੀ ਸਵਿਤਾ, ਧੀਆਂ ਅਨਾਮਿਕਾ ਤੇ ਬੰਦਨਾ ਅਤੇ ਪੁੱਤਰ ਨਵਦੀਪ ਨਾਲ ਨਿਊ ਯਾਰਕ ਵਿਚ ਆਪਣੇ ਘਰ*

ਗੱਲ ਦਰਅਸਲ ਏਦਾਂ ਹੈ ਕਿ 1979 ਵਿਚ ਜਦੋਂ ਮੈਂ ਫਗਵਾੜੇ ਦੇ ਰਾਮਗੜ੍ਹੀਆ ਪੌਲੀਟੈਕਨਿਕ ਕਾਲਜ 'ਚ ਦਾਖਲਾ ਲਿਆ ਤਾਂ ਮੇਰੀ ਰੁਚੀ ਇੰਜੀਨੀਅਰਿੰਗ ਨਾਲੋਂ ਵੀ ਵੱਧ ਅਖ਼ਬਾਰਾਂ 'ਚ ਸੀ। 1975 ਵਿਚ ਅੱਠਵੀਂ 'ਚ ਪੜ੍ਹਦਿਆਂ ਮੈਂ ਅਜੀਤ ਸਮੇਤ ਕਈ ਅਖ਼ਬਾਰਾਂ ਵਿਚ ਛਪਣ ਲੱਗ ਪਿਆ ਸਾਂ। ਕਾਲਜ 'ਚ ਆਉਂਦੇ ਸਾਰ ਹੀ ਮੇਰੀ ਚੰਗੀ ਪਛਾਣ ਬਣ ਗਈ ਸੀ। ਸਾਨੂੰ ਡਰਾਇੰਗ ਪੜ੍ਹਾਉਣ ਵਾਲਾ ਪ੍ਰੋ. ਅਜੀਤ ਸਿੰਘ ਚੱਗਰ ਉਨ੍ਹਾਂ ਦਿਨਾਂ 'ਚ ਅਜੀਤ ਹਿਰਖੀ ਦੇ ਨਾਂ ਹੇਠ ਵਧੀਆ ਗਜ਼ਲ ਲਿਖਦਾ ਸੀ। ਮੇਰਾ ਖੇਤਰ ਕਹਾਣੀ ਸੀ। ਪਹਿਲੇ ਵਰ੍ਹੇ ਮੈਂ ਕਾਲਜ ਦੇ ਮੈਗਜ਼ੀਨ "ਵਿਸ਼ਵਾਕੀਰਤੀ" ਵਿਚ ਪੰਜਾਬੀ ਸੈਕਸ਼ਨ ਦਾ ਵਿਦਿਆਰਥੀ ਸੰਪਾਦਕ ਬਣ ਗਿਆ। ਮੇਰੀ ਅਤੇ ਹਰਬੰਸ ਦੀ ਲਿਖਾਈ ਆਪਸ ਵਿਚ ਮਿਲਦੀ-ਜੁਲਦੀ ਸੀ। ਅਚਾਨਕ ਇਕ ਦਿਨ ਛੁੱਟੀ ਹੋਣ ਤੋਂ ਪਹਿਲਾਂ ਕਾਲਜ ਦੇ ਪ੍ਰਿੰਸੀਪਲ ਮਾਨ ਸਿੰਘ ਨੇ ਮੈਨੂੰ ਆਪਣੇ ਦਫ਼ਤਰ ਬੁਲਾਇਆ। ਉਹ ਮੇਰੇ ਪ੍ਰਤੀ ਗੁੱਸੇ 'ਚ ਅੱਗ-ਭਬੂਕਾ ਹੀ ਨਹੀਂ ਸਨ ਹੋਏ ਹੋਏ, ਸਗੋਂ ਮੱਚੇ ਪਏ ਸਨ। ਉਹ ਗੁੱਸੇ 'ਚ ਭੜਕੇ,

"ਤੂੰ ਸਮਝਦਾ ਕੀ ਐਂ ਆਪਣੇ-ਆਪ ਨੂੰ?"

"ਕੁਛ ਵੀ ਨਹੀਂ, ਸਰ ਹੋਇਆ ਕੀ ਐ?"

"ਤੇਰਾ ਕਾਲਜ 'ਚੋਂ ਬੋਰੀ-ਬਿਸਤਰਾ ਗੋਲ ਕਰ ਦਿਆਂਗੇ। ਸੁਣਿਆ ਸੀ ਕਿ ਤੂੰ ਚੰਗਾ ਲਿਖਦੈਂ। ਕਾਲਜ ਦਾ ਨਾਂ ਬਣਾਏਗਾ ਪਰ ਆਹ ਕੀ?"

ਤੇ ਉਹਨੇ ਪ੍ਰਿੰਟ ਹੋਏ ਕਾਗਜ਼ ਦਾ ਟੁਕੜਾ ਮੇਰੇ ਮੂੰਹ 'ਤੇ ਮਾਰਿਆ, "ਪੜ੍ਹ ਇਹਨੂੰ।"

ਮੈਂ ਕੰਬਦੇ ਹੱਥਾਂ ਨਾਲ ਪੜ੍ਹਿਆ ਤਾਂ ਕਾਲਜ ਮੈਗਜ਼ੀਨ ਲਈ ਮੇਰੇ ਨਾਂ ਹੇਠ ਉਨ੍ਹਾਂ ਦਿਨਾਂ ਵਿਚ ਬਹੁ-ਚਰਚਿਤ ਹੋਏ ਪੰਜਾਬੀ ਗੀਤ,

ਗੱਡੀ ਲੱਦ ਕਲਕੱਤੇ ਵੜਦਾ,
ਮੁੜ ਕੇ ਪਤਾ ਨਹੀਂ ਲੈਂਦਾ ਘਰ ਦਾ,
ਸਹੁਰਾ ਨਿੱਤ ਮੇਰੇ ਨਾਲ ਲੜਦਾ,
ਮੈਨੂੰ ਸੱਸ ਬੁਲਾਵੇ ਨਾ,
ਨਾਲ ਡਰਾਇਵਰ ਨੀ ਕੁੜੀਓ,
ਕੋਈ ਵਿਆਹ ਕਰਵਾਏ ਨਾ...।

ਦੀ ਤਰਜ਼ 'ਤੇ ਗੀਤ ਛਪਿਆ ਹੋਇਆ ਸੀ:

ਮੈਨੂੰ ਘੁੰਮ ਕੇ ਚੜ੍ਹੀ ਜਵਾਨੀ,
ਮੇਰੀ ਹੋ ਗਈ ਅੱਖ ਮਸਤਾਨੀ,
ਦੱਸਾਂ ਕੀਹਨੂੰ ਖੋਲ੍ਹ ਕਹਾਣੀ,
ਹੁਣ ਪ੍ਰਵਾਹ ਕੋਈ ਜੱਗ ਦੀ ਨਾ,
ਮੇਰੀ ਕਿਸੇ ਹਾਣ ਦੇ ਮੁੰਡੇ ਨਾਲ,
ਯਾਰੀ ਲੱਗਦੀ ਨਾ...।

ਪੜ੍ਹ ਕੇ ਮੈਂ ਪ੍ਰਿੰਸੀਪਲ ਅੱਗੇ ਤਰਲਾ ਕੀਤਾ, "ਸਰ! ਇਹ ਮੈਂ ਨਹੀਂ ਲਿਖਿਆ। ਮੇਰੇ ਨਾਂ 'ਤੇ ਕਿਸੇ ਨੇ ਸ਼ਰਾਰਤ ਕੀਤੀ ਐ।"

"ਬਕਵਾਸ ਨਾ ਕਰ, ਕਾਲਜ 'ਚੋਂ ਦਫਾ ਹੋ। ਚੰਨ ਗੁਰਾਇਆ ਵਾਲੇ ਦਾ ਚੇਲਾ ਬਣ ਜਾ, ਜਾ ਕੇ।"

ਉਨ੍ਹਾਂ ਦਿਨਾਂ 'ਚ ਚੰਨ ਦੇ ਗੀਤ 'ਮੇਰਾ ਕੱਟਾ ਹੈ ਬ੍ਰਹਮਚਾਰੀ...ਆਪਣੀ ਕੱਟੀ ਨੂੰ ਸਮਝਾ ਲੈ' ਅਤੇ 'ਮੇਰੀ ਪਾਟੀ ਹੋਈ ਟਿਊਬ ਨੂੰ ਪੈਂਚਰ ਲਾ ਬਾਬਾ' ਬੜੇ ਵੱਜਦੇ ਸਨ।

ਤੇ ਇਹਦਾ ਭੇਤ ਹਾਲੇ ਤੀਕਰ ਹਰਬੰਸ ਨੂੰ ਪਤੈ ਕਿ ਮੇਰੇ ਨਾਂ ਹੇਠ ਖ਼ਤ ਪ੍ਰੈਸ ਤੱਕ ਕਿਵੇਂ ਪੁੱਜਾ ਅਤੇ ਸਜ਼ਾ ਮੈਨੂੰ ਇਹ ਮਿਲੀ ਕਿ ਮੈਨੂੰ ਹੇਠਾਂ ਵੱਲ ਖਿੱਚ ਕੇ ਸਹਾਇਕ ਵਿਦਿਆਰਥੀ ਸੰਪਾਦਕ ਬਣਾ ਦਿੱਤਾ ਗਿਆ। ਤੇ ਉਸ ਤੋਂ ਬਾਅਦ ਹਰਬੰਸ ਮੇਰਾ ਆਲੋਚਕ ਰਿਹਾ, ਤੇ ਰਾਹ ਵੀ ਬਹੁਤ ਪੱਧਰੇ ਕਰਕੇ ਦਿੱਤੇ ਪਰ ਮਰਾਸੀਆਂ ਵਰਗੀ ਇਸ ਟਿੱਚਰ ਨਾਲ ਕੁਪੱਤ ਤਾਂ ਬਹੁਤ ਹੋਈ ਪਰ ਹੌਲੀ-ਹੌਲੀ ਮੈਂ ਗੀਤਕਾਰ ਜ਼ਰੂਰ ਬਣ ਗਿਆ। ਦਿਲਚਸਪ ਗੱਲ ਇਹ ਸੀ ਕਿ ਇੰਟਰਨੈਟ ਦੀ ਦੁਨੀਆਂ 'ਚ ਵੀ ਹਰਬੰਸ ਮੈਨੂੰ ਚਾਰ ਸਾਲ ਨਹੀਂ ਲੱਭਿਆ। ਹਾਲ ਹੀ 'ਚ ਛਪੇ ਮੇਰੇ ਹੀਰ-ਰਾਂਝੇ ਵਾਲੇ ਲੇਖ 'ਗੱਲ ਸ਼ਾਇਦ ਤੁਹਾਡੇ ਮਨ ਨੂੰ ਵੀ ਲੱਗੇ' ਨਾਲ ਉਹਨੂੰ ਪਤਾ ਲੱਗਾ ਕਿ ਮੈਂ ਇਥੇ ਰਹਿੰਦਾ ਹਾਂ। ਹਾਲਾਂਕਿ ਨਿਊ ਯਾਰਕ ਵਿਚ ਜਦੋਂ ਦੀ 'ਪੰਜਾਬ ਟਾਈਮਜ਼' ਪਹੁੰਚਣ ਲੱਗੀ ਸੀ, ਉਹ ਮੈਨੂੰ ਪੜ੍ਹਦਾ ਲਗਾਤਾਰ ਸੀ।

ਜਿਵੇਂ ਮੁਕਲਾਵੇ ਵਾਲੇ ਦਿਨ ਬੰਦੇ ਦੀ ਕਿਸੇ ਕੰਮ 'ਚ ਦਿਲਚਸਪੀ ਨਹੀਂ ਹੁੰਦੀ, ਇਵੇਂ ਮੈਂ ਸਭ ਕੁਝ ਛੱਡ ਕੇ ਉਹਨੂੰ ਨਿਊ ਯਾਰਕ ਮਿਲਣ ਲਈ ਜਹਾਜ਼ ਤੋਂ ਹੀ ਖੁੱਲ੍ਹੀਆਂ ਬਾਹਾਂ ਧਾਹ ਦੇਣੀ ਹਰਬੰਸ ਦੇ ਗਲ 'ਚ ਪਾਉਣ ਲਈ ਜਾ ਪੁੱਜਾ। ਹਰਬੰਸ ਉਹੀ ਸੀ, ਫ਼ਰਕ ਸਿਰਫ਼ ਏਨਾ ਸੀ ਕਿ ਉਹ ਕਾਲਿਆਂ ਤੋਂ ਚਿੱਟਿਆਂ ਵਾਲਾ ਹੋ ਗਿਆ ਸੀ। ਉਹਦਾ ਪਿੰਡ ਗੀਤਕਾਰ ਮੇਜਰ ਵਾਲਾ ਖਾਨਖਾਨਾ ਹੈ, ਤੇ ਉਹਦੀ ਪਤਨੀ ਸਵਿਤਾ ਫੋਟੋਗ੍ਰਾਫੀ ਨਾਲ ਜੁੜੇ ਉਸ ਵਿਰਾਸਤੀ ਪਰਿਵਾਰ ਵਿਚੋਂ ਹੈ ਜਿਹੜਾ ਉਸ ਬੰਗੇ ਸ਼ਹਿਰ 'ਚ ਰਹਿੰਦੈ, ਜਿੱਥੇ ਮੈਂ ਸਰਕਾਰੀ ਸਕੂਲ 'ਚ ਤੇਰਾਂ ਸਾਲ ਪੜ੍ਹਾ ਕੇ ਆਇਆ ਹਾਂ।

ਖ਼ੈਰ! ਮਰਾਸੀਆਂ ਵਰਗੀਆਂ ਹੋਰ ਘਟਨਾਵਾਂ ਜਿਹੜੀਆਂ ਹਰਬੰਸ ਨਾਲ ਜੁੜੀਆਂ ਹਨ, ਦਾ ਵਿਸਥਾਰ 'ਚ ਕਦੇ ਫਿਰ ਜ਼ਿਕਰ ਕਰਾਂਗੇ। ਜਦੋਂ ਲੀਡਰ ਘੁੱਟ-ਘੁੱਟ ਜੱਫੀਆਂ ਪਾਉਣ ਤਾਂ ਸਮਝੋ ਵੋਟਾਂ ਆ ਗਈਆਂ ਨੇ, ਤੇ ਜਦੋਂ ਵਿਛੜੇ ਦੋਸਤ ਮਿਲਣ ਤਾਂ ਸਮਝੋ ਮੰਗਣੀ, ਵਿਆਹ, ਮੁਕਲਾਵਾ 'ਕੱਠੇ ਆਏ ਹਨ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਿਹਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



Quik Signs
Signs * Graphics * Wraps



ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi



# ਪੰਜਾਬੀ ਸ਼ਾਇਰੀ ਦਾ ਸੰਤ:ਸੰਤ ਰਾਮ ਉਦਾਸੀ

*ਇਨਕਲਾਬੀ ਸ਼ਾਇਰ ਸੰਤ ਰਾਮ ਉਦਾਸੀ (ਜਨਮ 20 ਅਪਰੈਲ) ਦਾ ਰਚਨਾਕਾਲ ਭਾਵੇਂ 1960 ਦੇ ਨੇੜੇ-ਤੇੜੇ ਸ਼ੁਰੂ ਹੋ ਗਿਆ ਸੀ ਪਰ ਪ੍ਰਵਾਨ ਉਹ 1970ਵਿਆਂ ਵਿਚ ਉੱਠੀ ਨਕਸਲੀ ਲਹਿਰ ਦੌਰਾਨ ਹੀ ਚੜ੍ਹਿਆ। ਉਦਾਸੀ ਦੀਆਂ ਸ਼ੁਰੂਆਤੀ ਦੌਰ ਦੀਆਂ ਕਵਿਤਾਵਾਂ ਦਾ ਰੰਗ ਧਾਰਮਿਕ ਸੀ ਪਰ ਜਿਉਂ-ਜਿਉਂ ਉਹ ਸਮਾਜ ਨਾਲ ਮੋਕਲੇ ਰੂਪ ਵਿਚ ਦੋ-ਚਾਰ ਹੋਇਆ, ਉਸ ਦੀ ਕਵਿਤਾ ਦਾ ਰੰਗ ਵੀ ਫ਼ੈਲਰਨ ਅਤੇ ਗੂੜ੍ਹਾ ਹੋਣ ਲੱਗ ਪਿਆ। ਇਸ ਨੂੰ ਕੋਈ ਆਸਤਿਕਤਾ ਤੋਂ ਨਾਸਤਿਕਤਾ ਵੱਲ ਸਹਿਜ ਸਫ਼ਰ ਵੀ ਕਹਿ ਸਕਦਾ ਹੈ ਪਰ ਉਸ ਦੀ ਕਵਿਤਾ ਦੇ ਰੰਗ ਦੱਸਦੇ ਹਨ ਕਿ ਉਹ ਆਸਤਿਕਤਾ-ਨਾਸਤਿਕਤਾ ਦੇ ਵਾਦ-ਵਿਵਾਦ ਵਿਚ ਪਏ ਬਗ਼ੈਰ ਵੱਖਰਾ ਮੁਹਾਵਰਾ ਸਿਰਜ ਰਿਹਾ ਸੀ ਜਿਸ ਦੇ ਕੇਂਦਰ ਵਿਚ ਸਮੁੱਚੀ ਸੰਗਤ ਸੀ। ਉਸ ਨੇ ਸਿੱਖੀ ਦੇ 'ਸਰਬਤ ਦੇ ਭਲੇ' ਅਤੇ ਕਿਰਤੀ ਜੁਝਾਰੂਆਂ ਦੇ ਲੋਕ-ਮੁਖੀ ਪੈਂਤੜੇ 'ਤੇ ਖਲੋ ਕੇ ਸ਼ਾਇਰੀ ਕੀਤੀ। ਇਸ ਆਧਾਰ ਉੱਤੇ ਖੜ੍ਹ ਕੇ ਉਹ ਨਕਸਲੀ ਲਹਿਰ ਦੇ ਤਖ਼ਤ ਉਲਟਾਉਣ ਦੇ ਸਿਆਸੀ ਸੱਦੇ ਦੀ ਸੱਦ ਲਾਉਣ ਲੱਗ ਪਿਆ। ਉਦਾਸੀ ਨੂੰ ਇਸ ਲੜਾਈ ਦੇ ਨਾਲ ਨਾਲ ਸਮਾਜੀ ਲਾਹਣਤ ਜਾਤ-ਪਾਤ ਦੇ ਵਿਤਕਰੇ ਦਾ ਵੀ ਸ਼ਿਕਾਰ ਹੋਣਾ ਪਿਆ ਪਰ ਇਨ੍ਹਾਂ ਸਮਾਜਕ-ਆਰਥਿਕ ਪਾੜਿਆਂ ਨਾਲ ਘੁਲ਼ਦਿਆਂ ਉਦਾਸੀ ਨੇ ਆਪਣੀ ਗੱਲ ਜਿਸ ਢੰਗ ਨਾਲ ਜਮਾਤੀ ਨਜ਼ਰੀਏ ਤੋਂ ਲੋਕਾਂ ਅੱਗੇ ਰੱਖੀ, ਉਸ ਕਰਕੇ ਵੀ ਉਸ ਦੀ ਨਿਵੇਕਲੀ ਪਛਾਣ ਬਣਦੀ ਹੈ। ਕੁਝ ਲੋਕਾਂ ਨੇ ਭਾਵੇਂ ਉਸ ਨੂੰ ਦਲਿਤਾਂ ਦੇ ਕਵੀ ਤੱਕ ਘਟਾਉਣ ਦਾ ਯਤਨ ਕੀਤਾ ਪਰ ਉਸ ਦੀ ਕਵਿਤਾ ਵਿਚ ਪਈ ਜਮਾਤੀ ਪੈਂਤੜੇ ਦੀ ਧਾਰ ਅੱਗੇ ਇਹ ਨੁਕਤਾ ਟਿਕ ਨਹੀਂ ਸਕਿਆ। ਇਸ ਤੋਂ ਵੱਧ, ਦਸ ਸਿੱਖ ਗੁਰੂਆਂ ਦੀ ਪ੍ਰਸਾਰੀ-ਪ੍ਰਚਾਰੀ ਸਿੱਖੀ ਵਾਲਾ 'ਸਰਬੱਤ ਦੇ ਭਲੇ' ਵਾਲਾ ਸੰਕਲਪ ਬੱਝਵੇਂ ਰੂਪ ਵਿਚ ਉਸ ਦੀ ਕਵਿਤਾ ਦਾ ਧੁਰਾ ਬਣਿਆ ਹੈ। ਇਸੇ ਕਰਕੇ ਉਹ ਲੋਕਾਂ ਦੀ ਗੱਲ ਲੋਕਾਂ ਤੱਕ ਪਹੁੰਚਾਉਣ ਲਈ ਵਾਰ-ਵਾਰ ਇਨ੍ਹਾਂ ਸੱਚੇ ਪਾਤਸ਼ਾਹਾਂ ਅਤੇ ਇਨ੍ਹਾਂ ਦੀਆਂ ਸਿਖਿਆਵਾਂ ਨੂੰ ਸੰਬੋਧਨ ਹੁੰਦਾ ਹੈ। ਆਪਣੇ ਕਾਵਿ ਸੰਗ੍ਰਹਿਆਂ-ਲਹੂ ਭਿੱਜੇ ਬੋਲ, ਸੈਨਤਾਂ, ਚੌਨੁਕਰੀਆਂ ਸੀਖਾਂ ਅਤੇ ਕੰਮੀਆਂ ਦਾ ਵਿਹੜਾ, ਰਾਹੀਂ ਉਸ ਨੇ ਕਿਰਤੀ ਲੋਕਾਂ ਲਈ ਆਪਣਾ ਸੁਨੇਹਾ ਛੱਡਿਆ। ਉਸ ਨੇ ਜ਼ੁਲਮ ਅਤੇ ਜਬਰ ਖ਼ਿਲਾਫ਼ ਆਪਣੀ ਕਲਮ ਤਲਵਾਰ ਵਾਂਗ ਚਲਾਈ ਅਤੇ ਆਪਣੀ ਸੋਚ ਉੱਤੇ ਪਹਿਰਾ ਦਿੱਤਾ। ਉਦਾਸੀ ਦੀ ਇਹ ਆਵਾਜ਼ ਪੰਜਾਬ ਦੀ ਆਵਾਜ਼/ਲੋਕਾਂ ਦੀ ਆਵਾਜ਼ ਬਣੀ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸੰਤ ਰਾਮ ਉਦਾਸੀ ਦੇ 72ਵੇਂ ਜਨਮ ਦਿਨ 'ਤੇ ਉਨ੍ਹਾਂ ਦੀ ਬੇਟੀ ਇਕਬਾਲ ਕੌਰ ਉਦਾਸੀ ਦਾ ਇਹ ਵਿਸ਼ੇਸ਼ ਲੇਖ ਛਾਪ ਰਹੇ ਹਾਂ।-ਸੰਪਾਦਕ*



**ਇਕਬਾਲ ਕੌਰ ਉਦਾਸੀ**
ਫੋਨ:91-98157-23525

ਜਿਸ ਸਮੇਂ ਮੇਰੇ ਪਾਪਾ ਛੋਟੀ ਉਮਰੇ ਹੀ ਗੀਤ, ਕਵਿਤਾ ਲਿਖਦੇ ਅਤੇ ਗਾਉਂਦੇ ਸਨ, ਉਦੋਂ ਸ਼ਾਇਦ ਹੀ ਕਿਸੇ ਨੂੰ ਚਿੱਤ-ਚੇਤਾ ਵੀ ਹੋਵੇ ਕਿ ਇਸ ਕਲਮ ਨੇ ਉਸ ਪੱਧਰ ਦੀ ਵਿਚਾਰਧਾਰਾ ਤੱਕ ਦਾ ਸਫਰ ਤੈਅ ਕਰ ਲੈਣਾ ਹੈ ਜਿਸ ਨੇ ਸਮਾਜ, ਸਾਹਿਤ ਅਤੇ ਕ੍ਰਾਂਤੀਕਾਰੀ/ ਜੁਝਾਰੂ ਸਿਆਸਤ ਦੇ ਖੇਤਰ ਅੰਦਰ ਅਮਿੱਟ ਥਾਂ ਬਣਾ ਲੈਣੀ ਹੈ। ਪਰਿਵਾਰ ਦੇ ਮੁਖੀ ਭਾਵ ਮੇਰੇ ਦਾਦਾ ਜੀ ਦੀ ਮੌਤ ਤੋਂ ਬਾਅਦ, ਦਾਦੀ ਜੀ ਸਮੇਤ ਤਾਇਆ ਜੀ ਗੁਰਦਾਸ ਸਿੰਘ, ਪ੍ਰਕਾਸ਼ ਸਿੰਘ ਅਤੇ ਭੂਰਾ ਸਿੰਘ ਅਤੇ ਪਾਪਾ ਜੀ ਨਾਲ ਮੇਰੀਆਂ ਤਿੰਨ ਭੂਆ-ਸੱਤਿਆ, ਹਰਬੰਸ ਤੇ ਸੁਖਦੇਵ, ਅਤੇ ਚਾਚਾ ਗੁਰਦੇਵ ਸਿੰਘ ਕੋਇਲ (ਜਲੰਧਰ) ਬੜੀ ਸਖਤ ਮੁਸ਼ੱਕਤ ਤੋਂ ਬਾਅਦ ਪਰਿਵਾਰ ਨੂੰ ਕਬੀਲਦਾਰੀ ਦੇ ਜੰਜਾਲ ਵਿਚੋਂ ਕੱਢ ਲਿਆ। ਦਾਦਾ ਜੀ ਦੀ ਮੌਤ ਤੋਂ ਬਾਅਦ ਦਾਦੀ ਜੀ ਨਾਲ ਪਰਿਵਾਰ ਦੇ ਹੋਰ ਮੈਂਬਰਾਂ ਨੇ ਵੀ ਮਿਹਨਤ ਮਜ਼ਦੂਰੀ ਕਰਕੇ ਪਰਿਵਾਰ ਚਲਾਇਆ। ਦਾਦੀ ਜੀ ਨੇ ਆਪਣੇ ਬੱਚਿਆਂ ਨੂੰ ਮਾਣ-ਸਨਮਾਨ ਨਾਲ ਪਾਲ ਕੇ ਸਮਾਜ ਅੰਦਰ ਹੱਕ-ਸੱਚ ਦੀ ਕਿਰਤ ਕਰਨ ਦਾ ਗਿਆਨ ਦਿੱਤਾ। ਨਕਸਲਵਾੜੀ ਲਹਿਰ ਦੇ ਸਮੇਂ ਦੌਰਾਨ ਦਾਦੀ ਜੀ ਨੂੰ ਪਾਪਾ ਜੀ ਨਾਲ ਇਹੀ ਗਿਲਾ ਰਹਿੰਦਾ ਕਿ ਉਸ ਤੋਂ ਰੱਬ ਦੀ ਰਜ਼ਾ ਦੇ ਖਿਲਾਫ ਕੋਈ ਭੁੱਲ ਹੋ ਚੁੱਕੀ ਹੈ ਜਿਸ ਦਾ ਫਲ ਉਸ ਦੇ ਪੁੱਤਰ (ਪਾਪਾ ਜੀ) ਨੂੰ ਭੋਗਣਾ ਪਿਆ ਹੈ ਜਿਸ ਦੇ ਬਦਲ ਵਜੋਂ ਉਹ ਦਿਨ ਰਾਤ ਪੂਜਾ-ਪਾਠ ਵਿਚ ਲੀਨ ਰਹਿੰਦੀ ਅਤੇ ਹਰ ਸਮੇਂ ਪਾਪਾ ਜੀ ਦੀ ਤੰਦਰੁਸਤੀ/ ਚੜ੍ਹਦੀ ਕਲਾ ਦੀ ਸੁੱਖ ਮੰਗਦੀ।

ਵੱਡੀ ਭੂਆ ਸੱਤਿਆ ਨਾਲ ਬਚਪਨ ਵਿਚ ਪਾਪਾ ਜੀ ਦਾ ਬਹੁਤ ਪਿਆਰ ਸੀ। ਭੂਆ ਨੇ ਦੱਸਿਆ ਕਿ ਇਕ ਵਾਰ ਉਨ੍ਹਾਂ ਨੇ ਬੇਬੇ ਨੂੰ ਚਿੱਠੀ ਲਿਖੀ ਜਿਸ ਦੇ ਸ਼ਬਦ ਬਹੁਤ ਸੋਹਣੇ ਸਨ ਜੋ ਭੂਆ ਦੇ ਅੰਤ ਤੱਕ ਯਾਦ ਸਨ। ਉਨ੍ਹਾਂ ਲਿਖਿਆ ਸੀ, "ਮੇਰੀ ਬਹੁਤ ਹੀ ਪਿਆਰੀ-ਪਿਆਰੀ ਮਾਂ, ਤੇਰੇ ਪੈਰ ਛੂੰਹਦਾ ਹਾਂ।...ਮੈਂ ਤੇਰਾ ਅਹਿਸਾਨ ਕਦੇ ਨਹੀ ਭੁੱਲਾਂਗਾ, ਜੇ ਤੂੰ ਕਿਵੇਂ ਨਾ ਕਿਵੇਂ ਮੇਰੀ ਫੀਸ ਜੋਗੇ ਪੈਸੇ ਭੇਜ ਦੇਵੇਂ, ਕੋਰਸ ਪੂਰਾ ਹੋਣ 'ਤੇ ਮੈਂ ਕੰਮ ਕਰਕੇ ਵਾਪਸ ਕਰ ਦਿਆਂਗਾ।" ਇਹ ਸੁੰਦਰ ਸ਼ਬਦ ਮੇਰੀ ਭੂਆ ਦੇ ਅੱਜ ਵੀ ਜ਼ੁਬਾਨ 'ਤੇ ਹਨ ਅਤੇ ਉਹ ਯਾਦ ਕਰਕੇ ਅੱਜ ਵੀ ਰੋਣ ਲੱਗ ਪੈਂਦੀ ਹੈ। ਉਹ ਦੱਸਦੀ ਹੈ ਕਿ ਚਿੱਠੀ ਮਿਲਣ ਤੋਂ ਬਾਅਦ ਅਸੀਂ ਤਿੰਨੇ ਭੈਣਾਂ ਅਤੇ ਬੇਬੇ ਨੇ ਮਿਲ ਕੇ ਪਿੰਡ ਦਾ ਸਕੂਲ ਲਿੱਪਣ ਦਾ ਠੇਕਾ ਲੈ ਲਿਆ ਅਤੇ ਦਿਨ ਰਾਤ ਮਿਹਨਤ ਕਰਕੇ ਫੀਸ ਜੋਗੇ ਪੈਸੇ ਇਕੱਠੇ ਕੀਤੇ। ਪਿੰਡ ਦੇ ਸਕੂਲ ਦਾ ਅਧਿਆਪਕ ਜਿਸ ਤੋਂ ਬੇਬੇ ਨੇ ਚਿੱਠੀ ਪੜ੍ਹਾਈ ਸੀ, ਉਸ ਨੇ ਚਿੱਠੀ ਪੜ੍ਹ ਕੇ ਬੇਬੇ ਨੂੰ ਫੀਸ ਜੋਗੇ ਪੈਸਿਆਂ ਦਾ ਸਾਧਨ/ ਢੰਗ ਦੱਸ ਦਿੱਤਾ ਸੀ। ਇਹ ਸਭ ਕੁਝ ਦੱਸਣ ਦਾ ਮਕਸਦ ਇਕੋ ਹੀ ਹੈ ਕਿ ਸਮੇਂ ਦੀ ਹਕੂਮਤ ਦੇ ਖਿਲਾਫ ਲਿਖਦਿਆਂ ਜੋ ਉਨ੍ਹਾਂ ਦੀ ਕਲਮ ਕਿਤੇ ਝੁਕੀ ਨਹੀਂ; ਕੋਈ ਸਮਝੌਤਾ ਨਹੀ; ਸਥਾਪਤੀ ਲਈ ਕੋਈ ਜੁਗਾੜਬੰਦੀ ਨਹੀਂ; ਵੱਡੇ ਪੁਰਸਕਾਰ ਪ੍ਰਾਪਤ ਕਰਨ ਲਈ ਕੋਈ ਹੱਥਕੰਡਾ ਨਹੀਂ ਅਪਣਾਇਆ; ਤਾਂ ਇਸ ਦੇ ਪਿੱਛੇ ਇੱਕੋ ਹੀ ਸਮਝ ਕੰਮ ਕਰਦੀ ਸੀ ਕਿ ਉਨ੍ਹਾਂ ਜੋ ਵੀ ਲਿਖਿਆ, ਉਸ ਜਲਾਲਤ ਨੂੰ ਹੰਢਾਇਆ ਵੀ ਹੈ। ਉਨ੍ਹਾਂ ਦੀ ਕਵਿਤਾ ਦੀਆਂ ਦੋ ਲਾਇਨਾਂ ਅਕਸਰ ਹੀ ਜ਼ਿਹਨ ਵਿਚ ਘੁੰਮਦੀਆਂ ਹਨ:

ਮੇਰੇ ਕੋਲ ਤਾਂ ਫੇਰ ਵੀ ਗੀਤਾਂ ਦਾ ਸੇਕ ਹੈ,
ਆਓ ਇਲਾਜ ਸੋਚੀਏ ਲੋਕਾਂ ਦੀ ਠੰਢ ਦਾ।
ਚਾਨਣੀਆਂ ਰਾਤਾਂ ਦੀ ਚੁਗਲੀ,
ਜਦ ਕੋਈ ਚੁਗਲ ਕਰੇ,
ਮੈਂ ਢੱਕੀਆਂ ਦੀ ਓਟ 'ਚ ਬਹਿ ਕੇ
ਤੀਰ ਚਲਾਉਂਦਾ ਹਾਂ।
ਜਦ ਰੋਟੀ ਤੋਂ ਸੱਖਣੀ ਸੌਂਦੀ
ਮਮਤਾ ਪਿਆਰੋ ਦੀ,
ਉਸਦੀ ਨੀਂਦਰ ਤੇ ਸੂਰਜ ਦਾ
ਪਹਿਰਾ ਲਾਉਂਦਾ ਹਾਂ।

ਤਾਇਆ ਜੀ ਗੁਰਦਾਸ ਸਿੰਘ ਅਤੇ ਪ੍ਰਕਾਸ਼ ਸਿੰਘ, ਸੀ.ਪੀ.ਆਈ. ਦੇ ਖੇਤ ਮਜ਼ਦੂਰ ਵਰਕਰ ਸਨ ਅਤੇ ਨਾਮਧਾਰੀ ਲਹਿਰ ਨਾਲ ਵੀ ਜੁੜੇ ਹੋਏ ਸਨ। ਇਸ ਕਰਕੇ ਪਰਿਵਾਰ ਵਿਚੋਂ ਹੀ ਉਨ੍ਹਾਂ ਨੂੰ ਜਿਆਦਾ ਜੁਝਾਰੂ ਵਿਰਸੇ ਬਾਰੇ ਜਾਣਕਾਰੀ ਮਿਲੀ ਜੋ ਬਾਅਦ ਵਿਚ 70ਵੇਂ ਦਹਾਕੇ ਵਿਚ ਨਕਸਲਵਾੜੀ ਲਹਿਰ ਦਾ ਸਿਰਾ ਹੋ ਨਿਬੜੀ। ਭਰ ਜੁਆਨੀ ਵਿਚ ਕਵਿਤਾ ਦਾ ਜਜ਼ਬਾ ਇੰਨਾ ਸੀ ਕਿ ਉਹ ਹਰ ਗੱਲ ਕਵਿਤਾ ਵਿਚ ਤੁਰੰਤ ਕਹਿ ਦਿੰਦੇ। ਪਾਪਾ ਜੀ ਦੇ ਅਤਿ ਕਰੀਬੀ ਮਿੱਤਰ ਕਾਮਰੇਡ ਬੰਤ ਮਾਣੂੰਕੇ ਨੇ ਦੱਸਿਆ ਕਿ ਇਕ ਵਾਰ ਉਦਾਸੀ ਉਨ੍ਹਾਂ ਨੂੰ ਕਹਿੰਦਾ ਕਿ "ਮੈਂ ਵੀਹ ਹਜ਼ਾਰ ਦੇ ਇਕੱਠ ਵਿਚ ਬਿਨਾਂ ਮਾਇਕ ਤੋਂ ਗਾ ਸਕਦਾ ਹਾਂ।" ਤੇ ਇਹ ਗੱਲ ਅਮਲ ਵਿਚ ਬਹੁਤ ਵਾਰ ਵਾਪਰੀ ਵੀ ਹੈ। ਉਨ੍ਹਾਂ ਦੀ ਕਵਿਤਾ ਨੌਜਵਾਨਾਂ ਨੂੰ ਕ੍ਰਾਂਤੀ ਦੇ ਰਾਹ ਤੋਰਨ ਅਤੇ ਹਕੂਮਤ ਦੀਆਂ ਨਜ਼ਰਾਂ ਵਿਚ ਬਲਦੀ 'ਤੇ ਤੇਲ ਦਾ ਕੰਮ ਕਰਦੀ ਸੀ। ਉਨ੍ਹਾਂ ਦੀ ਪਹਿਲੀ ਗ੍ਰਿਫਤਾਰੀ ਦੀ ਤਾਂ ਮੈਨੂੰ ਯਾਦ ਨਹੀਂ ਹੈ ਪਰ ਪ੍ਰਕਾਸ਼ ਸਿੰਘ ਤਾਇਆ ਜੀ ਦੱਸਦੇ ਹਨ ਕਿ ਕਾਮਰੇਡ ਤੇਜਾ ਸਿੰਘ ਸੁਤੰਤਰ ਨੇ ਡੀ.ਐਸ.ਪੀ. ਸਿਕੰਦਰ ਸਿੰਘ ਨੂੰ ਕਿਹਾ ਕਿ ਇਹ ਬੰਦਾ (ਉਦਾਸੀ) ਮੇਰਾ ਹੈ। ਜੇ ਕੋਈ ਇਸ ਨੂੰ ਹਰਜ-ਮਰਜ ਹੋਗੀ ਤਾਂ ਇਸ ਦੇ ਨਤੀਜੇ ਭੁਗਤਣ ਲਈ ਤਿਆਰ ਰਹੀਂ। ਲੱਡਾ ਕੋਠੀ ਦੇ ਇੰਟੈਰੋਗੇਸ਼ਨ ਸੈਂਟਰ ਅੱਗੇ ਜਾ ਕੇ ਮੇਰੀ ਦਾਦੀ ਮਾਂ ਦੀ ਪੁਲਿਸ ਵਾਲਿਆਂ ਨੂੰ ਧਮਕੀ ਕਿ ਜੇ ਮੇਰਾ ਪੁੱਤਰ ਨਾ ਦਿਖਾਇਆ ਤਾਂ ਮੈਂ ਇਥੇ ਹੀ ਤੁਹਾਡੇ ਗੇਟ ਨਾਲ ਟੱਕਰਾਂ ਮਾਰ-ਮਾਰ ਕੇ ਮਰ ਜਾਵਾਂਗੀ; ਨਤੀਜੇ ਵਜੋਂ ਇੰਟੈਰੋਗੇਸ਼ਨ ਸੈਂਟਰ ਤੋਂ ਲਿਆ ਕੇ ਉਨ੍ਹਾਂ ਨੂੰ ਬੇਬੇ ਅਤੇ ਤਾਇਆ ਜੀ ਨੂੰ ਮਿਲਣ ਦਿੱਤਾ ਗਿਆ। ਤਸ਼ੱਦਦ ਕਾਰਨ ਉਨ੍ਹਾਂ ਦੀ ਹਾਲਤ ਬਹੁਤ ਮਾੜੀ ਸੀ। ਉਨ੍ਹਾਂ ਨੂੰ ਪੁੱਠਾ ਟੰਗਿਆ ਗਿਆ। ਅੰਮ੍ਰਿਤਸਰ ਦੇ ਇੰਟੈਰੋਗੇਸ਼ਨ ਸੈਂਟਰ ਵਿਚ ਲਿਜਾ ਕੇ ਉਨ੍ਹਾਂ 'ਤੇ ਲਗਾਤਾਰ ਤਸ਼ੱਦਦ ਢਾਹਿਆ ਜਾਣ ਲੱਗਾ। ਇਸ ਸਾਰੇ ਵਰਤਾਰੇ ਦਾ ਪਰਿਵਾਰ 'ਤੇ ਅਸਰ ਪੈਣਾ ਕੁਦਰਤੀ ਸੀ। ਪਿੰਡ ਵਿਚ ਮੋਟਰਸਾਈਕਲ ਦੀ ਆਵਾਜ ਆਉਂਦੀ ਤਾਂ ਯਕੀਨਨ ਪੁਲਿਸ ਹੀ ਹੁੰਦੀ ਸੀ। ਮੇਰੀ ਮਾਂ ਨੇ ਤਖਤਿਆਂ ਵਿਚਲੀਆ ਝੀਥਾਂ/ਵਿਰਲਾਂ ਨੂੰ ਮਿੱਟੀ, ਗੋਹਾ ਅਤੇ ਕੱਪੜੇ ਫਸਾ ਕੇ ਬੰਦ ਕੀਤਾ ਹੋਇਆ ਸੀ ਤਾਂ ਜੋ ਅੰਦਰ ਦਾ ਚਾਨਣ ਬਾਹਰ ਨਾ ਜਾ ਸਕੇ। ਸਾਨੂੰ ਪੜ੍ਹਦਿਆਂ ਨੂੰ ਲੈਂਪ ਬੁਝਾ ਕੇ ਸੌਂ ਜਾਣ ਲਈ ਕਹਿ ਦਿੰਦੀ, ਕਿਉਂਕਿ ਬਾਹਰ ਚਾਨਣ ਜਾਂਦਾ ਦੇਖ ਕੇ ਅਕਸਰ ਥਾਣੇਦਾਰ ਸਾਡਾ ਕੁੰਡਾ ਖੜਕਾ ਦਿੰਦਾ ਅਤੇ ਆ ਕੇ ਬੋਲਦਾ, "ਕਿੱਥੇ ਹੈ ਛੋਕਰੀ ਦਾ ਯਾਰ"। ਪੁਲਿਸ ਆ ਕੇ ਘਰ ਦੀਆਂ ਪੇਟੀਆਂ, ਪੜਛੱਤੀਆਂ ਤੱਕ ਫਰੋਲ ਸੁੱਟਦੀ। ਹੁਣ ਅਸੀਂ ਵੀ ਲਗਾਤਾਰ ਇਸ ਵਰਤਾਰੇ ਦੇ ਆਦੀ ਹੋ ਚੁੱਕੇ ਸੀ। ਪੁਲਿਸ ਦੇ ਆਉਣ 'ਤੇ ਡਰਦੇ ਨਹੀਂ ਸੀ ਸਗੋਂ ਅੱਗਿਓਂ ਜਵਾਬ ਸੁਣਾਉਂਦੇ ਸੀ।

ਇਕ ਵਾਰ ਸਾਨੂੰ ਪਿੰਡ ਵਿਚੋਂ ਕਿਸੇ ਨੇ ਵੀ ਪੱਠੇ ਮੁੱਲ ਨਾ ਦਿੱਤੇ ਕਿਉਂਕਿ ਉਨ੍ਹਾਂ ਨੂੰ ਪੁਲਿਸ ਤੰਗ ਕਰਦੀ ਸੀ। ਮੈਂ ਅਤੇ ਵੀਰ ਬੱਲੀ ਮੱਝਾਂ ਨੂੰ ਪਿੰਡ ਦੀ ਨਿਆਈਂ ਵਿਚ ਚਾਰਨ ਲਈ ਲੈ ਜਾਂਦੇ; ਨਾਲੇ ਕਿਤਾਬਾਂ ਕਾਪੀਆਂ ਨਾਲ ਲੈ ਕੇ ਸਕੂਲ ਦਾ ਕੰਮ ਕਰ ਲੈਂਦੇ। ਇਸੇ ਰਸਤੇ ਹੀ ਸ਼ਹਿਣੇ ਤੋਂ ਪੁਲਿਸ ਆਉਂਦੀ ਸੀ। ਪੁਲਿਸ ਨੂੰ ਸਾਡੇ ਬਾਰੇ ਪਤਾ ਲੱਗ ਗਿਆ। ਉਹ ਸਾਥੋਂ ਪੁੱਛਦੇ ਹਨ, "ਓਏ ਤੁਸੀਂ ਕੀਹਦੇ ਜੁਆਕ ਹੋ?" ਵੀਰ ਨੇ ਜੁਵਾਬ ਦਿੱਤਾ, "ਸੰਤ ਰਾਮ ਉਦਾਸੀ ਦੇ।" "ਥੋਡਾ ਭਾਪਾ ਘਰੇ ਕਦੋਂ ਆਉਂਦਾ ਏ। ਉਹਦੇ ਨਾਲ ਹੋਰ ਕਿਹੜੇ-ਕਿਹੜੇ ਬੰਦੇ ਆਉਂਦੇ ਨੇ।" ਸਾਨੂੰ ਸਿਖਾਇਆ ਗਿਆ ਜਵਾਬ "ਸਾਨੂੰ ਤਾਂ ਪਤਾ ਨਹੀਂ" ਅਸੀਂ ਤੁਰੰਤ ਬੋਲ ਦਿੱਤਾ। ਅੱਜ ਵੀ ਮੈਨੂੰ ਉਸ ਖਾਕੀ ਵਰਦੀ ਵਾਲੇ ਦਾ ਚਿਹਰਾ ਯਾਦ ਹੈ ਜਿਹਨੇ ਮੋੜਵੇਂ ਰੂਪ ਵਿਚ ਆਪਣੇ ਨਾਲ ਵਾਲੇ (ਸਾਥੀ) ਨੂੰ ਕਿਹਾ ਸੀ, "ਜੁਆਕ ਵੀ ਉਹਦੇ ਵਾਂਗ ਪੂਰੇ ਹਰਾਮੀ ਨੇ।"



ਉਲਟੇ-ਸਿੱਧੇ ਬਹਾਨੇ ਬਣਾ ਕੇ ਪਾਪਾ ਜੀ ਨੂੰ ਕਿਸੇ ਨਾ ਕਿਸੇ ਝੂਠੇ ਕੇਸ ਵਿਚ ਉਲਝਾ ਲਿਆ ਜਾਂਦਾ। ਕਦੇ ਮੁਅੱਤਲੀ, ਕਦੇ ਬਾਰਡਰ ਏਰੀਏ ਵਿਚ ਬਦਲੀ ਕਰ ਦਿੱਤੀ ਜਾਂਦੀ। ਇਕ ਵਾਰ ਉਨ੍ਹਾਂ ਨੂੰ ਇਹ ਪੇਸ਼ਕਸ਼ ਆਈ ਕਿ ਜੇ ਉਸ ਨੂੰ ਲਿਖਣ ਅਤੇ ਗਾਉਣ ਤਾ ਸ਼ੌਕ ਹੈ ਤਾਂ ਉਹ ਸਰਕਾਰ ਵਿਰੁੱਧ ਲਿਖਣਾ ਛੱਡ ਦੇਵੇ; ਬਦਲ ਵਿਚ ਉਸ ਨੂੰ ਇਕ ਗਾਉਣ ਵਾਲੀ ਦੇ ਨਾਲ-ਨਾਲ ਲੁਧਿਆਣੇ ਵਿਚ ਕੋਠੀ ਵੀ ਦੇ ਦਿੱਤੀ ਜਾਵੇਗੀ ਪਰ ਹਕੂਮਤ ਸ਼ਾਇਦ ਇਹ ਨਹੀ ਸੀ ਜਾਣਦੀ ਕਿ ਉਦਾਸੀ ਕਿਸ ਮਿੱਟੀ ਅਤੇ ਕਿਸ ਮਾਂ ਦਾ ਜਨਮਿਆ ਹੈ। ਐਮਰਜੈਂਸੀ ਤੋਂ ਪਹਿਲਾਂ ਪਰਿਵਾਰ ਦੀ ਹਾਲਤ ਇੰਨੀ ਬਦਤਰ ਹੋ ਗਈ ਕਿ ਵਾਰ-ਵਾਰ ਕੇਸ ਪੈਣ ਨਾਲ ਕੋਈ ਉਨ੍ਹਾਂ ਦੀ ਜ਼ਮਾਨਤ ਕਰਵਾਉਣ ਲਈ ਤਿਆਰ ਨਹੀਂ ਸੀ ਹੋ ਰਿਹਾ। ਐਡਵੋਕੇਟ ਕਾਮਰੇਡ ਕਿਰਨਜੀਤ ਸਿੰਘ ਸੇਖੋਂ (ਸੰਗਰੂਰ) ਦੇ ਪਿਤਾ ਕਾਮਰੇਡ ਗੰਡਾ ਸਿੰਘ (ਐਮ.ਸੀ.ਪੀ.ਆਈ.) ਨੇ ਜ਼ਮਾਨਤ ਲਈ। ਮੇਰੀ ਮਾਂ ਨੂੰ ਸੰਗਰੂਰ ਦਾ ਕੋਈ ਰਾਹ ਪਤਾ ਨਾਂ ਹੋਣ ਕਾਰਨ ਪਿੰਡੋਂ ਤਾਏ ਸੁਦਾਗਰ ਸਿੰਘ ਅਤੇ ਬਹਾਦਰ ਸਿੰਘ (ਜਿਸ ਦੀ ਭੈਣ ਸੰਗਰੂਰ ਵਿਆਹੀ ਸੀ) ਤਾਈ ਹੋਰਾਂ ਨੂੰ ਨਾਲ ਲੈ ਕੇ ਸੰਗਰੂਰ ਕਾਮਰੇਡ ਗੰਡਾ ਸਿੰਘ ਨੂੰ ਲੱਭ ਕੇ ਜ਼ਮਾਨਤ ਕਰਵਾਈ। ਇਕ ਹੋਰ ਕੇਸ ਵਿਚ ਪਿੰਡ ਦੇ ਬਾਣੀਏ ਤਾਇਆ ਬੁੱਧ ਰਾਮ ਨੇ ਉਨ੍ਹਾਂ ਦੀ ਜ਼ਮਾਨਤ ਕਰਵਾਈ। ਫਿਰ ਹੋਰ ਕੇਸ 'ਤੇ ਜਦੋਂ ਮੇਰੀ ਮਾਂ ਫਿਰ ਤਾਏ ਬੁੱਧ ਰਾਮ ਕੋਲ ਜ਼ਮਾਨਤ ਕਰਵਾਉਣ ਲਈ ਕਹਿਣ ਗਈ ਤਾਂ ਉਨ੍ਹਾਂ ਕਿਹਾ, "ਭਾਈ ਇਹ ਵਾਰ-ਵਾਰ ਪੁੱਠੇ ਕੰਮ ਕਰਦਾ ਹੈ। ਚੁੱਪ ਕਰਕੇ ਮੁਆਫੀ ਮੰਗ ਲਵੇ ਅਤੇ ਜੁਆਕ ਪਾਲੇ।" ਕੋਈ ਹੀਲਾ ਨਾ ਹੁੰਦਾ ਦੇਖ ਕੇ ਸਾਡੇ ਸ਼ਰੀਕੇ ਵਿਚੋਂ ਨੇੜਲੇ ਬਾਬਾ ਕਾਹਨ ਸਿੰਘ ਨੇ ਆਪਣੀਆਂ ਭੇਡਾਂ ਵੇਚ ਕੇ ਉਨ੍ਹਾਂ ਦੀ ਜ਼ਮਾਨਤ ਕਰਵਾਈ। ਪੇਸ਼ੀ 'ਤੇ ਗਈ ਮੇਰੀ ਮਾਂ ਅਤੇ ਬਾਬੇ ਕਾਹਨ ਨੂੰ ਭੇਡਾਂ ਵੇਚ ਕੇ ਜ਼ਮਾਨਤ ਕਰਵਾਉਣ ਵਾਲਾ ਫਾਰਮੂਲਾ ਪਾਪਾ ਜੀ ਨੇ ਸਮਝਾ ਦਿੱਤਾ ਸੀ। ਮੈਨੂੰ ਅੱਜ ਵੀ ਉਹ ਸ਼ਬਦ ਯਾਦ ਹਨ, "ਆਪਣੇ ਘਰ ਦੋ ਗਾਡਰਾਂ ਪਈਆਂ ਨੇ। ਇਕ ਮੱਝ ਵੇਚ ਦਿਉ। ਚਾਚਾ (ਕਾਹਨ ਸਿੰਘ) ਤੂੰ ਕੁੱਝ ਭੇਡਾਂ ਵੇਚ ਦੇ। ਬਾਹਰ ਆ ਕੇ ਮੈਂ ਸਾਰਾ ਹਿਸਾਬ ਕਰ ਦਿਊਂਗਾ। ਬੱਚਿਆਂ ਦੇ ਸਿਰ 'ਤੇ ਹੱਥ ਰੱਖਿਉ। ਡੋਲਣ ਨਹੀਂ ਦੇਣਾ। ਚਾਚੀ ਨੂੰ ਕਹਿਣਾ, ਉਹ ਰਾਤ ਨੂੰ ਨਸੀਬ ਕੌਰ ਕੋਲੇ ਮੰਜਾ ਡਾਹ ਲਿਆ ਕਰੇ। ਹੌਂਸਲੇ ਵਿਚ ਰਹਿਣਾ। ਮੇਰੀ ਰਿਹਾਈ ਜਲਦੀ ਹੀ ਹੋ ਜਾਵੇਗੀ।"

ਜੇਲ੍ਹ ਵਿਚੋਂ ਉਹ ਸਾਨੂੰ ਚਿੱਠੀਆਂ ਲਿਖਦੇ। ਇੰਨੀ ਪਿਆਰੀ ਅਤੇ ਸੁੰਦਰ ਸ਼ਬਦਾਵਲੀ ਹਮੇਸ਼ਾ ਹੀ ਮੇਰੇ ਦਿਮਾਗ ਵਿਚ ਘੁੰਮਦੀ ਰਹਿੰਦੀ ਹੈ ਪਰ ਅਫਸੋਸ ਕਿ ਉਹ ਚਿੱਠੀਆਂ ਪੁਲਿਸ ਤੋਂ ਡਰਦਿਆਂ ਪਹਿਲਾਂ ਲੁਕੋ-ਲੁਕੋ ਰੱਖਦੇ ਅਤੇ ਫਿਰ ਪਾੜ ਦਿੱਤੀਆਂ ਜਾਂਦੀਆਂ ਤਾਂ ਜੋ ਕੋਈ ਵੀ ਗੱਲ ਪੁਲਿਸ ਹੱਥ ਨਾ ਲੱਗ ਜਾਵੇ। ਸਾਨੂੰ ਨਹੀਂ ਸੀ ਪਤਾ ਕਿ ਚਿੱਠੀਆਂ ਕਿੰਨੇ ਅਹਿਮ ਦਸਤਾਵੇਜ਼ ਸਨ। ਮੇਰੀ ਮਾਂ ਚਿੱਠੀ ਪੜ੍ਹਾਉਣ ਤੋਂ ਬਾਅਦ ਗੁੱਛਾ-ਮੁੱਛਾ ਕਰਕੇ ਲੁਕੋ ਦਿੰਦੀ ਕਿ ਕਿਤੇ ਕਿਸੇ ਕਾਮਰੇਡ ਦਾ ਨਾਂ ਨਾ ਲੀਕ ਹੋ ਜਾਵੇ। ਵਿਦੇਸ਼ਾਂ ਵਿਚੋਂ ਅੰਕਲ ਸੁਰਿੰਦਰ ਧੰਜਲ, ਰਾਜ ਚੌਹਾਨ, ਹਰਿੰਦਰ ਮਾਹਲ ਹੋਰਾਂ ਦੀਆਂ ਚਿੱਠੀਆਂ ਆਉਂਦੀਆਂ ਅਤੇ ਪਾਪਾ ਜੀ ਵੀ ਉਨ੍ਹਾਂ ਨੂੰ ਬਹੁਤ ਲੰਮੀਆਂ-ਲੰਮੀਆਂ ਚਿੱਠੀਆਂ ਲਿਖਦੇ। ਕਲੱਕਤੇ ਤੋਂ ਹਰਦੇਵ ਗਰੇਵਾਲ ਦੀ ਚਿੱਠੀ ਆਈ। 1984 ਦੇ ਘਟਨਾਕ੍ਰਮ ਤੋਂ ਬਾਅਦ ਉਹ ਲਿਖਦੇ ਹਨ, "ਯਾਰ ਉਦਾਸੀ, ਤੈਨੂੰ ਕੀ ਕਹਾਂ। ਕਿਸੇ ਮਰੇ-ਜਿਉਂਦੇ ਦੀ ਸੁੱਖ-ਸਾਂਦ ਤਾਂ ਪੁੱਛ ਲਿਆ ਕਰ। ਬੱਸ ਮਸਾਂ ਹੀ ਬਚੇ ਹਾਂ। ਬੱਸ, ਤੇਰੇ ਵਰਗੇ ਸੰਤ ਅਤੇ ਰਾਮ ਨੇ ਬਚਾ ਲਿਆ। ਕਲਕੱਤੇ ਜਲਦੀ ਚੱਕਰ ਮਾਰ। ਤੇਰੀ ਭਤੀਜੀ ਅਤੇ ਭਾਬੀ ਬਹੁਤ ਯਾਦ ਕਰਦੀਆਂ ਨੇ। ਅਸੀਂ ਸਮਾਗਮ ਕਰਵਾਵਾਂਗੇ। ਤੂੰ ਜ਼ਰੂਰ ਆਵੀਂ, ਬਹਾਨਾ ਨਹੀ ਚੱਲੇਗਾ। ਬੱਚਿਆ ਨੂੰ ਪਿਆਰ ਦੇਈਂ ਅਤੇ ਭਾਬੀ ਜੀ ਨੂੰ ਸਤਿ ਸ੍ਰੀ ਅਕਾਲ ਕਹੀਂ।"

ਪਰਿਵਾਰਾਂ ਨਾਲ ਕਿੰਨੀ ਸਾਂਝ ਅਤੇ ਅਣਪੱਤ। ਘਰ ਆਏ ਆਪਣੇ ਸਾਥੀ ਕਾਮਰੇਡਾਂ ਨਾਲ ਕਵਿਤਾ ਦੇ ਨਾਲ-ਨਾਲ ਚੁਟਕਲੇ। ਸਿਆਸੀ ਵਿਅੰਗ। ਖੁੱਲ੍ਹ ਕੇ ਹਾਸਾ-ਮਜ਼ਾਕ ਚੱਲਦਾ। ਮੇਰਾ ਨਾਨਕਾ ਪਿੰਡ ਫਰੀਦਕੋਟ ਜ਼ਿਲ੍ਹੇ ਵਿਚ ਹੋਣ ਕਾਰਨ ਉਹ ਇਸ ਜ਼ਿਲ੍ਹੇ ਦੇ ਸਾਰੇ ਕਾਮਰੇਡਾਂ ਨੂੰ ਅਕਸਰ ਹੀ 'ਸਾਲਾ' ਕਹਿ ਦਿੰਦੇ ਸੀ। ਆਪਣੇ ਅਜ਼ੀਜ਼ ਮਿੱਤਰ, ਅੰਕਲ ਗੁਰਚਰਨ ਢਿੱਲੋਂ (ਬੈਂਕ ਮੈਨੇਜਰ) ਅਤੇ ਪਿੰਡ ਨਿਆਮੀ ਵਾਲਾ ਪਰਿਵਾਰ ਨੂੰ ਉਹ ਸਾਥੋਂ ਚਾਚਾ ਹੀ ਕਹਾਉਂਦੇ ਸੀ। ਚਾਚਾ ਮੇਜਰ ਸਿੰਘ ਬਰਾੜ (ਨਿਆਮੀ ਵਾਲਾ) ਅਤੇ ਗੁਰਮੇਲ ਚਾਚਾ ਪਿੰਡ ਰਾਏਸਰ ਤੋਂ ਸਵੇਰੇ ਤੁਰਨ ਲੱਗੇ ਤਾਂ ਅਸੀਂ ਪੁੱਛਿਆ, "ਪਾਪਾ ਜੀ, ਕਿੱਥੇ ਚੱਲੇ ਹੋ?" ਜੁਵਾਬ ਸੀ, "ਥੋਡੀ ਗੁੱਡੀ ਭੂਆ ਵਾਸਤੇ ਮੁੰਡਾ ਦੇਖਣ।" ਮੇਜਰ ਚਾਚੇ ਦੇ ਘਰ ਆਉਣ 'ਤੇ ਉਹ ਕਹਿੰਦੇ, "ਮੇਜਰਾ, ਜਾ ਕੇ ਆਪਣੀ ਭਾਬੀ ਨਾਲ ਬਰਨਾਲੇ ਤੋਂ ਰਾਸ਼ਨ ਲੈ ਆਇਉ। ਨਾਲ ਵੱਡੀ ਕੁੜੀ ਨੂੰ ਵੀ ਲੈ ਜਾਣਾ। ਇਹਨੇ ਕਿਤਾਬਾਂ ਲੈਣੀਆਂ ਨੇ।" ਸੱਚਮੁੱਚ ਮੈਂ, ਮੇਰੀ ਮਾਂ ਅਤੇ ਮੇਜਰ ਚਾਚਾ ਸ਼ਾਮ ਨੂੰ ਬਰਨਾਲੇ ਤੋਂ ਸਾਮਾਨ ਲੈ ਕੇ ਘਰ ਵਾਪਸ ਮੁੜੇ। ਪਿੰਡ ਵਿਚਲੇ ਉਨ੍ਹਾਂ ਦੇ ਸਾਥੀ ਚਾਚਾ ਹਰਜੀਤ, ਗੁਰਜੀਤ, ਤਾਇਆ ਹਮੀਰ ਸਿੰਘ, ਕਰਨੈਲ ਕੈਲਾ, ਜਗਦੀਸ਼ ਸਰਪੰਚ (ਮਾਂਧਾ) ਅਤਿ ਨੇੜਲੇ ਸਨ। ਉਹ ਹਰਜੀਤ ਚਾਚੇ ਨੂੰ ਕਹਿੰਦੇ, "ਹਰਜੀਤ ਅੱਜ ਛੁੱਟੀ ਹੈ, ਆਪਾਂ ਖੇਤ ਚੱਲਦੇ ਹਾਂ। ਨਾਲੇ ਮੈਂ ਕਵਿਤਾ ਪੂਰੀ ਕਰ ਲਵਾਂਗਾ।" ਇਲਾਕੇ ਦਾ ਸ਼ਾਇਦ ਹੀ ਕੋਈ ਪਿੰਡ ਹੋਵੇ ਜਿਥੇ ਉਨ੍ਹਾਂ ਦੀ ਜਾਣ-ਪਛਾਣ ਨਾ ਹੋਵੇ।

ਭੋਤਨਾ ਪਿੰਡ ਦੇ ਨਜ਼ਦੀਕੀ ਪਰਿਵਾਰ ਹਰਭਜਨ ਸਿੰਘ ਸਰਪੰਚ ਭੋਤਨਾ ਦਾ ਕਹਿਣਾ ਹੈ ਕਿ ਜਦੋਂ ਉਦਾਸੀ ਨੇ ਗੀਤ ਲਿਖਿਆ ਸੀ, "ਗਲ ਲੱਗ ਕੇ ਸੀਰੀ ਦੇ ਜੱਟ ਰੋਵੇ, ਬੋਹਲਾਂ ਵਿਚੋਂ ਨੀਰ ਵੱਗਿਆ। ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ, ਤੂੜੀ ਵਿਚੋਂ ਪੁੱਤ ਜੱਗਿਆ" ਤਾਂ ਉਸ ਸਮੇਂ ਉਹ ਪਿੰਡ ਦੇ ਇਸ ਜਗਦੀਸ਼ ਸਰਪੰਚ (ਸੀ.ਪੀ.ਐਮ.) ਦੇ ਖੇਤ ਵਿਚ ਬੈਠੇ ਸਨ ਅਤੇ ਜੱਗਾ ਉਨ੍ਹਾਂ ਦੇ ਵੱਡੇ ਪੁੱਤਰ ਦਾ ਨਾਮ ਹੈ। ਭੋਤਨਾ ਅਤੇ ਰਾਏਸਰ ਦੇ ਖੇਤ ਸਾਂਝੇ ਸਨ ਜਿਸ ਕਾਰਨ ਅਕਸਰ ਹੀ ਖੇਤ ਵਿਚ ਇਕੱਠੇ ਹੋਣ ਦਾ ਮੌਕਾ ਉਨ੍ਹਾਂ ਨੂੰ ਮਿਲ ਜਾਂਦਾ।

ਇਕ ਵਾਰ ਉਨ੍ਹਾਂ ਫੈਸਲਾ ਸੁਣਾ ਦਿੱਤਾ ਕਿ "ਮੈਂ ਹੁਣ ਮੋਟਰ ਸਾਈਕਲ (ਰਾਜਦੂਤ) ਨਹੀਂ ਚਲਾਉਣਾ। ਸਿਰਫ ਸਾਈਕਲ ਹੀ ਚਲਾਉਣਾ ਹੈ।" ਤਰਕ ਇਹ ਦਿੱਤਾ ਕਿ ਮੋਟਰ ਸਾਈਕਲ 'ਤੇ ਜਾਂਦਿਆਂ ਉਹ ਕਵਿਤਾ ਨਹੀਂ ਲਿਖ ਸਕਦੇ। ਸਾਈਕਲ 'ਤੇ ਜਦੋਂ ਉਹ ਲੋਕਾਂ ਨੂੰ ਖੇਤਾਂ, ਰਸਤਿਆਂ ਵਿਚ ਮਿਹਨਤ ਕਰਦੇ ਦੇਖਦੇ ਤਾਂ ਜੋ ਵੀ

(ਬਾਕੀ ਅਗਲੇ ਸਫੇ 'ਤੇ)

### ਮੈਂ ਹਾਂ ਪੰਜਾਬ ਬੋਲਦਾ

*ਮੈਂ ਹਾਂ ਪੰਜਾਬ ਬੋਲਦਾ, ਸੁੱਚੀਆਂ ਦਾੜ੍ਹੀਆਂ ਦੇ ਨਾਂ 'ਤੇ*
*ਪੀਡੀਆਂ ਗੁੱਤਾਂ ਦੇ ਨਾਂ, ਮੈਂ ਹਾਂ ਪੰਜਾਬ ਬੋਲਦਾ*
*ਆਪਣੇ ਧੀਆਂ ਪੁੱਤਾਂ ਦੇ ਨਾਂ, ਮੈਂ ਹਾਂ ਪੰਜਾਬ ਬੋਲਦਾ*

*ਮਾਂ ਦੀਆਂ ਦੋ ਵਗਦੀਆਂ, ਮੇਰੇ ਪੰਜ ਧਾਰਾ ਵਗੇ*
*ਏਨੇ ਦੁੱਧਾਂ ਦੇ ਹੁੰਦਿਆਂ, ਕਿਉਂ ਵਿਲਕਦੀ ਮਮਤਾ ਲੱਗੇ?*
*ਕਾਂਜੀ ਦੇ ਬੱਦਲਾਂ ਦੇ ਨਾਂ 'ਤੇ, ਬਦਲੀਆਂ ਰੁੱਤਾਂ ਦੇ ਨਾਂ*
*ਮੈਂ ਹਾਂ ਪੰਜਾਬ ਬੋਲਦਾ...*

*ਵਾਰਿਸ, ਮੋਹਨ, ਕਾਦਰ, ਧਨੀ, ਸਤਿਲੁਜ ਝਨਾਂ ਨੂੰ ਮੇਲਦੇ*
*ਖੇਡਦੇ ਗੀਟੇ ਰਹੇ, ਕਿਉਂ ਨਹੀਂ ਸਿਰੀਆਂ ਖੇਲਦੇ?*
*ਗੁੰਦਵਿਆਂ ਜਿਸਮਾਂ ਦੇ ਨਾਂ 'ਤੇ, ਫੁੱਟਦੀਆਂ ਮੁੱਛਾਂ ਦੇ ਨਾਂ*
*ਮੈਂ ਹਾਂ ਪੰਜਾਬ ਬੋਲਦਾ...*

*ਮੇਰੇ ਕੁਪੁੱਤਰੋ ਸੌਂ ਜਿਓ, ਹੁਣ ਨਾਲ ਮੌਜ ਦੇ*
*ਪਹਿਰੇ ਖੜੂੰਗਾ ਮੈਂ ਭਾਵੇਂ ਹਵਾਲੇ ਹਾਂ ਫੌਜ ਦੇ*
*ਹੰਭੀਆਂ ਅਦਾਲਤਾਂ ਦੇ ਨਾਂ, ਨਾਰਦ ਦੀਆਂ ਘੜਿੱਤਾਂ ਦੇ ਨਾਂ*
*ਮੈਂ ਹਾਂ ਪੰਜਾਬ ਬੋਲਦਾ...*

*ਬਹਿ ਕੇ ਪਰ੍ਹਾ ਵਿਚ ਸੁਣ ਲਵੋ, ਵੱਡਿਓ ਨਵਾਬੀਓ*
*ਤਲੀਆਂ 'ਤੇ ਸਿਰ ਕਿੱਦਾਂ ਟਿਕੇ, ਦੱਸਿਓ ਪੰਜਾਬੀਓ*
*ਹੀਰ ਦੀ ਚੂਰੀ ਦੇ ਨਾਂ, ਕੈਦੋਂ ਦੀ ਲੂਤੀ ਦੇ ਨਾਂ*
*ਮੈਂ ਹਾਂ ਪੰਜਾਬ ਬੋਲਦਾ...*

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

# ਦੋਸਤ ਦੋਸਤ ਨਾ ਰਹਾ



ਦੂਸਰੇ ਪ੍ਰਤੀ ਸਨੇਹ ਜਾਂ ਸਤਿਕਾਰ ਦੇ ਭਾਵਾਂ ਨਾਲ ਜੁੜਿਆ ਹੋਇਆ ਵਿਅਕਤੀ ਦੋਸਤ ਹੈ। ਦੋਸਤੀ ਸੱਚੇ ਸੁੱਚੇ ਜਜ਼ਬਿਆਂ ਨਾਲ ਭਰਪੂਰ ਰਿਸ਼ਤਾ ਸਮਝਿਆ ਜਾਂਦਾ ਹੈ ਕਿਉਂਕਿ ਇਸ ਵਿਚ ਕੋਈ ਸਾਕਾਦਾਰੀ ਦਾ ਸਮਾਜਿਕ ਬੰਧਨ ਨਹੀਂ ਬਲਕਿ ਦੋ ਜਣਿਆਂ ਦੇ ਸਮਾਨ ਦ੍ਰਿਸ਼ਟੀਕੋਣ 'ਤੇ ਆਧਾਰਤ ਸੁਚੇਤ ਸਬੰਧ ਹੈ। ਫਾਰਸੀ ਮੁਢ ਵਾਲਾ ਇਹ ਸ਼ਬਦ ਆਪਣੇ ਵਿਸਤ੍ਰਿਤ ਅਰਥਾਂ ਵਿਚ ਦੋ ਸਮਾਨ-ਲਿੰਗੀ ਵਿਅਕਤੀਆਂ ਵਿਚਕਾਰ ਸਬੰਧਾਂ ਨੂੰ ਹੀ ਨਹੀਂ ਪ੍ਰਗਟਾਉਂਦਾ ਬਲਕਿ ਵਿਪਰੀਤ ਲਿੰਗਾਂ ਵਿਚਕਾਰ ਪਿਆਰ/ਆਸ਼ਕੀ ਦਾ ਅਰਥਾਵਾਂ ਵੀ ਹੈ। ਵਾਰਿਸ ਦੀ ਹੀਰ ਵਿਚ ਦੇਖੋ:

ਲੈ ਵੇ ਰਾਂਝਿਆ ਵਾਹ ਮੈਂ ਲਾਹ ਥੱਕੀ,
ਮੈਂਢੀ ਤੈਂਢੜੀ ਦੋਸਤੀ ਬੱਸ ਹੋਈ.

ਗੁਰੂ ਨਾਨਕ ਦੇਵ ਜੀ ਇਸ ਸ਼ਬਦ ਰਾਹੀਂ ਇਸਤਰੀ ਪੁਰਸ਼ ਦੇ ਵਿਆਹੁਤਾ ਸਬੰਧ ਦਰਸਾਉਂਦੇ ਹਨ:

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥

ਇਸ ਤੋਂ ਅੱਗੇ ਦੋਸਤੀ ਕਿਸੇ ਵੀ ਵਸਤੂ ਨਾਲ ਲਗਾਵ ਦੇ ਭਾਵ ਵੀ ਪ੍ਰਗਟ ਕਰਦੀ ਹੈ। ਦੇਖੋ ਗੁਰੂ ਅੰਗਦ ਦੇਵ ਦੇ ਇਹ ਕਥਨ:

ਤਿਨਾ ਦਰਿਆਵਾ ਸਿਉ ਦੋਸਤੀ
ਮਨਿ ਮੁਖਿ ਸਚਾ ਨਾਉ॥

ਉਰਦੂ ਵਿਚ ਕਹਾਵਤ ਹੈ, ਕੋਈ ਇਲਮ ਕੋ ਦੋਸਤ ਰਖਤਾ ਹੈ, ਕੋਈ ਰੁਪਏ ਕੋ।

ਗੁਰੂ ਨਾਨਕ ਤਾਂ ਇਕ ਥਾਂ ਦੋ ਚੀਜ਼ਾਂ ਅਰਥਾਤ ਸੁੰਦਰਤਾ ਅਤੇ ਵਾਸ਼ਨਾ ਦੇ ਜੋੜ ਨੂੰ ਵੀ ਦੋਸਤੀ ਆਖਦੇ ਹਨ ਭਾਵੇਂ ਏਥੇ ਇਸ ਨੂੰ ਲਾਖਣਿਕ ਪ੍ਰਯੋਗ ਹੀ ਕਿਹਾ ਜਾਵੇਗਾ:

ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢ॥

ਦਰਅਸਲ ਉਰਦੂ ਫਾਰਸੀ ਵਿਚ ਤਾਂ ਦੋਸਤ/ਦੋਸਤੀ ਨਾਲ ਹੋਰ ਲਫ਼ਜ਼ ਮਿਲ ਕੇ ਅਨੇਕਾਂ ਸਮਾਸ ਬਣੇ ਮਿਲਦੇ ਹਨ ਜਿਵੇਂ ਆਰਾਮ-ਦੋਸਤ, ਜਰਾਹਤ-ਦੋਸਤ (ਆਪਣੇ ਜ਼ਖਮਾਂ ਨੂੰ ਮਾਨਣ ਵਾਲਾ), ਖ਼ਾਨਾ-ਦੋਸਤ (ਘਰੇ ਰਹਿਣ ਵਾਲਾ), ਦਰਵੇਸ਼ ਦੋਸਤ, ਦਗ਼ਲ-ਦੋਸਤ (ਝੂਠਾ ਦੋਸਤ), ਦੋਸਤ-ਅਫ਼ਸੋਸ, ਦੋਸਤ-ਅੰਗੇਜ਼, ਦੋਸਤਤਰ (ਵਧੀਆਂ ਦੋਸਤ), ਜ਼ਰਦੋਸਤ (ਸੋਨੇ ਦਾ ਚਾਹਵਾਨ, ਕੰਜੂਸ), ਫਾਹਿਸ਼-ਦੋਸਤ (ਰੰਡੀਬਾਜ਼), ਫਕੀਰ-ਦੋਸਤ, ਗਲਾ-ਦੋਸਤ (ਖੰਘ ਜ਼ੁਕਾਮ), ਹਫ਼ਤਾ-ਦੋਸਤ (ਥੋੜਚਿਰਾ ਮਿੱਤਰ) ਵਗੈਰਾ ਵਗੈਰਾ। ਮੋਟੇ ਤੌਰ 'ਤੇ ਮਿੱਤਰਤਾ ਦੇ ਅਰਥਾਂ ਵਿਚ ਇਹ ਸ਼ਬਦ ਲਗਭਗ ਸਾਰੀਆਂ ਉਤਰ-ਭਾਰਤੀ ਅਤੇ ਇਰਾਨੀ ਬੋਲੀਆਂ ਜਿਵੇਂ ਪਸ਼ਤੋ, ਕੁਰਦਿਸ਼, ਬਲੋਚ, ਉਜ਼ਬੇਕ, ਤੁਰਕ, ਤਾਤਾਰ, ਤਾਜਿਕ ਆਦਿ ਵਿਚ ਮਿਲ ਜਾਂਦਾ ਹੈ, ਏਥੋਂ ਤੱਕ ਕਿ ਖਾਸ ਨਾਂਵਾਂ ਵਿਚ ਵੀ, ਜਿਵੇਂ ਦੋਸਤ ਮੁਹੰਮਦ। ਮਰਾਠੀ ਵਿਚ ਜ਼ਮੀਨਦੋਸਤ ਸ਼ਬਦ ਪ੍ਰਚਲਤ ਹੈ ਜਿਸ ਵਿਚ ਆਇਆ ਦੋਸਤ ਸ਼ਬਦ ਦੋਜ਼ ਤੋਂ ਵਿਗੜਿਆ ਹੈ। ਸੋ ਅਸਲ ਸ਼ਬਦ ਹੈ ਜ਼ਮੀਨਦੋਜ਼। ਦੋਸਤ ਸ਼ਬਦ ਵਿਚ 'ਦੋ' ਸ਼ਬਦ ਦੀ ਮੌਜੂਦਗੀ ਤੋਂ ਕਈ ਖਿਆਲ ਕਰਦੇ ਹਨ ਕਿ ਇਸ ਦਾ ਭਾਵ ਹੈ 'ਦੋ ਅਸਤ' (ਦੋ ਹਨ)। ਫਾਰਸੀ ਵਿਚ ਅਸਤ ਦਾ ਮਤਲਬ 'ਹਨ' ਹੁੰਦਾ ਹੈ। ਕਈ ਲੋਕ ਜਿਨ੍ਹਾਂ ਨੂੰ ਇਸ ਸ਼ਬਦ ਦੇ ਫਾਰਸੀ ਪਿਛੋਕੜ ਦਾ ਨਹੀਂ ਪਤਾ, ਇਸ ਦਾ ਸਿਧਾ ਸਾਦਾ ਅਰਥ ਕਰ ਦਿੰਦੇ ਹਨ ਦੋ+ਸਤ ਅਰਥਾਤ ਦੋ ਸੱਚੇ ਦਿਲਾਂ ਦਾ ਮੇਲ। ਪਰ ਅਜਿਹੇ ਸੱਚ ਨੂੰ ਮੈਂ ਨਿਰੁਕਤੀ ਦੇ ਕਟਹਿਰੇ ਵਿਚ ਪੇਸ਼ ਕਰਨ ਲੱਗਾ ਹਾਂ, ਤੇ ਦੋਸਤ ਨੂੰ ਲੱਗਾ ਹਾਂ ਦਗ਼ਲ-ਦੋਸਤ ਕਰਨ ਕਿਉਂਕਿ ਇਸ ਦਾ ਨਿਰੁਕਤਕ ਸਬੰਧ ਸਾਡੇ ਘਿਰਣਿਤ ਸੰਸਕਾਰ ਜੂਠ ਨਾਲ ਹੈ। ਇਹ ਜਾਣ ਕੇ ਤੁਹਾਡੇ ਮੂੰਹੋਂ ਆਪ ਮੁਹਾਰੇ ਸੰਗਮ ਫਿਲਮ ਦਾ ਗਾਣਾ ਨਿਕਲਣ ਲੱਗੇਗਾ, ਦੋਸਤ ਦੋਸਤ ਨਾ ਰਹਾ...।

ਇਕੋ ਮੂਲ ਵੱਖ ਵੱਖ ਸਮਿਆਂ, ਸਭਿਆਚਾਰਾਂ ਤੇ ਭਾਸ਼ਾਵਾਂ ਦੇ ਪਰਿਵੇਸ਼ ਅਧੀਨ ਕਿੰਨੇ ਬਹੁਰੰਗੇ ਤੇ ਕਈ ਵਾਰੀ ਪਰਸਪਰ ਵਿਰੋਧੀ ਅਰਥ ਗ੍ਰਹਿਣ ਕਰ ਜਾਂਦਾ ਹੈ, ਦੋਸਤੀ ਸ਼ਬਦ ਦਾ ਮੂਲ ਇਸ ਦੀ ਖੂਬ ਮਿਸਾਲ ਪੇਸ਼ ਕਰਦਾ ਹੈ। ਭਾਰਤ ਵਿਚ ਸੁੱਚ-ਭਿਟ ਦੇ ਸੰਸਕਾਰ ਸਾਡੇ ਨਿਤਾ ਪ੍ਰਤੀ ਜੀਵਨ ਵਿਹਾਰ ਵਿਚ ਓਤਪੋਤ ਹੋਏ ਪਏ ਹਨ। ਜੂਠ ਦਾ ਸੰਕਲਪ ਇਸ ਦਾ ਇਕ ਸਜੀਵ ਤੱਤ ਹੈ। ਮੁਖ ਤੌਰ 'ਤੇ ਖਾਣ-ਪੀਣ ਪਿਛੋਂ ਬਚੇ ਹੋਏ ਭੋਜਨ ਨੂੰ ਜੂਠ ਆਖਦੇ ਹਨ। ਪਰ ਜੂਠ ਦਾ ਸੰਕਲਪ ਇਸ ਤੋਂ ਅੱਗੇ ਅਜਿਹੇ ਜੂਠੇ ਭੋਜਨ ਨੂੰ ਖਾਣ ਤੋਂ ਪ੍ਰਹੇਜ਼ ਦੇ ਸੰਸਕਾਰ ਵਿਚ ਹੈ, ਕੁਝ ਅਜਿਹਾ ਹੀ ਜਿਵੇਂ ਕਿਸੇ ਕਥਿਤ ਅਛੂਤ ਜਾਤੀ ਦੇ ਵਿਅਕਤੀ ਨੂੰ ਨਾ ਛੂਹਣ ਵਿਚ ਹੈ। ਇਸ ਤਰ੍ਹਾਂ ਜੂਠ ਇਕ ਅਰਜਿਤ ਸੰਸਕਾਰ ਹੈ। ਇਹ ਇੱਕ ਤਰ੍ਹਾਂ ਨਾਲ ਭੁਲਾਂਦਰੇ ਵਾਲਾ ਅਨੁਭਵ ਹੈ। ਗੁਰੂ ਨਾਨਕ ਅਤੇ ਕਬੀਰ ਨੇ ਅਜਿਹੇ ਸੂਤਕਾਂ ਦੀ ਘੋਰ ਨਿੰਦਾ ਕੀਤੀ ਹੈ:

ਤਨਿ ਫਿਟੈ ਫੇੜ ਕਰੇਨਿ॥
ਮਨਿ ਜੂਠਾ ਚੁਲੀ ਭਰੇਨਿ॥
.....
ਜੂਠੇ ਜੂਠਾ ਮੁਖਿ ਵਸੈ
ਨਿਤ ਨਿਤ ਹੋਇ ਖੁਆਰੁ॥

ਉਂਜ ਬਚੇ ਹੋਏ ਭੋਜਨ ਲਈ ਵੀ ਵਿਸ਼ੇਸ਼ ਸ਼ਬਦ ਹੋਣਾ ਸਾਡੀ ਸੰਸਕ੍ਰਿਤੀ ਦੀ ਹੀ ਵਿਸ਼ੇਸ਼ਤਾ ਹੈ। ਸਾਡੀ ਸੰਸਕ੍ਰਿਤੀ ਵਿਚ ਜੂਠਾ ਖਾਣ ਦੀ ਵਰਜਣਾ ਪਿਛੇ ਕੋਈ ਸਵਸਥ-ਵਿਗਿਆਨਕ ਆਧਾਰ ਨਹੀਂ ਹੈ। ਜਰਮ ਦਾ ਸਿਧਾਂਤ ਆਧੁਨਿਕ ਕਾਢ ਹੈ। ਬਹੁਤ ਸਾਰੀਆਂ ਕੌਮਾਂ ਸਮੂਹਕ ਭੋਜਨ ਕਰਨ ਵਿਚ ਵਿਸ਼ਵਾਸ ਰੱਖਦੀਆਂ ਹਨ। ਮੁਸਲਮਾਨ ਲੋਕ ਇਕੱਠੇ ਇਕੋ ਥਾਲੀ ਵਿਚ ਭੋਜਨ ਕਰਦੇ ਹਨ। ਏਨੀ ਕੁ ਚਰਚਾ ਤੋਂ ਸ਼ਾਇਦ ਤੁਸੀਂ ਦੋਸਤ ਤੇ ਜੂਠ ਦੀ ਸਾਂਝ ਬਾਰੇ ਅੰਦਾਜ਼ਾ ਲਾ ਲਿਆ ਹੋਵੇਗਾ, 'ਦੋਸਤ ਉਹ ਹੈ ਜਿਸ ਦੀ ਸੰਗਤ ਮਾਣੀ ਜਾਂਦੀ ਹੈ ਤੇ ਜੂਠ ਉਹ ਬਚਿਆ ਭੋਜਨ ਹੈ ਜੋ ਖਾ ਕੇ ਮਾਣਿਆ ਜਾ ਚੁੱਕਾ ਹੈ।' ਦੋਸਤ ਅਤੇ ਜੂਠ ਬਾਰੇ ਏਨਾ ਕੁਝ ਇਸ ਲਈ ਕਿਹਾ ਗਿਆ ਹੈ ਤਾਂ ਜੁ ਇਨ੍ਹਾਂ ਸ਼ਬਦਾਂ ਦੀ ਅਰਥ ਪੱਖੋਂ ਡਾਢੀ ਵਿਥ ਸਾਹਮਣੇ ਆ ਜਾਵੇ।

ਆਉ, ਜ਼ਰਾ ਦੋਹਾਂ ਦੀ ਨਿਰੁਕਤਕ ਸਾਂਝ ਲਭੀਏ। ਇਨ੍ਹਾਂ ਸ਼ਬਦਾਂ ਦੇ ਮੂਲ ਤੱਕ ਹਾਥ ਮਾਰਨ 'ਤੇ ਪਤਾ ਲਗਦਾ ਹੈ ਕਿ ਇਨ੍ਹਾਂ ਦੀਆਂ ਰਿਸ਼ਤੇਦਾਰੀਆਂ ਬੜੀ ਦੂਰ ਤੱਕ ਫੈਲੀਆਂ ਹਨ। ਭਾਸ਼ਾ ਵਿਗਿਆਨੀਆਂ ਨੇ ਇਕ ਭਾਰੋਪੀ ਮੂਲ geus ਦੀ ਸਥਾਪਨਾ ਕੀਤੀ ਹੈ ਜੋ ਇਨ੍ਹਾਂ ਸਾਰੇ ਸ਼ਬਦਾਂ ਦੀਆਂ ਜੜ੍ਹਾਂ ਵਿਚ ਬੈਠਾ ਹੋਇਆ ਹੈ। ਇਸ ਮੂਲ ਦਾ ਅਰਥ ਹੈ, ਚਖਣਾ, ਸੁਆਦ ਲੈਣਾ, ਚੁਣਨਾ। ਸੰਸਕ੍ਰਿਤ ਧਾਤੂ 'ਜੁਸ਼' ਇਸ ਮੂਲ ਦਾ ਸਕਾ ਹੈ। ਸੰਸਕ੍ਰਿਤ ਵਿਚ ਜੁਸ਼ ਦੇ ਅਨੇਕਾਂ ਅਰਥ ਮਿਲਦੇ ਹਨ ਜਿਵੇਂ ਖੁਸ਼ ਹੋਣਾ, ਤ੍ਰਿਪਤ ਹੋਣਾ, ਤਰੁਠਣਾ; ਪਸੰਦ ਕਰਨਾ, ਮਾਨਣਾ; ਅਨੰਦ ਲੈਣਾ; ਚੁਣਨਾ; ਸਹਾਰਨਾ ਆਦਿ। ਇਸ ਧਾਤੂ ਤੋਂ 'ਜੁਸ਼ਟ' ਬਣਿਆ ਜਿਸ ਦੇ ਅਰਥ ਹਨ ਪ੍ਰਸੰਨ, ਤ੍ਰਿਪਤ, ਖੁਸ਼, ਇਛਤ, ਪਸੰਦੀਦਾ, ਪ੍ਰਿਆ ਅਤੇ ਬਚਿਆ ਖਾਣਾ ਅਰਥਾਤ ਜੂਠ। ਪੰਜਾਬੀ ਜੂਠ ਜਾਂ ਜੂਠਾ ਸ਼ਬਦ ਇਸ ਧਾਤੂ ਦੇ ਵਿਕਾਸ ਦਾ ਹੀ ਸਿੱਟਾ ਹੈ। ਐਪਰ ਸੰਸਕ੍ਰਿਤ ਜੁਸ਼ਟ ਦੇ ਉਪਰ ਗਿਣਾਏ ਏਨੇ ਸਾਰੇ ਅਰਥ ਪੰਜਾਬੀ ਜੂਠ/ਜੂਠਾ ਦੇ ਨਹੀਂ ਹਨ। ਇਸ ਦੇ ਬਚੇ ਹੋਏ ਖਾਣੇ ਦੇ ਅਰਥ ਇਸ ਦੇ ਮਾਨਣ, ਚਖਣ ਜਾਂ ਚੁਣਨ ਦੇ ਅਰਥਾਂ ਤੋਂ ਹੀ ਉਤਪੰਨ ਹੋਏ ਹਨ। ਜਿਸ ਚੀਜ਼ ਨੂੰ ਚਖ ਲਿਆ ਗਿਆ ਹੈ ਉਸ ਦਾ ਬਾਕੀ ਦਾ ਭਾਗ ਜੂਠਾ ਹੋ ਗਿਆ। ਜਿਸ ਔਰਤ ਨੂੰ ਜਿਸਮਾਨੀ ਤੌਰ 'ਤੇ ਮਾਣ ਲਿਆ ਗਿਆ ਹੈ ਉਹ ਜੂਠੀ ਹੋ ਗਈ। ਕੁਝ ਭਾਰਤੀ ਭਾਸ਼ਾਵਾਂ ਵਿਚ ਜੂਠਾ ਸ਼ਬਦ ਦਾ ਰੂਪ ਝੂਠਾ ਵੀ ਹੋ ਗਿਆ ਹੈ ਪਰ ਇਸ ਦਾ ਸਬੰਧ ਅਸਤਿ ਦੇ ਅਰਥਾਂ ਵਾਲੇ ਝੂਠਾ ਸ਼ਬਦ ਨਾਲ ਕੋਈ ਨਹੀਂ ਹੈ। 'ਜ' ਅਤੇ 'ਝ' ਦੀ ਮਿਲਦੀ ਜੁਲਦੀ ਧੁਨੀ ਕਾਰਨ ਕਈ ਵਾਰੀ ਇਸ ਦੇ ਅਰਥ ਝੂਠਾ ਵੀ ਹੋ ਜਾਂਦੇ ਹਨ। ਇਸ ਦਾ ਇਕ ਹੋਰ ਸਾਂਸਕ੍ਰਿਤਕ ਕਾਰਨ ਵੀ ਹੈ। ਜੂਠੀ ਚੀਜ਼ ਦੀ ਜੂਠ ਦਿਸਦੀ ਤਾਂ ਹੈ ਨਹੀਂ ਪਰ ਉਹ ਨਿਕੰਮੀ ਹੋ ਗਈ ਹੈ ਇਸ ਲਈ ਸਮਝੋ ਝੂਠੀ ਹੈ: ਖੋਟੇ ਠਵਰ ਨ ਪਾਇਨੀ ਰਲੇ ਜੂਠਾਨੇ। ਹੋਰ ਤਾਂ ਹੋਰ ਹਿੰਦੀ ਵਿਚ ਉਲਟੇ ਝੂਠਾ ਦੇ ਅਰਥ ਵੀ ਜੂਠਾ ਹੋ ਗਏ ਹਨ। ਧਾਰਮਿਕ ਸਾਹਿਤ ਵਿਚ ਅਜਿਹਾ ਘਾਲਾਮਾਲਾ ਬਹੁਤ ਪੜ੍ਹਨ ਨੂੰ ਮਿਲਦਾ ਹੈ ਪਰ ਚਿੰਤਾ ਕਰੋ ਸੱਚੇ ਸੁੱਚੇ ਦੋਸਤ ਦੀ ਜੋ ਇਸ ਮੁਕਾਮ 'ਤੇ ਆ ਕੇ ਸਿਰਫ ਜੂਠਾ ਹੀ ਨਹੀਂ, ਝੂਠਾ ਵੀ ਹੋ ਗਿਆ ਹੈ!

ਚਰਚਾ ਵਿਚ ਆਏ ਭਾਰੋਪੀ ਮੂਲ geus ਤੋਂ ਗਰੀਕ ਅਤੇ ਲਾਤੀਨੀ ਵਿਚ ਸੁਆਦ, ਜ਼ਾਇਕਾ ਆਦਿ ਦੇ ਅਰਥਾਂ ਵਾਲੇ ਸ਼ਬਦਾਂ ਦਾ ਵਿਕਾਸ ਹੋਇਆ ਹੈ ਪਰ ਜਰਮੈਨਿਕ ਅਤੇ ਕੈਲਟ ਭਾਸ਼ਾਵਾਂ ਵਿਚ ਚਖਣਾ, ਚੁਣਨਾ ਦੇ ਅਰਥਾਂ ਵਾਲੇ ਸ਼ਬਦਾਂ ਦਾ ਨਿਰਮਾਣ ਹੋਇਆ ਹੈ। ਅੰਗਰੇਜ਼ੀ ਵਿਚ ਦੋਵੇਂ ਪਾਸਿਆਂ ਤੋਂ ਬਹੁਤ ਸਾਰੇ ਸ਼ਬਦ ਆਏ ਹਨ ਜਿਨ੍ਹਾਂ ਦੀ ਸੰਖੇਪ ਵਿਚ ਚਰਚਾ ਕੀਤੀ ਜਾ ਰਹੀ ਹੈ। ਸਭ ਤੋਂ ਪਹਿਲਾਂ ਅਸੀਂ ਅੰਗਰੇਜ਼ੀ ਸ਼ਬਦ gust ਲੈਂਦੇ ਹਾਂ ਜਿਸ ਦਾ ਅਰਥ ਹੈ ਸੁਆਦ, ਜ਼ਾਇਕਾ। ਇਸ ਸ਼ਬਦ ਦੇ ਅੱਗੇ dis ਅਗੇਤਰ ਲੱਗ ਕੇ disgust ਸ਼ਬਦ ਬਣਿਆ ਜਿਸ ਦਾ ਅਰਥ ਮਜ਼ਾ ਕਿਰਕਿਰਾ ਕਰਨਾ, ਬੇਸੁਆਦੀ ਕਰਨਾ ਹੁੰਦਾ ਹੈ। ਇਸੇ ਨਾਲ ਮਿਲਦਾ ਜੁਲਦਾ ਸ਼ਬਦ ਹੈ gusto ਜਿਸ ਦਾ ਅਰਥ ਖਾਣਪੀਣ ਤੋਂ ਮਿਲਿਆ ਅਨੰਦ, ਸੁਆਦ, ਮਜ਼ਾ ਜਾਂ ਲੁਤਫ਼ ਹੈ। ਇਹ ਅਸਲ ਵਿਚ ਇਤਾਲਵੀ ਸ਼ਬਦ ਹੈ ਜੋ ਸੁਆਦ ਦੇ ਅਰਥਾਂ ਵਿਚ ਸੰਨ 1620 ਦੌਰਾਨ ਅੰਗਰੇਜ਼ੀ ਵਿਚ ਪ੍ਰਵੇਸ਼ ਹੋਇਆ ਰਿਕਾਰਡ ਕੀਤਾ ਗਿਆ ਹੈ। ਇਤਾਲਵੀ ਵਿਚ ਇਹ ਸ਼ਬਦ ਲਾਤੀਨੀ gustare (ਸੁਆਦ ਲੈਣਾ) ਤੋਂ ਆਇਆ ਹੈ।

ਜਰਮੈਨਿਕ ਰਾਹੀਂ ਅੰਗਰੇਜ਼ੀ ਸ਼ਬਦ choice ਵਿਕਸਿਤ ਹੋਇਆ ਹੈ ਜੋ ਪੂਰਵ ਜਰਮੈਨਿਕ ਧਾਤੂ kaus ਤੋਂ ਉਭਰਿਆ ਹੋਇਆ ਹੈ। ਇਸ ਧਾਤੂ ਦਾ ਅਰਥ ਚੁਣਨਾ, ਚਖਣਾ ਹੈ। ਇਹ ਜਰਮੈਨਿਕ ਧਾਤੂ ਵੀ ਭਾਰੋਪੀ ਮੂਲ geus ਦਾ ਸਕਾ ਹੈ। ਜਰਮੈਨਿਕ ਤੋਂ ਇਹ ਸ਼ਬਦ ਪੁਰਾਣੀ ਫਰਾਂਸੀਸੀ ਵਿਚ chois ਦੇ ਰੂਪ ਵਿਚ ਗਿਆ ਤੇ ਅੱਗੋਂ ਚੌਧਵੀਂ ਸਦੀ ਵਿਚ ਅੰਗਰੇਜ਼ੀ ਵਿਚ choice ਦਾ ਰੂਪ ਧਾਰ ਕੇ ਆਇਆ। ਏਥੇ ਇਕ ਹੋਰ ਦਿਲਚਸਪ ਗੱਲ ਕਰਨ ਨੂੰ ਜੀਅ ਕਰ ਆਇਆ ਹੈ ਕਿ choice ਭਾਵੇਂ ਅੰਗਰੇਜ਼ੀ choose ਦਾ ਨਾਂਵ ਰੂਪ ਹੈ ਪਰ ਦੋਨਾਂ ਦਾ ਆਪੋ ਵਿਚ ਵਾਸਤਾ ਬਹੁਤ ਦੂਰ ਦਾ ਹੀ ਹੈ।

ਅਸੀਂ ਮੁੜ ਦੋਸਤ 'ਤੇ ਆਉਂਦੇ ਹਾਂ। ਅਵੇਸਤਾ ਦੇ ਜ਼ੰਦ ਟੀਕਿਆਂ ਵਿਚ ਸੰਸਕ੍ਰਿਤ 'ਜੁਸ਼' ਦਾ ਸੁਜਾਤੀ 'ਜ਼ੁਸ਼' ਮਿਲਦਾ ਹੈ ਜਿਸ ਦਾ ਮਤਲਬ ਨਿਕਲਦਾ ਹੈ ਮਜ਼ਾ ਦੇਣਾ, ਅਨੰਦ ਦੇਣਾ। 'ਜ਼ੁਸ਼' ਦਾ ਭੂਤਕਾਲਕ ਬਣਿਆ 'ਜ਼ੁਸਤਾ'। ਪਹਿਲਵੀ ਵਿਚ ਆ ਕੇ 'ਜ਼' 'ਦ' ਵਿਚ ਬਦਲ ਗਿਆ ਤੇ ਹਾਸਿਲ ਆ ਗਿਆ ਦੋਸਤ। ਏਹੀ ਦੋਸਤ ਆਧੁਨਿਕ ਫਾਰਸੀ ਵਿਚ ਕਾਇਮ ਰਿਹਾ। ਇਸ ਤਰ੍ਹਾਂ ਦੋਸਤ ਦਾ ਅਰਥ ਬਣਦਾ ਹੈ ਜੋ ਅਨੰਦ, ਖੁਸ਼ੀ ਜਾਂ ਮਜ਼ਾ ਦਿੰਦਾ ਹੈ। ਪਿਛੇ ਦੱਸਿਆ ਗਿਆ ਹੈ ਕਿ ਸੰਸਕ੍ਰਿਤ ਜੁਸ਼ਟ ਦਾ ਇਕ ਅਰਥ ਪ੍ਰਿਆ, ਪਸੰਦੀਦਾ ਹੈ। ਦੋਸਤ ਵੀ ਤਾਂ ਪ੍ਰਿਆ, ਪਸੰਦੀਦਾ ਸ਼ਖਸ ਹੀ ਹੈ! ਹੈ ਨਾ ਧਰਤੀ ਗੋਲ?

# ਸੰਤ ਰਾਮ ਉਦਾਸੀ

ਉਨ੍ਹਾਂ ਨੂੰ ਮਹਿਸੂਸ ਹੁੰਦਾ, ਉਸੇ ਵਕਤ ਲਿਖ ਲੈਂਦੇ। ਖੁੱਲ੍ਹੀ ਕਵਿਤਾ, 'ਹੇ ਕਿਰਤ ਦੇ ਸੰਦਾਂ ਨਾਲ ਲਿਖੀ ਗਈ ਮਹਾਨ ਕਵਿਤਾ, ਮੇਰੀ ਕਵਿਤਾ ਉਨ੍ਹਾਂ ਤੋਂ ਕਿੰਨੀ ਦੂਰ ਹੈ, ਜਿਨ੍ਹਾਂ ਲਈ ਇਹ ਲਿਖੀ ਗਈ ਹੈ' ਉਨ੍ਹਾਂ ਸਾਈਕਲ 'ਤੇ ਜਾਂਦਿਆਂ ਹੀ ਲਿਖੀ ਸੀ। ਕਵਿਤਾ ਲਿਖ ਕੇ ਉਹ ਭੋਤਨਿਆਂ ਵਾਲੇ ਪਰਿਵਾਰ ਹਰਭਜਨ ਸਿੰਘ, ਕੌਰ ਸਿੰਘ ਸੇਖੋਂ, ਮਾਸਟਰ ਜਸਵੰਤ ਭੋਤਨਾ, ਜਰਨੈਲ ਅੱਚਰਵਾਲ, ਬੰਤ ਮਾਣੂੰਕੇ, ਗਜ਼ਲਗੋ ਜਸਵਿੰਦਰ ਸਮੇਤ ਹੋਰ ਨੇੜਲੇ ਸਾਥੀਆਂ ਨੂੰ ਸੁਣਾਉਂਦੇ। 'ਵਰ ਕਿ ਸਰਾਪ' ਨਾਂ ਦੀ ਕਵਿਤਾ ਸਮੇਂ ਉਹ ਘਰ ਵਿਚ ਆਏ ਕਾਮਰੇਡ ਹਾਕਮ ਸਮਾਉਂ ਅਤੇ ਬੰਤ ਮਣੂੰਕੇ ਦੀ ਹਾਜ਼ਰੀ ਵਿਚ ਕਵਿਤਾ ਪੜ੍ਹ-ਪੜ੍ਹ ਖੁੱਲ੍ਹ ਕੇ ਹੱਸਦੇ ਅਤੇ ਆਪਸ ਵਿਚ ਸਿਆਸੀ ਵਿਅੰਗ ਕਰਦੇ ਰਹੇ। ਕਿਸਾਨ ਆਗੂ ਕਾਮਰੇਡ ਹਰਦੇਵ ਸੰਧੂ ਨੂੰ ਉਹ ਆਪਣੇ ਪਰਿਵਾਰ ਦਾ ਮੈਂਬਰ ਸਮਝਦੇ। ਘਰ ਪਾਉਣ (ਬਣਾਉਣ) ਵੇਲੇ ਉਨ੍ਹਾਂ ਦੇ ਸਾਥੀਆਂ, ਕਾਮਰੇਡਾਂ ਨੇ ਪੂਰੀ ਮਦਦ ਕੀਤੀ। ਇੱਟਾਂ, ਸੀਮਿੰਟ ਅਤੇ ਲੋਹੇ ਤੋਂ ਲੈ ਕੇ, ਕਾਮਰੇਡ ਸੰਧੂ ਤਿੰਨ-ਤਿੰਨ ਟਰੈਕਟਰ ਲੈ ਕੇ ਘਰ ਵਿਚ ਭਰਤ ਵੀ ਪਾ ਕੇ ਗਏ। ਆਪਣੇ ਘਰ ਵਿਚ ਆਏ ਸਾਥੀਆਂ ਨੂੰ ਦੇਖ ਕੇ ਉਨ੍ਹਾਂ ਨੂੰ ਵਿਆਹ ਵਰਗਾ ਚਾਅ ਚੜ੍ਹ ਜਾਂਦਾ ਸੀ। ਚਰਨਜੀਤ ਆਂਟੀ ਦੇ ਨਾਲ ਕਾਮਰੇਡ ਮਦਨ ਪਾਲ ਭਗਤਾ (ਡੀ.ਟੀ.ਐਫ.) ਦੀ ਪਤਨੀ ਘਰ

ਆਈ ਤਾਂ ਉਹ ਮੇਰੀ ਮਾਂ ਨੂੰ ਕਹਿਣ ਲੱਗੇ, "ਕਾਮਰੇਡਨੀਏ, ਅੱਜ ਵਧੀਆ ਜਿਹੀ ਸਬਜੀ ਬਣਾਈਂ। ਸ਼ਾਹਾਂ ਦੀ ਨੂੰਹ ਆਪਣੇ ਘਰ ਆਈ ਹੈ। ਚਰਨਜੀਤ ਤਾਂ ਮੇਰੀ ਆਪਣੀ ਧੀ ਹੈ।" ਸ਼ਾਇਦ ਇਹੀ ਵਿਚਾਰਧਾਰਕ ਸਾਂਝ ਅਤੇ ਅਪਣੱਤ ਸੀ ਕਿ ਅਤਿ ਮਾੜੇ ਹਾਲਾਤ ਵਿਚ ਵੀ ਮੱਦਦ ਜਾਰੀ ਰਹਿੰਦੀ। ਪਾਰਟੀ ਵੱਲੋਂ ਫੰਡ/ਪੈਸਾ ਅਤੇ ਰਾਸ਼ਨ ਇਕੱਠਾ ਕਰਕੇ ਭੇਜ ਦਿੱਤਾ ਜਾਂਦਾ। ਪਿੰਡ ਅੱਚਰਵਾਲ ਦੇ ਪਰਿਵਾਰਾਂ ਸਮੇਤ ਹਰਬੰਤ ਫੇਰੂ ਰਾਈਂ ਹੋਰਾਂ ਦਾ ਵਿਸ਼ੇਸ਼ ਯੋਗਦਾਨ ਸੀ। ਉਨ੍ਹਾਂ ਦੇ ਸਾਥੀ ਕਾਮਰੇਡ ਪਰਿਵਾਰ ਦੀ ਮੱਦਦ ਦੇ ਨਾਲ-ਨਾਲ ਘਰ ਸੁੱਖ-ਸਾਂਦ ਲਈ ਆਉਂਦੇ-ਜਾਂਦੇ ਰਹਿੰਦੇ। ਪਾਪਾ ਜੀ ਦੇ ਜੁਆਨੀ ਵੇਲੇ ਦੇ ਅਤਿ ਨੇੜਲੇ ਮਿੱਤਰ ਚਾਚਾ ਸੁਰਜੀਤ ਦਿਹੜ (ਠੀਕਰੀਵਾਲ) ਦੱਸਦੇ ਹਨ ਕਿ ਇਕ ਵਾਰ ਉਸ ਕੋਲ ਜੇ.ਬੀ.ਟੀ. ਦੀ ਟਰੇਨਿੰਗ ਵਿਚ ਫੀਸ ਭਰਨ ਲਈ ਪੈਸਾ ਨਹੀ ਸੀ। ਉਦਾਸੀ ਵੀ ਉਦੋਂ ਨਵਾਂ-ਨਵਾਂ ਮਾਸਟਰ ਲੱਗਿਆ ਸੀ। ਉਨ੍ਹਾਂ ਆਪਣੀ ਸਮੱਸਿਆ ਉਦਾਸੀ ਨੂੰ ਦੱਸੀ ਤਾਂ ਉਹ ਕਹਿਣ ਲੱਗਾ, "ਸੁਰਜੀਤ, ਮੇਰੇ ਕੋਲ ਘੜੀ ਹੈ। ਤੂੰ ਇਹ ਲੈ ਜਾ, ਇਸ ਨੂੰ ਗਹਿਣੇ ਧਰੀਂ ਜਾਂ ਵੇਚ ਦੇਵੀਂ। ਪੈਸੇ ਤਾਂ ਹੈ ਨਹੀਂ ਪਰ ਤੂੰ ਫੀਸ ਜ਼ਰੂਰ ਭਰ ਦੇਵੀਂ।" ਦਿਹੜ ਚਾਚਾ ਜੀ 58ਵੇਂ ਸਾਲ ਨੌਕਰੀ (ਅਧਿਆਪਕ) ਪੂਰੀ ਕਰਕੇ ਰਿਟਾਇਰ ਹੋ ਚੁੱਕੇ ਹਨ। ਉਹ ਅੱਜ ਵੀ ਇਸ ਘਟਨਾ ਨੂੰ ਯਾਦ ਕਰਕੇ ਰੋ ਪੈਂਦੇ ਹਨ ਕਿ ਉਦਾਸੀ ਨੇ ਗੁੱਟ ਤੋਂ ਘੜੀ ਉਤਾਰ ਕੇ ਫੀਸ ਭਰਨ ਲਈ ਦੇ ਦਿੱਤੀ ਸੀ।

ਘਰ ਵਿਚ ਆਉਂਦੇ ਮੈਗਜ਼ੀਨਾਂ, ਰਸਾਲਿਆਂ ਦਾ ਕੋਈ ਅੰਤ ਨਹੀ ਸੀ। ਜਿੰਨੀ ਡਾਕ ਸਾਰੇ ਪਿੰਡ ਨੂੰ ਆਉਂਦੀ ਸੀ, ਉਤਨੀ ਇਕੱਲੀ ਪਾਪਾ ਜੀ ਦੇ ਨਾਮ 'ਤੇ ਆਉਂਦੀ। ਸੋਵੀਅਤ ਰੂਸ, ਅਣੂ, ਜੈਕਾਰਾ, ਵਤਨੋਂ ਦੂਰ, ਸੁਰਖ ਰੇਖਾ, ਸੁਰਖ ਲੀਹ, ਸਮਤਾ ਅਤੇ ਹੋਰ ਪਤਾ ਨਹੀਂ ਅਣਗਿਣਤ ਸਾਹਿਤਕ ਮੈਗਜ਼ੀਨ ਆਉਂਦੇ। ਨਕਸਲੀ ਲਹਿਰ ਦੇ ਪੂਰੇ ਜਲੌਅ ਦੇ ਨਾਲ-ਨਾਲ ਪਾਪਾ ਜੀ ਦੇ ਨਾਮ ਦੀ ਚਰਚਾ ਹਰ ਖੇਤਰ ਵਿਚ ਸੀ। ਭਾਰਤ ਦੀ ਸੈਰ ਕਰਨ ਆਏ ਇਕ ਵਿਦੇਸ਼ੀ ਜੋੜੇ ਨੇ ਪੰਜਾਬ ਦੀ ਇਸ ਲਹਿਰ ਬਾਰੇ ਜਾਣਨਾ ਚਾਹਿਆ ਤਾਂ ਪਾਪਾ ਜੀ ਦਾ ਨਾਮ ਆ ਗਿਆ। ਉਨ੍ਹਾਂ ਪ੍ਰੋਫੈਸਰ ਪ੍ਰੀਤਮ ਰਾਹੀ (ਬਰਨਾਲਾ) ਦੀ ਦੁਕਾਨ 'ਤੇ ਸੁਨੇਹਾ ਲਾ ਕੇ ਉਨ੍ਹਾਂ ਨੂੰ (ਪਾਪਾ ਜੀ) ਮਿਲਣ ਦੀ ਇੱਛਾ ਕੀਤੀ। ਰਾਹੀ ਅੰਕਲ ਨੇ ਪਾਪਾ ਜੀ ਨੂੰ ਸੁਨੇਹਾ ਦੇ ਕੇ ਬਰਨਾਲੇ ਬੁਲਾ ਲਿਆ। ਇਨਕਲਾਬੀ ਕਵੀ ਓਮ ਪ੍ਰਕਾਸ਼ ਕੁੱਸਾ ਵੀ ਉਨ੍ਹਾਂ ਦੇ ਨਾਲ ਸੀ। ਦੋਵੇਂ ਜਾ ਕੇ ਵਿਦੇਸ਼ੀ ਜੋੜੇ ਨੂੰ ਪਿੰਡ ਰਾਏਸਰ ਲੈ ਆਏ। ਉਨ੍ਹਾਂ ਗੀਤਾਂ ਦੀ ਰਿਕਾਰਡਿੰਗ ਕੀਤੀ। ਓਮ ਪ੍ਰਕਾਸ਼ ਕੁੱਸਾ ਦੋਵਾਂ ਧਿਰਾਂ ਦੀ ਆਪਸੀ ਗੱਲਬਾਤ ਨੂੰ ਅੰਗਰੇਜ਼ੀ ਵਿਚ ਸਮਝਾ ਰਹੇ ਸੀ। ਵਿਦੇਸ਼ੀ ਜੋੜੇ ਨੂੰ ਦੇਖਣ ਲਈ ਸਾਰਾ ਪਿੰਡ ਮੇਲੇ ਵਾਂਗ ਇਕੱਠਾ ਹੋ ਗਿਆ। ਉਹ ਵਾਰ-ਵਾਰ ਪਾਪਾ ਜੀ ਦੀਆਂ ਫੋਟੋਆਂ ਖਿੱਚ ਰਹੇ ਸਨ ਅਤੇ ਰਿਕਾਡਿੰਗ ਕਰ ਰਹੇ ਸਨ। ਲਹਿਰ ਨਾਲ ਜੁੜੀਆਂ ਗੱਲਾਂ, ਘਟਨਾਵਾਂ ਅਤੇ ਪੁਲਿਸ ਤਸ਼ੱਦਦ ਬਾਰੇ ਜਾਣਕਾਰੀ ਦੇ ਰਹੇ ਸੀ। ਬਾਅਦ ਵਿਚ ਪਤਾ ਲੱਗਾ ਕਿ ਇਹ ਵਿਦੇਸ਼ੀ ਜੋੜਾ ਕਿਸੇ ਜਮੂਹਰੀ ਸੰਸਥਾ ਦਾ ਆਗੂ ਹੈ ਅਤੇ ਪੰਜਾਬ ਅੰਦਰ ਚੱਲ ਰਹੀ ਨਕਸਲੀ ਲਹਿਰ ਬਾਰੇ ਜਾਣਕਾਰੀ ਇਕੱਠੀ ਕਰਨ ਆਇਆ ਸੀ। ਉਨ੍ਹਾਂ ਦੇ ਮਿੱਤਰ ਦੀ ਲਿਖੀ ਚਿੱਠੀ ਅੱਜ ਵੀ ਮੈਨੂੰ ਯਾਦ ਹੈ, "ਉਦਾਸੀ, ਤੂੰ ਵਿਆਹ ਜ਼ਰੂਰ ਪਹੁੰਚਣਾ ਹੈ, ਭਾਵੇਂ ਮੁੰਡੇ ਵਾਲਿਆਂ ਨੇ ਸਦੀਕ (ਗਾਉਣ ਵਾਲਾ) ਲਾਉਣਾ ਹੈ ਪਰ ਅਸੀਂ ਤਾਂ ਉਦਾਸੀ ਹੀ ਸੁਣਨਾ ਹੈ।" ਕਹਾਣੀਕਾਰ ਅਤਰਜੀਤ (ਬਠਿੰਡਾ) ਦੀ ਭੈਣ ਦੇ ਵਿਆਹ 'ਤੇ ਉਹ 'ਸਰਦਲ' ਰਸਾਲੇ ਦਾ ਅੰਕ ਦੇ ਕੇ ਲਾੜੇ-ਲਾੜੀ ਨੂੰ ਅਸ਼ੀਰਵਾਦ ਦੇ ਰਹੇ ਹਨ। ਇਸ ਮੌਕੇ ਦੀ ਫੋਟੋ ਸਾਥੋਂ ਇਕ ਪ੍ਰੈਸ ਵਾਲਾ ਲੈ ਗਿਆ ਅਤੇ ਫੋਟੋ ਹੀ ਗੁਆ ਦਿੱਤੀ। ਉਨ੍ਹਾਂ ਦੀਆਂ ਢੇਰ ਕਿਤਾਬਾਂ, ਮੈਗਜ਼ੀਨ, ਰਸਾਲੇ, ਫੋਟੋਆਂ ਅਤੇ ਡਾਇਰੀ ਵੀ ਜ਼ਿੰਮੇਵਾਰ ਸਾਥੀਆਂ ਤੋਂ ਵਾਪਸ ਨਹੀਂ ਮਿਲੀਆਂ।



*ਸੰਤ ਰਾਮ ਉਦਾਸੀ, ਕੇਵਲ ਕੌਰ ਅਤੇ ਪਾਸ਼ ਸਮਾਗਮ ਦੌਰਾਨ ਕਵਿਤਾਵਾਂ ਪੜ੍ਹਦੇ ਹੋਏ*

ਉਨ੍ਹਾਂ ਦੀ ਲਿਖਤ ਅਤੇ ਵਿਚਾਰਧਾਰਾ ਦੀ ਇੰਨੀ ਪ੍ਰਮਾਣਿਕਤਾ ਅਤੇ ਪ੍ਰਸੰਗਤਾ ਹੈ ਕਿ ਅੱਜ ਵੀ ਕੋਈ ਅਜਿਹਾ ਅਗਾਂਹਵਧੂ ਸਮਾਗਮ ਨਹੀਂ ਹੁੰਦਾ ਜਿਥੇ ਉਨ੍ਹਾਂ ਦੇ ਗੀਤ/ਕਵਿਤਾ ਨਾ ਬੋਲੇ ਜਾਂਦੇ ਹੋਣ। ਲਹਿਰ ਵੇਲੇ ਉਨ੍ਹਾਂ ਦੇ ਨਾਲ ਰਹੀਆਂ ਸਰਗਰਮ ਕੁੜੀਆਂ ਨਾਲ ਮਿਲਣ ਦਾ ਮੌਕਾ ਮੈਨੂੰ ਅਕਸਰ ਹੀ ਮਿਲਦਾ ਰਹਿੰਦਾ ਹੈ। ਪਾਪਾ ਜੀ ਦੇ ਗੀਤਾਂ ਦੇ ਬੋਲ ਅੱਜ ਵੀ ਉਨ੍ਹਾਂ ਦੀ ਜੁਬਾਨ 'ਤੇ ਹਨ। ਪਿਛਲੇ ਸਾਲ (2010) ਜਨਵਰੀ ਵਿਚ ਜੈਪੁਰ (ਰਾਜਸਥਾਨ) ਵਿਚ ਹੋਏ 5ਵੇਂ ਸੰਸਾਰ ਸਾਹਿਤ ਮੇਲੇ (ਵਰਲਡ ਲਿਟਰੇਚਰ ਫੈਸਟੀਵਲ) ਵਿਚ ਪੰਜਾਬੀ ਕਵਿਤਾ ਵਾਲਾ ਸੈਸ਼ਨ ਸੰਤ ਰਾਮ ਉਦਾਸੀ ਅਤੇ ਲਾਲ ਸਿੰਘ ਦਿਲ ਨੂੰ ਸਮਰਪਿਤ ਸੀ। ਪੱਤਰਕਾਰ ਨਿਰੁਪਮਾ ਦੱਤ, ਕਹਾਣੀਕਾਰ ਅਜਮੇਰ ਸਿੱਧੂ ਅਤੇ ਦੇਸ ਰਾਜ ਕਾਲੀ (ਜਲੰਧਰ) ਦੇ ਯਤਨਾਂ ਸਦਕਾ ਮੈਨੂੰ ਵੀ ਉਸ ਸਾਹਿਤਕ ਮੇਲੇ ਵਿਚ ਬੁਲਾਇਆ ਗਿਆ ਸੀ। ਅੰਗਰੇਜ਼ੀ ਅਤੇ ਹਿੰਦੀ ਵਿਚ ਗੱਲਾਂ ਕਰਨ ਵਾਲਾ ਹਰ ਸਰੋਤਾਂ ਉਦਾਸੀ ਦੇ ਗੀਤ ਅਤੇ ਕਵਿਤਾ ਸੁਣ ਕੇ ਸਿਰ ਹਿਲਾ ਰਿਹਾ ਸੀ। ਰੈਡੀਕਲ ਪੀਪਲਜ ਫੋਰਮ ਦੇ ਆਗੂ ਕਾਮਰੇਡ ਸੁਖਦਰਸ਼ਨ ਨੱਤ ਅਕਸਰ ਹੀ ਦਾਅਵਾ ਕਰਦੇ ਹਨ ਕਿ ਉਦਾਸੀ ਦੇ ਗੀਤ, ਲੋਕ ਗੀਤ ਬਣ ਚੁੱਕੇ ਹਨ; ਅੱਜ ਤੀਜੀ ਪੀੜ੍ਹੀ ਦੇ ਅੰਦਰ ਵੀ ਉਨ੍ਹਾਂ ਦੇ ਗੀਤਾਂ ਅਤੇ ਵਿਚਾਰਧਾਰਾ ਦੀ ਉਤਨੀ ਹੀ ਪ੍ਰਸੰਗਤਾ ਹੈ ਜਿੰਨੀ ਅੱਜ ਤੋਂ 40 ਵਰ੍ਹੇ ਪਹਿਲਾਂ ਸੀ। ਉਨ੍ਹਾਂ ਦੀ ਕਵਿਤਾ ਹਰ ਜੁਝਾਰੂ ਵਰਗ ਦੀ ਰਹਿਨੁਮਾਈ ਕਰਦੀ ਹੈ। ਉਨ੍ਹਾਂ ਲਿਖਿਆ ਹੈ:

ਮੇਰੀ ਮੌਤ 'ਤੇ ਨਾ ਰੋਇਓ,
ਮੇਰੀ ਸੋਚ ਨੂੰ ਬਚਾਇਓ।

# ਗੁਰਮਤਿ ਅਤੇ ਅਵਤਾਰਵਾਦ-2

ਡਾ. ਗੁਰਨਾਮ ਕੌਰ

ਅਸੀਂ ਪਿਛਲੇ ਲੇਖ ਵਿਚ ਦੇਖਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਗੁਰੂ ਸਾਹਿਬਾਨ ਦਾ ਅਵਤਾਰਵਾਦ ਪ੍ਰਤੀ ਕੀ ਨੁਕਤਾ-ਨਿਗਾਹ ਹੈ। ਇਹ ਬਹੁਤ ਹੀ ਸਪਸਟ ਸਬਦਾਂ ਵਿਚ ਪ੍ਰਾਪਤ ਹੈ, ਖਾਸ ਕਰਕੇ ਵਿਸ਼ਨੂੰ ਦੇ ਦੋ ਪ੍ਰਸਿੱਧ ਅਵਤਾਰਾਂ ਰਾਮ ਅਤੇ ਕ੍ਰਿਸ਼ਨ ਪ੍ਰਤੀ, ਜਿਨ੍ਹਾਂ ਨੂੰ ਗੁਰਬਾਣੀ ਅਨੁਸਾਰ ਆਮ ਰਾਜੇ ਕਰਕੇ ਮੰਨਿਆ ਗਿਆ ਹੈ, ਜੋ ਆਮ ਰਾਜਿਆਂ ਦੀ ਤਰ੍ਹਾਂ ਹੀ ਲੜਾਈਆਂ ਕਰਦੇ ਰਹੇ ਅਤੇ ਜਿਨ੍ਹਾਂ ਨੂੰ ਉਨ੍ਹਾਂ ਵਾਂਗ ਹੀ ਕ੍ਰੋਧ ਆਦਿ ਆਉਂਦਾ ਰਿਹਾ। ਕਹਿਣ ਤੋਂ ਭਾਵ ਹੈ ਕਿ ਉਹ ਪਰਮਾਤਮਾ ਨਹੀਂ ਸਨ।

ਪਹਿਲਾਂ ਵੀ ਚਰਚਾ ਕੀਤੀ ਜਾ ਚੁੱਕੀ ਹੈ ਕਿ 'ਅਕਾਲ ਉਸਤਤਿ' ਨੂੰ ਸਿੱਖ ਜਗਤ ਵੱਲੋਂ ਗੁਰੂ ਗੋਬਿੰਦ ਸਿੰਘ ਦੀ ਰਚਨਾ ਮੰਨਿਆ ਗਿਆ ਹੈ ਅਤੇ ਇਹ ਕਿੰਤੂ-ਮੁਕਤਿ ਰਚਨਾਵਾਂ ਵਿਚ ਸ਼ਾਮਲ ਹੈ। 'ਅਕਾਲ ਉਸਤਤਿ' ਵਿਚ ਅਵਤਾਰਵਾਦ ਸਬੰਧੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੀ ਹੀ ਪ੍ਰੋੜਤਾ ਹੁੰਦੀ ਨਜ਼ਰ ਆਉਂਦੀ ਹੈ। ਗੁਰੂ ਗੋਬਿੰਦ ਸਿੰਘ ਨੇ 'ਅਕਾਲ ਉਸਤਤਿ' ਵਿਚ ਜ਼ਿਕਰ ਕੀਤਾ ਹੈ ਕਿ ਪਰਮਾਤਮਾ ਨੇ ਬਹੁਤ ਸਾਰੇ ਦੇਵਤੇ ਜਿਵੇਂ ਇੰਦਰ, ਉਪਿੰਦਰ, ਬ੍ਰਹਮਾ ਅਤੇ ਰੁਦ੍ਰ ਆਦਿ ਪੈਦਾ ਕੀਤੇ ਅਤੇ ਫਿਰ ਉਨ੍ਹਾਂ ਨੂੰ ਆਪ ਹੀ ਖਤਮ ਕਰ ਦਿੱਤਾ, 'ਕੋਟਿ ਇੰਦ੍ਰ ਉਪਇੰਦ੍ਰ ਬਨਾਏ॥ ਬ੍ਰਹਮਾ ਰੁਦ੍ਰ ਉਪਾਇ ਖਪਾਏ॥' ਗੁਰੂ ਸਾਹਿਬ ਅੱਗੇ ਫੁਰਮਾਉਂਦੇ ਹਨ ਕਿ ਸ਼ਿਵ ਇਸ ਦੁਨੀਆਂ 'ਤੇ ਆਇਆ, ਚਲਾ ਗਿਆ ਅਤੇ ਫਿਰ ਆਇਆ। ਕ੍ਰਿਸ਼ਨ ਅਤੇ ਰਾਮਚੰਦਰ ਵਰਗੇ ਵੀ ਅਨੇਕ ਅਵਤਾਰ ਹੋਏ ਹਨ। ਅਨੇਕਾਂ ਹੀ ਸ਼ਿਵ, ਬ੍ਰਹਮਾ ਅਤੇ ਪੁਰਾਣ ਰਚੇ ਗਏ ਹਨ। ਸਾਰੇ ਇਸ ਦੁਨੀਆਂ 'ਤੇ ਆਉਂਦੇ-ਜਾਂਦੇ ਰਹੇ ਹਨ। ਅਨੇਕਾਂ ਹੀ ਅਸ਼ਵਨੀ ਕੁਮਾਰ ਅਤੇ ਹੰਸ ਅਵਤਾਰ ਹੋਏ ਹਨ। ਸਾਰੇ ਇਸ ਧਰਤੀ 'ਤੇ ਰਹੇ ਅਤੇ ਇਸ ਧਰਤੀ ਵਿਚ ਹੀ ਸਮਾ ਗਏ। ਸਾਰੇ ਹੀ ਆਮ ਆਦਮੀਆਂ ਦੀ ਤਰ੍ਹਾਂ ਮੌਤ ਦੀ ਗੋਦ ਵਿਚ ਜਾ ਬੈਠੇ ਭਾਵੇਂ ਉਹ ਕਿੱਡੇ ਵੱਡੇ ਵੀ ਪੈਗੰਬਰ ਜਾਂ ਅਵਤਾਰ ਅਖਵਾਉਂਦੇ ਹਨ:



ਡਾ. ਗੁਰਨਾਮ ਕੌਰ

ਏਕ ਸਿਵ ਭਏ ਏਕ ਗਏ
ਏਕ ਫੇਰ ਭਏ ਰਾਮ ਚੰਦ੍ਰ
ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈਂ॥
ਬ੍ਰਹਮਾ ਅਰੁ ਬਿਸਨੁ ਕੇਤੇ
ਬੇਦ ਔ ਪੁਰਾਨ ਕੇਤੇ
ਸਿੰਮ੍ਰਿਤ ਸਮੂਹਨ ਕੈ
ਹੁਇ ਹੁਇ ਬਿਤਏ ਹੈਂ॥
ਮੋਨਦੀ ਮਦਾਰ ਕੇਤੇ
ਅਸੁਨੀ ਕੁਮਾਰ ਕੇਤੇ
ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥
ਪੀਰ ਔ ਪਿਕਾਂਬਰ ਕੇਤੇ
ਗਨੇ ਨ ਪਰਤ ਏਤੇ
ਭੂਮਿ ਹੀ ਤੇ ਹੁਇ ਕੈ
ਫੇਰਿ ਭੂਮਿ ਹੀ ਮਿਲਏ ਹੈਂ॥7॥77॥

ਗੁਰੂ ਸਾਹਿਬ ਅਨੁਸਾਰ ਰਾਮ, ਕ੍ਰਿਸ਼ਨ ਅਤੇ ਰਸੂਲ ਜੋ ਵੀ ਹੋਣ, ਕੋਈ ਵੀ ਅਕਾਲ ਪੁਰਖ ਦੇ ਨਾਮ ਦੀ ਭਗਤੀ ਤੋਂ ਬਿਨਾਂ ਉਸ ਦੇ ਸਾਹਮਣੇ ਮਕਬੂਲ ਨਹੀਂ ਹੁੰਦਾ,

ਜਿਹ ਕੋਟਿ ਇੰਦ੍ਰ ਨ੍ਰਿਪਾਰ॥
ਕਈ ਬ੍ਰਹਮ ਬਿਸਨ ਬਿਚਾਰ॥
ਕਈ ਰਾਮ ਕ੍ਰਿਸਨ ਰਸੂਲ॥
ਬਿਨ ਭਗਤ ਕੋ ਨ ਕਬੂਲ॥

ਇਸ ਸਿਧਾਂਤ ਨੂੰ ਵਾਰ ਵਾਰ ਦ੍ਰਿੜ ਕਰਵਾਇਆ ਹੈ ਕਿ ਪਰਮਾਤਮਾ ਆਪ ਅਗਾਧ ਅਤੇ ਅਭੈ ਹੈ ਭਾਵ ਉਹ ਅਸੀਮ ਹੈ ਅਤੇ ਭੈ ਰਹਿਤ ਹੈ। ਆਦਿ ਅਤੇ ਅਦਵੈ ਹੈ, ਇਸ ਰਚਨਾ ਦੇ ਆਦਿ ਵਿਚ ਹੈ ਅਤੇ ਅਬਿਨਾਸ਼ੀ ਹੈ ਭਾਵ ਉਸ ਦਾ ਨਾਸ਼ ਨਹੀਂ ਹੁੰਦਾ, ਉਹ ਜਨਮਦਾ ਅਤੇ ਮਰਦਾ ਨਹੀਂ, ਉਸ ਦਾ ਕੋਈ ਰੰਗ ਜਾਂ ਜ਼ਾਤ ਨਹੀਂ ਹੈ। ਪਰ ਕ੍ਰਿਸ਼ਨ ਵਰਗੇ ਇੱਕ ਨਹੀਂ ਸਗੋਂ ਉਸ ਨੇ ਅਨੇਕਾਂ ਹੀ ਪਹਿਲਾਂ ਘੜੇ ਅਤੇ ਫਿਰ ਮਿਟਾ ਦਿੱਤੇ (ਕ੍ਰਿਸ਼ਨ ਯਾਦਵ ਵੰਸ਼ ਵਿਚ ਪੈਦਾ ਹੋਇਆ ਸੀ ਅਤੇ ਉਸ ਦਾ ਵਰਣ ਵੈਸ਼ ਸੀ)। ਅਕਾਲ ਪੁਰਖ ਆਪ ਪਰਮ, ਪੂਰਣ ਅਪਰੰਪਰ ਅਤੇ ਪ੍ਰਕਾਸ਼ ਹੈ:

ਕਿਤੇ ਕ੍ਰਿਸਨ ਸੇ ਕੀਟ ਕੋਟੈ ਉਪਾਏ॥
ਉਸਾਰੇ ਗੜ੍ਹੇ ਫੇਰਿ ਮੇਟੇ ਬਨਾਏ॥
ਅਗਾਧਿ ਅਭੈ ਆਦਿ ਅਦਵੈ ਅਬਿਨਾਸੀ॥
ਪਰੇਅੰ ਪਰਾ ਪਰਮ ਪੂ੍ਰਗਿਆ ਪ੍ਰਕਾਸੀ॥96॥
ਨ ਆਧੰ ਨ ਬਿਆਧੰ ਅਗਾਧੰ ਸਰੂਪੇ॥
ਅਖੰਡਿਤ ਪ੍ਰਤਾਪ ਆਦਿ ਅੱਛੇ ਬਿਭੂਤੇ॥
ਨ ਜਨਮੰ ਨ ਮਰਨੰ ਨ ਬਰਨੰ ਬਿਆਧੇ॥
ਅਖੰਡੇ ਪਰਚੰਡੇ ਅਦੰਡੇ ਅਸਾਧੇ॥97॥

ਇਸ ਤਰ੍ਹਾਂ ਅਸੀਂ ਦੇਖਿਆ ਹੈ ਕਿ ਗੁਰੂ ਗ੍ਰੰਥ ਸਾਹਿਬ, ਜੋ ਕਿ ਸਿੱਖ ਧਰਮ ਚਿੰਤਨ ਦਾ ਨਾ ਕੇਵਲ ਮੁਢਲਾ ਸ੍ਰੋਤ ਹੈ ਸਗੋਂ ਸ਼ਬਦ ਗੁਰੂ ਵੀ ਹੈ, ਵਿਚ ਪਰਮਾਤਮਾ ਦੇ ਕਿਸੇ ਵੀ ਅਵਤਾਰ ਦੇ ਰੂਪ ਵਿਚ ਜਨਮ ਲੈਣ ਦੇ ਸਿਧਾਂਤ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਗਿਆ ਹੈ ਅਤੇ ਅਕਾਲ ਉਸਤਤਿ ਵਿਚ ਵੀ ਇਸ ਸਿਧਾਂਤ ਨੂੰ ਮੁੱਢੋਂ ਸੁੱਢੋਂ ਖਾਰਜ ਕਰ ਦਿੱਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਅਤੇ 'ਅਕਾਲ ਉਸਤਤਿ' ਵਿਚ ਵੀ ਇਸ ਸਿਧਾਂਤ ਨੂੰ ਨਕਾਰਦਿਆਂ ਵਿਸ਼ਨੂੰ ਦੇ ਦੋ ਖਾਸ ਅਵਤਾਰਾਂ-ਰਾਮ ਚੰਦਰ ਅਤੇ ਕ੍ਰਿਸ਼ਨ ਦਾ ਹਵਾਲਾ ਵਿਸ਼ੇਸ਼ ਤੌਰ 'ਤੇ ਦਿੱਤਾ ਗਿਆ ਹੈ। ਜਾਪੁ ਸਾਹਿਬ ਦੇ ਸ਼ੁਰੂ ਵਿਚ ਹੀ ਪਰਮਾਤਮਾ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਉਸ ਦਾ ਕੋਈ ਵਿਸ਼ੇਸ਼ ਸਰੀਰਕ ਆਕਾਰ ਨਹੀਂ ਹੈ, ਉਸ ਦਾ ਕੋਈ ਰੰਗ ਜਾਂ ਵਰਣ, ਜ਼ਾਤ ਜਾਂ ਗੋਤ ਨਹੀਂ ਹੈ। ਕੋਈ ਵੀ ਉਸ ਦੇ ਨੈਣ-ਨਕਸ਼ ਜਾਂ ਰੰਗ ਦਾ ਬਿਆਨ ਨਹੀਂ ਕਰ ਸਕਦਾ ਕਿ ਉਹ ਕਿਹੋ ਜਿਹੇ ਹਨ। ਉਸ ਨੂੰ 'ਅਚਲ ਮੂਰਤਿ' ਅਤੇ 'ਅਨਭਉ ਪ੍ਰਕਾਸ' ਕਿਹਾ ਹੈ ਅਤੇ ਉਹ ਸਵੈ-ਪ੍ਰਕਾਸ਼ਿਤ ਹੈ, ਅਸੀਮ ਹੈ, ਅਥਾਹ ਹੈ ਜਿਸ ਦੀ ਥਾਹ ਨਹੀਂ ਪਾਈ ਜਾ ਸਕਦੀ। ਉਹ ਕਰੋੜਾਂ ਇੰਦਰਾਂ ਅਤੇ ਰਾਜਿਆਂ ਦਾ ਸੁਆਮੀ ਹੈ, ਅਨੇਕਾਂ ਬ੍ਰਹਮੰਡਾਂ ਅਤੇ ਜੀਵਾਂ ਦਾ ਮਾਲਕ ਹੈ। ਤਿੰਨਾਂ ਭਵਨਾਂ ਦੇ ਮਾਲਕ ਨੂੰ ਸਭ ਇਹੀ ਕਹਿ ਕੇ ਦਰਸਾ ਰਹੇ ਹਨ ਕਿ 'ਉਹ ਇਹ ਵੀ ਨਹੀਂ ਹੈ, ਇਹ ਵੀ ਨਹੀਂ' ਜਿਸ ਦਾ ਅਰਥ ਇਹੀ ਬਣਦਾ ਹੈ ਕਿ ਉਸ ਦਾ ਸ਼ਬਦਾਂ ਵਿਚ ਵਰਣਨ ਨਹੀਂ ਕੀਤਾ ਜਾ ਸਕਦਾ। ਉਸ ਦੇ ਸਾਰੇ ਨਾਮ ਦੱਸੇ ਨਹੀਂ ਜਾ ਸਕਦੇ, ਉਸ ਦੇ ਕਿਰਤਮ ਨਾਂਵਾਂ ਦਾ ਹੀ ਜ਼ਿਕਰ ਕੀਤਾ ਜਾ ਸਕਦਾ ਹੈ:

ਚੱਕ੍ਰ ਚਿਹਨ ਅਰੁ ਬਰਨ ਜਾਤਿ
ਅਰੁ ਪਾਤਿ ਨਹਿਨ ਜਿਹ॥
ਰੂਪ ਰੰਗ ਅਰੁ ਰੇਖ ਭੇਖ
ਕੋਊ ਕਹਿ ਨ ਸਕਤਿ ਕਿਹ॥
ਅਚਲ ਮੂਰਤਿ ਅਨਭਉ ਪ੍ਰਕਾਸ
ਅਮਿਤੋਜ ਕਹਿਜੈ॥
ਕੋਟਿ ਇੰਦ੍ਰ ਇੰਦ੍ਰਾਣਿ
ਸਾਹੁ ਸਾਹਾਣਿ ਗਣਿਜੈ॥
ਤ੍ਰਿਭਵਣ ਮਹੀਪ ਸੁਰ ਨਰ
ਅਸੁਰ ਨੇਤਿ ਨੇਤਿ ਬਣ ਤ੍ਰਿਣ ਕਹਤ॥
ਤਵ ਸਰਬ ਨਾਮ ਕਥੈ ਕਵਨ
ਕਰਮ ਨਾਮ ਬਰਣਤ ਸੁਮਤਿ॥

'ਰਿਗ ਵੇਦ ਤੋਂ ਦਸਮ ਗ੍ਰੰਥ ਤੱਕ' ਵਿਚ ਲੇਖਕ ਨੇ ਆਖ਼ਰੀ ਲੇਖ ਵਿਚ ਦੋ ਨੁਕਤੇ ਪੇਸ਼ ਕਰਦਿਆਂ ਬਹੁਤ ਹੀ ਸੂਖਮ ਤਰੀਕੇ ਨਾਲ ਵੈਦਿਕ ਵਿਚਾਰਧਾਰਾ ਨਾਲ ਗੁਰਮਤਿ ਵਿਚਾਰਧਾਰਾ ਨੂੰ ਰਲਗੱਡ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਹਿਲਾ ਨੁਕਤਾ ਹੈ, "ਸਿੱਖ ਧਰਮ ਦੀ ਸੰਸਥਾਪਨਾ ਅਤੇ ਗੁਰੂ ਗ੍ਰੰਥ ਸਾਹਿਬ ਦੇ ਸੰਕਲਪ-ਸੰਪਾਦਨ ਨੇ ਉਤਰੀ ਭਾਰਤ ਦੇ ਵੈਚਾਰਿਕ ਜਗਤ ਵਿਚ ਇਕ ਨਵਾਂ ਮੋੜ ਲੈ ਆਂਦਾ। ਲੋਕਾਂ ਨੂੰ ਅਵਤਾਰਵਾਦ, ਕਰਮਕਾਂਡ, ਜਾਤੀਵਾਦ ਆਦਿ ਸਿਧਾਂਤਾਂ ਤੋਂ ਛੁਟਕਾਰਾ ਪ੍ਰਾਪਤ ਹੋਇਆ। ਗੁਰੂ ਸਾਹਿਬਾਨ ਨੇ ਵੇਦ ਵੇਦਾਂਗਾਂ ਨੂੰ ਬੇਸ਼ੱਕ ਕਥਾ ਕਹਾਣੀਆਂ ਤੇ ਪਾਪ ਪੁੰਨ ਨਿਰੂਪਣ ਦਾ ਸਰੋਤ ਹੀ ਮੰਨਿਆ ਅਤੇ ਇਨ੍ਹਾਂ ਗ੍ਰੰਥਾਂ ਵਿਚ ਆਏ ਬਿਰਤਾਂਤਾਂ ਨੂੰ ਬਹੁਤੀ ਮਹੱਤਤਾ ਨਹੀਂ ਦਿੱਤੀ ਪਰ ਫਿਰ ਵੀ ਵੇਦਾਂ ਵਿਚਲੇ ਨਾਮ ਤੱਤ ਨੂੰ ਜਣਨ ਬੁੱਝਣ ਦੀ ਪ੍ਰੇਰਨਾ ਦੇਣ ਤੋਂ ਗੁਰੇਜ਼ ਵੀ ਨਹੀਂ।" ਇਸ ਪਹਿਲੇ ਨੁਕਤੇ ਵਿਚਲੇ ਕਥਨ ਦੇ ਇੱਕ ਹਿੱਸੇ 'ਅਵਤਾਰਵਾਦ' ਦਾ ਲੇਖਕ ਨੇ ਅੱਗੇ ਚੱਲ ਕੇ ਆਪ ਹੀ ਵਿਰੋਧ ਕਰ ਦਿੱਤਾ ਹੈ ਜਦੋਂ ਉਹ ਦਸਮ ਗ੍ਰੰਥ ਵਿਚਲੀਆਂ ਸਾਰੀਆਂ ਰਚਨਾਵਾਂ, ਸਮੇਤ ਅਵਤਾਰਵਾਦ, ਨੂੰ ਖਾਸ ਨੁਕਤਾ ਨਿਗਾਹ ਤੋਂ ਸਮਝਣ ਦੀ ਗੁਜ਼ਾਰਿਸ਼ ਕਰਦਾ ਹੈ। ਇਹ ਅਸੀਂ ਅਗਲੇ ਨੁਕਤੇ ਵਿਚ ਦੇਖਾਂਗੇ।

ਜਿਥੋਂ ਤੱਕ ਵੇਦਾਂ ਵਿਚਲੇ ਨਾਮ-ਤੱਤ ਨੂੰ ਸਮਝਣ-ਸਮਝਾਉਣ ਦੀ ਗੱਲ ਹੈ ਵੇਦਾਂ ਵਿਚ ਮੰਤ੍ਰ-ਸਿੱਧੀ ਤੇ ਜ਼ੋਰ ਦਿੱਤਾ ਗਿਆ ਹੈ। ਵੱਖ ਵੱਖ ਕਾਰਜਾਂ ਦੀ ਪੂਰਤੀ ਹਿੱਤ ਵੱਖ-ਵੱਖ ਸਮਿਆਂ ਤੇ ਕੀਤੇ ਜਾਣ ਵਾਲੇ ਹੋਮ-ਯੱਗ ਦੇ ਵਿਧੀ-ਵਿਧਾਨ ਅਤੇ ਵੱਖ ਵੱਖ ਸਮਿਆਂ ਤੇ ਕੀਤੀਆਂ ਜਾਣ ਵਾਲੀਆਂ ਪੂਜਾ ਵਿਧੀਆਂ ਦਾ ਗਿਆਨ ਤਾਂ ਮਿਲਦਾ ਹੈ ਪਰ ਨਾਮ ਸਿਮਰਨ ਵਰਗਾ ਕੋਈ ਸਿਧਾਂਤ ਸਪਸ਼ਟ ਰੂਪ ਵਿਚ ਪ੍ਰਾਪਤ ਨਹੀਂ ਹੈ। 'ਸਤਿਨਾਮ' ਦਾ ਮੰਤਰ ਤਾਂ ਗੁਰੂ ਨਾਨਕ ਪਾਤਿਸ਼ਾਹ ਅਤੇ ਉਨ੍ਹਾਂ ਦੇ ਉਤਰ-ਅਧਿਕਾਰੀ ਗੁਰੂ ਸਾਹਿਬਾਨ ਨੇ ਹੀ ਪੜ੍ਹਾਇਆ ਹੈ ਜਾਂ ਨਾਮ ਸਿਮਰਨ ਦਾ ਉਪਰਾਲਾ ਭਗਤੀ ਲਹਿਰ ਦੇ ਭਗਤਾਂ ਨੇ ਕੀਤਾ ਅਤੇ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਵੀ ਕੀਤੀ ਗਈ ਕਿਉਂਕਿ ਉਨ੍ਹਾਂ ਦੇ ਸਿਧਾਂਤ ਗੁਰੂ ਸਾਹਿਬਾਨ ਦੇ ਸਿਧਾਂਤਾਂ ਨਾਲ ਮੇਲ ਖਾਂਦੇ ਹਨ। ਭਗਤਾਂ ਦੀ ਬਾਣੀ ਨੂੰ ਸ਼ਾਮਲ ਕਰਨ ਵੇਲੇ ਧਰਮ, ਜ਼ਾਤ ਜਾਂ ਕੋਈ ਹੋਰ ਕਿਸੇ ਕਿਸਮ ਦਾ ਫਰਕ ਨਹੀਂ ਕੀਤਾ। ਹਰ ਜ਼ਾਤ ਦੇ ਭਗਤਾਂ ਦੀ ਬਾਣੀ ਸ਼ਾਮਲ ਕੀਤੀ ਗਈ, ਜਿਨ੍ਹਾਂ ਦੀ ਬਾਣੀ ਗੁਰਬਾਣੀ ਨਾਲ ਸਿਧਾਂਤਕ ਮੇਲ ਖਾਂਦੀ ਸੀ। ਇਨ੍ਹਾਂ ਵਿਚ ਬਾਬਾ ਫ਼ਰੀਦ ਵਰਗੇ ਸੂਫੀ ਸੰਤ ਦੀ ਬਾਣੀ ਵੀ ਸ਼ਾਮਲ ਹੈ ਜਿਹੜੇ ਇਸਲਾਮ ਨੂੰ ਮੰਨਣ ਵਾਲੇ ਹਨ ਅਤੇ ਕਹਿੰਦੇ ਹਨ, "ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥ ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ॥70॥ ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰ॥ ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥71॥(ਪੰ.1381)" ਜਿਥੋਂ ਤੱਕ ਸ਼ਬਦਾਵਲੀ ਦਾ ਤੁਅੱਲਕ ਹੈ ਇਸ ਬਾਰੇ ਪਹਿਲਾਂ ਵੀ ਚਰਚਾ ਕੀਤੀ ਜਾ ਚੁੱਕੀ ਹੈ ਕਿ ਜਿਸ ਬੋਲੀ ਵਿਚ ਰਚਨਾ ਕੀਤੀ ਜਾਂਦੀ ਹੈ, ਉਸ ਬੋਲੀ ਦੇ ਸਭਿਆਚਾਰ ਵਿਚੋਂ ਹੀ ਸ਼ਬਦਾਵਲੀ ਲਈ ਜਾਣੀ ਹੁੰਦੀ ਹੈ ਪਰ ਉਸ ਦੇ ਅਰਥ ਰਚਨਾਕਾਰ ਮੁਤਾਬਕ ਬਦਲ ਜਾਂਦੇ ਹਨ। ਉਦਾਹਰਣ ਲਈ 'ਗੋਬਿੰਦ' ਸ਼ਬਦ ਗੁਰਬਾਣੀ ਵਿਚ ਪਰਮਾਤਮਾ ਲਈ ਆਇਆ ਹੈ ਪਰ ਆਪਣੇ ਪ੍ਰਚਲਿਤ ਰੂਪ ਵਿਚ ਇਹ ਕ੍ਰਿਸ਼ਨ ਲਈ ਵਰਤਿਆ ਜਾਂਦਾ ਰਿਹਾ ਹੈ। ਇਸੇ ਤਰ੍ਹਾਂ 'ਬੀਠਲ' ਸ਼ਬਦ ਮਰਾਠੀ ਵਿਚ ਖਾਸ ਅਰਥ ਰੱਖਦਾ ਹੈ ਪਰ ਭਗਤ ਨਾਮ ਦੇਵ ਜੀ ਨੇ ਇਸ ਨੂੰ ਪਰਮਾਤਮਾ ਦੇ ਅਰਥਾਂ ਵਿਚ ਵਰਤਿਆ ਹੈ।

## ਗੁਰਮਤਿ ਚਿੰਤਨ

ਲੇਖਕ ਦਾ ਦੂਸਰਾ ਨੁਕਤਾ ਜੋ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ, "ਜਿਹੜੀਆਂ ਰਚਨਾਵਾਂ ਭਾਰਤੀ ਨਾਇਕਾਂ ਨੂੰ ਇੱਕ ਨਵੇਂ ਹੀ ਰੂਪ ਵਿਚ ਪੇਸ਼ ਕਰਦੀਆਂ ਹਨ, 'ਚਉਬੀਸ ਅਉਤਾਰ' ਉਨ੍ਹਾਂ ਵਿਚੋਂ ਇੱਕ ਹੈ। ਸਿੱਖ ਗੁਰੂ ਸਾਹਿਬਾਨ ਤਤਕਾਲੀਨ ਹਾਲਾਤ ਨਾਲ ਭਾਵੇਂ ਸਨਮੁਖ ਹੋ ਕੇ ਜੂਝ ਰਹੇ ਸਨ ਕਿ ਭਾਰਤ ਦੇ ਛੋਟੇ ਜਿਹੇ ਹਿੱਸੇ ਵਿਚ ਭਾਵੇਂ ਉਨ੍ਹਾਂ ਨੇ ਸਫਲਤਾ ਵੀ ਪ੍ਰਾਪਤ ਕਰ ਲਈ ਸੀ ਪਰ ਫਿਰ ਵੀ ਇਹ ਕਿਹਾ ਜਾ ਸਕਦਾ ਹੈ ਕਿ ਭਾਰਤੀ ਸੰਸਕ੍ਰਿਤੀ ਦੀ ਜੀਵਨ-ਸ਼ਕਤੀ, ਸਵੈਮਾਨ ਅਤੇ ਧਾਰਮਿਕ ਆਜ਼ਾਦੀ ਬਹੁਤ ਹੀ ਹੇਠਲੀ ਪੱਧਰ 'ਤੇ ਦਮ ਤੋੜ ਰਹੀ ਸੀ ਅਤੇ ਇਤਿਹਾਸ ਗਵਾਹ ਹੈ ਕਿ ਮਧਕਾਲ ਵਿਚ ਧਰਮ ਪਰਿਵਰਤਨ ਰੂਪੀ ਤਲਵਾਰ ਹਰ ਭਾਰਤੀ ਦੇ ਸਿਰ ਉਤੇ ਸਦਾ ਲਟਕਦੀ ਰਹਿੰਦੀ ਸੀ। ਦਸਮ ਗ੍ਰੰਥ ਇਕ ਜਟਿਲ ਸਾਹਿਤਕ ਰਚਨਾ ਹੈ ਜਿਸ ਵਿਚ ਭਗਤੀ ਅਤੇ ਸ਼ਕਤੀ ਦੇ ਸਿਧਾਂਤ ਨੂੰ ਢਾਈ ਸੌ ਕਿਸਮ ਦੇ ਵੱਖਰੇ-ਵੱਖਰੇ ਛੰਦਾਂ ਰਾਹੀਂ ਬੜੇ ਪ੍ਰਭਾਵਸ਼ਾਲੀ ਸੁਨਿਯੋਜਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਜਿਵੇਂ ਕਿ ਉਪਰ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਚਉਬੀਸ ਅਉਤਾਰ ਰਚਨਾਵਾਂ ਦਾ ਇਕ ਆਪਣਾ ਉਪਯੋਗਿਤਾਵਾਦੀ ਦ੍ਰਿਸ਼ਟੀਕੋਣ ਹੈ, ਇਸੇ ਤਰ੍ਹਾਂ ਹੀ ਦਸਮ ਗ੍ਰੰਥ ਦੀਆਂ ਦੂਜੀਆਂ ਰਚਨਾਵਾਂ ਨੂੰ ਵੀ ਸਮਝਿਆ ਜਾ ਸਕਦਾ ਹੈ।" ਦਸਮ ਗ੍ਰੰਥ ਦੀਆਂ ਬਾਕੀ ਰਚਨਾਵਾਂ ਦੀ ਫੇਰ ਕਦੀ ਗੱਲ ਕਰਾਂਗੇ ਪਰ ਡਾ. ਜੋਧ ਸਿੰਘ ਦੀ ਹੁਣੇ ਦਿੱਤੀ ਟਿਪਣੀ ਦੀ ਰੋਸ਼ਨੀ 'ਚ 'ਚੌਬੀਸ ਅਉਤਾਰ' ਦੀ ਗੱਲ ਕਰਦੇ ਹਾਂ।

> **ਗੁਰੂ ਗ੍ਰੰਥ ਸਾਹਿਬ, ਜੋ ਕਿ ਸਿੱਖ ਧਰਮ ਚਿੰਤਨ ਦਾ ਨਾ ਕੇਵਲ ਮੁਢਲਾ ਸ੍ਰੋਤ ਹੈ ਸਗੋਂ ਸ਼ਬਦ ਗੁਰੂ ਵੀ ਹੈ, ਵਿਚ ਪਰਮਾਤਮਾ ਦੇ ਕਿਸੇ ਵੀ ਅਵਤਾਰ ਦੇ ਰੂਪ ਵਿਚ ਜਨਮ ਲੈਣ ਦੇ ਸਿਧਾਂਤ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਗਿਆ ਹੈ ਅਤੇ ਅਕਾਲ ਉਸਤਤਿ ਵਿਚ ਵੀ ਇਸ ਸਿਧਾਂਤ ਨੂੰ ਮੁੱਢੋਂ ਸੁੱਢੋਂ ਖਾਰਜ ਕਰ ਦਿੱਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਅਤੇ 'ਅਕਾਲ ਉਸਤਤਿ' ਵਿਚ ਵੀ ਇਸ ਸਿਧਾਂਤ ਨੂੰ ਨਕਾਰਦਿਆਂ ਵਿਸ਼ਨੂੰ ਦੇ ਦੋ ਖਾਸ ਅਵਤਾਰਾਂ-ਰਾਮ ਚੰਦਰ ਅਤੇ ਕ੍ਰਿਸ਼ਨ ਦਾ ਹਵਾਲਾ ਵਿਸ਼ੇਸ਼ ਤੌਰ 'ਤੇ ਦਿੱਤਾ ਗਿਆ ਹੈ।**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਜਾਪੁ ਸਾਹਿਬ ਅਤੇ ਅਕਾਲ ਉਸਤਤਿ ਵਿਚ ਅਵਤਾਰਾਂ ਸਬੰਧੀ ਦਿੱਤੇ ਵਿਚਾਰਾਂ ਦਾ ਅਧਿਐਨ ਕਰਨ ਉਪਰੰਤ ਅਸੀਂ ਇਹ ਨਤੀਜਾ ਨਹੀਂ ਕੱਢ ਸਕਦੇ ਕਿ 'ਚਉਬੀਸ ਅਉਤਾਰ' ਵਰਗੀ ਰਚਨਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖਾਸ ਕਰਕੇ ਰਾਮ ਅਵਤਾਰ ਅਤੇ ਕ੍ਰਿਸ਼ਨ ਅਵਤਾਰ ਵਰਗਾ ਸਾਹਿਤ ਸਿੱਖਾਂ ਵਿਚ 'ਭਗਤੀ ਅਤੇ ਸ਼ਕਤੀ' ਦੇ ਸਿਧਾਂਤ ਨੂੰ 'ਦ੍ਰਿੜ ਕਰਾਉਣ ਲਈ' ਪ੍ਰਭਾਵਸ਼ਾਲੀ ਸੁਨਿਯੋਜਤ ਢੰਗ ਨਾਲ ਪੇਸ਼ ਕੀਤਾ ਹੈ। ਜਦਕਿ ਇਹ ਸਿੱਖ ਸਿਧਾਂਤਾਂ ਅਤੇ ਅਸੂਲਾਂ ਦੋਹਾਂ ਦੇ ਹੀ ਖਿਲਾਫ ਹੈ। ਜਿਥੋਂ ਤੱਕ ਭਗਤੀ ਦਾ ਸਵਾਲ ਹੈ ਅਸੀਂ ਜਾਣਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਅਤੇ 'ਅਕਾਲ ਉਸਤਤਿ' ਵਿਚ ਇੱਕ ਅਕਾਲ ਪੁਰਖ ਵਾਹਿਗੁਰੂ ਦੀ ਭਗਤੀ ਕਰਨ ਦੀ ਪ੍ਰੇਰਨਾ ਕੀਤੀ ਹੈ ਜਦ ਕਿ ਅਵਤਾਰਵਾਦ ਕਿਸੇ ਖਾਸ ਅਵਤਾਰ ਦੀ ਭਗਤੀ ਜਿਵੇਂ ਰਾਮ ਜਾਂ ਕ੍ਰਿਸ਼ਨ ਨੂੰ ਧਿਆਉਣ ਤੇ ਜ਼ੋਰ ਦਿੰਦਾ ਹੈ। 'ਚੌਬੀਸ ਅਵਤਾਰ' ਦੀ ਅੰਦਰਲੀ ਗਵਾਹੀ ਅਨੁਸਾਰ ਇਹ ਰਚਨਾਵਾਂ ਕਿਸੇ ਰਾਮ ਅਤੇ ਸ਼ਿਆਮ ਕਵੀਆਂ ਦੀਆਂ ਹਨ ਜਿਵੇਂ ਕਿ ਸ਼ੁਰੂ ਵਿਚ ਹੀ ਕਿਹਾ ਹੈ 'ਮੈਂ ਹੁਣ ਚੌਵੀ ਅਵਤਾਰਾਂ ਦੀ ਕਥਾ ਸੁਣਾਉਂਦਾ ਹਾਂ ਜਿਵੇਂ ਮੈਂ ਉਨ੍ਹਾਂ ਦੇ ਕਰਤਵ ਦੇਖੇ ਹਨ। ਸੰਤੋ ਧਿਆਨ ਨਾਲ ਸੁਣੋ, ਸਯਾਮ ਆਪਣੀ ਬੁੱਧੀ ਅਨੁਸਾਰ ਵਰਣਨ ਕਰਨ ਲੱਗਾ ਹੈ।' ਇਥੇ ਧਿਆਨ ਦੇਣ ਯੋਗ ਗੱਲ ਇਹ ਵੀ ਹੈ ਕਿ ਪਰਮਾਤਮਾ ਨੂੰ 'ਅਕਾਲ ਉਸਤਤਿ' ਵਿਚ 'ਅਕਾਲ' ਕਿਹਾ ਹੈ ਪਰ ਇਥੇ 'ਕਾਲ ਪੁਰਖ' ਕਿਹਾ ਹੈ। 'ਅਕਾਲ' ਦਾ ਅਰਥ ਹੈ ਜੋ ਸਮੇ ਅਤੇ ਮੌਤ ਦੋਹਾਂ ਤੋਂ ਉਤੇ ਹੈ ਅਤੇ 'ਕਾਲ' ਦਾ ਅਰਥ ਹੈ ਜੋ ਸਮੇਂ ਵਿਚ ਵਾਪਰ ਰਿਹਾ ਹੈ ਅਤੇ ਕਾਲ ਮੌਤ ਲਈ ਵੀ ਵਰਤਿਆ ਜਾਂਦਾ ਹੈ। ਇਸ ਤਰ੍ਹਾਂ 'ਕਾਲ' ਸ਼ਬਦ ਪਰਮਾਤਮਾ ਲਈ ਨਹੀਂ ਵਰਤਿਆ ਜਾ ਸਕਦਾ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ 'ਕੁਦਰਤਿ' ਪਰਮਾਤਮਾ ਦੁਆਰਾ ਰਚੀ ਹੋਈ ਮੰਨੀ ਗਈ ਹੈ, ਕਰਤਾ ਪੁਰਖ ਕੁਦਰਤਿ ਨੂੰ ਘੜਨ ਵਾਲਾ ਹੈ, ਕੁਦਰਤਿ ਦਾ ਕਾਦਰ ਹੈ ਜਿਵੇਂ, "ਕੁਦਰਤਿ ਕਰਨੈਹਾਰ ਅਪਾਰਾ॥ ਕੀਤੇ ਕਾ ਨਾਹੀ ਕਿਹੁ ਚਾਰਾ॥ ਜੀਅ ਉਪਾਇ ਰਿਜਕੁ ਦੇ ਆਪੇ ਸਿਰਿ ਸਿਰਿ ਹੁਕਮੁ ਚਲਾਇਆ॥" (ਪੰਨਾ 1042) ਅਤੇ "ਕੁਦਰਤਿ ਕਾਦਰ ਕਰਣ ਕਰੀਮਾ॥ ਸਿਫਤਿ ਮੁਹਬਤਿ ਅਥਾਹ ਰਹੀਮਾ॥ ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ॥" (ਪੰਨਾ 1084) ਗੁਰਬਾਣੀ ਅਨੁਸਾਰ ਕੁਦਰਤਿ ਜਾਂ ਪ੍ਰਕ੍ਰਿਤੀ ਕੋਈ ਸੁਤੰਤਰ ਸ਼ਕਤੀ ਨਹੀਂ ਹੈ। 'ਚੌਬੀਸ ਅਵਤਾਰ' ਵਿਚ ਪੁਰਖ ਅਤੇ ਪ੍ਰਕ੍ਰਿਤੀ ਦੋਵੇਂ ਅਲੱਗ ਅਲੱਗ ਹੋਂਦ ਦੇ ਸੂਚਕ ਹਨ ਜੋ ਕਿ ਸਾਂਖ ਸ਼ਾਸਤਰ ਅਨੁਸਾਰ ਰਚਨਾ ਦਾ ਸਿਧਾਂਤ ਹੈ। ਥਾਂ ਥਾਂ 'ਤੇ ਆਮ ਸਿੱਖ ਨੂੰ ਭੁਲੇਖੇ ਵਿਚ ਪਾਉਣ ਲਈ ਕਿਹਾ ਗਿਆ ਹੈ ਕਿ 'ਕਾਲ ਪੁਰਖ' ਨੇ ਵਿਸ਼ਨੂੰ ਨੂੰ ਅਵਤਾਰ ਧਾਰਨ ਲਈ ਕਿਹਾ ਜਦ ਕਿ ਸ਼ੁਰੂ ਵਿਚ ਹੀ ਕਿਹਾ ਹੈ ਕਿ ਸੰਖਾਸੁਰ ਵਧਿਆ ਫੁਲਿਆ ਅਤੇ ਉਸ ਨੇ ਸੰਸਾਰ ਨੂੰ ਕਸ਼ਟ ਦਿੱਤਾ ਤਾਂ ਪਰਮਾਤਮਾ ਨੇ ਮੱਛ ਦਾ ਅਵਤਾਰ ਧਾਰਿਆ। ਅੱਗੇ ਚੱਲ ਕੇ ਲਿਖਿਆ ਹੈ ਕਿ ਸੰਖਾਸੁਰ ਨੂੰ ਮਾਰ ਕੇ, ਵੇਦਾਂ ਨੂੰ ਮੁਕਤ ਕਰਾ ਕੇ ਅਤੇ ਦੁਸ਼ਮਣਾਂ ਦਾ ਨਾਸ ਕਰਕੇ ਪਰਮਾਤਮਾ ਨੇ ਮਹਾਨ ਜਸ ਖੱਟਿਆ। ਇਥੇ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜਦੋਂ ਗੁਰਮਤਿ ਵਿਚ (ਸਮੇਤ ਜਾਪੁ ਸਾਹਿਬ ਅਤੇ ਅਕਾਲ ਉਸਤਤਿ ਦੇ) ਕਰਤਾ ਪੁਰਖ ਨੂੰ 'ਨਿਰਵੈਰ' ਕਿਹਾ ਹੈ ਕਿਉਂਕਿ ਉਸ ਦਾ ਕਿਸੇ ਨਾਲ ਵੈਰ ਨਹੀਂ ਹੈ, ਉਸ ਦੇ ਬਰਾਬਰ ਕੋਈ ਉਸ ਦਾ ਸ਼ਰੀਕ ਨਹੀਂ ਹੈ ਤਾਂ ਫਿਰ ਉਸ ਨੂੰ ਜੰਗ ਦੇ ਮੈਦਾਨ ਵਿਚ ਦੁਸ਼ਮਣਾਂ ਨਾਲ ਲੜਦਾ ਕਿਵੇਂ ਦੱਸਿਆ ਜਾ ਸਕਦਾ ਹੈ? ਅਤੇ ਉਹ ਖਾਸ ਕਰਕੇ ਵੇਦਾਂ ਨੂੰ ਕਿਉਂ ਬਚਾਏਗਾ? ਇਹ ਸਾਰਾ ਬਿਰਤਾਂਤ ਗੁਰਮਤਿ ਵਿਰੋਧੀ ਹੈ। ਹਰ ਕਹਾਣੀ ਦੇ ਅੰਤ ਵਿਚ ਕਿਹਾ ਹੈ ਕਿ ਹੁਣ ਬਚਿਤ੍ਰ ਨਾਟਕ ਦੀ ਫਲਾਣੀ ਕਥਾ ਦਾ ਅੰਤ ਹੋਇਆ, ਕਿਧਰੇ ਵੀ ਇਹ ਨਹੀਂ ਕਿਹਾ ਕਿ 'ਦਸਮ ਗ੍ਰੰਥ' ਦੀ ਫਲਾਣੀ ਕਥਾ ਦਾ ਅੰਤ ਹੋਇਆ ਜਿਵੇਂ, "ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਮੱਛ ਅਵਤਾਰ, ਸੰਖਾਸੁਰ ਬਧਹ, ਸਮਾਪਤਮ ਸਤੁ, ਸੁਭਮ ਸਤੁ।"

*(ਚਲਦਾ...)*

## ਸਿਆਣਿਆਂ ਦਾ ਕਿਹਾ

(1) ਸਿਰਤਾਜ-ਏ-ਕੌਮ, ਬਿਅੰਤ ਸਤਵੰਤ ਮੈਂ ਤੁਹਾਨੂੰ, ਅੱਜ ਆਪਣਾ ਸੀਸ ਨਿਵਾਉਂਦਾ ਹਾਂ। ਇਹ ਸੀਸ ਜੋ, ਸਿਰਫ ਗੁਰਾਂ ਅੱਗੇ ਝੁਕਿਆ, ਅੱਜ ਤੁਹਾਨੂੰ ਭੀ ਝੁਕਾਉਂਦਾ ਹਾਂ। ਸਤਵੰਤ-ਕੇਹਰ ਮੈਂ ਅੱਜ ਤੁਹਾਨੂੰ ਸ਼ਰਧਾ ਦੇ ਫੁੱਲ ਚੜ੍ਹਾਉਂਦਾ ਹਾਂ। ਸਮੁੰਦਰੋਂ ਪਾਰ ਭਾਵੇਂ ਅੱਜ ਬੈਠਾ ਪਰ ਤੁਹਾਡੇ ਟੱਬਰਾਂ ਦਾ ਦਰਦ ਵੰਡਾਉਂਦਾ ਹਾਂ।

(2) ਮੇਰੇ ਦਿਲ ਦੀ ਬੰਜਰ ਧਰਤੀ 'ਤੇ, ਇਕ ਬੀਜ ਪਿਆ ਸੀ ਕੀਮਤੀ ਗੱਲਾਂ ਦਾ। ਸੰਗਦਾ ਰਿਹਾ ਇਹ ਉਗਣ ਤੋਂ ਮੁਹਤਾਜ ਸੀ ਪ੍ਰੈਸ ਦੀਆਂ ਮੱਲਾਂ ਦਾ।

(3) ਮੇਰੀ ਕਲਮ ਜੋ ਪਈ ਸੀ ਸੁੱਤੀ, ਇਕ ਦਿਨ ਘਬਰਾ ਕੇ ਉਠੀ। ਆਪਣੀ ਸਿਆਹੀ ਦੀ ਇਕ ਬੂੰਦ, ਉਸ ਕਾਗਜ਼ ਉਤੇ ਸੁਟੀ।

(4) ਦਾਖੇ ਦੀ ਇਹ ਕਲਮ ਜ਼ਾਲਮ ਨੂੰ ਭੰਡੇਗੀ, ਜ਼ੁਲਮ ਨੂੰ ਛੰਡੇਗੀ, ਸ਼ਮਸ਼ੀਰਾਂ ਨੂੰ ਚੰਡੇਗੀ।

(5) ਲੋਕ ਕਹਿਣ ਇਹ ਗੱਲਾਂ ਨੇ ਦਾਖੇ ਤੇਰੀਆਂ ਪਰ ਇਹ ਤਾਂ ਮੇਰੀ ਕਲਮ ਪਈ ਰੋਵੇ। ਸਿੱਖ ਕੌਮ ਦੇ ਦਰਦਾਂ ਨੂੰ ਕਰਕੇ ਇੱਕਠੇ ਇਕ ਲੜੀ 'ਚ ਪਰੋਵੇ।

(6) ਸਤਲੁਜ ਦੇ ਰੱਤੇ ਪਾਣੀਓ ਮੈਨੂੰ ਇਕ ਗੱਲ ਦਸੋ। ਤੁਹਾਡਾ ਰੰਗ ਮੁੜ ਨੀਲਾ ਹੋਵੇ ਇਹਦਾ ਕੋਈ ਹੱਲ ਦਸੋ।

(7) ਸਿੱਖਾਂ ਦੇ ਅੰਨ੍ਹੇ ਲੀਡਰੋ ਕਿਉਂ ਅਕਲਾਂ ਦਾ ਘਾਟਾ। ਕੀ ਦਿਸਦਾ ਨਹੀਂ ਤੁਹਾਨੂੰ ਪੰਜਾਬੀ ਮਾਂ ਦਾ ਖਿਲਰਿਆ ਹੋਇਆ ਝਾਟਾ।

(8) ਜੋ ਮਰ ਗਏ ਨੇ ਕੌਮ ਦੀ ਖਾਤਰ ਕੀ ਮੈਂ ਉਨ੍ਹਾਂ ਨੂੰ ਰੋਵਾਂ? ਜਾਂ ਜੋ ਜਿਊਂਦਾ ਕੋਈ ਕੋਈ ਬਚਿਆ ਉਸ ਦਾ ਸ਼ੁਕਰ ਮਨਾਵਾਂ।

(9) ਇਕ ਸਿਵੇ ਤੋਂ ਅੱਗ ਮੈਂ ਚੁੱਕ ਕੇ ਦੂਜੇ ਨੂੰ ਲਾਂਬੂ ਲਾਵਾਂ, ਇਕ ਇਕ ਕਰਕੇ ਸਾਥੀ ਤੁਰ ਗਏ ਮੈਨੂੰ ਛੱਡ ਤੁਰਿਆ ਪ੍ਰਛਾਵਾਂ।

(10) ਸਿਵਿਆਂ ਦਾ ਇਕ ਪੱਥਰ ਬਣ ਕੇ ਮੈਂ ਮੌਤ ਸਿਰ੍ਹਾਣੇ ਖੜਿਆ, ਅੱਜ ਮੌਤ ਹੈ ਮੈਥੋਂ ਡਰਦੀ ਮੈਨੂੰ ਮੌਤ ਦਾ ਭੈਅ ਨਾ ਅੜਿਆ।

(11) ਭਾਰਤ ਅੰਦਰ ਖ਼ੂਨ ਕਰੇ ਜੋ ਜ਼ਾਲਮ ਦਾ ਉਹ ਫਾਂਸੀ ਚੜ੍ਹਦਾ, ਮਾਰੇ ਜੋ ਇਨਸਾਨੀਅਤ ਉਹਨੂੰ ਕੋਈ ਨਾ ਫੜਦਾ।

(12) ਪੰਜਾਬ ਦੀ ਧਰਤੀ 'ਤੇ ਹਰ ਘਰ ਅੰਦਰ ਸੰਨ 47 ਤੋਂ ਹੁਣ ਤਕ ਕੋਈ ਨਾ ਕੋਈ ਮਰਿਆ, ਕਿਸ ਕਿਸ ਨੂੰ ਦੇਵਾਂ ਦਿਲਾਸੇ।

(13) ਮੇਰੀ ਸੋਹਣੀ ਸਿੱਖ ਕੌਮ ਤੇ ਸੰਨ 84 'ਚ ਦੁੱਖਾਂ ਤੰਬੂ ਤਾਣੇ, ਬੁੱਚੜਖਾਨੇ ਬਣ ਗਏ ਭਾਰਤ ਦੇ ਥਾਣੇ।

(14) ਪਹਿਲਾਂ ਫੁੱਲ ਮੇਰੇ ਵਿਹੜੇ ਖਿੜਿਆ ਪਰ ਮੇਰੇ ਵਤਨੀਂ ਪੱਤਝੜ ਛਾਈ, ਦਸ ਖਾਂ ਮੇਰਿਆ ਡਾਢਿਆ ਰੱਬਾ ਕਿਉਂ ਉਥੇ ਬਹਾਰ ਨਾ ਆਈ।

(15) ਪੰਜਾਬ ਦੀ ਧਰਤੀ ਉਤੇ ਕਹਿੰਦੇ ਰੁੱਤਾਂ ਚਾਰ, ਗਰਮੀ ਤੋਂ ਬਾਅਦ ਪੱਤਝੜ ਆਉਂਦੀ ਸਰਦੀ ਬਾਦ ਬਹਾਰ।

(16) ਹਰ ਸਾਲ ਅਪਰੈਲ ਮਹੀਨੇ ਵਿਚ ਜਦ ਵੀ ਵਿਸਾਖੀ ਆਉਂਦੀ ਹੈ, ਆਪਣੇ ਇਹ ਨਾਲ ਕਈ ਪੁਰਾਣੀਆਂ ਯਾਦਾਂ ਲਿਆਉਂਦੀ ਹੈ।

(17) ਮੇਰੇ ਘਰ ਪੰਜਾਬ ਨੂੰ ਅੱਗ ਲੱਗੀ, ਇਸ ਘਰ ਨੂੰ ਤੁਸੀਂ ਬਚਾਓ ਵੇ ਲੋਕੋ। ਮਾਰੋ ਨਾ ਇਹਨੂੰ ਫੂਕਾਂ ਐਵੇਂ, ਇਸ ਅੱਗ ਨੂੰ ਤੁਸੀਂ ਬੁਝਾਉ ਵੇ ਲੋਕੋ। ਪਾਓ ਨਾ ਹੋਰ ਬਾਲਣ ਇਹਦੇ 'ਤੇ, ਨਾ ਤੇਲ ਹੋਰ ਇਸ 'ਤੇ ਪਾਉ ਵੇ ਲੋਕੋ।

(18) ਆਮ ਬੰਦੇ ਵਾਸਤੇ ਨਾਮ ਕੀ ਹੈ? ਕੋਈ ਨਾਮ ਕਮਾਉਂਦਾ ਹੈ, ਕੋਈ ਮਾੜੇ ਕੰਮ ਕਰਕੇ ਖਾਨਦਾਨ ਦੇ ਨਾਂ ਨੂੰ ਕਾਲਖ ਲਾਉਂਦਾ ਹੈ ਜਾਂ ਕੋਈ ਚੰਗੇ ਕੰਮ ਕਰਕੇ ਪਿਛਲੇ ਸਾਰੇ ਧੋਣੇ ਧੋਂਦਾ ਹੈ।

(19) ਰੱਬਾ ਮੇਰਿਆ ਅੱਜ ਤੇਰੇ ਕੋਲੋਂ ਮੈਂ ਖੈਰ ਮੰਗਦਾ ਹਾਂ, ਜਿਥੇ ਹਾਲੇ ਖ਼ੂਨ ਨਾ ਡੁੱਲਾ, ਮੈਂ ਖੈਰ ਮੰਗਦਾ ਹਾਂ ਉਨ੍ਹਾਂ ਥਾਂਵਾਂ ਦੀ।

(20) ਮੇਰੀ ਕੌਮ ਦੇ ਸ਼ਹੀਦੋ ਮੈਂ ਤੁਹਾਨੂੰ ਪ੍ਰਣਾਮ ਕਰਦਾ ਹਾਂ। ਮੇਰੇ ਇਹ ਕੁੱਝ ਲਫਜ਼ ਤੁਹਾਡੇ ਨਾਮ ਕਰਦਾ ਹਾਂ। ਤੁਸੀਂ ਜਾਨ ਦੀ ਬਾਜ਼ੀ ਲਾ ਗਏ, ਮੈਂ ਚਾਰ ਲਫਜ਼ ਕਹਿਣ ਤੋਂ ਜਾਂ ਲਿਖਣ ਤੋਂ ਡਰਦਾ ਹਾਂ।

(21) ਅੱਜ ਮੇਰੀ ਸਿੱਖ ਕੌਮ ਦੀ ਆਨ ਅਤੇ ਅਣਖ ਕੁੱਝ ਆਪਣੇ ਹੀ ਬੇਅਣਖੇ ਲੀਡਰਾਂ ਹੱਥੋਂ ਨੀਲਾਮੀ 'ਤੇ ਚੜ੍ਹ ਰਹੀ ਹੈ।

(22) ਸੱਚੇ ਦਿਲੋਂ ਕਹੀ ਗੱਲ ਤੇ ਲਿੱਖੀ ਗੱਲ ਸਿਰਫ ਹਿਰਦੇ ਹੀ ਨਹੀਂ ਸਰਕਾਰਾਂ ਵੀ ਹਿਲਾ ਦਿੰਦੀ ਹੈ।

*ਪੇਸ਼ਕਾਰ-ਪਰਮਜੀਤ ਸਿੰਘ ਦਾਖਾ*

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਗੱਲਾਂ ਸੱਚੀਆਂ ਨੇ ਲੱਗਣੀਆਂ ਭਾਵੇਂ ਜੱਬਲੀਆਂ

ਇੱਜ਼ਤ ਵਾਲੇ ਬੰਦੇ ਜਦੋਂ ਬੇਇੱਜ਼ਤੀ ਕਰਵਾ ਕੇ ਘਰਾਂ ਵੱਲ ਪਰਤਣ ਤਾਂ ਉਨ੍ਹਾਂ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਨਰਕ ਨੂੰ ਹੋਰ ਕੋਈ ਰਾਹ ਜਾਂਦਾ ਹੀ ਨਹੀਂ ਹੋਣਾ। ਤੇ ਦੂਜੇ ਪਾਸੇ ਦੇਖੋ, ਜੇਲ੍ਹ 'ਚ ਦੂਜੀ ਵਾਰ ਆਏ ਕੈਦੀ ਨੇ ਕੁਝ ਪੁਰਾਣੇ ਮਿੱਤਰਾਂ ਨੂੰ ਕਿਹਾ, 'ਕਾਹਲੀ ਤਾਂ ਬੜੀ ਕੀਤੀ। ਸਾਲਾ ਟਾਈਮ ਲੱਗ ਹੀ ਗਿਐ।' ਇਨ੍ਹਾਂ ਲਈ ਜੀਵਨ ਵਿਚ ਸ਼ਰਮ ਦੀਆਂ ਖਿੱਲ੍ਹਾਂ ਉਡਾਉਣੀਆਂ ਖੇਡ ਹੀ ਹੁੰਦੀ ਹੈ। ਲੱਖਾਂ ਲੋਕ ਰੋਜ਼ ਮਰੀ ਜਾਂਦੇ ਨੇ, ਇਨ੍ਹਾਂ ਨੂੰ ਚੇਤੇ ਕੋਈ ਨਹੀਂ ਕਰਦਾ ਕਿਉਂਕਿ ਇਹ ਮੌਤਾਂ ਕੁਦਰਤੀ ਕਾਰਨਾਂ ਕਰਕੇ ਹੁੰਦੀਆਂ ਹਨ। ਜਦੋਂ ਕਿ ਸ਼ਹੀਦ ਤੇ ਬਹਾਦਰ ਨੂੰ ਉਨ੍ਹਾਂ ਦੀ ਮੌਤ ਦੇ ਕਾਰਨਾਂ ਕਰਕੇ ਚੇਤੇ ਰੱਖਿਆ ਜਾਂਦਾ ਹੈ। ਇਹੋ ਜਿਹੀਆਂ ਮੌਤਾਂ ਆਉਂਦੀਆਂ ਹੀ ਵਿਰਲਿਆਂ ਨੂੰ ਹਨ। ਅਸੀਂ ਹੱਥ ਤਾਂ ਘੁੱਟ ਕੇ ਮਿਲਾਉਂਦੇ ਹਾਂ ਪਰ ਜਦੋਂ ਤੀਕਰ ਅੰਦਰੋਂ ਇਕ-ਚਿੱਤ ਨਹੀਂ ਹੁੰਦੇ, ਪ੍ਰਸੰਨਤਾ ਪਰ੍ਹੇ ਦੀ ਹੋ ਕੇ ਲੰਘੇਗੀ ਤੇ ਕਹੇਗੀ, 'ਘੜੀ ਦੀਆਂ ਸੂਈਆਂ ਤਾਂ ਇਕ ਸੁਰ ਕਰ।' ਜੇ ਹੱਸਣ ਵੇਲੇ ਕੋਈ ਮੂੰਹ ਵਿੰਗਾ-ਟੇਡਾ ਕਰੀ ਜਾਂਦੈ, ਹਾਸਾ ਵੀ ਪਾਟੇ ਢੋਲ ਵਾਂਗ ਖੜਕਦੈ ਤਾਂ ਸਮਝ ਲਵੋ, ਅੰਦਰ ਫ਼ਿਕਰਾਂ ਤੇ ਦੁੱਖਾਂ ਦੀ ਘੋਲ ਚੱਲ ਰਹੀ ਹੈ। ਬਾਹਰ ਤਾਂ ਬਨਾਉਟੀ ਘਿਓ ਹੀ ਡੁੱਲ੍ਹ ਰਿਹੈ। ਜੇ ਕੋਈ ਕਿਸੇ ਨੂੰ ਹੱਸਦਾ ਵੇਖ ਕੇ ਪ੍ਰਸੰਨ ਹੋਣ ਦੀ ਥਾਂ ਦੰਦੀਆਂ ਪੀਚਦੈ ਤਾਂ ਇਸੇ ਕਰਕੇ ਕਿ ਪਤੰਦਰਾ, ਮੇਰੇ ਵਾਲੀ ਬਿਮਾਰੀ ਤੈਨੂੰ ਕਿਉਂ ਨ੍ਹੀਂ ਮਿਰਗੀ ਵਾਂਗ ਪੈਂਦੀ। ਦੂਜੇ ਵਿਆਹਾਂ ਦੇ ਮੁਕਲਾਵੇ ਨ੍ਹੀਂ ਹੁੰਦੇ, ਕਰੇਵੇ ਹੁੰਦੇ ਹਨ ਕਿਉਂਕਿ ਗੱਡੀਆਂ ਦੂਜੇ ਸਟੇਸ਼ਨ 'ਤੇ ਮਿਲਣ ਲੱਗੀਆਂ ਹੁੰਦੀਆਂ ਹਨ। ਕੋਈ ਸ਼ੱਕ ਨਹੀਂ ਕਿ ਤਰਨ ਵਾਲੇ ਵੀ ਡੁੱਬ ਜਾਂਦੇ ਹਨ ਪਰ ਜਿਨ੍ਹਾਂ ਨੂੰ ਹੱਸਣ ਦੀ ਆਦਤ ਹੋਵੇ, ਉਨ੍ਹਾਂ ਨੇ ਇਹਦੇ ਨਾਲ ਵੀ ਲੁਤਫ਼ ਲੈ ਲੈਣਾ ਹੁੰਦੈ...।

ਕਈ ਵਾਰ ਇੱਦਾਂ ਹੁੰਦਾ ਹੈ ਕਿ ਬੰਦਾ ਟੱਪ ਕੇ ਚੜ੍ਹ ਤਾਂ ਊਠ 'ਤੇ ਜਾਂਦਾ ਹੈ ਪਰ ਕੁੱਤਾ ਦੰਦੀ ਵੱਢਣ ਵਿਚ ਫੇਲ੍ਹ ਫਿਰ ਵੀ ਨਹੀਂ ਹੁੰਦਾ। ਇਵੇਂ ਹੀ ਕਈ ਵਾਰ ਵੇਖਿਆ ਹੈ ਕਿ ਤੁਰੇ ਤਾਂ ਅਸੀਂ ਆਪਣੀ ਜੀਵਨ-ਚਾਲ ਵਿਚ ਸੁਭਾਵਿਕ ਹੀ ਹੁੰਦੇ ਹਾਂ ਪਰ ਖੜ-ਖੜ ਹਾਸਿਆਂ ਦੀ ਹੋਣ ਲੱਗ ਪੈਂਦੀ ਹੈ। ਜੇ ਸਾਉਣ ਮਹੀਨੇ ਪਪੀਹੇ ਦੇ ਨਾਲ ਬੰਦੇ ਵੀ ਪਾਣੀ ਦੀ ਬੂੰਦ ਲਈ ਵਾਸਤੇ ਕੱਢ ਰਹੇ ਹੋਣ ਤਾਂ ਸੱਚ ਹੀ ਹੈ ਕਿ ਕੁਦਰਤ ਨੂੰ ਮਨਾਉਣ ਲਈ ਕੁਝ ਕਰਨਾ ਪਵੇਗਾ। ਪਸ਼ੂਆਂ ਪੰਛੀਆਂ ਵਿਚ ਨਸਲਾਂ ਤਾਂ ਹੈਗੀਆਂ ਨੇ ਪਰ ਜਾਤਾਂ ਨਹੀਂ, ਇਸੇ ਲਈ ਉਨ੍ਹਾਂ ਵਿਚ ਵਿਰੋਧ ਈਰਖਾ ਹੈ ਹੀ ਨਹੀਂ। ਆਪਣਾ ਦੇਸ਼ ਨਸਲਾਂ ਨਾਲੋਂ ਜਾਤਾਂ ਵਿਚ ਵਧੇਰੇ ਜਕੜਿਆ ਹੋਇਆ ਹੈ। ਇਸ ਲਈ ਕਈ ਵਾਰ ਇਉਂ ਲਗਦਾ ਹੈ ਕਿ ਵੱਢੀ ਤਾਂ ਚੂੰਡੀ ਸੀ ਪਰ ਨਿਕਲਣ ਲੱਗ ਪਏ ਦੰਦ। ਭੁੱਲ-ਚੁੱਕ ਲਈ ਮੁਆਫ਼ੀ ਚਾਹਾਂਗਾ ਪਰ ਕੋਸ਼ਿਸ਼ ਕਰਿਓ ਡੋਕ ਕੱਢ ਕੇ ਸੰਧੂਰੀ ਅੰਬ ਵਰਗਾ ਸੁਆਦ ਮਿਲ ਜਾਵੇ।

ਪੰਜ-ਸੱਤ ਦੇਸੀ ਜੱਟਾਂ ਨੇ ਸਿਰ 'ਤੇ ਮਾਰੇ ਮੜ੍ਹਾਸੇ, ਮੋਢੇ ਰੱਖੇ ਸਾਫ਼ੇ, ਪਿੰਡੋਂ ਫੜੀ ਲਾਰੀ ਤੇ ਚੜ੍ਹ ਗਏ ਸ਼ਹਿਰ ਨੂੰ। ਲੈਣ ਤਾਂ ਵਿਆਹ ਲਈ ਸੌਦਾ-ਪੱਤਾ ਗਏ ਸਨ ਪਰ ਮਨ 'ਚ ਆਇਆ, ਆਪਣੇ ਪਿੰਡ ਵਾਲੇ ਮਰਾਸੀ ਗ਼ਫ਼ੂਰ ਦਾ ਮੁੰਡਾ ਅੱਜਕੱਲ੍ਹ ਵੱਡਾ ਗਵੱਈਆ ਬਣ ਗਿਐ, ਕਹਿ ਚਲਦੇ ਆਂ, ਭਾਈ ਮਾਰ ਜਾਈਂ ਗੇੜਾ ਸਾਡਾ ਟੌਰ੍ਹ-ਟੱਪਾ ਬਣ ਜੂ। ਵਜਾ'ਤੀ ਕੋਠੀ ਦੀ ਘੰਟੀ। ਨੌਕਰ ਨਿਕਲਿਆ, "ਕੌਣ ਓ ਭਾਈ?"

"ਓ ਸਾਡਾ ਪੋਡੂ ਐ ਮੁੰਡਾ। ਕਹਿ ਜਾ ਕੇ ਜੱਟ ਫੱਕਰਾਂ ਵਾਲੀ ਪੱਤੀ 'ਚੋਂ ਬਸੰਤੇ, ਪ੍ਰਕਾਸ਼ੇ ਹੋਰੀਂ ਆਏ ਨੇ।"

ਤੇ ਉਹੀ ਮਰਾਸੀਆਂ ਵਾਂਗ ਅਦਬ ਵਿਚ ਗ਼ਫ਼ੂਰ ਦਾ ਗਵੱਈਆ ਪੁੱਤ ਨੰਗੇ ਪੈਰੀਂ ਭੱਜਿਆ ਆਇਆ ਤੇ ਬਿਠਾ 'ਤੇ ਦੇਸੀ ਜੱਟ ਅੰਗਰੇਜ਼ੀ ਸੋਫ਼ਿਆਂ 'ਤੇ।

ਮਰਾਸੀਆਂ ਦੀ ਇੰਨੀ ਚੜ੍ਹਾਈ ਵੇਖ ਕੇ, ਧੌਣਾਂ ਤਾਹਾਂ ਨੂੰ ਤੇ ਨਜ਼ਰਾਂ ਟੱਡੀਆਂ ਰਹਿ ਗਈਆਂ। ਤੇ ਬਸੰਤਾ ਗ਼ਫ਼ੂਰ ਦੇ ਪੁੱਤ ਨੂੰ ਕਹਿਣ ਲੱਗਾ, "ਦੇਖਾ ਲੈ ਸਮਾਂ ਕਿਤੇ ਉਹੋ ਜਿਹਾ ਰਹਿੰਦੈ ਸਦਾ? ਤੇਰੇ ਬਾਪੂ ਗ਼ਫ਼ੂਰ ਦੀਆਂ ਗੱਲਾਂ ਕਿਤੇ ਭੁੱਲਦੀਆਂ ਨੇ। ਇਕ ਵਾਰ ਮੈਂਥੋਂ ਵੱਡੇ ਗਿਆਨ ਸਿਹੁੰ ਦੇ ਪੁੱਤ ਦਾ ਵਿਆਹ 'ਤੇ ਸਾਥੋਂ ਗ਼ਫ਼ੂਰ ਨੂੰ ਕਹਿ ਨਾ ਹੋਇਆ।"

"ਹਾਅ ਗੱਲ ਸੁਣਾ ਬਸੰਤਿਆ। ਵਾਹਲਾ ਮਜ਼ਾਕੀਆ ਸੀ ਗ਼ਫ਼ੂਰ।" ਤੇ ਪ੍ਰਕਾਸ਼ ਸਿਹੁੰ ਨੇ ਧੌੜੀ ਦੀ ਜੁੱਤੀ ਪੈਰੋਂ ਲਾਹ ਦੋਵੇਂ ਪੈਰ ਸੋਫ਼ੇ 'ਤੇ ਰੱਖ ਲਏ।

"ਦੋ ਘੁੱਟ ਚਾਹ ਦੇ ਭਰ ਲੈਣ ਦੇ, ਫੇਰ ਸੁਣਾਉਨਾਂ।"

"ਤਾਇਆ ਖਾਣ-ਪੀਣ ਦਾ ਬਾਪੂ ਵੀ ਮੇਰਾ ਜੱਟਾਂ ਵਾਂਗ ਸ਼ੌਕੀਨ ਸੀ।"

"ਲੈ ਸੁਣ ਤਾਂ ਸਹੀ। ਅਸੀਂ ਤਾਂ ਬਾਹਰਲੇ ਗੁਰਦੁਆਰੇ ਮੁੰਡੇ ਦਾ ਮੱਥਾ ਟਿਕਾਉਣ ਆ ਗਏ। ਬੜੀ ਜ਼ੋਰ ਦੀ ਖੜਾਕ ਪਿਆ। ਅਸੀਂ ਡਰ ਗਏ, ਪਈ ਚੱਲ'ਗੀ ਗੋਲੀ। ਭੱਜੇ ਗਏ ਤਾਂ ਪਤਾ ਲੱਗਾ ਕਿ ਗਰਮੀ ਅਤਿ ਦੀ ਸੀ, ਟੈਰ ਫਟ ਗਿਆ ਜੰਞ ਲੈ ਕੇ ਜਾਣ ਵਾਲੀ ਬੱਸ ਦਾ।"

"ਫੇਰ ਹੋਰ ਬੱਸ ਮੰਗਵਾਈ?"

"ਕਾਹਨੂੰ, ਸੁਣ ਤਾਂ ਸਹੀ। ਅਸੀਂ ਫੇਰ ਜਿਹੜਾ ਵਾਧੂ ਜਿਹਾ ਟੈਰ ਹੁੰਦਾ, ਸਹੁਰੀ ਦੀ ਛਟੱਪਣੀ, ਉਹ ਚੜ੍ਹਾਈ। ਗਰਮੀ ਕੱਢੇ ਵੱਟ। ਬੁੜ੍ਹਾ ਸਾਡਾ ਕਹੀ ਜਾਵੇ-ਮੁੰਡਿਓ ਬਦਸ਼ਗਨੀ ਹੋ ਗਈ। ਉਹਦੀ ਕਿਤੇ ਨਿਗ੍ਹਾ ਪੈ ਗਈ ਬੱਸ ਦੀ ਮੋਹਰਲੀ ਸੀਟ 'ਤੇ ਚਿੱਟੇ ਕੱਪੜੇ, ਤੁਰਲਾ ਛੱਡੀ ਬੈਠੇ ਇਕ ਸ਼ੌਕੀਨ 'ਤੇ। ਸਾਡੇ ਬਾਪੂ ਤੋਂ ਸਿਆਣਿਆ ਨਾ ਗਿਆ ਸੀ ਤੇਰਾ ਬਾਪੂ ਗ਼ਫ਼ੂਰ। ਲੋਹੇ-ਲਾਖੇ ਹੋਏ, ਗਰਮੀ 'ਚ ਝੌਂਦਲੇ ਬਾਪੂ ਨੇ ਪੁੱਛਿਆ-ਉਹ ਅਸੀਂ ਟੈਰ ਬਦਲਦੇ ਮਰ ਗਏ, ਤੂੰ ਵਿਚ ਬੈਠੈਂ! ਕੌਣ ਐਂ?"

"ਮੈਂ ਤਾਇਆ ਗ਼ਫ਼ੂਰ ਮਰਾਸੀ।"

ਮੈਂ-ਮੈਂ, ਤੂੰ-ਤੂੰ ਹੋਗੀ।

"ਤੂੰ ਕਿਥੇ ਨੂੰ ਮੂੰਹ ਚੱਕਿਐ?"

"ਤੁਸੀਂ ਕਿਤੇ ਮਕਾਣੀ ਚੱਲੇ ਆਂ। ਮੈਂ ਵੀ ਪਾਲੇ ਦੀ ਬਰਾਤੇ ਈ ਚੱਲਿਐਂ?"

"ਤੈਨੂੰ ਸੱਦਿਆ ਕੀਹਨੇ ਐ?"

"ਸਾਨੂੰ ਤਾਂ ਕੋਈ ਸੱਦਦਾ ਈ ਨ੍ਹੀਂ। ਸਾਨੂੰ ਤਾਂ ਆਪੇ ਜਾਣਾ ਪੈਂਦੈ ਔਖੇ-ਸੌਖੇ ਹੋ ਕੇ।"

"ਲੈ ਬਈ ਮੁੰਡਿਆ, ਫਿਰ ਤੇਰੇ ਬਾਪੂ ਦੀ ਗੱਲ 'ਤੇ ਉਹ ਹਾਸਾ ਪਿਆ ਕਿ ਜੰਞ ਮੁੜਨੇ ਤੱਕ ਫਿਰ ਗ਼ਫ਼ੂਰ ਦਾ ਪਿਆ-ਪਿਆ ਕੇ ਗੁਬਾਰਾ ਬਣਾ'ਤਾ।"

"ਤੇ ਹੁਣ ਮੇਰੇ ਮੁੰਡੇ ਦਾ ਵਿਆਹ ਸੰਗਰਾਂਦ ਤੋਂ ਅਗਲੇ ਐਤਵਾਰ ਨੂੰ ਹੈਗਾ। ਤੂੰ ਆਪਣੇ ਪੂਰੇ ਸਾਜ਼-ਬਾਜ਼ ਲੈ ਕੇ ਜ਼ਰੂਰ ਪਹੁੰਚਣਾ।" ਪ੍ਰਕਾਸ਼ ਸਿਹੁੰ ਨੇ ਤੋਤਾ ਝਾੜਿਆ।

"ਤਾਇਆ, ਚੱਲ ਭਾਪਾ ਤਾਂ ਮੇਰਾ ਆਪੇ ਚਲਾ ਜਾਂਦਾ ਸੀ ਪਰ ਮੈਂ ਤਾਂ ਥੋੜੇ ਕਹਿਣ 'ਤੇ ਆ ਵੀ ਜਾਊਂ ਪਰ ਮੇਰੇ ਢੋਲਕੀਆਂ ਵਾਜਿਆਂ, ਸਪੀਕਰਾਂ, ਕਾਰਾਂ, ਨੱਚਣ ਵਾਲੀਆਂ ਕੁੜੀਆਂ ਦਾ ਇੰਨਾ ਖਰਚ ਹੈ ਕਿ ਊਂ ਚਲੋ ਮੈਂ ਦੋ ਲੱਖ ਲੈਨਾ, ਤੁਸੀਂ ਡੂਢ ਦੇ ਦਿਓ।"

ਤੇ ਏਨੇ ਕੁ ਪੈਸਿਆਂ 'ਚ ਵਿਆਹ ਕਰਨ ਵਾਲੇ ਜੱਟ ਜਦੋਂ ਤੁਰਨ ਲੱਗੇ ਤਾਂ ਨਾਲ ਗਏ ਨੰਬਰਦਾਰ ਦੇ ਗੱਲ ਪੈ ਗਈ ਖਾਨੇ, ਪਈ ਜੱਟਾਂ ਨੂੰ ਮਸ਼ਕੂਲਾ ਮਹਿੰਗਾ ਬੜਾ ਪਿਐ। ਉਹ ਹੌਲੀ ਦੇਣੀ ਕਹਿਣ ਲੱਗਾ, "ਕਾਕਾ ਦੇਖ, ਸਿਆਣੇ ਕਹਿੰਦੇ ਨੇ ਕਿ ਬ੍ਰਾਹਮਣ ਨੂੰ ਸੁਰਾਧਾਂ 'ਚ ਨਾ ਛੇੜੋ ਤੇ ਜੱਟ ਨੂੰ ਬੰਨ੍ਹੇ 'ਤੇ। ਸਾਲ੍ਹਿਓ ਅੱਜ ਮਰਾਸੀ ਦੇ ਪੁੱਤ ਨੂੰ ਟਿੱਚਰ ਕਰਨੀ ਡੂਢ ਲੱਖ ਨੂੰ ਪੈ ਗਈ। ਜੱਟ ਲੱਗੇ ਤਾਂ ਨੰਬਰ ਬਣਾਉਣ ਸੀ ਪਰ ਪਹਿਲੇ ਵੀ ਗਵਾ ਲਏ।"

ਮੁੜਦੀ ਵਾਰੀ ਮਾਯੂਸ ਜਿਹੇ ਹੋਏ ਜੱਟ ਪਿੰਡ ਨੂੰ ਲਾਰੀ 'ਚ ਬੈਠਣ ਲੱਗੇ ਤਾਂ ਨਾਲ ਦੀ ਸੀਟ 'ਤੇ ਬੈਠਾ ਸੀ ਸਕੂਲ ਦਾ ਟਿੱਚਰੀ ਮਾਸਟਰ ਹਰੀ ਚੰਦ। ਜੱਟਾਂ ਨੇ ਸਾਰੀ ਗੱਲ ਉਹਦੇ ਨਾਲ ਸਾਂਝੀ ਕਰ ਲਈ ਅਤੇ ਨਕਲੀਏ ਮਾਸਟਰ ਨੇ ਹੋਰ ਗੱਲ ਸ਼ੁਰੂ ਕਰ'ਤੀ। ਆਖਣ ਲੱਗਾ, "ਬਸੰਤ ਸਿਹਾਂ, ਤੂੰ ਕੁਲਦੀਪ ਮਾਣਕ ਨੂੰ ਜਾਣਦੈਂ?"

"ਮਾਹਟਰਾ, ਕਹਿਣਾ ਤਾਂ ਨ੍ਹੀਂ ਚਾਹੀਦਾ ਸੀ ਪਰ ਫਿੱਟ ਲਾਹਣਤ ਤੇਰੇ। ਭਲਾ ਮਾਣਕ ਨੂੰ ਕੌਣ ਨ੍ਹੀਂ ਜਾਣਦਾ?"

"ਫਿਰ ਗੱਲ ਸੁਣੋ। ਕਈ ਸਾਲ ਹੋ ਗਏ ਜਦੋਂ ਉਹਦੀ 'ਸਾਹਿਬਾਂ ਬਣੀ ਭਰਾਵਾਂ ਦੀ' ਵੇਲੇ ਚੜ੍ਹਾਈ ਸੀ। ਗਰਮੀਆਂ ਦੀਆਂ ਛੁੱਟੀਆਂ ਤੇ ਜੁਆਕ-ਜੱਲਾ ਲੈ ਕੇ ਮੈਂ ਸਹੁਰੀਂ ਜਾ ਵੜਿਆ। ਉਥੇ ਜਾ ਕੇ ਪਤਾ ਲੱਗਾ ਕਿ ਭਲਕੇ ਮੁਸਲਮਾਨ ਫਕੀਰ ਦੀ ਜਗ੍ਹਾ 'ਤੇ ਮਾਣਕ ਨੇ ਗੌਣ ਆਉਣੈ। ਤੇ ਮੇਰੇ ਸਾਲੇ ਦਾ ਮਾਣਕ ਜੋਟੀਦਾਰ ਚੰਗਾ ਸੀ। ਉਹ ਮੈਨੂੰ ਨਾਲ ਲੈ ਗਿਆ।"

"ਗੱਲ ਮੁੱਕਦੀ ਕਰ। ਪਿੰਡ ਆਉਣ ਵਾਲੈ। ਸਾਡੇ ਵਾਂਗ ਨੰਬਰ ਬਣਾਉਣੇ ਚਾਹੁੰਨੈ ਪਈ ਮਾਣਕ ਨੂੰ ਨੇੜਿਓਂ ਦੇਖਿਆ।"

"ਜੱਟਾ-ਬੂਟਾਂ ਆਲੀ ਗੱਲ ਕਰੀ ਜਾਨੇ ਆਂ। ਸੁਣ ਤਾਂ ਲਓ।"

"ਗਾਂਹ ਵੀ ਤੁਰ।"

"ਬਈ ਸੋਲਾਂ ਹਾੜ੍ਹ ਦਾ ਮੇਲਾ। ਇੰਨੀ ਗਰਮੀ ਪਈ ਇੱਲ੍ਹ ਦੀ ਅੱਖ ਨਿਕਲੇ। ਗਾਉਣ ਵਾਲੇ ਨਿੱਕੇ-ਮੋਟੇ ਕਈ ਸਨ। ਜਗ੍ਹਾ 'ਤੇ ਕਮਰਾ ਇਕੋ ਈ।"

"ਫੇਰ?"

"ਜਦੋਂ ਅੰਦਰ ਵੜੇ ਤਾਂ ਇਕ ਵਾਹਵਾ ਲੰਮਾ-ਝੰਮਾ ਬੰਦਾ ਤੇੜ ਚਾਦਰਾ ਕੁੜਤਾ ਲਾਇਆ ਹੋਇਆ, ਕੰਗਣੀ ਆਲੇ ਗਲਾਸ 'ਚ ਬੀਅਰ ਪਾਵੇ। ਮਾਣਕ ਨੂੰ ਵੇਖ ਕੇ ਛਿੱਥਾ ਜਿਹਾ ਪੈ ਗਿਆ। ਮਾਣਕ ਕਹਿਣ ਲੱਗਾ ਪੀ ਲੈ, ਪੀ ਲੈ ਕੋਈ ਗੱਲ ਨ੍ਹੀਂ।"

"ਤੂੰ ਹੁਣ ਗੱਲ ਸੁਣਾਉਨੈਂ ਕਿ ਘੁੱਟ ਲਾਉਣ ਦਾ ਮਾਹੌਲ ਬਣਾਉਨੈਂ?"

"ਸਬਰ ਤਾਂ ਕਰੋ ਦੋ ਮਿੰਟ। ਇਕ ਗਲਾਸ ਪੀ ਕੇ ਉਹਨੇ ਦੂਜਾ ਭਰ ਕੇ ਰੱਖ'ਤਾ। ਕਹਿਣ ਲੱਗਾ-ਲਾਉਣੀ ਤਾਂ ਪੱਕੀ ਸੀ ਪਰ ਗਰਮੀ! ਅੱਜ ਅੱਗ ਈ ਲੱਗੀ ਪਈ ਆ। ਰਾਤ ਆਲ੍ਹੀ ਨ੍ਹੀਂ ਉਤਰਦੀ। ਇਧਰ ਲੱਖਦਾਤਾ ਪੀਰ ਆਲੇ ਕਹੀ ਜਾਂਦੇ ਐ ਪੀ ਕੇ ਆਉਣਾ ਮਨ੍ਹਾਂ ਐ। ਆਹੀ ਜੁਆਕ ਤੋਂ ਇਕ ਬੋਤਲ ਮੰਗਾਈ ਤੀ।"

"ਤੇ ਮਾਣਕ ਆਂਹਦਾ-ਕੋਈ ਨ੍ਹੀਂ, ਮੈਂ ਬਾਹਰੋਂ ਵੀ ਲਾ ਕੇ ਆਇਆਂ, ਏਥੇ ਵੀ ਲਾਊਂ।

ਤੇ ਉਹਨੇ ਬੋਤਲ ਤਾਕੀ ਥਾਣੀਂ ਬਾਹਰ ਵਗਾਹ ਕੇ ਝੋਨੇ ਦੇ ਖੇਤ 'ਚ ਮਾਰੀ, ਤੇ ਗਲਾਸ ਭਰ ਕੇ ਖੂੰਜੇ ਜਿਹੇ 'ਚ ਟਿਕਾ ਕੇ 'ਖਿਆਲ ਰੱਖਿਓ' ਕਹਿ ਕੇ ਬਾਹਰ ਚਲੇ ਗਿਆ।"

"ਉਹ ਫਿਰ ਤੈਂ ਚੜ੍ਹਾ ਲਿਆ ਹੋਣੈ ਗਲਾਸ ਕੰਗਣੀ ਆਲਾ?"

"ਮੈਂ ਕਾਹਨੂੰ ਚੜ੍ਹਾਉਣਾ ਸੀ, ਗੱਲ 'ਗਾਂਹ ਆਲੀ ਸੁਆਦ ਦੀ ਸੁਣੋ। ਤੇ ਉਧਰ ਨਾਲ ਲਗਦੀ ਸਟੇਜ ਤੋਂ ਅਨਾਊਂਸ ਹੋ ਗਿਆ, ਪਈ ਪ੍ਰੋਗਰਾਮ ਦੇ ਆਖਿਰ 'ਚ ਪੇਸ਼ ਨੇ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ।"

"ਫੇਰ?"

"ਬਈ ਮਾਣਕ ਦਾ ਨਾਂ ਵੇਖਿਆ। ਸੁਣਦੇ ਸਾਰ ਤੀਵੀਆਂ, ਬੁੜੀਆਂ, ਬੰਦੇ, ਨਿਆਣੇ, ਸੋਫ਼ੀ, ਸ਼ਰਾਬੀ, ਗੱਭਰੂ, ਬੁੱਢੇ ਰੋਟੀ/ਟੁੱਕ ਵਿਚੇ ਛੱਡ ਭੱਜ ਪਏ ਭੇਡਾਂ ਵਾਂਗ ਸਟੇਜ ਵੱਲ ਨੂੰ। ਮਾਣਕ ਦੇ ਸਾਜ਼ੀ ਸਟੇਜ 'ਤੇ ਚਲੇ ਗਏ ਅਤੇ ਅੰਦਰ ਰਹਿ ਗਏ ਮੈਂ ਤੇ ਮੇਰਾ ਸਾਲਾ, ਮਾਣਕ ਦਾ ਚੇਲਾ ਸੁਖਵਿੰਦਰ ਪੰਛੀ, ਕੁਲਦੀਪ ਮਾਣਕ ਤੇ ਕੇਵਲ ਜਲਾਲ।"

"ਮਾਣਕ ਕਹਿਣ ਲੱਗਾ, ਪਈ ਪੰਛੀ, ਮੈਂ ਪਿਸ਼ਾਬ ਕਰਨ ਤੋਂ ਬਾਹਲਾ ਤੰਗ ਆਂ। ਉਧਰ ਸਟੇਜ 'ਤੇ ਪਤਾ ਨ੍ਹੀਂ ਦੋ ਘੰਟੇ ਲੱਗਣੇ ਆ ਕਿ ਤਿੰਨ। ਬਾਹਰ ਬੰਦੇ-ਜਨਾਨੀਆਂ ਦਾ ਸਾਹ ਨ੍ਹੀਂ ਆਉਂਦਾ। ਅੰਦਰ ਗੁਸਲਖਾਨਾ ਹੈ ਨ੍ਹੀਂ, ਕੀਤਾ ਕੀ ਜਾਵੇ।"

"ਆਹੋ ਨਾਲੇ ਮਾਣਕ ਕਿਹੜਾ ਛੋਟਾ ਬੰਦਾ 'ਤੀ ਜਿਹੜਾ ਸਾਡੇ ਵਾਂਗ ਮੂੰਹ ਜ਼ੁਬਾਨੀ ਕਰ ਲੈਂਦਾ।"

"ਮਾਣਕ ਫਿਰ ਪੰਛੀ ਨੂੰ ਕਹਿਣ ਲੱਗਾ-ਉਹ ਕੰਜਰ ਦਿਆ, ਕਰ ਕੁਝ ਪੇਡੂ ਪਾਟ ਜੂ। ਉਧਰ ਅਨਾਊਂਸਮੈਂਟ ਹੋਈ ਜਾਂਦੀ ਆ।"

"ਪੰਛੀ ਨੂੰ ਫਿਰ ਜੁਗਤ ਅਹੁੜ ਗਈ। ਉਹ ਨੇ ਚੁੱਕਿਆ ਉਹੀ ਬੀਅਰ ਦਾ ਕੰਗਣੀ ਵਾਲਾ ਗਲਾਸ ਤੇ ਖਾਲੀ ਕਰਕੇ ਕਹਿੰਦਾ-ਉਸਤਾਦ ਜੀ ਲਓ, ਇਹ ਤਾਂ ਮਾਂਜਤਾ ਛੜਿਆਂ ਦੇ ਲੋਟੇ ਵਾਂਗ। ਲੱਗ ਜੋ ਖੂੰਜੇ ਨੂੰ ਤੇ ਖੋਲ੍ਹ ਦਿਓ ਭਾਖੜੇ ਡੈਮ ਆਲਾ ਗੇਟ।"

"ਤੇ ਮਾਣਕ ਨੇ ਫਿਰ ਜਿੰਦਾਂ ਸਾਈਜ਼ ਮਿਣਿਆ ਹੁੰਦਾ। ਉਥੇ ਤੱਕ ਹੀ ਭਰ'ਤਾ ਫਿਰ ਉਹੀ ਗਲਾਸ।"

"ਤੇ ਸ਼ਰਾਰਤੀ ਪੰਛੀ ਨੇ ਉਸੇ ਥਾਂ ਫਿਰ ਗੋਰਖ ਦੇ ਚੇਲਿਆਂ ਵਾਂਗ ਕਮੰਡਲੀ ਟਿਕਾ'ਤੀ।"

"ਉਧਰ ਬੀਅਰ ਵਾਲੇ ਦੇ ਵੀ ਖਿਆਲ 'ਚ ਆਇਆ ਕਿ ਫਿਰ ਤਾਂ ਮਾਣਕ ਨੇ ਲੱਗ ਪੈਣੈ, ਭੱਜ ਕੇ ਖਿੱਚ ਆਈਏ ਉਹ ਵੀ। ਗੌਣ-ਪਾਣੀ ਹੋਰ ਚੰਗਾ ਲੱਗੂ ਤੇ ਮਾਣਕ ਨਿਕਲਣ ਹੀ ਲੱਗਾ ਸੀ, ਕਿ ਉਹ ਧੜੱਮ ਕਰਦਾ ਅੰਦਰ ਆ ਵੜਿਆ। ਉਹ ਬੀਅਰ ਵਾਲਾ ਗਿਲਾਸ ਸਮਝ ਚੁਕ ਕੇ ਮੂੰਹ ਨੂੰ ਲਾਉਣ ਹੀ ਲੱਗਾ ਸੀ ਕਿ ਪੰਛੀ ਦੀ ਨਿਗ੍ਹਾ ਪੈ ਗਈ। ਪੰਛੀ ਨੇ ਇਕ ਤਰ੍ਹਾਂ ਝਪਟ ਕੇ ਹੀ ਉਸ ਨੂੰ ਗਿਲਾਸ ਮੂੰਹ ਨੂੰ ਲਾਉਣੋਂ ਰੋਕ ਦਿਤਾ। ਇਸ ਤੋਂ ਪਹਿਲਾਂ ਕਿ ਪੰਛੀ ਕੁਝ ਕਹਿੰਦਾ, ਉਹ ਬੋਲਿਆ, "ਸਾਲੀ ਝੱਟ ਵਿਚ ਹੀ ਗਰਮ ਹੋ ਗਈ।"

"ਪੰਛੀ ਨੇ ਤਾਂ ਪਰ੍ਹੇ ਨੂੰ ਮੂੰਹ ਕਰਕੇ ਹਾਸਾ ਨਕਲੀ ਖੰਘ 'ਚ ਲਕੋ ਲਿਆ ਪਰ ਮਾਣਕ ਤੋਂ ਰਿਹਾ ਨਾ ਗਿਆ-ਗਰਮੀ ਤਾਂ ਸਾਲੀ ਨਾਲ ਜਾਨ ਨਿਕਲਦੀ ਐ ਪਰ ਮਿੱਤਰਾ ਬਚ ਗਿਆ, ਨਹੀਂ ਤਾਂ ਤੂੰ ਮੁਰਾਰਜੀ ਡਿਸਾਈ ਵਾਂਗੂੰ ਛੇਤੀ ਬਿਮਾਰ ਨ੍ਹੀਂ ਸੀ ਹੁੰਦਾ।"

"ਪਰ ਮਾਹਟਰਾ ਇਕ ਗੱਲ ਹੋਰ ਪੱਕੀ ਐ। ਇਹ ਸਾਲਾ...ਪੀਣ ਵਾਲਾ ਵੀ ਪੱਕਾ ਸਾਡੇ 'ਚੋਂ ਹੋਊ।" ਬਸੰਤ ਬੋਲਿਆ।

"ਕਿਵੇਂ?"

"ਤੇ ਡੌਅ ਸਾਡੇ ਵਾਂਗ ਉਹਦੇ ਬਲਿਆ ਹੋਣੈ। ਚੱਲ ਆ ਹੇਠਾਂ, ਅਹੁ ਦਿਸਣ ਲੱਗ ਪਿਐ ਠੇਕਾ।"

**ਅੰਤਿਕਾ:**

ਦੱਦਾ-ਕਹਿੰਦਾ ਦਿੱਤੀ ਨਹੀਂ<br>
ਵਿਧਾਤਾ ਤਾਈਂ ਕਿਸੇ ਮੱਤ<br>
ਇਨ੍ਹਾਂ ਮੂਰਖਾਂ ਦੇ ਸਿਰ ਉਤੇ<br>
ਸਿੰਗ ਤਾਂ ਲਗਾਉਣੇ ਸੀ।<br>
ਦਿੱਤੇ ਨ੍ਹੀਂ ਖਜ਼ਾਨੇ ਕਾਹਤੋਂ<br>
ਸਖੀਆਂ ਨੂੰ ਦੌਲਤਾਂ ਦੇ<br>
ਸੂਮਾਂ ਦੇ ਤਪਾ ਕੇ ਪੈਸੇ<br>
ਮੱਥੇ ਵਿਚ ਲਾਉਣੇ ਸੀ।<br>
ਫੇਰ ਪਤਾ ਲੱਗ ਜਾਂਦਾ<br>
ਤੇਰੀਆਂ ਸ਼ੈਤਾਨੀਆਂ ਦਾ<br>
ਮਰੇ ਹੋਏ ਬੰਦੇ<br>
ਇਕ ਵਾਰ ਤਾਂ ਮਿਲਾਉਣੇ ਸੀ।

***('ਜ਼ਿੰਦਗੀ ਦੇ ਸੱਚ' ਵਿਚੋਂ)***

## ਤੁਹਾਡੀ ਸੁਰਿੰਦਰ ਕੌਰ ਪਰ ਮੇਰੀ ਸ਼ਲਿੰਦਰਾਂ ਮਾਂ

### ਧੁੱਪੇ ਬੈਠੀਆਂ ਯਾਦਾਂ

ਮਾਹਿਲਪੁਰ ਨੂੰ ਜਾਨਣ ਵਾਲੇ ਪ੍ਰੋ. ਅਜੀਤ ਨੂੰ ਵੀ ਜਾਣਦੇ ਹੋਣਗੇ। ਪਿੱਛੇ ਜਿਹੇ ਹੀ ਉਹ ਮਾਹਿਲਪੁਰ ਦੇ ਖਾਲਸਾ ਕਾਲਜ 'ਚੋਂ ਸੇਵਾਮੁਕਤ ਹੋਏ ਹਨ। ਯਾਨਿ ਮੀਆਂ ਬੀਵੀ। ਪ੍ਰੋ. ਅਜੀਤ ਗ਼ਜ਼ਲ ਲਿਖਦਾ ਵੀ ਅੱਛੀ ਹੈ ਪਰ ਗਾਉਂਦਾ ਬਹੁਤ ਵਧੀਆ ਹੈ। ਬਹੁਤ ਲੋਕਾਂ ਨੂੰ ਪਤੈ ਕਿ ਇਕ ਵੇਲੇ ਉਹ ਅੰਤਰਜਾਤੀ ਵਿਆਹ ਕਰਾਉਣ ਕਰਕੇ ਸੁਰਖੀਆਂ 'ਚ ਆਇਐ। ਕਾਲਜ ਵਾਲਿਆਂ ਨੇ ਦੋਹਾਂ ਨੂੰ ਕੱਢ'ਤਾ। ਗੱਲ ਮਰਨ-ਮਰਾਉਣ ਤੱਕ ਤਾਂ ਗਈ ਹੀ ਸੀ, ਰਾਸ਼ਟਰਪਤੀ ਤੱਕ ਵੀ ਚਲੇ ਗਈ ਤੇ ਰਾਸ਼ਟਰਪਤੀ ਦੀ ਗਵਰਨਰ ਰਾਹੀਂ ਦਖਲ-ਅੰਦਾਜ਼ੀ ਨੇ ਦੋਹਾਂ ਨੂੰ ਨੌਕਰੀ 'ਤੇ ਬਹਾਲ ਵੀ ਕਰਾਇਆ ਤੇ ਰਾਸ਼ਟਰਪਤੀ ਭਵਨ ਵਿਚ ਇਸ ਜੋੜੀ ਨਾਲ ਫੋਟੋ ਖਿਚਵਾ ਕੇ ਅੰਤਰਜਾਤੀ ਵਿਆਹ ਨੂੰ ਸਤਿਕਾਰ ਵੀ ਦਿੱਤਾ।

ਸ਼ੌਕੀ ਮੇਲੇ ਵਾਲੇ ਦਿਨਾਂ ਵਿਚ ਜਦੋਂ ਮੈਂ ਫੁੱਟਬਾਲ ਦੀ ਧਰਤੀ ਕਰਕੇ ਜਾਣੇ ਜਾਂਦੇ ਮਾਹਿਲਪੁਰ ਨਾਲ ਜੁੜਿਆ ਤਾਂ 1989 ਵਾਲੇ ਪਹਿਲੇ ਮੇਲੇ ਵਿਚ ਅਸੀਂ ਪਲੇਠਾ ਸਨਮਾਨ ਹੀ ਪੰਜਾਬੀ ਗਾਇਕੀ ਦੀ ਦੇਵੀ ਮਾਂ, ਸੁਰਿੰਦਰ ਕੌਰ ਦਾ ਰੱਖ ਲਿਆ ਪਰ ਪ੍ਰੋ. ਅਜੀਤ ਆਖੇ, 'ਨਾ ਭੌਰਾ ਕਿਥੇ ਦਿੱਲੀਓਂ ਸੁਰਿੰਦਰ ਕੌਰ ਲੈ ਆਊ?' ਪਰ ਫਿਰ ਗੋਗਲਿਆਂ ਦਾ ਮੀਂਹ ਉਹ ਵਰ੍ਹਿਆ ਕਿ ਸੁਰਿੰਦਰ ਕੌਰ ਦੇ ਨਾਲ ਡੇਢ ਦਰਜਨ ਨਾਮੀ ਗਾਇਕਾਂ ਨੇ ਪਹਿਲੇ ਵਰ੍ਹੇ ਹੀ ਉਹ ਕੁਝ ਪੇਸ਼ ਕਰ ਕੇ ਮੇਲਾ ਫਾਈਨਲ ਮੁਕਾਬਲੇ ਵਿਚ ਲੈ ਆਂਦਾ। ਗਹੁ ਨਾਲ ਦੇਖੋ ਸੁਰਿੰਦਰ ਕੌਰ ਦੇ ਖੱਬੇ ਕੰਨ 'ਤੇ ਪੱਟੀ ਬੱਧੀ ਹੋਈ ਹੈ, ਜ਼ਖ਼ਮ ਕੰਨ ਦੇ ਪਿੱਛੇ ਵੀ ਸੀ, ਪਰ ਮੇਰੇ ਨਾਲ ਲਿਖਣ ਕਲਾ ਅਤੇ ਪਿਆਰ ਕਰਕੇ ਉਹ ਬਿਮਾਰ ਵੀ ਮਾਹਿਲਪੁਰ ਆਈ ਤੇ ਜਲੰਧਰ ਦੂਰਦਰਸ਼ਨ 'ਤੇ ਲਖਵਿੰਦਰ ਜੌਹਲ ਨੇ ਪਹਿਲੀ ਵਾਰ ਮੇਰੀ ਬੇਨਤੀ 'ਤੇ ਉਹਦੀ ਜੀਵਨੀ 'ਤੇ ਆਧਾਰਤ ਇਕ ਘੰਟੇ ਦਾ ਪ੍ਰੋਗਰਾਮ ਵੀ ਤਿਆਰ ਕੀਤਾ ਸੀ। ਮੈਂ ਪ੍ਰੋ. ਅਜੀਤ ਦੇ ਨਾ ਆਉਣ ਦੇ ਭਰਮ ਨੂੰ ਪਰ੍ਹੇ ਕਰਦਿਆਂ ਪੂਰੇ ਮੇਲੇ ਦਾ ਸਟੇਜ ਸੰਚਾਲਨ ਹੀ ਉਹਦੇ ਹੱਥ ਦੇ ਦਿੱਤਾ ਸੀ। ਇਤਿਹਾਸਕ ਤੱਥ ਗਾਇਕੀ ਦੇ ਮਾਮਲੇ ਵਿਚ ਇਹ ਹੈ ਕਿ ਹੁਣ ਭਾਵੇਂ ਬੇਸੁਰਿਆਂ ਦਾ ਮੁੱਲ ਲੱਖਾਂ 'ਚ ਵੀ ਪੈਣ ਲੱਗ ਪਿਆ ਹੋਵੇ ਪਰ ਮੈਂ ਆਪਣੀ ਮਾਂ ਸਮਾਨ ਇਸ ਗਾਇਕਾ ਨੂੰ ਉਸ ਵਕਤ ਸਨਮਾਨ 'ਚ ਗਿਆਰਾਂ ਸੌ ਰੁਪਿਆ ਅਤੇ ਦਿੱਲੀ ਤੋਂ ਜਲੰਧਰ ਤੱਕ ਫਸਟ ਕਲਾਸ ਟ੍ਰੇਨ ਦਾ ਕਿਰਾਇਆ ਹੀ ਦਿੱਤਾ ਸੀ। ਮੇਰੇ ਲਈ ਇਹ ਉਹੀ ਵਕਤ ਸੀ ਜਿਵੇਂ ਕਿਸੇ ਦੇ ਘਰ ਸੱਤ ਕੁੜੀਆਂ ਤੋਂ ਬਾਅਦ ਜੌੜੇ ਪੁੱਤਰ ਜੰਮ ਪਏ ਹੋਣ।



**-ਐਸ. ਅਸ਼ੋਕ ਭੌਰਾ**

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### *ਹਾਲਾਤ!*

ਕੰਮਾਂ-ਕਾਰਾਂ ਨੇ ਮਾਰ'ਤੀ ਮੱਤ ਵੇਖੋ, ਦੂਹਰਾ ਵਾਂਗ ਕਮਾਨ ਦੇ ਲੱਕ ਹੋਇਆ।<br>
ਬੰਦਾ ਨਕਲੀ ਹੀ ਹਾਸੇ ਫਿਰੇ ਹੱਸਦਾ, ਅਮੀਰ ਬਣਨ ਦਾ ਭੋਲੇ ਨੂੰ ਸ਼ੱਕ ਹੋਇਆ।<br>
ਨਸ਼ਾ ਡਾਲਰਾਂ-ਪੌਂਡਾਂ ਦਾ ਉਤਰਦਾ ਨਹੀਂ, ਚੈਨ ਲੱਗਦਾ ਗਿਰਵੀ ਕਿਤੇ ਰੱਖ ਹੋਇਆ।<br>
ਕਦੋਂ ਅਰਬਾਂ-ਕਰੋੜਾਂ ਵਿਚ ਖੇਡਣਾ ਏ, ਹਾਲੇ ਸਹੁਰੀ ਦਾ ਪੂਰਾ ਨ੍ਹੀਂ ਲੱਖ ਹੋਇਆ।<br>
ਵਿਚੋਂ ਖੁਦੀ-ਗੁਮਾਨ ਨਾਲ ਫਿਰੇ ਭਰਿਆ, ਉਤੋਂ ਦੌਲਤਾਂ-ਸ਼ੋਹਰਤਾਂ ਦਾ ਚੱਕ ਹੋਇਆ।<br>
ਹੋਰ ਬਚੇ ਨਾ ਬਚੇ ਬੇਸ਼ੱਕ ਕੁਝ ਵੀ, ਸਭ ਤੋਂ ਕੀਮਤੀ ਬੰਦੇ ਦਾ ਨੱਕ ਹੋਇਆ।<br>
ਦਿਨੇ ਧਰਮ ਦੀਆਂ ਮੱਤਾਂ ਦੇਣ ਵਾਲਾ, ਘਰੇ ਪਰਤਦਾ ਰਾਤ ਨੂੰ ਡੱਕ ਹੋਇਆ।<br>
ਹਾਲਾਤ ਏਦਾਂ ਦੇ ਹੁਣ ਤੇ ਬਣਨ ਲੱਗੇ, ਤਾਰੇ ਦਿਨੇ ਹੀ ਦਿਸਣਗੇ ਸਾਰਿਆਂ ਨੂੰ,<br>
ਲਾਵਾਂ ਸੁਬ੍ਹਾ ਨੂੰ ਪੜ੍ਹੀਆਂ ਜਾਣੀਆਂ ਨੇ, ਤਲਾਕ ਵੇਖਿਓ ਆਪਣੇ ਤੱਕ ਹੋਇਆ।

ਵਿਚਾਰ-ਚਰਚਾ

# ਮਸਲੇ ਹਿੰਦੂ ਸਿੱਖ ਸਬੰਧਾਂ ਦੇ:ਕਿੰਨੀ ਭਿੰਨਤਾ, ਕਿੰਨਾ ਨੇੜ

*ਸਿੱਖ ਵਿਦਵਾਨ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਨੂੰ ਆਧਾਰ ਬਣਾ ਕੇ ਸਿੱਖ ਕੌਮ ਅਤੇ ਇਸ ਦੇ ਨਿਸ਼ਾਨੇ ਬਾਰੇ ਚੱਲੀ ਬਹਿਸ ਜਾਰੀ ਹੈ। ਇਸੇ ਬਹਿਸ ਦੇ ਸਿਲਸਿਲੇ ਵਿਚ ਸਿੱਖ ਵਿਦਵਾਨ ਪ੍ਰੋ. ਹਰਪਾਲ ਸਿੰਘ ਪੰਨੂ ਦੇ ਇਸ ਤੋਂ ਪਹਿਲਾਂ ਦੋ ਲੇਖ ਅਸੀਂ ਛਾਪ ਚੁਕੇ ਹਾਂ। ਤਾਜਾ ਲੇਖ ਵਿਚ ਪ੍ਰੋ. ਪੰਨੂ ਨੇ ਸਿੱਖ ਪੰਥ ਦੇ ਦੂਜੇ ਧਰਮਾਂ ਖਾਸਕਰ ਹਿੰਦੂ ਧਰਮ ਨਾਲ ਸਬੰਧਾਂ ਦੇ ਆਧਾਰ ਉਤੇ ਕੁਝ ਭਾਵਪੂਰਤ ਟਿੱਪਣੀਆਂ ਕੀਤੀਆਂ ਹਨ। ਪਾਠਕਾਂ ਦੀ ਨਜ਼ਰ ਕਰ ਰਹੇ ਹਾਂ ਇਹ ਲੇਖ। ਅਦਾਰਾ ਪੰਜਾਬ ਟਾਈਮਜ਼ ਦਾ ਇਸ ਲੇਖ ਵਿਚ ਕੀਤੀਆਂ ਟਿੱਪਣੀਆਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ*

**ਹਰਪਾਲ ਸਿੰਘ ਪੰਨੂ**

ਇਤਿਹਾਸਕਾਰਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ। ਇਕ ਉਹ ਹਨ ਜਿਹੜੇ ਤੁਹਾਡੇ ਹਨ, ਤੁਹਾਡੇ ਹਮਦਰਦ ਹਨ, ਤੁਹਾਡੀ ਸ਼ਾਨ ਬਰਕਰਾਰ ਰੱਖਣ ਦੇ ਇੱਛੁਕ ਹਨ, ਇਹ ਸ਼੍ਰੇਣੀ ਤੁਹਾਡੀਆਂ ਕਮਜ਼ੋਰੀਆਂ ਅਤੇ ਨਾਲਾਇਕੀਆਂ ਨੂੰ ਛੁਪਾਏਗੀ। ਦੂਜੇ ਉਹ ਇਤਿਹਾਸਕਾਰ ਹਨ ਜਿਹੜੇ ਤੁਹਾਡੇ ਵਿਰੋਧੀ ਹਨ, ਉਨ੍ਹਾਂ ਨੂੰ ਤੁਹਾਡੇ ਵਿਚ ਕੋਈ ਗੁਣ ਨਹੀਂ ਦਿੱਸੇਗਾ, ਉਹ ਤੁਹਾਡੇ ਨੁਕਸ ਛਾਂਟਣਗੇ, ਨੇਕੀਆਂ ਛੁਪਾਉਣਗੇ। ਨਿਰਪੱਖ ਇਤਿਹਾਸਕਾਰੀ ਨਾਮ ਦੀ ਕੋਈ ਚੀਜ਼ ਨਹੀਂ ਹੁੰਦੀ ਕਿਉਂਕਿ ਆਦਮੀ ਆਤਮਸਾਤ ਕਰਨੋਂ ਰੁਕ ਨਹੀਂ ਸਕਦਾ। ਪਹਿਲੀ, ਹਮਦਰਦ ਸ਼੍ਰੇਣੀ ਦਾ ਇਤਿਹਾਸਕਾਰ ਜੇ ਤੁਹਾਡੀਆਂ ਸਿਫਤਾਂ ਕਰੀ ਜਾਂਦਾ ਹੈ, ਉਸ ਦੀਆਂ ਸਿਫਤਾਂ ਨਜ਼ਰਅੰਦਾਜ਼ ਕਰ ਦਿਉ, ਦੇਖੋ ਕਿ ਕੀ ਕਿਤੇ ਕੋਈ ਨੁਕਸ ਵੀ ਉਸ ਨੂੰ ਲੱਭਾ ਹੈ? ਜੇ ਹਾਂ ਤਾਂ ਉਸ ਨੁਕਸ ਉਪਰ ਧਿਆਨ ਦਿਉ ਕਿਉਂਕਿ ਪ੍ਰਸ਼ੰਸਾ ਉਪਰ ਸ਼ੱਕ ਹੋ ਸਕਦਾ ਹੈ, ਤੁਹਾਡੇ ਹਮਦਰਦ ਨੂੰ ਦਿਸਿਆ ਨੁਕਸ ਸਹੀ ਹੋਵੇਗਾ। ਜਿਹੜਾ ਇਤਿਹਾਸਕਾਰ ਤੁਹਾਡੇ ਵਿਰੁਧ ਕਲਮ ਚਲਾ ਰਿਹਾ ਹੈ, ਉਸ ਵਲੋਂ ਬਿਆਨ ਕੀਤੇ ਸਾਰੇ ਨੁਕਸਾਂ ਨੂੰ ਨਜ਼ਰਅੰਦਾਜ਼ ਕਰਨ ਦਾ ਤੁਹਾਨੂੰ ਹੱਕ ਹੈ ਪਰ ਜੇ ਕਿਸੇ ਥਾਂ ਉਸ ਨੇ ਕੋਈ ਸਿਫਤ ਬਿਆਨ ਕਰ ਦਿੱਤੀ, ਉਹ ਯਕੀਨਨ ਸਹੀ ਹੋਵੇਗੀ। ਇਸ ਪ੍ਰਥਾਇ ਆਪਾਂ ਕਾਜ਼ੀ ਨੂਰ ਮੁਹੰਮਦ ਦੇ ਜੰਗਨਾਮੇ ਦੇ ਅਕਸਰ ਹਵਾਲੇ ਇਸੇ ਕਰਕੇ ਦਿੰਦੇ ਹਾਂ ਕਿਉਂਕਿ ਐਲਾਨੀਆ ਦੁਸ਼ਮਣ ਨੂੰ ਤੁਹਾਡੇ ਵਿਚ ਗੁਣ ਦਿਸੇ ਸਨ, ਸੂਰਮਗਤੀ ਦੇ ਗੁਣ, ਉਚੇ ਇਖਲਾਕ ਦੇ ਗੁਣ। ਫਿਰਦੌਸੀ ਦਾ ਕਥਨ ਹੈ, "ਖੂਬਸੂਰਤੀ ਉਹ ਜਿਸ ਦੀ ਸ਼ਲਾਘਾ ਸੌਂਕਣ ਵੀ ਕਰੇ।"

ਅਜੋਕੇ ਸਮੇਂ ਵਿਚ ਬਾਕੀ ਇਤਿਹਾਸਕਾਰਾਂ ਨੂੰ ਹਾਲੇ ਇਕ ਪਾਸੇ ਰੱਖ ਕੇ ਦੋ ਹਿੱਸਿਆਂ ਵਿਚ ਵੰਡ ਸਕਦੇ ਹਾਂ, ਪਹਿਲਾ ਹੈ ਹਿੰਦੂ ਇਤਿਹਾਸਕਾਰਾਂ ਦਾ ਗਰੁਪ ਤੇ ਦੂਜਾ ਹੈ ਮਕਲਿਉਡ ਦਾ ਸਕੂਲ। ਹਿੰਦੂ ਇਤਿਹਾਸਕਾਰਾਂ ਨੇ ਸਿੱਖ ਇਤਿਹਾਸ ਲਿਖਣ ਵਕਤ ਕੋਈ ਸਕੂਲ ਨਹੀਂ ਸਿਰਜਿਆ ਯਾਨਿ ਮਿਥੀ ਪਰੰਪਰਾ ਅਨੁਸਾਰ ਨਹੀਂ ਲਿਖਿਆ। ਮਕਲਿਉਡ ਅਤੇ ਉਸ ਦਾ ਸਕੂਲ ਤੱਥ ਅਤੇ ਅੰਕੜਿਆਂ ਨਾਲ ਲੈਸ ਹੋ ਕੇ ਉਹ ਸਿੱਖ ਪਰੰਪਰਾਵਾਂ ਨੂੰ ਸਵਾਲੀਆ ਘੇਰੇ ਵਿਚ ਲੈ ਆਏ ਹਨ ਜੋ ਠੀਕ ਨਹੀਂ ਹੈ।

ਹਿੰਦੂ ਇਤਿਹਾਸਕਾਰੀ ਦੀ ਸੁਰ ਹਮਦਰਦਾਨਾ ਹੈ। ਇਹ ਸਹੀ ਹੈ ਕਿ ਸਿੱਖ ਗੁਰੂ ਸਾਹਿਬਾਨ ਨੂੰ ਉਹ ਹਿੰਦੂਆਂ ਦੇ ਗੁਰੂ ਦੱਸਦੇ ਹਨ ਤੇ ਸਿੱਖਾਂ ਬਾਰੇ ਉਨ੍ਹਾਂ ਦੀ ਰਾਇ ਹੈ ਕਿ ਸਿੱਖ ਹਿੰਦੂ ਹਨ, ਸਗੋਂ ਬਾਕੀਆਂ ਨਾਲੋਂ ਵਧੀਕ ਚੰਗੇ ਹਿੰਦੂ। ਇਹ ਵੀ ਲਿਖਦੇ ਹਨ ਕਿ ਗੁਰਬਾਣੀ ਰਾਹੀਂ ਉਪਨਿਸ਼ਦਾਂ ਦਾ ਫਲਸਫਾ ਅਜੋਕੀ ਬੋਲੀ, ਸੌਖੀ ਸ਼ਬਦਾਵਲੀ ਵਿਚ ਲੋਕਾਂ ਤੱਕ ਪੁਚਾਇਆ ਗਿਆ ਹੈ। ਇਹ ਗੱਲਾਂ ਪੜ੍ਹਦਿਆਂ ਹੋਇਆਂ ਪ੍ਰੋ. ਹਰਿੰਦਰ ਸਿੰਘ ਮਹਿਬੂਬ, ਸ. ਅਜਮੇਰ ਸਿੰਘ ਤੇ ਸ. ਕਰਮਜੀਤ ਸਿੰਘ ਦੀ ਤ੍ਰਬੈਣੀ ਨੂੰ ਗੁੱਸਾ ਆਉਂਦਾ ਹੈ, ਕਚੀਚੀਆਂ ਵੱਟਦੇ ਹਨ, ਜਦੋਂ ਕਿ ਮੈਨੂੰ ਇਹ ਸਭ ਪੜ੍ਹਦਿਆਂ ਆਪਣੇ ਆਪ ਉਪਰ ਫਖਰ ਹੁੰਦਾ ਹੈ। ਮੇਰੇ ਗੁਰੂ ਸਾਹਿਬਾਨ ਨੇ ਮੈਨੂੰ ਵੈਦਿਕ ਮੱਤ ਤੋਂ ਪੂਰੀ ਤਰ੍ਹਾਂ ਮੁਕਤ ਕਰ ਦਿੱਤਾ ਹੈ, ਜਿਸ ਮੱਤ ਦਾ ਮੈਂ ਅੰਗ ਨਹੀਂ, ਉਸ ਮੱਤ ਦੇ ਇਤਿਹਾਸਕਾਰ ਸਿੱਖ ਇਤਿਹਾਸ ਦੀ ਸ਼ਾਨ ਬਹੁਤ ਮਿਹਨਤ ਨਾਲ ਬਿਆਨ ਕਰ ਰਹੇ ਹਨ। ਅਜਿਹਾ ਕਰਦਿਆਂ ਉਹ ਮੇਰੇ ਤੋਂ ਨਾ ਧਨ ਚਾਹੁੰਦੇ ਹਨ ਨਾ ਦਾਦ। ਉਨ੍ਹਾਂ ਨੂੰ ਗੁਰੂ ਸਾਹਿਬਾਨ ਚੰਗੇ ਲੱਗੇ, ਸਿੱਖ ਵਿਰਾਸਤ ਚੰਗੀ ਲੱਗੀ ਤੇ ਉਨ੍ਹਾਂ ਨੂੰ ਇਉਂ ਪ੍ਰਤੀਤ ਹੋਇਆ ਜਿਵੇਂ ਇਹ ਸਾਰਾ ਖਜ਼ਾਨਾ ਵੈਦਿਕ ਮੱਤ ਦਾ ਹੈ। ਉਨ੍ਹਾਂ ਦੀਆਂ ਲਿਖਤਾਂ ਮੈਨੂੰ ਇਸ ਕਰਕੇ ਚੰਗੀਆਂ ਲੱਗਦੀਆਂ ਹਨ ਕਿਉਂਕਿ ਇਸ ਨਾਲ ਮੈਨੂੰ ਅਹਿਸਾਸ ਹੁੰਦਾ ਹੈ ਕਿ ਮੇਰੇ ਕੋਲ ਕੋਈ ਖਜ਼ਾਨਾ ਹੈ ਜਿਸ ਨੂੰ ਹਿੰਦੂ ਆਪਣਾ ਸਮਝ ਰਿਹਾ ਹੈ। ਸਾਲ 1699 ਦੀ ਵਿਸਾਖੀ ਦੇ ਦਿਨ ਪੰਥ ਨੇ ਮੈਨੂੰ ਦੱਸ ਦਿੱਤਾ ਸੀ, "ਅੱਜ ਤੋਂ ਬਾਦ ਤੇਰੇ ਪਿਛਲੇ ਕਰਮ ਨਾਸ, ਧਰਮ ਨਾਸ, ਤੇਰਾ ਜਨਮ ਅੱਜ ਹੋਇਆ ਹੈ, ਤੇਰੇ ਪਿਤਾ ਗੁਰੂ ਗੋਬਿੰਦ ਸਿੰਘ ਹਨ ਤੇ ਮਾਤਾ ਸਾਹਿਬ ਦੇਵਾਂ। ਤੂੰ ਅਨੰਦਪੁਰ ਦਾ ਵਾਸੀ ਹੈਂ।" ਜੇ ਮੇਰਾ ਇਤਿਹਾਸ ਅਤੇ ਇਖਲਾਕ ਕਲੰਕਿਤ ਹੁੰਦਾ ਤਦ ਹਿੰਦੂਆਂ ਨੇ ਕਦੀ ਨਹੀਂ ਕਹਿਣਾ ਸੀ ਕਿ ਸਿੱਖ ਹਿੰਦੂ ਹਨ। ਆਰ. ਐਸ. ਐਸ. ਦਾ ਇਕ ਨੇਤਾ ਮਿਲਿਆ, ਕਹਿਣ ਲੱਗਾ, "ਮੈਂ ਯਹ ਸਮਝਤਾ ਹੂੰ ਕਿ ਸ੍ਰੀ ਗੁਰੂ ਖਾਲਸਾ ਪੰਥ ਕਾ ਪ੍ਰਕਾਸ਼ ਹਿੰਦੂ ਧਰਮ ਔਰ ਹਿੰਦੁਸਤਾਨ ਕੋ ਬਚਾਨੇ ਕੇ ਲਿਏ ਹੂਆ ਥਾ।" ਮੈ ਕਿਹਾ, "ਜੇ ਧਰਮ ਦੀ ਥਾਂ ਇਹ ਕੋਈ ਧੜਾ ਹੁੰਦਾ, ਗਰੋਹ ਹੁੰਦਾ, ਤਦ ਤੁਹਾਡੀ ਗੱਲ ਸਹੀ ਹੁੰਦੀ। ਗੁਰਮਤਿ, ਪਹਿਲੀ ਵਾਰ ਸੁਤੰਤਰ ਧਰਮ ਉਦੋਂ ਹੋਇਆ ਸੀ ਜਦੋਂ ਗੁਰੂ ਨਾਨਕ ਦੇਵ ਜੀ ਨੇ ਭਰੀ ਮਜਲਿਸ ਵਿਚ ਨੌਂ ਸਾਲ ਦੀ ਉਮਰੇ ਜਨੇਊ ਪਹਿਨਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਦੂਜੀ ਵਾਰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਪ੍ਰਗਟ ਕਰਨ ਵਕਤ। ਹਾਂ, ਏਨੀ ਗੱਲ ਨਾਲ ਮੈਂ ਸਹਿਮਤ ਹਾਂ ਕਿ ਗੁਰੂ ਖਾਲਸਾ ਪੰਥ ਦੇ ਪ੍ਰਕਾਸ਼ ਸਦਕਾ ਹਿੰਦੂ ਧਰਮ ਅਤੇ ਹਿੰਦੁਸਤਾਨ ਬਚੇ। ਸਿੱਖਾਂ ਨੂੰ ਨਹੀਂ, ਹਿੰਦੂਆਂ ਨੂੰ ਚਾਹੀਦਾ ਹੈ ਕਿ ਇਹ ਤੱਥ ਯਾਦ ਰੱਖਣ ਤੇ ਬਾਕੀਆਂ ਨੂੰ ਯਾਦ ਕਰਵਾਉਣ।"

ਹਿੰਦੂਆਂ ਦਾ ਜ਼ਿਕਰ ਕਰਦਿਆਂ ਉਕਤ ਤ੍ਰਬੈਣੀ ਯਹੂਦੀਆਂ ਦਾ ਹਵਾਲਾ ਦਿੰਦੀ ਹੈ। ਇਹ ਹਵਾਲਾ ਇਕਦਮ ਪ੍ਰਸੰਗਹੀਣ ਹੋਣ ਸਦਕਾ ਰੱਦ ਕਰਨਯੋਗ ਹੈ। ਇਸਾਈ, ਯਹੂਦੀਆਂ ਵਿਚੋਂ ਆਏ। ਸਲੀਬ ਉਪਰ ਟੰਗੇ ਜਾਣ ਤੱਕ, ਸ਼ਹਾਦਤ ਤੱਕ, ਯਸੂ ਮਸੀਹ ਯਹੂਦੀ ਸੀ। ਉਸ ਨੇ ਕਿਤੇ ਐਲਾਨ ਨਹੀਂ ਕੀਤਾ ਕਿ ਉਹ ਨਵਾਂ ਪੈਗੰਬਰ ਹੈ ਤੇ ਨਵਾਂ ਧਰਮ ਦੇਣ ਵਾਸਤੇ ਆਇਆ ਹੈ। ਉਸ ਦੀ ਸ਼ਹਾਦਤ ਬਾਦ ਨਵੀ ਇੰਜੀਲ ਅਤੇ ਨਵੇਂ ਧਰਮ ਦੀ ਸਿਰਜਣਾ ਹੋਈ। ਯਹੂਦੀਆਂ ਨੂੰ ਯਸੂ ਦੇ ਕਤਲ ਵਿਚ ਹਿੱਸੇਦਾਰ ਸਮਝਿਆ ਗਿਆ ਭਾਵੇਂ ਕਿ ਅਜਿਹਾ ਨਹੀਂ ਸੀ। ਈਸਾਈਆਂ ਨੇ ਠਾਣ ਲਿਆ ਕਿ ਇਸ ਪਾਪ ਦਾ ਬਦਲਾ ਲਵਾਂਗੇ। ਦੋ ਹਜ਼ਾਰ ਸਾਲ ਤੋਂ ਐਲਾਨੀਆ ਦੁਸ਼ਮਣ ਗਰਦਾਨਦਿਆਂ ਈਸਾਈਆਂ ਨੇ ਯਹੂਦੀਆਂ ਨੂੰ ਥੋਕ ਵਿਚ ਮਾਰਿਆ। ਕਿਸੇ ਨੇ ਇਹ ਗੁੱਥੀ ਸੁਲਝਾਉਣ ਦਾ ਯਤਨ ਨਹੀਂ ਕੀਤਾ ਕਿ ਯਸੂ ਦਾ ਕਤਲ ਰੋਮਨਾਂ ਨੇ ਕੀਤਾ ਜੋ ਪੈਗਨ (Pagan) ਸਨ, ਯਹੂਦੀ ਕਿਸੇ ਤਰ੍ਹਾਂ ਜ਼ਿੰਮੇਵਾਰ ਨਹੀਂ ਸਨ।

ਮਾਰਟਿਨ ਲੂਥਰ 1543 ਵਿਚ, ਆਪਣੀ ਕਿਤਾਬ "ਆਨ ਦ ਜਿਊਜ਼ ਐਂਡ ਦਿਅਰ ਲਾਈਜ਼" (ਵਿਟਨਬਰਗ) ਵਿਚ ਲਿਖਦਾ ਹੈ, "ਯਹੂਦੀਆਂ ਨਾਲੋਂ ਨਿਖਿਧ, ਬਦ, ਕੋਈ ਨਹੀਂ। ਉਨ੍ਹਾਂ ਦੇ ਸਕੂਲ ਢਾਹ ਦਿਓ, ਮੰਦਰ ਅਗਨ ਭੇਟ ਕਰੋ, ਧਰਮ ਗ੍ਰੰਥਾਂ ਨੂੰ ਜ਼ਬਤ ਕਰੋ ਕਿਉਂ ਜੁ ਉਹ ਝੂਠ, ਬੁਤਪ੍ਰਸਤੀ ਤੇ ਕੁਫਰ ਨਾਲ ਭਰੇ ਪਏ ਹਨ। ਪੁਜਾਰੀਆਂ ਦੀ ਜ਼ਬਾਨ ਬੰਦ ਕਰੋ, ਨਹੀਂ ਹਟਦੇ, ਫਾਹੇ ਲਾ ਦਿਓ।" ਇਹ ਵਾਕ ਬੇਸ਼ੁਮਾਰ ਕਤਲਾਂ ਲਈ ਪੁੱਟਿਆ ਪਹਿਲਾ ਕਦਮ ਹੈ।

ਈਰਾਸਮਸ, ਜਿਸ ਨੂੰ ਵੱਡਾ ਉਦਾਰਵਾਦੀ ਕਿਹਾ ਜਾਂਦਾ ਹੈ, ਆਪਣੀ ਕਿਤਾਬ *'ਹਿਉਮਨਿਜ਼ਮ ਐਂਡ ਕ੍ਰਿਸਚਿਅਨ ਕਬਾਲਾਹ'* ਵਿਚ ਲਿਖਦਾ ਹੈ, "ਯਹੂਦੀਆਂ ਵਰਗੀ ਖਤਰਨਾਕ ਪਲੇਗ ਹੋਰ ਕੋਈ ਨਹੀਂ।" ਯਹੂਦੀ ਕਥਾਕਾਰ ਫਰਾਂਜ਼ ਕਾਫਕਾ ਲਿਖਦਾ ਹੈ, "ਸਾਲ ਵਿਚ ਬੇਸ਼ਕ ਇਕ ਅੱਧ ਵਾਰ ਦੰਗਿਆਂ ਦੌਰਾਨ ਯਹੂਦੀਆਂ ਨੂੰ ਮਾਰਿਆ ਜਾਂਦਾ ਹੈ ਪਰ ਹਰੇਕ ਯਹੂਦੀ ਕੰਨ ਵਿਚ 'ਯਹੂਦੀ ਹੈ, ਬਚ ਨਾ ਪਾਏ' ਵਾਕ ਹਰ ਵਕਤ ਗੂੰਜਦਾ ਰਹਿੰਦਾ ਹੈ।"

ਸਾਮੀ ਧਰਮਾਂ ਵਿਚ ਔਰਤ ਨਾਲ ਇਸ ਕਰਕੇ ਦੁਰਵਿਹਾਰ ਹੋਇਆ ਕਿਉਂਕਿ ਈਵ ਕਾਰਨ ਆਦਮ ਸੁਰਗ ਵਿਚੋਂ ਨਿਕਲ ਗਿਆ। ਮਿੱਥ ਹੋਣ ਦੇ ਬਾਵਜੂਦ ਇਸ ਵਿਸ਼ਵਾਸ ਨੇ ਔਰਤ ਨੂੰ ਨਿਰੰਤਰ ਸ਼ਰਮਿੰਦਿਆਂ ਕੀਤਾ। ਅੰਤਮ ਤੌਰ 'ਤੇ ਯਸੂ ਦੇ ਕਤਲ ਦੀ ਸਜ਼ਾ ਸੱਠ ਲੱਖ ਯਹੂਦੀਆਂ ਦੇ ਕਤਲ ਵਜੋਂ ਹੋਈ। ਯਹੂਦੀ ਬਨਾਮ ਈਸਾਈ ਨੂੰ ਉਕਤ ਤ੍ਰਬੈਣੀ ਹਿੰਦੂ ਬਨਾਮ ਸਿੱਖ ਦੇ ਰੂਪ ਵਿਚ ਪੇਸ਼ ਕਰ ਰਹੀ ਹੈ। ਉਪਮਾ ਅਲੰਕਾਰ ਤਦ ਕਾਮਯਾਬ ਹੁੰਦਾ ਹੈ ਜਦੋਂ ਦੋ ਨਜ਼ਰੀਏ ਇਕ ਹੋ ਜਾਣ। ਇੱਥੇ ਨਜ਼ਰੀਏ ਵਿਰੋਧੀ ਹਨ। ਯਹੂਦੀਆਂ ਅਨੁਸਾਰ ਯਸੂ ਪੈਗੰਬਰ ਨਹੀਂ ਤੇ ਨਵੀਂ ਅੰਜੀਲ ਕੋਈ ਧਰਮ ਗ੍ਰੰਥ ਨਹੀਂ। ਹਿੰਦੂਆਂ ਅਨੁਸਾਰ ਦਸ ਗੁਰੂ ਸਾਹਿਬਾਨ ਹਿੰਦੂਆਂ ਦੇ ਗੁਰੂ ਹਨ, ਗੁਰੂ ਗ੍ਰੰਥ ਨੂੰ ਉਹ ਪੰਜਵਾਂ ਵੇਦ ਵੀ ਕਹਿ ਦਿੰਦੇ ਹਨ ਤੇ ਹਿੰਦੂ ਦਰਸ਼ਨ ਦੀ ਸ਼੍ਰੋਮਣੀ ਚੋਟੀ ਵੀ।

ਈਸਾਈਆਂ ਦਾ ਪਿਛੋਕੜ ਯਹੂਦੀ ਹੈ ਪਰ ਉਹ ਯਹੂਦੀਆਂ ਦੇ ਦੁਸ਼ਮਣ ਸਾਬਤ ਹੋਏ। ਹੁਣ ਦੇਖੀਏ ਜ਼ਰਾ ਹਿੰਦੂ ਫਾਸ਼ੀਵਾਦ ਬਾਬਤ ਅਜਮੇਰ ਸਿੰਘ ਦੀ ਕਿਤਾਬ *'1984: ਅਣਚਿਤਵਿਆ ਕਹਿਰ'* ਦੇ ਪੰਨਾ ਨੰ. 97 ਉਪਰ ਛਪੇ ਵਾਕ: "ਇੰਦਰਾ ਗਾਂਧੀ 1980 ਵਿਚ ਜਦ ਦੁਬਾਰਾ ਸੱਤਾ ਵਿਚ ਆਈ ਤਾਂ ਉਸ ਦੀ ਮਾਨਸਿਕ ਤੇ ਰੂਹਾਨੀ ਦਸ਼ਾ ਬਹੁਤ ਅੱਛੀ ਨਹੀਂ ਸੀ ਰਹੀ। ਉਸ ਦੀ ਮੌਤ ਤੋਂ ਬਾਅਦ ਬਹੁਤ ਸਾਰੇ ਚਿੰਤਕਾਂ ਨੇ ਭਾਰਤ ਅੰਦਰ ਪ੍ਰਗਟ ਹੋਏ ਫਿਰਕੂ-ਫਾਸ਼ੀਵਾਦ ਦੇ ਵਰਤਾਰੇ ਨੂੰ ਸਮਝਣ ਲਈ ਸਮਾਜਿਕ-ਆਰਥਿਕ, ਰਾਜਨੀਤਕ ਤੇ ਸਭਿਆਚਾਰਕ ਪੱਖਾਂ ਦੇ ਨਾਲ ਹੀ ਇੰਦਰਾ ਗਾਂਧੀ ਦੇ ਮਨੋ-ਵਿਸ਼ਲੇਸ਼ਣ ਵਿਚ ਵੀ ਤਕੜੀ ਰੁਚੀ ਪ੍ਰਗਟਾਈ ਹੈ। ਇਸ ਮਨੋ-ਵਿਸ਼ਲੇਸ਼ਣ 'ਚੋਂ ਦੋ ਤਿੰਨ ਗੱਲਾਂ ਸਾਫ ਪ੍ਰਗਟ ਹੁੰਦੀਆਂ ਹਨ। ਸਭ ਤੋਂ ਪਹਿਲੀ ਗੱਲ ਇਹ ਕਿ ਸ਼ੁਰੂ ਤੋਂ ਹੀ ਉਸ ਦੀਆਂ ਘਰੇਲੂ ਜੀਵਨ ਹਾਲਤਾਂ ਕੁੱਝ ਇਸ ਤਰ੍ਹਾਂ ਦੀਆਂ ਬਣਦੀਆਂ ਰਹੀਆਂ ਕਿ ਅਸੁਰੱਖਿਆ ਤੇ ਅਸਥਿਰਤਾ ਦਾ ਭਾਵ ਉਸ ਦੇ ਮਨ ਅੰਦਰ ਡੂੰਘਾ ਘਰ ਕਰ ਗਿਆ ਸੀ। ਇਸ ਅਹਿਸਾਸ ਨੇ ਉਸ ਦਾ ਜੀਵਨ ਭਰ ਖਹਿੜਾ ਨਹੀਂ ਛੱਡਿਆ। ਉਦੋਂ ਵੀ, ਜਦੋਂ 1971 ਦੀ ਜਿੱਤ ਨਾਲ ਉਸ ਦੀ ਗੁੱਡੀ ਪੂਰੀ ਅਸਮਾਨੀਂ ਚੜ੍ਹੀ ਹੋਈ ਸੀ, ਉਹ ਰਾਜਸੀ ਚੁਣੌਤੀਆਂ ਤੇ ਖਤਰਿਆਂ ਦੇ ਡਰ ਤੋਂ ਮੁਕਤ ਨਹੀਂ ਸੀ ਹੋਈ। 1975 ਵਿਚ ਬੰਗਲਾਦੇਸ਼ ਦੇ ਬਾਨੀ ਰਾਸ਼ਟਰਪਤੀ ਸ਼ੇਖ ਮੁਜੀਬ-ਉਰ-ਰਹਿਮਾਨ ਦੇ ਕਤਲ ਨੇ ਉਸ ਨੂੰ ਹੋਰ ਵੱਧ ਡਰਾ ਦਿੱਤਾ ਸੀ। 1977 ਦੀਆਂ ਚੋਣਾਂ ਵਿਚ ਹੋਈ ਅਣਚਿਤਵੀ ਹਾਰ ਅਤੇ ਜਨਤਾ ਸਰਕਾਰ ਦੁਆਰਾ ਉਸ ਨੂੰ ਮੁਕੱਦਮਿਆਂ ਵਿਚ ਉਲਝਾ ਕੇ ਖੱਜਲ ਖੁਆਰ ਕਰਨ ਦੇ ਯਤਨਾਂ ਨੇ ਉਸ ਅੰਦਰ ਅਸੁਰੱਖਿਆ ਦੇ ਭਾਵ ਨੂੰ ਹੋਰ ਬਲ ਮੁਹੱਈਆ ਕਰ ਦਿੱਤਾ ਸੀ। 1981 ਵਿਚ ਸੰਜੇ ਗਾਂਧੀ ਦੀ ਮੌਤ ਨੇ ਉਸ ਨੂੰ ਹੋਰ ਵੀ ਤੋੜ ਕੇ ਰੱਖ ਦਿੱਤਾ ਸੀ। ਉਹ ਹੋਰ ਵੀ ਵੱਧ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਈ ਸੀ। ਉਸ ਦਾ ਆਪਾ ਅਨਿਸਚਿਤ, ਅਸੰਤੁਲਤ, ਨਿਰੋਲ ਆਪਣੇ ਆਪ ਉਤੇ ਕੇਂਦਰਿਤ ਹੋ ਕੇ ਰਹਿ ਗਿਆ ਸੀ। ਸੰਜੇ ਗਾਂਧੀ ਉਸ ਦੇ ਆਪੇ ਦਾ ਹੀ ਫੈਲਾਉ ਸੀ। ਰਾਜਸੀ ਅਸੁਰੱਖਿਆ ਦਾ ਅਣਜਾਣਾ ਭੈਅ ਮੁੜ ਮੁੜ ਉਸ ਦੀ ਕਮਜ਼ੋਰ ਅਤੇ ਸਨਕੀ ਤਬੀਅਤ ਨੂੰ ਘੇਰਦਾ ਰਿਹਾ। ਉਸ ਦੀ ਸਾਰੀ ਪ੍ਰਤਿਭਾ ਰਾਜ-ਪ੍ਰਾਪਤੀ ਤੇ ਰਾਜ-ਸਲਾਮਤੀ ਦੇ ਨਿਸ਼ਾਨੇ ਦੀ ਕਾਮਯਾਬੀ ਉਤੇ ਕੇਂਦਰਿਤ ਹੋ ਗਈ ਸੀ। ਉਹ ਇਸ ਵਿਚ ਦਖਲ-ਅੰਦਾਜ਼ੀ ਕਰਨ ਵਾਲੇ ਹਰ ਅੰਸ਼ ਨੂੰ ਫਨਾਹ ਕਰਨ 'ਤੇ ਉਤਾਰੂ ਹੋ ਜਾਂਦੀ ਸੀ। ਅਸਲ ਵਿਚ ਰਾਜ ਦੀ ਤ੍ਰਿਸ਼ਨਾ ਨੇ ਉਸ ਦੇ ਆਪੇ ਨੂੰ ਆਪਣੀ ਮਜ਼ਬੂਤ ਜਕੜ ਵਿਚ ਲੈ ਰੱਖਿਆ ਹੋਇਆ ਸੀ। ਰਾਜ ਉਸ ਵਾਸਤੇ ਇਕ ਇਸ਼ਟ (ਹਿੰਦੂ ਬੁੱਤ) ਦਾ ਦਰਜਾ ਹਾਸਲ ਕਰ ਗਿਆ ਸੀ। ਜਦ ਉਸ ਦੇ ਇਸ ਇਸ਼ਟ ਨੂੰ ਕਿਸੇ ਪਾਸਿਓਂ ਕੋਈ ਜ਼ਰਬ ਪਹੁੰਚਣ ਦਾ ਖਤਰਾ ਜਾਂ ਖਿਆਲ ਪੈਦਾ ਹੁੰਦਾ ਪ੍ਰਤੀਤ ਹੋਇਆ ਤਾਂ ਉਸ ਅੰਦਰ ਕਹਿਰ ਦੀ ਕਾਂਗ ਜਨਮ ਲੈਂਦੀ ਰਹੀ। ਉਸ ਦੀ ਸ਼ਖਸੀਅਤ ਵਿਚ ਭੀਸ਼ਣ ਕਰੋਧ ਦੇ ਅੰਸ਼ ਭਾਰੀ ਮਾਤਰਾ ਵਿਚ ਸਨ। ਜਦ ਵੀ ਉਸ ਦੀ ਖੁਦੀ (ਹਉਮੈ) ਨੂੰ ਕੋਈ ਚੋਟ ਪਹੁੰਚਦੀ ਨਜ਼ਰ ਆਉਂਦੀ ਸੀ ਤਾਂ ਉਹ ਪੁੱਜ ਕੇ ਬੇਰਹਿਮ ਤੇ ਜ਼ਾਲਮ ਹੋ ਨਿਬੜਦੀ ਸੀ। ਇਹ ਮਨੋਵਿਗਿਆਨਕ ਲੱਛਣ ਉਸ ਦੇ ਰਾਜਸੀ ਵਿਹਾਰ 'ਚੋਂ ਪ੍ਰਤੱਖ ਜ਼ਾਹਰ ਹੋਣ ਲੱਗ ਪਏ ਸਨ। ਉਸ ਨੇ ਖਤਰਿਆਂ ਨੂੰ ਹਕੀਕਤ ਨਾਲੋਂ ਵਧਾਅ ਚੜ੍ਹਾਅ ਕੇ ਦੇਖਣ ਅਤੇ ਹਰ ਮਸਲੇ ਨੂੰ ਨਿੱਜੀ ਚੁਣੌਤੀ ਵਜੋਂ ਦੇਖਣ ਤੇ ਨਜਿੱਠਣ ਦਾ ਕੱਬਾ ਰੁਖ ਧਾਰਨ ਕਰ ਲਿਆ ਸੀ। ਇਸ ਕਰੁਚੀ ਦਾ ਪਹਿਲਾ ਵੱਡਾ ਇਜ਼ਹਾਰ 1974 ਵਿਚ ਰੇਲਵੇ ਮੁਲਾਜ਼ਮਾਂ ਦੀਆਂ ਹਕੀਕੀ ਮੁਸ਼ਕਲਾਂ ਤੇ ਮੰਗਾਂ ਨੂੰ ਹਮਦਰਦੀ ਦੀ ਭਾਵਨਾ ਨਾਲ ਸੁਣਨ, ਸਮਝਣ ਤੇ ਹੱਲ ਕਰਨ ਦੀ ਥਾਂਵੇਂ ਆਪਣੇ ਲਈ ਨਿੱਜੀ ਚੁਣੌਤੀ ਦੇ ਰੂਪ ਵਿਚ ਲਿਆ, ਜਿਸ ਵਿਚੋਂ ਰੇਲਵੇ ਮੁਲਾਜ਼ਮਾਂ ਉਤੇ ਤਿੱਖੇ ਸਰਕਾਰੀ ਜਬਰ ਦਾ ਫਾਸ਼ੀਵਾਦੀ ਪੈਂਤੜਾ ਨਿਕਲਿਆ। ਬਾਅਦ ਵਿਚ ਜਾ ਕੇ ਸਿੱਖ ਸੰਘਰਸ਼ ਪ੍ਰਤਿ ਵੀ ਉਸ ਨੇ ਇਹੀ ਪਹੁੰਚ ਅਪਨਾਈ। ਇਸ ਤਰ੍ਹਾਂ ਦੀ ਪਹੁੰਚ ਸਮੱਸਿਆਵਾਂ ਦੇ ਹੱਲ ਵਿਚ ਕਤਈ ਸਹਾਈ ਨਹੀਂ ਹੋ ਸਕਦੀ। ਇਸ ਤਰ੍ਹਾਂ ਦੇ ਮਨੋ-ਵਿਕਾਰ ਦਾ ਸ਼ਿਕਾਰ ਵਿਅਕਤੀ ਮਸਲਿਆਂ ਨੂੰ ਵੱਕਾਰ ਦਾ ਮੁੱਦਾ ਬਣਾ ਲੈਂਦਾ ਹੈ। ਉਹ ਪਿੱਛੇ ਹੱਟਣ ਵਿਚ ਆਪਣੀ 'ਕਮਜ਼ੋਰੀ' ਤੇ 'ਹੇਠੀ' ਮਹਿਸੂਸ ਕਰਨ ਲੱਗ ਪੈਂਦਾ ਹੈ। ਠੀਕ ਉਸੇ ਤਰ੍ਹਾਂ ਜਿਵੇਂ ਕਿ ਜੰਗਲੀ ਸੂਰ ਉਸ ਦੀ ਘੰਡੀ ਵਿਚ ਖੁੱਭੀ ਨੁਕੀਲੀ ਬਰਛੀ ਨੂੰ ਆਪਣੇ ਲਈ 'ਚੁਣੌਤੀ' ਸਮਝ ਕੇ, ਪਿੱਛੇ ਹੱਟਣ ਦੀ ਥਾਂਵੇਂ ਅੱਗੇ ਤੇ ਹੋਰ ਅੱਗੇ ਵੱਧਦਾ ਤੁਰਿਆ ਜਾਂਦਾ ਹੈ ਅਤੇ ਅਖੀਰ ਵਿਚ ਆਪਣੀ ਜਾਨ ਗੁਆ ਬਹਿੰਦਾ ਹੈ। ਇੰਦਰਾ ਗਾਂਧੀ ਦੀ ਇਸ ਰੁਚੀ ਨੇ ਨਾ ਸਿਰਫ ਉਸ ਦੀ ਆਪਣੀ ਹੀ ਜਾਨ ਲੈ ਲਈ, ਸਗੋਂ ਇਹ ਦੇਸ਼ ਅੰਦਰ ਅਨੇਕਾਂ ਹੀ ਮਨੁੱਖੀ ਜਾਨਾਂ ਦਾ ਖੌਅ ਹੋ ਨਿਬੜੀ।"

ਅਜਮੇਰ ਸਿੰਘ ਖੁਦ ਮੰਨ ਰਿਹਾ ਹੈ ਕਿ ਇੰਦਰਾ ਗਾਂਧੀ ਨੇ ਹਿੰਦੁਸਤਾਨੀਆਂ ਨਾਲ ਕਿਤੇ ਵੀ ਘੱਟ ਨਹੀਂ ਗੁਜ਼ਾਰੀ, ਸੱਤਾ ਪ੍ਰਾਪਤੀ ਹਿਤ ਉਹ ਕੁਝ ਵੀ ਕਰ ਸਕਦੀ ਸੀ, ਮਾਨਸਿਕ ਤਵਾਜ਼ਨ ਗੁਆ ਕੇ ਉਹ ਅੰਨ੍ਹੀ ਹੋ ਗਈ ਸੀ। ਅਜਿਹੀ ਹਾਲਤ ਵਿਚ ਦਰਬਾਰ ਸਾਹਿਬ ਉਪਰ ਕੀਤਾ ਹਮਲਾ ਹਿੰਦੂ ਮਾਨਸਿਕਤਾ ਦੀ ਸਦੀਆਂ ਦੀ ਕੁਰੁਚੀ ਅਤੇ ਸਾਜ਼ਿਸ਼ ਕਿਵੇਂ ਸਾਬਤ ਹੋਇਆ? ਉਹ ਇਸ ਹੱਦ ਤੱਕ ਪਾਗਲ ਹੋ ਚੁੱਕੀ ਸੀ ਕਿ ਸਫਦਰਜੰਗ ਜਹਾਜ਼-ਘਰ ਉਪਰ ਗਈ ਤਾਂ ਪੁੱਤਰ ਸੰਜੇ ਦੀ ਲਾਸ਼ ਵੱਲ ਦੇਖਣ ਦੀ ਥਾਂ ਚਾਬੀਆਂ ਦਾ ਉਹ ਗੁੱਛਾ ਲਭਦੀ ਰਹੀ ਜਿਹੜਾ ਸੰਜੇ ਕੋਲ ਹੋਇਆ ਕਰਦਾ ਸੀ। ਇਸ ਪਾਗਲ ਔਰਤ ਦਾ ਜਿਹੜਾ ਇਲਾਜ ਹਿੰਦੁਸਤਾਨ ਨਾ ਕਰ ਸਕਿਆ ਉਹ ਸਿੱਖਾਂ ਨੇ ਕਰ ਦਿੱਤਾ।

ਮੇਰੇ ਸਾਹਮਣੇ ਮੇਜ਼ ਉਪਰ ਪਾਲ ਜਾਨਸਨ ਦੀ *'ਏ ਹਿਸਟਰੀ ਆਫ ਦ ਜਿਊਜ਼'*, ਗੋਜ ਐਲੀ ਅਤੇ ਸੋਸਾਨੇ ਹੇਮ ਦੀ ***ਆਰਕੀਟੈਕਟਸ ਆਫ ਐਨਹੀਲੇਸ਼ਨ*** (ਫੀਨਿਕਸ, 1998), ਕ੍ਰਿਸਟੋਫਰ ਬ੍ਰਾਊਨਿੰਗ ਦੀ *'ਦ ਓਰਿਜਿਨਜ਼ ਆਫ ਦ ਫਾਈਨਲ ਸੋਲਿਊਸ਼ਨ'* (ਐਰੋਬੁਕਸ, 2004), ਡੇਵਿਡ ਕੇਸਾਰਨੀ ਦੀ *'ਬਿਕਮਿੰਗ ਆਈਖਮਾਨ'* (ਡਾ-ਕਾਪੋ ਪ੍ਰੈਸ, 2006) ਪਈਆਂ ਹਨ। ਇਨ੍ਹਾਂ ਕਿਤਾਬਾਂ ਵਿਚ ਦਿਲ ਹਿਲਾ ਦੇਣ ਵਾਲੀਆਂ ਹਿਰਦੇਵੇਦਕ ਘਟਨਾਵਾਂ ਵਰਣਿਤ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਕੇਵਲ ਰਾਜਨੀਤੀਵਾਨ ਨਹੀਂ, ਸੰਸਾਰ ਪ੍ਰਸਿੱਧ ਚਿੰਤਕ ਮਾਰਟਿਨ ਲੂਥਰ ਤੋਂ ਲੈ ਕੇ ਜੱਲਾਦ ਅਡਾਲਫ ਹਿਟਲਰ ਤੱਕ ਯਹੂਦੀਆਂ ਦਾ ਬੀਜਨਾਸ ਕਰਨ ਦੇ ਹੱਕ ਵਿਚ ਸਨ। ਯਹੂਦੀਆਂ ਨੇ ਸੰਸਾਰ ਨੂੰ ਮਹਾਨ ਚਿੰਤਕ, ਮਹਾਨ ਨੀਤੀਵੇਤਾ ਦਿੱਤੇ, ਨੋਬਲ ਇਨਾਮਾਂ ਅਤੇ ਓਲੰਪਿਕ ਪ੍ਰਾਪਤੀਆਂ ਦਾ ਉਨ੍ਹਾਂ ਦਾ ਭੰਡਾਰ ਦੇਖ ਕੇ ਮੈਨੂੰ ਆਪਣੀ ਕਮਜ਼ੋਰੀ ਦਾ ਅਹਿਸਾਸ ਹੁੰਦਾ ਹੈ। ਮੈਨੂੰ ਇਉਂ ਲੱਗਦਾ ਹੈ ਕਿ ਜਿਵੇਂ ਇਲੈਕਟ੍ਰਾਨਿਕ ਸਾਜ਼ੋ-ਸਾਮਾਨ ਨਾਲ ਲੈਸ ਦੁਨੀਆਂ ਵਿਚ ਅਸੀਂ ਮੋਢਿਆਂ ਉਪਰ ਗੰਡਾਸੇ ਚੁੱਕ ਕੇ ਵਿਜਈ ਹੋਣ ਦੀ ਖਾਹਿਸ਼ ਨਾਲ ਘਰੋਂ ਨਿਕਲੀਏ।

ਮਹਾਤਮਾ ਬੁੱਧ ਦਾ ਕਥਨ ਹੈ, "ਤੀਰ ਕਿਸ ਨੇ, ਕਿਸ ਧਾਤ ਦਾ, ਕਿੰਨੇ ਵਜ਼ਨ ਦਾ ਬਣਾਇਆ, ਕਿਸ ਨੇ ਕਿਸ ਦਿਸ਼ਾ ਵਿਚੋਂ ਚਲਾ ਕੇ ਬੰਦਾ ਘਾਇਲ ਕੀਤਾ, ਇਸ ਵਕਤ ਮੈਂ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਨਹੀਂ ਲੱਭਾਂਗਾ। ਮੈਂ ਜ਼ਖਮੀ ਬੰਦੇ ਦੇ ਜਿਸਮ ਵਿਚੋਂ ਤੀਰ ਬਾਹਰ ਕੱਢ ਕੇ ਉਸ ਦੇ ਜਖਮ ਦਾ ਇਲਾਜ ਕਰਾਂਗਾ। ਬਾਕੀ ਕੰਮ ਬਾਦ ਵਿਚ ਹੋ ਸਕਦੇ ਹਨ।" ਸਾਡੇ ਸਾਰਿਆਂ ਸਾਹਮਣੇ ਖਾਲਸਾ ਪੰਥ ਦੀ ਸੁਤੰਤਰ ਹੋਂਦ ਕਾਇਮ ਰੱਖਣ, ਸਜੀਵ ਰੱਖਣ ਦਾ ਮਸਲਾ ਹੈ। ਕੁੱਝ ਬੰਦੇ, ਕਾਂਗਰਸੀ ਸਿੱਖ ਲੀਡਰਾਂ ਨੂੰ ਕੋਸਦੇ ਨਹੀਂ ਥਕਦੇ, ਕੁਝ ਬਾਦਲ ਅਕਾਲੀ ਦਲ ਦੇ ਲੀਡਰਾਂ ਉਪਰ ਨਿਰੰਤਰ ਰੰਦਾ ਚਲਾਉਂਦੇ ਹਨ। ਇਹ ਸਾਰੇ ਨੇਤਾ ਲੋਕਤੰਤਰੀ ਢੰਗ ਨਾਲ ਚੁਣੇ ਗਏ ਹਨ। ਜੇ ਬਾਦਲ ਅਕਾਲੀ-ਦਲ ਭ੍ਰਿਸ਼ਟ ਹੈ ਤਾਂ ਮੈਂ ਕਿਵੇਂ ਈਮਾਨਦਾਰ ਹੋਇਆ ਜਿਹੜਾ ਉਸ ਨੂੰ ਵੋਟ ਪਾ ਆਇਆ? ਸਿੱਖਾਂ ਨੂੰ ਹਿੰਦੂਆਂ ਤੋਂ ਭੈਭੀਤ ਹੋਣ ਦੀ ਲੋੜ ਨਹੀਂ, ਆਪਣੇ ਆਪ ਦਾ ਸੁੱਧੀਕਰਨ ਕਰਨਾ ਪਵੇਗਾ।

ਹਿੰਦੁਤਸਾਨ ਭ੍ਰਿਸ਼ਟ ਹੋ ਚੁੱਕਾ ਹੈ। ਕਰੋੜਾਂ ਹਿੰਦੂ ਦੋ ਡੰਗ ਰੋਟੀ ਤੋਂ ਮੁਥਾਜ ਹਨ। ਉਹ ਦਿਨ ਦੂਰ ਨਹੀਂ ਜਦੋਂ ਭੁਖਮਰੀ ਕਾਰਨ ਵਿਸਫੋਟ ਹੋ ਗਿਆ। ਉੜੀਸਾ, ਝਾੜਖੰਡ ਅਤੇ ਛਤੀਸਗੜ੍ਹ ਆਦਿਕ ਖੇਤਰਾਂ ਵਿਚ ਬਹੁਕੌਮੀ ਕੰਪਨੀਆਂ ਜੰਗਲ ਕੱਟ ਰਹੀਆਂ ਹਨ, ਜਾਂਗਲੀ ਕਬੀਲੇ ਜੰਗਲ ਅਤੇ ਆਪਣੀ ਹੋਂਦ ਸਲਾਮਤ ਰੱਖਣ ਖਾਤਰ ਹਥਿਆਰਬੰਦ ਸੰਘਰਸ਼ ਚਲਾ ਰਹੇ ਹਨ ਅਤੇ ਅਰੁੰਧਾਤੀ ਰਾਇ ਵਰਗੀਆਂ ਔਰਤਾਂ ਜਾਨ ਜੋਖਮ ਵਿਚ ਪਾ ਕੇ ਉਨ੍ਹਾਂ ਦੇ ਹਿਤਾਂ ਦੀ ਰਾਖੀ ਕਰਨ ਹਿਤ ਵਿਸ਼ਵ ਭਰ ਅੱਗੇ ਫਰਿਆਦ ਕਰ ਰਹੀਆਂ ਹਨ। ਸਿਰਾਂ ਦੇ ਮੁੱਲ ਆਪਣੇ ਸਿਰਾਂ ਉਪਰ ਟਿਕਾ ਕੇ ਜੰਗਲਾਂ ਵਿਚੋਂ ਨਿਕਲ, ਖਾਲਸਾ ਪੰਥ ਕਦੀ ਆਬਾਦੀਆਂ ਵਿਚ ਆ ਕੇ ਲੋਕਾਂ ਨੂੰ ਪੁੱਛਿਆ ਕਰਦਾ ਸੀ, "ਕਿਸੇ ਨਾਲ ਬੇਇਨਸਾਫੀ ਹੋਈ ਹੈ ਸਾਨੂੰ ਦੱਸੋ, ਅਸੀਂ ਇਨਸਾਫ ਕਰਾਂਗੇ।" ਕਈ ਦਿਨ ਤੋਂ ਖਾਣ ਨੂੰ ਕੁਝ ਨਹੀਂ ਮਿਲਿਆ, ਮਿਲ ਗਿਆ, ਤਿਆਰ ਹੈ, ਫਰਿਆਦੀ ਆ ਗਿਆ, "ਜੀ ਮੇਰੀ ਔਰਤ ਨੂੰ ਚੁੱਕ ਕੇ ਲੈ ਗਏ।" ਖਾਣਾ ਫੇਰ ਖਾਵਾਂਗੇ, ਇਨਸਾਫ ਪਹਿਲਾਂ ਮਿਲੇਗਾ।

ਜੱਸਾ ਸਿੰਘ ਆਹਲੂਵਾਲੀਆ ਨੇ ਲਹਿਣਾ ਸਿੰਘ ਭੰਗੂ ਸਣੇ ਲਾਹੌਰ 'ਤੇ ਹੱਲਾ ਬੋਲਿਆ ਤਾਂ ਨਵਾਬ ਨੇ ਸਲਾਹਕਾਰ ਕੌਂਸਲ ਦੀ ਮੀਟਿੰਗ ਸੱਦੀ। ਸਲਾਹਕਾਰਾਂ ਨੇ ਕਿਹਾ, "ਯੁੱਧ ਦਾ ਕੋਈ ਲਾਭ ਨਹੀਂ। ਮੁਸਲਮਾਨ ਪਰਜਾ ਵੀ ਸਿੱਖਾਂ ਦੇ ਹੱਕ ਵਿਚ ਹੋ ਚੁੱਕੀ ਹੈ।" ਨਵਾਬ ਦੌੜ ਗਿਆ, ਲਹਿਣਾ ਸਿੰਘ ਭੰਗੂ ਨੇ ਕਿਲੇ ਉਪਰ ਨਿਸ਼ਾਨ ਸਾਹਿਬ ਲਹਿਰਾ ਦਿੱਤਾ।

ਡਾ. ਹਰੀ ਰਾਮ ਗੁਪਤਾ ਨੇ ਤਹਮਸ ਖਾਨ ਮਸਕੀਨ ਦੀ ਡਾਇਰੀ ਲੱਭ ਕੇ ਖਾਲਸਾ ਪੰਥ ਨੂੰ ਦਿੱਤੀ ਹੈ। ਮਸਕੀਨ ਜ਼ਕਰੀਆ ਖਾਨ ਦਾ ਖਾਨਸਾਮਾ ਸੀ ਪਰ ਵਿਦਿਆ ਵਿਚ ਪ੍ਰਬੀਨ ਅਤੇ ਤੇਜ਼ ਦਿਮਾਗ ਬਦੌਲਤ ਮੀਰ ਮੁਨਸ਼ੀ ਦੇ ਰੁਤਬੇ ਤੱਕ ਪੁੱਜਾ। ਹਰ ਰਾਤ ਸੌਣ ਤੋਂ ਪਹਿਲਾਂ ਉਹ ਦਿਨ ਦੇ ਵਾਕਿਆਤ ਦਰਜ ਕਰਦਾ। ਇਕ ਘਟਨਾ ਦਾ ਜ਼ਿਕਰ ਕਰਦਾ ਹੈ, "ਸਾਨੂੰ ਖਬਰ ਮਿਲੀ ਕਿ ਹਥਿਆਰਬੰਦ ਸਿੱਖ ਬਦਮਾਸ਼ ਪਿੰਡ ਲੁੱਟ ਰਹੇ ਹਨ। ਅਸੀਂ ਸੈਨਿਕ ਟੁਕੜੀ ਸਮੇਤ ਪੁੱਜੇ ਤਾਂ ਲੋਕਾਂ ਨੇ ਛੱਤਾਂ ਉਪਰ ਚੜ੍ਹ ਕੇ ਸਾਡੇ ਇੱਟਾਂ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ। ਸਿੱਖ ਦੌੜ ਗਏ। ਪਤਾ ਲੱਗਾ ਕਿ ਤਿੰਨ ਸਿੱਖ ਪਿੰਡ ਵਿਚਕਾਰ ਖੂਹ ਲਾਗੇ ਚਾਦਰ ਵਿਛਾ ਕੇ ਗੁੜ, ਆਟਾ, ਦਾਲ ਆਦਿ ਲੈਣ ਆਏ ਸਨ। ਕੋਈ ਡਾਕਾ ਨਹੀਂ ਮਾਰਿਆ, ਰੁਹਬ ਨਹੀਂ ਝਾੜਿਆ, ਆ ਕੇ ਇਹ ਕਿਹਾ ਸੀ ਕਿ ਖਾਲਸਾ ਪੰਥ ਨੂੰ ਖਾਣ ਸਮੱਗਰੀ ਦੀ ਜਰੂਰਤ ਹੈ, ਜਿਸ ਤੋਂ ਜਿੰਨਾ ਕੁ ਸਰਦਾ ਬਨਦਾ ਹੈ, ਆ ਕੇ ਦੇ ਜਾਓ। ਲੋਕ ਮਰਜ਼ੀ ਨਾਲ ਉਨ੍ਹਾਂ ਨੂੰ ਅੰਨ ਦਾਣਾ ਦੇ ਰਹੇ ਸਨ। ਪਿੰਡ ਦੇ ਮੁਸਲਮਾਨ ਵਸਨੀਕਾਂ ਨੂੰ ਰਾਖੀ ਕਰਨ ਆਈ ਸੈਨਿਕ ਟੁਕੜੀ ਬੁਰੀ ਲੱਗੀ ਸੀ।"

ਅੱਜ ਦੇ ਦਿਨ ਖਾਲਸਾ ਪੰਥ ਵਾਸਤੇ ਕਰਨ ਲਈ ਦੋ ਵੱਡੇ ਕੰਮ ਹਨ। ਪਹਿਲਾ ਆਪਣਾ ਸੁੱਧੀਕਰਣ। ਜੁਆਨੀ ਨਸ਼ੇੜੀ ਹੋ ਰਹੀ ਹੈ, ਉਸ ਦਾ ਭਵਿੱਖ ਹਨੇਰਾ ਹੈ, ਦਾਹੜੀ, ਕੇਸ, ਦਸਤਾਰ ਉਸ ਨੂੰ ਚੰਗੇ ਲੱਗਣੋਂ ਹਟ ਗਏ ਹਨ। ਅਜਿਹਾ ਇਸ ਕਰਕੇ ਹੋਇਆ ਕਿਉਂਕਿ ਉਨ੍ਹਾਂ ਤੋਂ ਪਹਿਲੀ ਉਨ੍ਹਾਂ ਨੂੰ ਜਨਮ ਦੇਣ ਵਾਲੀ ਪੀੜ੍ਹੀ ਭ੍ਰਿਸ਼ਟ ਹੋ ਗਈ। ਭ੍ਰਿਸ਼ਟ ਵਡੇਰਿਆਂ ਦਾ ਰੁਅਬ-ਦਾਬ ਬੱਚਿਆਂ ਉਪਰ ਨਹੀਂ ਚੱਲ ਸਕਦਾ। ਦੂਜਾ ਕੰਮ ਹਿੰਦੁਸਤਾਨ ਦੇ ਦੁਖੀ ਲੋਕਾਂ ਦੀ ਬਾਂਹ ਫੜਨਾ ਹੈ ਜਿਵੇਂ ਅਠਾਹਰਵੀਂ ਸਦੀ ਵਿਚ ਫੜੀ ਸੀ। ਜਾਂਗਲੀਆਂ ਦਾ ਸ਼ਿਕਾਰ ਹੋ ਰਿਹਾ ਹੈ, ਮਾਓਵਾਦੀ ਸੰਗਠਨ ਉਨ੍ਹਾਂ ਦੀ ਹਮਾਇਤ ਉਪਰ ਕਿਉਂ ਆਉਣ? ਖਾਲਸਾ ਪੰਥ ਖਾਮੋਸ਼ ਕਿਉਂ ਹੈ? ਸੁਨਾਮੀਗ੍ਰਸਤ ਲੋਕਾਂ ਦੀ ਮਦਦ, ਹੜ੍ਹ ਮਾਰੇ ਖੇਤਰਾਂ ਵਿਚ ਕੱਪੜੇ

***ਹਿੰਦੂ ਇਤਿਹਾਸਕਾਰੀ ਦੀ ਸੁਰ ਹਮਦਰਦਾਨਾ ਹੈ। ਇਹ ਸਹੀ ਹੈ ਕਿ ਸਿੱਖ ਗੁਰੂ ਸਾਹਿਬਾਨ ਨੂੰ ਉਹ ਹਿੰਦੂਆਂ ਦੇ ਗੁਰੂ ਦੱਸਦੇ ਹਨ ਤੇ ਸਿੱਖਾਂ ਬਾਰੇ ਉਨ੍ਹਾਂ ਦੀ ਰਾਇ ਹੈ ਕਿ ਸਿੱਖ ਹਿੰਦੂ ਹਨ, ਸਗੋਂ ਬਾਕੀਆਂ ਨਾਲੋਂ ਵਧੀਕ ਚੰਗੇ ਹਿੰਦੂ। ਇਹ ਵੀ ਲਿਖਦੇ ਹਨ ਕਿ ਗੁਰਬਾਣੀ ਰਾਹੀਂ ਉਪਨਿਸ਼ਦਾਂ ਦਾ ਫਲਸਫਾ ਅਜੋਕੀ ਬੋਲੀ, ਸੌਖੀ ਸ਼ਬਦਾਵਲੀ ਵਿਚ ਲੋਕਾਂ ਤੱਕ ਪੁਚਾਇਆ ਗਿਆ ਹੈ। ਇਹ ਗੱਲਾਂ ਪੜ੍ਹਦਿਆਂ ਹੋਇਆਂ ਪ੍ਰੋ. ਹਰਿੰਦਰ ਸਿੰਘ ਮਹਿਬੂਬ, ਸ. ਅਜਮੇਰ ਸਿੰਘ ਤੇ ਸ. ਕਰਮਜੀਤ ਸਿੰਘ ਦੀ ਤ੍ਰਬੈਣੀ ਨੂੰ ਗੁੱਸਾ ਆਉਂਦਾ ਹੈ, ਕਚੀਚੀਆਂ ਵੱਟਦੇ ਹਨ, ਜਦੋਂ ਕਿ ਮੈਨੂੰ ਇਹ ਸਭ ਪੜ੍ਹਦਿਆਂ ਆਪਣੇ ਆਪ ਉਪਰ ਫਖਰ ਹੁੰਦਾ ਹੈ।***

ਵੰਡਣੇ, ਲੰਗਰ ਲਾਉਣੇ ਚੰਗੇ ਕੰਮ ਹਨ ਪਰ ਇਹ ਫੌਰੀ ਰਾਹਤਾਂ ਹਨ। ਦੁਖੀ ਹਿੰਦੁਸਤਾਨੀ ਜਦੋਂ ਮਹਿਸੂਸ ਕਰਨਗੇ ਕਿ ਕੇਵਲ ਖਾਲਸਾ ਖੰਥ ਉਨ੍ਹਾਂ ਦੀ ਦੁਖੀ ਬਾਂਹ ਫੜਦਾ ਹੈ ਤਦ ਉਹ ਪੰਥ ਦੀ ਸ਼ਰਣ ਵਿਚ ਆ ਕੇ ਅੰਮ੍ਰਿਤ ਛਕਣਗੇ। ਹਿੰਦੂਆਂ ਦਾ ਕੋਈ ਹਿੱਸਾ ਜਦੋਂ ਈਸਾਈ ਜਾਂ ਮੁਸਲਮਾਨ ਹੋਣ ਲੱਗਦਾ ਹੈ ਤਦ ਦੇਸ ਵਿਚ ਸਨਸਨੀ ਫੈਲ ਜਾਂਦੀ ਹੈ। ਜਦੋਂ ਹਿੰਦੂ ਅੰਮ੍ਰਿਤ ਛੱਕਣ ਲੱਗਦੇ ਹਨ ਕਿਤੇ ਇਸ ਵਿਰੁਧ ਰੋਸ ਪ੍ਰਦਰਸ਼ਨ ਨਹੀਂ ਹੁੰਦੇ।

ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਮਹਾਂਰਾਸ਼ਟਰ ਵਿਚ ਕਰੋੜਾਂ ਵਣਜਾਰਾ ਜਾਤੀ ਦੇ ਲੋਕ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦੇ ਸਿੱਖ ਦਸਦੇ ਹਨ। ਇੰਦੌਰ ਨਜ਼ਦੀਕ ਪਿੰਡਾਂ, ਬਸਤੀਆਂ ਵਿਚ ਮੈਂ ਗਿਆ ਹਾਂ। ਗਰੀਬ ਹਨ। ਮੈਨੂੰ ਦੇਖ ਕੇ ਆਪ ਹੇਠਾਂ ਬੈਠ ਜਾਂਦੇ, ਮੈਨੂੰ ਮੰਜੀ ਉਪਰ ਬੈਠਣ ਦਾ ਇਸ਼ਾਰਾ ਕਰਦੇ। ਜਦੋਂ ਮੈਂ ਪੁੱਛਦਾ, ਤੁਸੀਂ ਸਿੱਖ ਕਿਵੇਂ ਹੋਏ? ਇਕ ਬੰਦੇ ਨੇ ਆਪਣੀ ਧੋਤੀ ਦਾ ਪੱਲਾ ਉਪਰ ਚੁੱਕ ਕੇ ਮੈਨੂੰ ਦਾਗ ਦਿਖਾ ਕੇ ਕਿਹਾ, ਹਮ ਤੋ ਦਾਗੇ ਹੂਏ ਸਿੱਖ ਹੈਂ ਸਰਦਾਰ ਜੀ। ਬਣਜਾਰਾ ਪਰਿਵਾਰ ਮੇਂ ਪਹਿਲੇ ਨਰ ਬੱਚੇ ਕੇ ਜਿਸਮ ਪਰ ਲੋਹੇ ਕੀ ਗਰਮ ਸਲਾਖ ਛੂ ਦੀ ਜਾਤੀ ਹੈ, ਵੋ ਦਾਗਾ ਹੂਆ ਸਿੱਖ ਹੋ ਜਾਤਾ ਹੈ, ਉਸ ਕੀ ਪਹਚਾਨ ਉਮਰ ਭਰ ਬਨੀ ਰਹਿਤੀ ਹੈ। ਫਿਰ ਮੈਂ ਪੁੱਛਿਆ, "ਤੁਸੀਂ ਸਿੱਖ ਕਦੋਂ ਤੋਂ ਹੋ?" ਦਾਗੇ ਸਿੱਖ ਨੇ ਦੱਸਿਆ, "ਗੁਰੂ ਨਾਨਕ ਦੇਵ ਮਹਾਰਾਜ ਇਧਰ ਬਸਤੀਓਂ ਮੇਂ ਆਏ। ਹਮਾਰਾ ਬਣਜਾਰਾ ਗੁਰੂ ਉਨਸੇ ਮਿਲਾ। ਗੁਰੂ ਨਾਨਕ ਦੇਵ ਜੀ ਨੇ ਪੂਛਾ, ਤੁਮ ਕੌਨ ਲੋਗ ਹੋ? ਹਮਾਰੇ ਗੁਰੂ ਨੇ ਕਹਾ, ਜੀ ਹਮ ਬਣਜਾਰਾ ਹੈਂ। ਗੁਰੂ ਨਾਨਕ ਦੇਵ ਜੀ ਨੇ ਕਹਾ, ਮੈਂ ਭੀ ਬਣਜਾਰਾ ਹੂੰ। ਸੱਚਾ ਬਣਜ ਕਰਤਾ ਹੂੰ। ਤੁਮ ਭੀ ਸੱਚ ਕਾ ਬਣਜ ਕਰੋ। ਹਮਾਰੇ ਗੁਰੂ ਨੇ ਗੁਰੂ ਨਾਨਕ ਦੇਵ ਜੀ ਕੇ ਚਰਨ ਛੂਏ, ਕਹਾ, ਆਪ ਬੜੇ ਬਣਜਾਰੇ ਹੋ। ਮੈਂ ਛੋਟਾ ਹੂੰ। ਮੈਂ ਆਪ ਕਾ ਸਿੱਖ ਹੁਆ। ਜੀ ਜਬ ਹਮਾਰਾ ਬਣਜਾਰਾ ਗੁਰੂ, ਗੁਰੂ ਨਾਨਕ ਦੇਵ ਜੀ ਕਾ ਸਿੱਖ ਹੋ ਗਿਆ ਤੋਂ ਹਮ ਸਬ ਗੁਰੂ ਨਾਨਕ ਦੇਵ ਜੀ ਕੇ ਸਿੱਖ ਹੂਏ।"

ਕੁਝ ਸਿੱਖ ਜਥੇਬੰਦੀਆਂ ਇਨ੍ਹਾਂ ਦੇ ਬੱਚਿਆਂ ਨੂੰ ਪੜ੍ਹਾਉਣ ਲੱਗੀਆਂ ਹਨ, ਇਨ੍ਹਾਂ ਨੂੰ ਗੁਰਮੁਖੀ ਸਿਖਾਈ ਜਾਂਦੀ ਹੈ, ਕੀਰਤਨ ਸਿਖਾਇਆ ਜਾਂਦਾ ਹੈ। ਦਿੱਲੀ ਵਿਖੇ ਗੁਰੂ ਗ੍ਰੰਥ ਵਿਦਿਆ ਕੇਂਦਰ ਵਿਚ ਇਹ ਵਿਦਿਆਰਥੀ ਹੋਸਟਲ ਵਿਚ ਰਹਿੰਦੇ ਹਨ। ਪਰ ਇਹ ਬਹੁਤ ਛੋਟੀ ਪੱਧਰ ਦਾ ਉਦਮ ਹੈ। ਇਸ ਵਾਸਤੇ ਤਾਂ ਅੰਦੋਲਨ ਛਿੜ ਜਾਣਾ ਚਾਹੀਦਾ ਹੈ। ਜਿਹੜੀ ਫਸਲ ਗੁਰੂ ਨਾਨਕ ਦੇਵ ਜੀ ਨੇ ਬੀਜੀ ਅਤੇ ਔੜਾਂ ਵਿਚ ਵੀ ਹਰੀ ਰਹੀ, ਅਸੀਂ ਤਾਂ ਅਜੇ ਉਹ ਨਹੀਂ ਸੰਭਾਲ ਸਕੇ।

ਭਾਸ਼ਾ ਸ਼ਾਸਤਰੀ ਜੀ. ਐਸ. ਰਿਆਲ ਕਦੀ ਮੇਰੇ ਕੋਲ ਆ ਜਾਂਦੇ, ਕਦੀ ਮੈਂ ਉਨ੍ਹਾਂ ਕੋਲ ਚਲਾ ਜਾਂਦਾ। ਗੈਰ ਰਸਮੀ ਗੱਲਾਂ ਵਧੀਕ ਹੁੰਦੀਆਂ। ਇਕ ਦਿਨ ਮਨੂ-ਸਿਮ੍ਰਤੀ ਦੀ ਗੱਲ ਚੱਲ ਪਈ। ਮੈਂ ਕਿਹਾ, "ਰਿਆਲ ਸਾਹਿਬ, ਮਨੂ ਉਸ ਸੂਦਰ ਦੇ ਕੰਨਾਂ ਵਿਚ ਪੰਘਰਿਆ ਸਿੱਕਾ ਪਾਉਣ ਨੂੰ ਤੇ ਮੂੰਹ ਵਿਚ ਗਿੱਠ ਲੰਮਾ ਲੋਹੇ ਦਾ ਗਰਮ ਸਰੀਆ ਦੇਣ ਦਾ ਹਮਾਇਤੀ ਹੈ ਜਿਹੜਾ ਰਾਮ ਦਾ ਨਾਮ ਸੁਣੇ ਜਾਂ ਲਵੇ।" ਉਹ ਹੱਸ ਪਏ, ਕਿਹਾ, "ਹਰੇਕ ਧਰਮ ਦਾ ਪੁਜਾਰੀ, ਜਜਮਾਨ ਨੂੰ ਵੱਧ ਤੋਂ ਵੱਧ ਡਰਾਏਗਾ, ਜਿਹੜਾ ਨਹੀਂ ਡਰੇਗਾ, ਉਸ ਪਾਸੋਂ ਖੁਦ ਡਰ ਕੇ, ਪੋਥੀ ਕੱਛ ਵਿਚ ਲੈ ਭੱਜ ਜਾਏਗਾ। ਲਿਖ ਦਿੱਤਾ, ਪਰ ਇਸ ਲਿਖਤ ਉਪਰ ਇਸ ਤਰ੍ਹਾਂ ਦਾ ਅਮਲ ਕਦੋਂ ਹੋਇਆ? ਮੈਨੂੰ ਦੱਸੋ, ਰਾਮ ਰਾਮ ਕਰਦੇ ਸੂਦਰ ਦੇ ਕੰਨਾਂ ਵਿਚ ਕਿਸੇ ਨੇ ਸਿੱਕਾ ਪਾਇਆ?" ਪ੍ਰੋ. ਭੁਪਿੰਦਰ ਸਿੰਘ ਨੇ ਨਾਲ ਦੀ ਨਾਲ ਕਿਹਾ, "ਮੀਰਾਂ ਬਾਈ, ਸਰੇਸ਼ਟ ਸ਼ਾਹੀ ਖਾਨਦਾਨ ਦੀ ਧੀ ਤੇ ਨੂੰਹ, ਭਗਤ ਰਵਿਦਾਸ ਦੀ ਚੇਲੀ ਹੋ ਗਈ ਸੀ। ਭਗਤ ਰਵਿਦਾਸ ਦਾ ਜਿੰਨਾ ਕੁ ਮਾੜਾ ਮੋਟਾ ਕਿਸੇ ਪੁਜਾਰੀ ਨੇ ਨਿਰਾਦਰ ਕੀਤਾ, ਉਹ ਮਾਮੂਲੀ ਜਿਹਾ ਸੀ।" ਮੈਂ ਭਗਤ ਰਵਿਦਾਸ ਜੀ ਦੀ ਬਾਣੀ ਦਾ ਮੁੜ ਕੇ ਪਾਠ ਕੀਤਾ, ਬਾਣੀ ਹੈ,

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ<br>
ਨਿਤਹਿ ਬਾਨਾਰਸੀ ਆਸ ਪਾਸਾ॥<br>
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ<br>
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ॥<br>
(ਗੁਰੂ ਗ੍ਰੰਥ ਸਾਹਿਬ, ਪੰਨਾ 1293)

(ਮੇਰੀ ਜਾਤ ਡੰਗਰਾਂ ਨੂੰ ਕੱਟਣ ਵੱਢਣ ਦੀ ਹੈ, ਬਨਾਰਸ ਦੇ ਆਸ ਪਾਸ ਮੈਂ (ਮੁਰਦੇ) ਪਸੂ ਢੋਂਹਦਾ ਹਾਂ। ਬ੍ਰਾਹਮਣ ਇਸ ਸੂਦਰ ਦੁਆਲੇ ਪਰਿਕਰਮਾ ਕਿਉਂ ਕਰ ਰਿਹਾ ਹੈ, ਇਹ ਇਸ ਕਰਕੇ ਹੈ ਪਿਤਾ ਕਿਉਂ ਜੁ ਮੈਂ ਤੇਰੀ ਸ਼ਰਣ ਵਿਚ ਆ ਗਿਆ ਹਾਂ।)

ਹਿੰਦੂਆਂ ਵਿਚ ਵਰਣ ਆਸ਼ਰਮ ਦੀ ਪ੍ਰਥਾ ਦਾ ਜਿੰਨਾ ਵਡਾ ਧੁੰਦੂਕਾਰਾ ਇਸ ਤ੍ਰਬੈਣੀ ਨੇ ਉਸਾਰਿਆ, ਉਕਤ ਬਾਣੀ ਦੀ ਬਾਰਸ਼ ਵਿਚ ਉਹ ਸਾਰਾ ਹੇਠਾਂ ਬੈਠ ਗਿਆ ਤੇ ਅਸਮਾਨ ਨਿਰਮਲ ਹੋ ਗਿਆ।

ਪ੍ਰਸੰਗ ਅਧੀਨ ਵਿਦਵਾਨਾਂ ਅਗੇ ਬੇਨਤੀ ਹੈ ਕਿ ਉਹ ਸ਼ਾਂਤ ਰਹਿਣ, ਗੁਰੂ ਗੋਬਿੰਦ ਸਿੰਘ ਜੀ ਯੁੱਧ ਦੇ ਮੈਦਾਨ ਵਿਚ ਵੀ ਸ਼ਾਂਤ ਰਹਿੰਦੇ ਸਨ। ਗਵਾਂਢੀ ਨੇ ਮੇਰੇ ਖੇਤ ਵਿਚ ਪਸੂ ਚਰਨ ਲਈ ਵਾੜ ਦਿੱਤੇ, ਬੇਸ਼ਕ ਕਮਜ਼ੋਰ ਫਸਲ ਸੀ ਪਰ ਉਸ ਨੇ ਕਿਉਂ ਉਜਾੜੀ? ਮੈਂ ਕ੍ਰੋਧਵਾਨ ਹੋ ਗਿਆ। ਬਾਪੂ ਜੀ ਕਹੀ ਜਾਣ, "ਗੁੱਸੇ ਵਿਚ ਨਾ ਆ ਗਰਮ ਨਾ ਹੋ।" ਮੈਂ ਕਹੀ ਜਾਵਾਂ, ਜਿਹੜਾ ਗਰਮ ਨਹੀਂ ਹੁੰਦਾ ਉਹ ਮੁਰਦਾ ਹੈ। ਬਾਪੂ ਜੀ ਨੇ ਕਿਹਾ, "ਤੂੰ ਅਕਸਰ ਮੇਰੇ ਨਾਲ ਲੁਹਾਰ ਦੀ ਆਹਰਨ ਉਪਰ ਜਾਂਦਾ ਹੈਂ। ਲੋਹਾ ਗਰਮ ਹੁੰਦਾ ਹੈ, ਲੁਹਾਰ ਠੰਢਾ, ਇਸ ਕਰਕੇ ਲੁਹਾਰ ਦੀ ਮਰਜ਼ੀ ਚਲਦੀ ਹੈ, ਲੋਹੇ ਦੀ ਨਹੀਂ। ਜੇ ਲੋਹਾ ਠੰਢਾ ਹੋ ਜਾਵੇ ਤੇ ਲੁਹਾਰ ਗਰਮ, ਫੇਰ ਲੋਹੇ ਦੀ ਮਰਜ਼ੀ ਚੱਲੇਗੀ। ਤੂੰ ਠੰਢਾ ਰਹਿ।"

ਪਿੰਡ ਦੇ ਜੁਆਨ ਮਹਾਤਮਾ ਬੁੱਧ ਪਾਸ ਗਏ ਤੇ ਆਪਣੇ ਪਿੰਡ ਚਰਨ ਪਾਉਣ ਦੀ ਬੇਨਤੀ ਕੀਤੀ। ਦਿਨ ਤੈਅ ਹੋ ਗਿਆ। ਨਿਸ਼ਚਿਤ ਦਿਨ ਸਾਕਯਮੁਨੀ ਆ ਪੁੱਜੇ। ਜੁਆਨਾਂ ਨੇ ਤੇਜ਼ ਕਦਮੀ ਉਧਰ ਜਾ ਕੇ ਚਰਨ ਛੂਹੇ ਤਾਂ ਤਥਾਗਤ ਰੁਕ ਗਏ, ਪੁੱਛਿਆ, "ਕੀ ਗੱਲ ਹੋਈ ਸੀ?" ਜੁਆਨਾਂ ਨੇ ਕਿਹਾ, "ਕੁਝ ਨਹੀਂ ਜੀ, ਕੋਈ ਗੱਲ ਨਹੀਂ ਹੋਈ।" ਤਥਾਗਤ ਨੇ ਫਿਰ ਕਿਹਾ, "ਤੁਹਾਡੇ ਚਿਹਰੇ ਤਣਾਉ-ਗ੍ਰਸਤ ਹਨ। ਕੀ ਹੋਇਆ, ਦਸੋਗੇ ਤਾਂ ਅੱਗੇ ਚੱਲਾਂਗੇ।" ਮੁੰਡਿਆਂ ਨੇ ਦੱਸਿਆ, "ਜੀ ਅਸੀਂ ਪਾਣੀ ਦਾ ਛਿੜਕਾਅ ਕਰ ਰਹੇ ਸਾਂ, ਚਾਦਰਾਂ ਦਰੀਆਂ ਵਿਛਾ ਰਹੇ ਸਾਂ ਤਾਂ ਪੁਰੋਹਤ ਇਧਰੋਂ ਲੰਘਿਆ, ਸਾਨੂੰ ਪੁੱਛਿਆ-ਇਹ ਕੀ ਹੋ ਰਿਹੈ ਬਈ? ਅਸੀਂ ਦੱਸ ਦਿੱਤਾ ਕਿ ਸਾਡੇ ਗੁਰੂ ਜੀ ਆਉਣਗੇ। ਉਸ ਨੇ ਪੁੱਛਿਆ, ਕੌਣ ਹੈ ਤੁਹਾਡਾ ਗੁਰੂ? ਜੀ ਅਸੀਂ ਤੁਹਾਡਾ ਨਾਮ ਲੈ ਦਿੱਤਾ। ਉਸ ਨੇ ਕਿਹਾ, ਅੱਛਾ, ਉਹ ਅਨਪੜ੍ਹ ਤੇ ਬੇਵਕੂਫ, ਜਿਹੜਾ ਚੂੜ੍ਹਿਆਂ-ਚਮਾਰਾਂ ਦਾ ਗੁਰੂ ਹੈ, ਉਹ ਆ ਰਿਹੈ? ਸਾਨੂੰ ਕ੍ਰੋਧ ਆ ਗਿਆ, ਅਸੀਂ ਉਸ ਨੂੰ ਕੁੱਟ ਦਿੱਤਾ। ਹੁਣ ਨੀਂ ਮੂੰਹ ਕਰੇਗਾ ਇਧਰ।"

ਬੁੱਧ ਨੇ ਕਿਹਾ, "ਤੁਸੀਂ ਚੰਗਾ ਨਹੀਂ ਕੀਤਾ।" ਜੁਆਨਾਂ ਨੇ ਕਿਹਾ, "ਸਾਨੂੰ ਤਾਂ ਨਿੱਤ ਗਾਲਾਂ ਦਿੰਦਾ ਸੀ, ਬਰਦਾਸ਼ਤ ਕਰ ਲੈਂਦੇ ਪਰ ਤੁਹਾਨੂੰ ਦਿੱਤੀ ਗਾਲ ਕਿਵੇਂ ਸੁਣਦੇ?" ਬੁੱਧ ਨੇ ਕਿਹਾ, "ਤੁਹਾਨੂੰ ਪ੍ਰੇਮ ਨਾਲ ਉਸ ਦੀ ਗੱਲ ਸਮਝਣੀ ਚਾਹੀਦੀ ਸੀ, ਉਸ ਨੇ ਮੈਨੂੰ ਸੂਦਰਾਂ ਦਾ ਗੁਰੂ ਦੱਸਿਆ ਤਾਂ ਇਸ ਵਿਚ ਉਸ ਨੇ ਗਲਤ ਕੀ ਕਿਹਾ? ਮੈਂ ਹਾਂ ਈ ਸੂਦਰਾਂ ਦਾ ਗੁਰੂ, ਬ੍ਰਾਹਮਣ ਨੇ ਮੈਨੂੰ ਆਪਣਾ ਗੁਰੂ ਨਹੀਂ ਮੰਨਿਆ। ਬੱਚਿਓ, ਜਦੋਂ ਤੁਸੀਂ ਕ੍ਰੋਧਵਾਨ ਹੋਵੋਗੇ, ਤੁਹਾਡੇ ਵਿਚੋਂ ਇਨਸਾਫ ਕਰਨ ਦੀ ਤਾਕਤ ਜਾਂਦੀ ਰਹੇਗੀ। ਤੁਹਾਨੂੰ ਆਖਣਾ ਚਾਹੀਦਾ ਸੀ, ਹਾਂ ਪੁਰੋਹਤ ਜੀ, ਤੁਸਾਂ ਸਾਨੂੰ ਪਰੇ ਧੱਕ ਦਿੱਤਾ ਤਾਂ ਕੁਦਰਤ ਨੇ ਸਾਨੂੰ ਇਕ ਹੋਰ ਗੁਰੂ ਦੇ ਦਿੱਤਾ। ਬ੍ਰਾਹਮਣ ਹੱਥੋਂ ਤੁਹਾਨੂੰ ਇਨਸਾਫ ਨਹੀਂ ਮਿਲਿਆ ਸੀ, ਮੈਂ ਤੁਹਾਨੂੰ ਏਸ ਯੋਗ ਬਣਾਵਾਂਗਾ ਕਿ ਤੁਹਾਡੇ ਹੱਥੋਂ ਬ੍ਰਾਹਮਣ ਨੂੰ ਇਨਸਾਫ ਮਿਲੇ।"

ਤ੍ਰਿਬੈਣੀ ਕ੍ਰੋਧਵਾਨ ਹੈ, ਹਿੰਦੂਆਂ ਨੂੰ ਨਫਰਤ ਕਰਦੀ ਹੈ, ਲਾਊਡ ਸੁਰ ਵਿਚ ਗੱਲ ਕਰਦੀ ਹੈ। ਇਨ੍ਹਾਂ ਦੇ ਵਾਕਾਂ ਵਿਚੋਂ, "ਫੜ ਲਉ, ਮਾਰ ਲਉ, ਹਿੰਦੂ ਬਚ ਕੇ ਨਾ ਜਾਏ" ਮਾਹੌਲ ਦੀ ਸਿਰਜਣਾ ਹੁੰਦੀ ਹੈ। ਕਾਨੂੰਨ, ਲਲਕਾਰਾ ਮਾਰਨ ਵਾਲੇ ਨੂੰ ਗੰਡਾਸਾ ਮਾਰਨ ਵਾਲੇ ਤੋਂ ਵੱਡਾ ਅਪਰਾਧੀ ਮੰਨਦਾ ਹੈ। ਪ੍ਰੋ. ਅਵਤਾਰ ਸਿੰਘ ਅੰਮ੍ਰਿਤਧਾਰੀ ਸਹਿਜ ਵਿਚ ਰਹਿਣ ਵਾਲਾ ਸਿੱਖ ਹੈ ਜਿਸ ਨਾਲ ਅਨੇਕ ਮਸਲਿਆਂ ਤੇ ਮੇਰੀ ਸੰਮਤੀ ਅਤੇ ਅਸੰਮਤੀ ਹੈ। ਕਰਮਜੀਤ ਸਿੰਘ ਦੀ ਲਿਖਤ ਅਨੁਸਾਰ ਉਸ ਦਾ ਵਜੂਦ ਮੱਸੇ ਰੰਘੜ ਵਰਗਾ ਹੈ। ਜੇ ਕਿਧਰੇ ਸੁੱਖਾ ਸਿੰਘ ਮਹਿਤਾਬ ਸਿੰਘ ਸੁਣਦੇ ਹੋਣ ਉਸ ਦਾ ਸਿਰ ਨੇਜ਼ੇ ਉਪਰ ਟੰਗ ਕੇ ਦਲ ਖਾਲਸਾ ਦੇ ਸਪੁਰਦ ਕਰਨ।

ਪ੍ਰੈਸ ਦੇ ਇਕ ਹਿੱਸੇ ਵਿਚ ਮੇਰੇ ਬਾਰੇ ਦੋ ਤਿੰਨ ਉਤਸ਼ਾਹੀ ਪਾਠਕਾਂ ਦੀਆਂ ਚਿੱਠੀਆਂ ਛਪੀਆਂ ਹਨ, ਲਿਖਿਆ ਹੈ, "ਓਪਰੀ ਨਜ਼ਰ ਵਿਚ ਬੰਦਾ (ਭਾਵ ਪੰਨੂ) ਵਿਦਵਾਨ ਜਾਪਦਾ ਹੈ ਪਰ ਅਜਿਹਾ ਨਹੀਂ ਹੈ, ਇਸ ਦੀ ਹੈਸੀਅਤ ਮਸਖਰੇ ਤੋਂ ਵੱਧ ਕੁਝ ਨਹੀਂ।" ਮੈਨੂੰ ਤਾਂ ਆਪਣੀ ਲਿਖਤ ਵਿਚ ਕਿਧਰੇ ਓਪਰੀ ਨਜ਼ਰ ਨਾਲ ਵੀ ਵਿਦਵਤਾ ਨਹੀਂ ਦਿੱਸੀ, ਜਿਨ੍ਹਾਂ ਨੂੰ ਥੋੜ੍ਹੀ ਕੁ ਗਲਤੀ ਨਾਲ ਦਿੱਸ ਪਈ ਸੀ ਉਹ ਆਪਣੀ ਗਲਤੀ ਸੁਧਾਰ ਲੈਣ। ਰਹੀ ਗੱਲ ਮਸਖਰਾ ਹੋਣ ਦੀ, ਮੈਂ, ਨਾ ਆਪ ਹੋਵਾਂ ਨਾ ਪਾਠਕ ਨੂੰ ਪਸੀਨੋ ਪਸੀਨਾ ਕਰਾਂ। ਗੁਰੂ ਨਾਨਕ ਦੇਵ ਜੀ ਦਾ ਬਚਨ ਹੈ : ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜ ਸੁਭਾਇ॥ ਸੰਸਕ੍ਰਿਤ ਦੇ ਉਪਾਧਿਆਇ ਲਫਜ਼ ਦਾ ਪੰਜਾਬੀ ਰੂਪ ਹੈ ਪਾਧਾ। ਉਪਾਧਿਆਇ ਮਾਇਨੇ ਸ਼ਾਸਤਰੀ ਵਿਦਵਾਨ, ਪੰਡਤ, ਅੱਜ ਦੀ ਬੋਲੀ ਵਿਚ ਪ੍ਰੋਫੈਸਰ ਵੀ ਹੋ ਸਕਦਾ ਹੈ। ਗੁਰੂ ਜੀ ਦਾ ਸੁਝਾਉ ਹੈ ਕਿ ਵਿਦਵਾਨ ਉਸ ਨੂੰ ਕਹੋ ਜਿਹੜਾ ਸਹਿਜ ਸੁਭਾਉ ਵਿਦਿਆ ਦਾ ਪ੍ਰਕਾਸ਼ ਕਰੇ।

ਮੇਰੇ ਹਿਸਾਬ ਉਕਤ ਚਿੱਠੀਆਂ ਪਈਆਂ ਤਾਂ ਭਾਵੇਂ ਦੇਰ ਨਾਲ ਹਨ ਪਰ ਮੈਂ ਇਨ੍ਹਾਂ ਨੌਜਵਾਨਾਂ/ਭਰਾਵਾਂ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਕਿ ਉਨ੍ਹਾਂ ਨੇ ਮੈਨੂੰ ਸਿੱਖਾਂ ਦੀ ਹਸਤੀ/ਹੋਣੀ ਬਾਰੇ 'ਪੰਜਾਬ ਟਾਈਮਜ਼' ਦੇ ਕਾਲਮਾਂ ਵਿਚ ਚੱਲ ਰਹੇ ਵਿਚਾਰ-ਵਟਾਂਦਰੇ ਵਿਚ ਆਪਣੀ ਰਾਏ ਹੋਰ ਵੱਧ ਸਪਸ਼ਟ ਰੂਪ ਵਿਚ ਰੱਖਣ ਦਾ ਮੌਕਾ ਦਿੱਤਾ।

# ਪ੍ਰੋ. ਬਲਕਾਰ ਸਿੰਘ ਸਿੱਖਾਂ ਦੀ ਗੁਲਾਮੀ ਤੋਂ ਮੁਨਕਰ ਕਿਉਂ?

**ਪ੍ਰਤੀਕਰਮ**

**ਪਰਮਜੀਤ ਸਿੰਘ ਗਾਜ਼ੀ***

'ਪੰਜਾਬ ਟਾਈਮਜ਼' ਦੇ 2 ਅਪਰੈਲ ਦੇ ਅੰਕ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸੇਵਾਮੁਕਤ ਪ੍ਰੋਫੈਸਰ ਬਲਕਾਰ ਸਿੰਘ ਨੇ ਸ. ਅਜਮੇਰ ਸਿੰਘ ਦੀਆਂ ਬਹੁ-ਚਰਚਿਤ ਪੁਸਤਕਾਂ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ', 'ਕਿਸ ਬਿਧ ਰੁਲੀ ਪਾਤਸ਼ਾਹੀ' ਅਤੇ '1984: ਅਣਚਿਤਵਿਆ ਕਹਿਰ' ਉਪਰ ਇਕ ਹੋਰ ਟਿੱਪਣੀ ਕੀਤੀ ਹੈ। ਇਸ ਤੋਂ ਪਹਿਲਾਂ ਉਹ ਇਨ੍ਹਾਂ ਪੁਸਤਕਾਂ ਦੇ ਖ਼ਿਲਾਫ਼ ਇਕ ਲੰਮਾ ਲੇਖ ਅਤੇ ਪ੍ਰਤੀ-ਉੱਤਰਾਂ ਦੇ ਰੂਪ ਵਿਚ ਅੱਧੀ ਦਰਜਨ ਤੋਂ ਵੱਧ ਨੋਟ ਲਿਖ ਚੁੱਕੇ ਹਨ। ਅਜਿਹਾ ਕਰਦਿਆਂ ਉਨ੍ਹਾਂ ਨੇ ਪਾਠਕਾਂ ਨਾਲ ਇਹ ਅਹਿਮ ਭੇਤ ਵੀ ਸਾਂਝਾ ਕੀਤਾ ਸੀ ਕਿ ਉਨ੍ਹਾਂ ਨੇ ਹਾਲੀ ਇਹ ਸਾਰੀਆਂ ਪੁਸਤਕਾਂ ਪੂਰੀ ਤਰ੍ਹਾਂ ਨਹੀਂ ਪੜ੍ਹੀਆਂ! (ਵੀਹਵੀਂ ਸਦੀ ਦੀ ਸਿੱਖ ਰਾਜਨੀਤੀ ਪੁਸਤਕ ਬਾਰੇ ਡਾ. ਬਲਕਾਰ ਸਿੰਘ ਦਾ ਰਿਵੀਊ ਦੂਜੀ ਵਾਰੀ ਛਾਪਿਆ ਗਿਆ ਸੀ, ਜਾਹਰ ਹੈ ਉਨ੍ਹਾਂ ਪੜ੍ਹ ਕੇ ਹੀ ਲਿਖਿਆ ਹੋਵੇਗਾ। -ਸੰਪਾਦਕ)

ਨਵੀਂ ਟਿੱਪਣੀ ਵਿਚ ਪ੍ਰੋ. ਬਲਕਾਰ ਸਿੰਘ ਨੇ ਸ. ਅਜਮੇਰ ਸਿੰਘ ਦੇ ਬੌਧਿਕ ਕੰਮ ਨੂੰ 'ਸਿਆਸੀ ਜ਼ਹਿਰ ਦੀ ਖੇਤੀ' ਕਰਾਰ ਦਿੱਤਾ ਹੈ। ਆਪਣੇ ਇਸ ਫਤਵੇ ਦਾ ਸਬੂਤ ਉਹ ਇਸ ਤਰ੍ਹਾਂ ਪੇਸ਼ ਕਰਦੇ ਹਨ, "ਅਜਮੇਰ ਸਿੰਘ ਦੀਆਂ ਪੁਸਤਕਾਂ ਮੁਤਾਬਕ ਪਹਿਲਾ ਮੁੱਦਾ ਇਹ ਹੈ ਕਿ 1839 ਤੋਂ ਬਾਅਦ ਸਿੱਖ ਕੌਮ ਲਗਾਤਾਰ ਗ਼ੁਲਾਮੀ ਦੇ ਦੌਰ ਵਿਚੋਂ ਲੰਘ ਰਹੀ ਹੈ। ਦੂਜਾ ਇਹ ਹੈ ਕਿ ਸਿੱਖਾਂ ਦੀਆਂ ਦੁਸ਼ਵਾਰੀਆਂ ਦਾ ਕਾਰਨ ਕੇਵਲ ਤੇ ਕੇਵਲ ਹਿੰਦੂ ਹਨ। "ਇਸ ਤੋਂ ਅੱਗੇ ਉਹ ਸਵਾਲ ਕਰਦੇ ਹਨ ਕਿ ਕੀ ਅਜਮੇਰ ਸਿੰਘ ਦੀ ਇਸ ਸਮਝ ਬਾਰੇ "ਪੰਥਕ ਮੁੱਖ ਧਾਰਾ ਨੇ ਕਦੇ ਸੋਚਿਆ ਸੀ ਜਾਂ ਗੁਰਮਤਾ ਕੀਤਾ ਸੀ" ਅਤੇ ਫਿਰ ਪੰਥ ਨੂੰ ਚਿਤਾਵਨੀ ਦਿੰਦੇ ਹੋਏ ਲਿਖਦੇ ਹਨ ਕਿ "ਜੇ ਇਸ ਬਾਰੇ ਵੀ ਫ਼ੈਸਲਾ ਲੈਣ ਦਾ ਅਧਿਕਾਰ ਕਿਸੇ ਨਿਗੂਣੀ ਗਿਣਤੀ ਵਾਲੇ ਸਿਆਸੀ ਟੋਲੇ ਨੂੰ ਮਿਲ ਗਿਆ ਤਾਂ ਨਿਰਸੰਦੇਹ ਸਿੱਖ ਆਪਣੇ ਦੁਸ਼ਮਣ ਆਪ ਹੀ ਹੋਣਗੇ।"

ਪ੍ਰੋਫ਼ੈਸਰ ਸਾਹਿਬ ਦੀਆਂ ਇਨ੍ਹਾਂ ਗੱਲਾਂ ਦਾ ਭਾਵ ਹੈ ਕਿ ਜੇ ਕੋਈ ਇਹ ਕਹਿੰਦਾ ਹੈ ਕਿ ਸਿੱਖ ਭਾਰਤ ਅੰਦਰ ਗ਼ੁਲਾਮ ਹਨ ਤਾਂ ਉਹ 'ਸਿਆਸੀ ਜ਼ਹਿਰ ਦੀ ਖੇਤੀ' ਕਰ ਰਿਹਾ ਹੈ ਅਤੇ ਪੰਥਕ ਮੁੱਖ ਧਾਰਾ ਨੇ ਅਜਿਹੀ ਗੱਲ ਕਦੇ ਨਹੀਂ ਕੀਤੀ, ਸਿਰਫ਼ ਅਜਮੇਰ ਸਿੰਘ ਤੇ 'ਨਿਗੂਣੀ ਗਿਣਤੀ ਵਾਲੇ ਸਿਆਸੀ ਟੋਲੇ' ਦੀ ਹੀ ਅਜਿਹੀ ਧਾਰਨਾ ਹੈ। ਜੇ ਅਜਿਹੀ ਧਾਰਨਾ ਨੂੰ ਪ੍ਰਵਾਨਗੀ ਮਿਲ ਗਈ ਤਾਂ ਪੰਥ ਖ਼ਤਮ ਹੋ ਜਾਵੇਗਾ।

ਸਭ ਤੋਂ ਪਹਿਲਾਂ ਅਸੀਂ ਭਾਰਤ ਅੰਦਰ ਸਿੱਖਾਂ ਦੀ ਸਥਿਤੀ ਬਾਰੇ ਚਰਚਾ ਕਰਦੇ ਹਾਂ। ਇਸ ਬੁਨਿਆਦੀ ਮਸਲੇ ਬਾਰੇ ਜੋ ਗੱਲ ਸ. ਅਜਮੇਰ ਸਿੰਘ ਕਰ ਰਹੇ ਹਨ, ਉਹ ਉਨ੍ਹਾਂ ਦੀ ਮੌਲਿਕ ਨਹੀਂ ਹੈ। ਸਿੱਖ ਭਾਰਤ ਅੰਦਰ ਗ਼ੁਲਾਮ ਹਨ, ਇਹ ਗੱਲ ਸਭ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਨੇ ਕਹੀ ਸੀ। ਸਿਰਦਾਰ ਕਪੂਰ ਸਿੰਘ ਵੀ ਇਹੋ ਸਮਝ ਉਭਾਰਦੇ ਰਹੇ ਹਨ ਕਿ ਸਿੱਖ "Politically subjugated" ਅਤੇ "Culturally submerged" ਅਰਥਾਤ ਸਿਆਸੀ ਤੌਰ 'ਤੇ ਗੁਲਾਮ ਅਤੇ ਸਭਿਆਚਾਰਕ ਤੌਰ 'ਤੇ ਦੁਬੇਲ ਹਨ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਵੀ ਇਸ ਤੋਂ ਕੋਈ ਵੱਖਰੇ ਵਿਚਾਰ ਨਹੀਂ ਸਨ। ਜੇ ਸ. ਬਲਕਾਰ ਸਿੰਘ ਨੂੰ ਇਸ ਬਾਰੇ ਕੋਈ ਸ਼ੱਕ ਹੈ ਤਾਂ ਉਹ ਪੰਜਾਬ ਸਰਕਾਰ ਵੱਲੋਂ ਛਾਪੀ ਤੇ ਉਨ੍ਹਾਂ ਦੀ ਆਪਣੀ ਲਿਖੀ ਕਿਤਾਬ 'ਪੰਜਾਬ ਦਾ ਬਾਬਾ ਬੋਹੜ: ਗੁਰਚਰਨ ਸਿੰਘ ਟੌਹੜਾ' ਨੂੰ ਧਿਆਨ ਨਾਲ ਪੜ੍ਹ ਸਕਦੇ ਹਨ। ਇਸ ਕਿਤਾਬ ਵਿਚ ਖੁਦ ਪ੍ਰੋ. ਬਲਕਾਰ ਸਿੰਘ ਨੇ ਇਹ ਨਿਰਣਾ ਪੇਸ਼ ਕੀਤਾ ਹੈ ਕਿ "ਭਾਰਤ ਦੇ ਨਵੇਂ ਹੁਕਮਰਾਨਾ ਦਾ ਸਿੱਖਾਂ ਪ੍ਰਤੀ ਨਜ਼ਰੀਆ ਅੰਗਰੇਜ਼ਾਂ ਵਾਲਾ ਹੀ ਸੀ ਅਤੇ ਹੈ" ਅਤੇ ਨਾਲ ਹੀ ਉਸ ਦਾ ਇਹ ਵੀ ਦਾਅਵਾ ਹੈ ਕਿ "ਅਕਾਲੀਆਂ ਵਿਚੋਂ ਇਨ੍ਹਾਂ ਸਾਰੀਆਂ ਪਰਤਾਂ ਬਾਰੇ ਚੇਤੰਨ ਕੇਵਲ ਗੁਰਚਰਨ ਸਿੰਘ ਟੌਹੜਾ ਹੀ ਸਨ।" (ਦੇਖੋ 'ਪੰਜਾਬ ਦਾ ਬਾਬਾ ਬੋਹੜ ਗੁਰਚਰਨ ਸਿੰਘ ਟੌਹੜਾ' ਪੰਨਾ 90) ਹੁਣ ਜੇਕਰ ਬਲਕਾਰ ਸਿੰਘ ਹੁਰੀਂ ਇਹ ਕਹਿੰਦੇ ਹਨ ਕਿ "ਭਾਰਤ ਦੇ ਨਵੇਂ ਹੁਕਮਰਾਨਾਂ ਦਾ ਸਿੱਖਾਂ ਪ੍ਰਤੀ ਨਜ਼ਰੀਆ ਅੰਗਰੇਜ਼ਾਂ ਵਾਲਾ ਹੀ ਸੀ ਅਤੇ ਹੈ' ਤਾਂ ਇਸ ਦੇ ਕੀ ਅਰਥ ਲਏ ਜਾਣ? ਕੀ ਇਸ ਦਾ ਮਤਲਬ ਇਹ ਨਹੀਂ ਬਣਦਾ ਕਿ ਸਿੱਖ ਅੱਜ ਵੀ ਅੰਗਰੇਜ਼ਾਂ ਦੇ ਵੇਲਿਆਂ ਵਾਂਗ ਗੁਲਾਮ ਹੀ ਹਨ? ਫਿਰ ਸ. ਅਜਮੇਰ ਸਿੰਘ ਨੇ ਇਹ ਗੱਲ ਕਹਿ ਕੇ ਕੀ ਗੁਨਾਹ ਕਰ ਦਿਤਾ ਹੈ? ਉਸ ਨੇ ਇਸ ਮਸਲੇ ਬਾਰੇ ਜੋ ਵੱਖਰੀ ਗੱਲ ਕੀਤੀ ਹੈ ਉਹ ਸਿਰਫ ਇਹ ਹੈ ਕਿ ਉਸ ਨੇ ਠੋਸ ਹਵਾਲਿਆਂ ਨਾਲ ਇਸ ਧਾਰਨਾ ਦੀ ਪੁਸ਼ਟੀ ਕੀਤੀ ਹੈ।

ਸੰਨ 1947 ਦੇ ਹੌਲਨਾਕ ਸਾਕੇ ਨੂੰ ਹੰਢਾ ਲੈਣ ਤੋਂ ਬਾਅਦ ਸਿੱਖ ਆਗੂ ਇਸ ਸਿੱਟੇ 'ਤੇ ਪਹੁੰਚ ਗਏ ਸਨ ਕਿ ਦੇਸ਼ ਤਾਂ ਜ਼ਰੂਰ ਆਜ਼ਾਦ ਹੋ ਗਿਆ ਹੈ ਪਰ ਪੰਥ ਨਹੀਂ। ਇਸੇ ਸਮਝ ਵਿਚੋਂ ਮਾਸਟਰ ਤਾਰਾ ਸਿੰਘ ਨੇ 'ਆਜ਼ਾਦ ਦੇਸ਼ ਅੰਦਰ ਆਜ਼ਾਦ ਪੰਥ' ਦਾ ਨਾਅਰਾ ਦੇਣ ਦੀ ਗੱਲ ਕੀਤੀ ਸੀ। ਉਨ੍ਹਾਂ ਬੜੇ ਸਪਸ਼ਟ ਸ਼ਬਦਾਂ ਵਿਚ ਪੰਥ ਦੀ ਆਵਾਜ਼ ਬਣ ਕੇ ਕਿਹਾ ਸੀ, "ਮੈਂ ਹਿੰਦੂ ਗ਼ੁਲਾਮੀ ਤੋਂ ਬਚਣਾ ਹੈ ਕਿਉਂਕਿ ਹਿੰਦੂ ਕੱਟੜ ਫ਼ਿਰਕਾਪ੍ਰਸਤ ਹਨ... ਮੈਂ ਹਿੰਦੂ ਗਲਬੇ ਹੇਠ ਨਹੀਂ ਰਹਿਣਾ।" (ਸੰਤ ਸਿਪਾਹੀ, ਦਸੰਬਰ 1949) ਕੀ ਸ. ਬਲਕਾਰ ਸਿੰਘ ਇਹ ਸਪਸ਼ਟ ਕਰਨ ਦੀ ਕਿਰਪਾ ਕਰਨਗੇ ਕਿ ਜੇ ਸ. ਅਜਮੇਰ ਸਿੰਘ ਹੁਰੀਂ ਸਿੱਖ ਗ਼ੁਲਾਮੀ ਦੀ ਗੱਲ ਕਰ ਕੇ 'ਸਿਆਸੀ ਜ਼ਹਿਰ ਦੀ ਖੇਤੀ' ਕਰ ਰਹੇ ਹਨ ਤਾਂ ਮਾਸਟਰ ਤਾਰਾ ਸਿੰਘ ਕੀ ਕਰਦੇ ਰਹੇ ਹਨ?

ਮਾਸਟਰ ਤਾਰਾ ਸਿੰਘ ਦੀ ਤਾਂ ਗੱਲ ਹੀ ਛੱਡੋ, ਸੰਤ ਹਰਚੰਦ ਸਿੰਘ ਲੌਂਗੋਵਾਲ ਵਰਗੇ ਹਿੰਦੂ ਪ੍ਰੇਮੀ ਆਗੂ ਨੂੰ ਵੀ ਅਹਿਸਾਸ ਸੀ ਕਿ ਸਿੱਖ ਭਾਰਤ ਅੰਦਰ ਗ਼ੁਲਾਮ ਹਨ। 15 ਨਵੰਬਰ 1983 ਦੀ ਆਪਣੀ ਇਕ ਲਿਖਤ ਵਿਚ ਆਪਣੇ ਇਸ ਅਹਿਸਾਸ ਨੂੰ ਉਨ੍ਹਾਂ ਇਸ ਤਰ੍ਹਾਂ ਕਲਮਬੰਦ ਕੀਤਾ ਸੀ, "ਭਾਰਤ ਆਜ਼ਾਦ ਹੋ ਗਿਆ ਪਰ ਸਿੱਖ ਜੋ ਪਹਿਲਾਂ ਵਿਦੇਸ਼ੀਆਂ ਦੇ ਗ਼ੁਲਾਮ ਸਨ, 1947 ਤੋਂ ਬਾਅਦ ਉਹ ਦੇਸ਼ ਦੇ ਫ਼ਿਰਕਾਪ੍ਰਸਤ ਬਹੁਗਿਣਤੀ (ਵਰਗ) ਦੇ ਦੁਬੇਲ ਬਣਾ ਕੇ ਰੱਖ ਦਿੱਤੇ ਗਏ। ਗ਼ੁਲਾਮੀ ਦੀਆਂ ਇਹ ਜ਼ੰਜੀਰਾਂ ਦਿਨ-ਪ੍ਰਤੀ-ਦਿਨ ਪੀਡੀਆਂ ਹੁੰਦੀਆਂ ਜਾ ਰਹੀਆਂ ਹਨ। ਇਸ ਦੇਸ਼ ਵਿਚ ਨਾ ਸਾਡਾ ਧਰਮ ਸੁਰੱਖਿਅਤ ਹੈ, ਨਾ ਸਾਡਾ ਸਭਿਆਚਾਰ, ਨਾ ਸਾਡੀ ਜਾਨ-ਮਾਲ ਸੁਰੱਖਿਅਤ ਹੈ ਅਤੇ ਨਾ ਪੱਤ-ਆਬਰੂ।" ਕੀ ਪ੍ਰੋ. ਬਲਕਾਰ ਸਿੰਘ ਇਹ ਸਪਸ਼ਟ ਕਰਨ ਦੀ ਕਿਰਪਾ ਕਰਨਗੇ ਕਿ ਜੇ ਸ. ਅਜਮੇਰ ਸਿੰਘ ਸਿੱਖਾਂ ਦੀ ਗ਼ੁਲਾਮੀ ਦੀ ਗੱਲ ਕਰ ਕੇ 'ਸਿਆਸੀ ਜ਼ਹਿਰ ਦੀ ਖੇਤੀ' ਕਰ ਰਹੇ ਹਨ ਤਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਕੀ ਕਰਦੇ ਰਹੇ ਹਨ? ਸੰਤ ਲੌਂਗੋਵਾਲ ਦੀ ਇਸ ਲਿਖਤ ਨੂੰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਸੰਨ 2007 ਵਿਚ ਦੁਬਾਰਾ ਛਾਪਿਆ ਸੀ। ਕੀ ਅਜਿਹੀਆਂ ਲਿਖਤਾਂ ਨੂੰ ਮੁੜ-ਮੁੜ ਛਾਪ ਕੇ ਧਰਮ ਪ੍ਰਚਾਰ ਕਮੇਟੀ ਵੀ 'ਸਿਆਸੀ ਜ਼ਹਿਰ ਦੀ ਖੇਤੀ' ਕਰ ਰਹੀ ਹੈ?

ਜੇ ਸੰਤ ਲੌਂਗੋਵਾਲ ਦੇ ਉਪਰਲੇ ਕਥਨ ਨੂੰ ਥੋੜ੍ਹਾ ਡੂੰਘਾਈ ਵਿਚ ਜਾ ਕੇ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਅਜੋਕੇ ਸਮੇਂ ਵਿਚ ਆਜ਼ਾਦੀ/ਗ਼ੁਲਾਮੀ ਦੀ ਕਸਵੱਟੀ ਨੂੰ ਸਮਝਣ ਵਿਚ ਵੀ ਕੁਝ ਸਹਾਇਤਾ ਮਿਲ ਸਕਦੀ ਹੈ। ਅੱਜ ਕੋਈ ਦੇਸ਼, ਕੌਮ ਜਾਂ ਭਾਈਚਾਰਾ ਆਜ਼ਾਦ ਹੈ ਜਾਂ ਗ਼ੁਲਾਮ, ਇਸ ਦੀ ਪਰਖ ਇਸ ਗੱਲ ਤੋਂ ਨਹੀਂ ਹੁੰਦੀ ਕਿ ਉਸ ਦੇ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਦੀ ਕੌਮੀਅਤ ਜਾਂ ਧਰਮ ਕੀ ਹੈ? ਅਜਿਹੀ ਕਸਵੱਟੀ ਵੇਲਾ ਵਿਹਾ ਚੁੱਕੀ ਹੈ ਕਿਉਂਕਿ ਬਸਤੀਵਾਦ ਆਪਣਾ ਰੂਪ ਬਦਲ ਚੁੱਕਾ ਹੈ। ਇਸ ਦੇ ਨਾਲ ਹੀ ਬਹੁਕੌਮੀ ਦੇਸ਼ਾਂ ਅੰਦਰ ਅੰਦਰੂਨੀ ਬਸਤੀਵਾਦ ਦਾ ਨਵਾਂ ਵਰਤਾਰਾ ਸਾਹਮਣੇ ਆ ਚੁੱਕਾ ਹੈ। ਅੱਜ ਆਜ਼ਾਦੀ ਜਾਂ ਗ਼ੁਲਾਮੀ ਦੀ ਪਰਖ ਇਸ ਗੱਲ ਤੋਂ ਹੁੰਦੀ ਹੈ ਕਿ ਹਕੂਮਤ ਦਾ ਕੇਂਦਰ ਕਿੱਥੇ ਹੈ? ਉਸ ਕੇਂਦਰ ਦੀ ਬਣਤਰ ਕੀ ਹੈ? ਉਸ ਬਣਤਰ ਵਿਚ ਕਿਸੇ ਕੌਮ ਦੀ ਕਿੰਨੀ ਕੁ ਪੁੱਗਤ ਹੈ? ਅਸਰਦਾਰ ਹੈ ਜਾਂ ਬਰਾਇ-ਨਾਮ ਹੈ? ਉਸ ਕੇਂਦਰ ਵੱਲੋਂ ਸਬੰਧਤ ਕੌਮ ਬਾਰੇ ਕਿਹੋ ਜਿਹੀਆਂ ਨੀਤੀਆਂ ਘੜੀਆਂ ਜਾਂਦੀਆਂ ਹਨ? ਉਨ੍ਹਾਂ ਨੂੰ ਕਿਵੇਂ ਲਾਗੂ ਕੀਤਾ ਜਾਂਦਾ ਹੈ? ਉਨ੍ਹਾਂ ਨੀਤੀਆਂ ਸਦਕਾ ਸਬੰਧਤ ਕੌਮ ਦੀ ਆਰਥਿਕਤਾ ਆਪਣੇ ਪੈਰਾਂ ਸਿਰ ਹੋਣ ਵੱਲ ਵਧਦੀ ਹੈ ਜਾਂ ਬਿਗਾਨਿਆਂ 'ਤੇ ਨਿਰਭਰ ਰਹਿਣ ਲਈ ਸਰਾਪੀ ਜਾਂਦੀ ਹੈ। ਆਰਥਿਕਤਾ ਤੋਂ ਵੀ ਵੱਧ ਉਸ ਕੌਮ ਦੀ ਰੂਹ, ਭਾਵ ਉਸ ਦਾ ਧਰਮ, ਸਭਿਆਚਾਰ, ਇੱਜ਼ਤ-ਆਬਰੂ, ਖੇੜੇ ਵਿਚ ਆਉਂਦੀ ਹੈ ਜਾਂ ਮੁਰਝਾਉਣਾ ਸ਼ੁਰੂ ਕਰ ਦਿੰਦੀ ਹੈ? ਸੰਤ ਹਰਚੰਦ ਸਿੰਘ ਨੇ ਵੀ ਇਸ ਪੱਖ ਤੋਂ ਹੀ ਕਿਹਾ ਸੀ ਕਿ ਸਿੱਖ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੇ ਹੋਏ ਹਨ ਅਤੇ ਇਹ ਜ਼ੰਜੀਰਾਂ ਦਿਨ-ਪ੍ਰਤੀ-ਦਿਨ ਪੀਡੀਆਂ ਹੁੰਦੀਆਂ ਜਾ ਰਹੀਆਂ ਹਨ।

ਪ੍ਰੋ. ਬਲਕਾਰ ਸਿੰਘ ਦੀ ਜਾਣਕਾਰੀ ਹਿਤ ਇਹ ਦੱਸ ਦੇਣਾ ਵੀ ਜ਼ਰੂਰੀ ਹੈ ਕਿ ਧਰਮ ਯੁੱਧ ਮੋਰਚਾ ਵੀ ਇਸ ਗ਼ੁਲਾਮੀ ਨੂੰ ਗਲੋਂ ਲਾਹੁਣ ਵਾਸਤੇ ਲਾਇਆ ਗਿਆ ਸੀ। ਇਸ ਸਬੰਧ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਕਿਸੇ ਹਵਾਲੇ ਨੂੰ ਸ਼ਾਇਦ ਉਹ ਚੰਗਾ ਨਾ ਸਮਝਣ, ਇਸ ਲਈ ਮੋਰਚੇ ਦੇ ਡਿਕਟੇਟਰ ਸੰਤ ਲੌਂਗੋਵਾਲ ਦੇ ਇਨ੍ਹਾਂ ਸ਼ਬਦਾਂ ਵੱਲ ਧਿਆਨ ਦੇਣ, "ਸਿੱਖ ਕੌਮ ਦੀਆਂ ਧਾਰਮਿਕ, ਸਭਿਆਚਾਰਕ, ਆਰਥਿਕ ਅਤੇ ਰਾਜਨੀਤਕ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟਣ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਿਛਲੇ ਸਵਾ ਸਾਲ ਤੋਂ ਧਰਮ ਯੁੱਧ ਮੋਰਚਾ ਜਾਰੀ ਹੈ। ਸ਼੍ਰੋਮਣੀ ਅਕਾਲੀ ਦਲ ਹਰ ਪ੍ਰਕਾਰ ਦੇ ਸਰਕਾਰੀ ਜਬਰ ਦਾ ਸਬਰ ਨਾਲ ਟਾਕਰਾ ਕਰਦਾ ਆ ਰਿਹਾ ਹੈ।" ਕੀ ਪ੍ਰੋ. ਬਲਕਾਰ ਸਿੰਘ ਇਹ ਦੱਸਣ ਦੀ ਕਿਰਪਾਲਤਾ ਕਰਨਗੇ ਕਿ ਧਰਮ ਯੁੱਧ ਮੋਰਚਾ ਪੰਥਕ ਮੁੱਖ ਧਾਰਾ ਨੇ ਲਾਇਆ ਸੀ ਜਾਂ 'ਨਿਗੂਣੀ ਗਿਣਤੀ ਵਾਲੇ ਸਿਆਸੀ ਟੋਲੇ' ਨੇ? ਮਾਸਟਰ ਤਾਰਾ ਸਿੰਘ, ਸਿਰਦਾਰ ਕਪੂਰ ਸਿੰਘ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸੰਤ ਹਰਚੰਦ ਸਿੰਘ ਲੌਂਗੋਵਾਲ ਆਦਿ ਸਾਰੇ ਪੰਥ ਦੀ ਮੁੱਖ ਧਾਰਾ ਦੇ ਨੁਮਾਇੰਦੇ ਸਨ ਜਾਂ 'ਨਿਗੂਣੀ ਗਿਣਤੀ ਵਾਲੇ ਸਿਆਸੀ ਟੋਲੇ' ਦੇ?

ਪੰਜਾਬ ਵਿਚ 'ਨਿਗੂਣੀ ਗਿਣਤੀ ਵਾਲੇ ਸਿਆਸੀ ਟੋਲੇ' ਜ਼ਰੂਰ ਮੌਜੂਦ ਹਨ ਜਿਹੜੇ ਸਿੱਖਾਂ ਨੂੰ ਆਜ਼ਾਦ ਦੱਸਦੇ ਹਨ। ਇਨ੍ਹਾਂ ਵਿਚ ਰਾਸ਼ਟਰਵਾਦੀ ਸਿੱਖਾਂ, ਸਿੱਖ ਪਿਛੋਕੜ ਵਾਲੇ ਕਾਮਰੇਡਾਂ ਤੋਂ ਇਲਾਵਾ ਕੁਝ ਗ਼ਰਜ਼ਮੰਦ ਬੁੱਧੀਜੀਵੀ ਵੀ ਸ਼ਾਮਲ ਹਨ। ਇਹ ਲੇਖਕ ਪ੍ਰੋ. ਬਲਕਾਰ ਸਿੰਘ ਨੂੰ ਅਜੇ ਇਸ ਟੋਲੇ ਵਿਚ ਸ਼ਾਮਲ ਕਰਨ ਨੂੰ ਰਾਜ਼ੀ ਨਹੀਂ, ਕਿਉਂਕਿ ਉਸ ਦੀ ਆਪਣੀ ਸਮਝ ਇਹ ਹੈ ਕਿ "ਹਿੰਦੂਆਂ ਨੂੰ ਭਾਰਤ ਦੇ ਬਦੇਸ਼ੀ ਹੁਕਮਰਾਨਾਂ ਨੇ ਸਦੀਆਂ ਕੁਸਕਣ ਤੱਕ ਨਹੀਂ ਦਿਤਾ ਅਤੇ ਉਨ੍ਹਾਂ (ਭਾਵ ਮੁਸਲਮਾਨਾਂ) ਵਿਰੁਧ ਵਰਤਮਾਨ ਵਿਚ ਬਦਲੇ ਦੀ ਭਾਵਨਾ ਵਾਲੀ ਸਿਆਸਤ ਸਮਝ ਆ ਸਕਦੀ ਹੈ। ਸਿੱਖਾਂ ਨੇ ਤਾਂ ਬਿਨਾਂ ਤਾਕਤ ਵਿਚ ਹੁੰਦਿਆਂ ਵੀ ਹਿੰਦੂ ਤੇ ਹਿੰਦੁਸਤਾਨ ਦੀ ਰੱਖਿਆ ਕੀਤੀ ਸੀ ਅਤੇ ਇਸ ਨੂੰ ਤਸਲੀਮ ਵੀ ਕੀਤਾ ਜਾਂਦਾ ਰਿਹਾ ਹੈ। ਪਰ ਸਿੱਖਾਂ ਵਿਰੁਧ ਮੁਗ਼ਲ ਅਤੇ ਅੰਗਰੇਜ਼ ਹਾਕਮਾਂ ਵਰਗਾ ਹੀ ਨਹੀਂ, ਸਗੋਂ ਇਸ ਨਾਲੋਂ ਵੀ ਬਦਤਰ ਹਿੰਦੂ ਹਾਕਮਾਂ ਦਾ ਸਿਆਸੀ ਰਵੱਈਆ, ਸਿੱਖਾਂ ਨੂੰ ਲਗਾਤਾਰ ਸਿਆਸੀ ਲੜਾਈ ਲੜਨ ਲਈ ਮਜਬੂਰ ਕਰਦਾ ਰਿਹਾ ਹੈ।" (ਦੇਖੋ 'ਪੰਜਾਬ ਦਾ ਬਾਬਾ ਬੋਹੜ-ਗੁਰਚਰਨ ਸਿੰਘ ਟੌਹੜਾ', ਪੰਨਾ 90) ਇਸ ਗੱਲ ਤੋਂ ਤਾਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ ਕਿ ਮੁਗਲਾਂ ਤੇ ਅੰਗਰੇਜ਼ਾਂ ਦੇ ਰਾਜ ਹੇਠ ਸਿੱਖ ਗੁਲਾਮ ਸਨ। ਅਤੇ ਹੁਣ ਜੇਕਰ ਪ੍ਰੋ. ਬਲਕਾਰ ਸਿੰਘ ਇਹ ਕਹਿੰਦੇ ਹਨ ਕਿ ਭਾਰਤ ਦੇ 'ਹਿੰਦੂ ਹਾਕਮਾਂ' (ਧਿਆਨ ਦੇਣ ਵਾਲੀ ਗੱਲ ਹੈ ਕਿ ਹੁਣ ਪ੍ਰੋ. ਬਲਕਾਰ ਸਿੰਘ ਨੂੰ ਸ. ਅਜਮੇਰ ਸਿੰਘ ਵੱਲੋਂ ਭਾਰਤ ਦੇ ਹਾਕਮਾਂ ਨੂੰ 'ਹਿੰਦੂ ਹਾਕਮ' ਕਹਿਣ ਉਤੇ ਇਤਰਾਜ਼ ਹੈ।) ਦਾ ਸਿੱਖਾਂ ਪ੍ਰਤੀ ਰਵਈਆ 'ਮੁਗਲਾਂ ਤੇ ਅੰਗਰੇਜ਼ਾਂ ਨਾਲੋਂ ਵੀ ਬਦਤਰ' ਹੈ ਤਾਂ ਸਪਸ਼ਟ ਰੂਪ ਵਿਚ ਇਸ ਦੇ ਅਰਥ ਵੀ ਉਹੀ ਬਣਦੇ ਹਨ ਜੋ ਸਿੱਖਾਂ ਦੀ ਮੁੱਖ ਧਾਰਾ ਦੇ ਆਗੂ ਮਾਸਟਰ ਤਾਰਾ ਸਿੰਘ, ਸਿਰਦਾਰ ਕਪੂਰ ਸਿੰਘ, ਜਥੇਦਾਰ ਟੌਹੜਾ, ਸੰਤ ਲੌਂਗੋਵਾਲ ਆਦਿ ਦੱਸਦੇ ਰਹੇ ਹਨ ਅਤੇ ਅੱਜ ਸ. ਅਜਮੇਰ ਸਿੰਘ ਦੀਆਂ ਲਿਖਤਾਂ ਵਿਚ ਉਭਰ ਕੇ ਸਾਹਮਣੇ ਆ ਰਹੇ ਹਨ। ਭਾਵ ਕਿ ਸਿੱਖ ਭਾਰਤ ਅੰਦਰ ਗ਼ੁਲਾਮ ਹਨ। ਜੇ ਲਿਖਣ ਵੇਲੇ ਆਪਣੀਆਂ ਪਹਿਲੀਆਂ ਲਿਖਤਾਂ ਨੂੰ ਧਿਆਨ ਵਿਚ ਰੱਖ ਲਿਆ ਜਾਵੇ ਤਾਂ ਸਵੈ-ਵਿਰੋਧਾਂ ਵਿਚ ਉਲਝਣ ਤੋਂ ਬਚਿਆ ਜਾ ਸਕਦਾ ਹੈ।

***ਪ੍ਰਧਾਨ, ਸਿੱਖ ਸਟੂਡੈਂਟਸ ਫੈਡਰੇਸ਼ਨ**

# ਨਾਮ ਦਾ ਸਿੱਖ ਸੰਕਲਪ-ਆਦਿ ਗ੍ਰੰਥ ਦੀ ਕਸਵੱਟੀ 'ਤੇ

## ਗੁਰਮਤਿ ਚਾਨਣ

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਦ ਜਗ ਚਾਨਣੁ ਹੋਆ॥
ਜਿਉ ਕਰ ਸੂਰਜ ਨਿਕਲਿਆ
ਤਾਰੇ ਛਪੇ ਅੰਧੇਰ ਪਲੋਆ॥

ਭਾਈ ਗੁਰਦਾਸ ਦੀਆਂ ਇਨ੍ਹਾਂ ਤੁਕਾਂ 'ਤੇ ਓਪਰੀ ਨਜ਼ਰ ਮਾਰਿਆਂ ਪ੍ਰਤੀਤ ਹੁੰਦਾ ਹੈ, ਜਿਵੇਂ ਚਾਨਣ ਬੜਾ ਸੁਖਾਲਾ ਹੀ ਹੋ ਗਿਆ ਹੈ ਪਰ ਡੂੰਘਾਈ ਨਾਲ ਵਿਚਾਰਿਆਂ ਇਥੇ ਦੋ ਗੱਲਾਂ ਸਾਹਮਣੇ ਆਉਂਦੀਆਂ ਹਨ। ਜਦੋਂ ਚਾਨਣ ਹਨੇਰੇ ਵਿਚ ਸਫ਼ਰ ਕਰਦਾ ਹੈ ਤਾਂ ਹਨੇਰਾ ਆਪਣੇ-ਆਪ ਪਰ੍ਹੇ ਹੋਈ ਜਾਂਦਾ ਹੈ ਪਰ ਜਦੋਂ ਚਾਨਣ ਧੁੰਦ ਵਿਚ ਸਫ਼ਰ ਕਰਦਾ ਹੈ ਤਾਂ ਧੁੰਦ ਆਪਣੇ-ਆਪ ਪਰ੍ਹੇ ਨਹੀਂ

**ਜ਼ੋਰਾ ਸਿੰਘ ਨੱਤ**
ਫੋਨ:925-354-7404

ਹੁੰਦੀ ਬਲਕਿ ਚਾਨਣ ਨੂੰ ਧੁੰਦ ਨਾਲ ਖਹਿ ਕੇ ਲੰਘਣਾ ਪੈਂਦਾ ਹੈ। ਚਾਨਣ ਦੇ ਧੁੰਦ ਨਾਲ ਖਹਿ ਕੇ ਲੰਘਣ ਦੇ ਅਜਿਹੇ ਸਫ਼ਰ ਦੀ ਹੀ ਦੱਸ ਪਾਉਂਦਾ ਹੈ ਸਾਡਾ ਸਿੱਖ ਸੰਕਲਪ। 'ਜਉ ਤਉ ਪ੍ਰੇਮ ਖੇਲਣ ਦਾ ਚਾਉ। ਸਿਰੁ ਧਰਿ ਤਲੀ ਗਲੀ ਮੇਰੀ ਆਉ। ਇਤੁ ਮਾਰਗਿ ਪੈਰੁ ਧਰੀਜੈ। ਸਿਰੁ ਦੀਜੈ ਕਾਣਿ ਨਾ ਕੀਜੈ।'

'ਪੁੱਛਣ ਖੋਲ੍ਹ ਕਿਤਾਬ ਨੋ ਹਿੰਦੂ ਵੱਡਾ ਕਿ ਮੁਸਲਮਾਨੋਈ। ਬਾਬਾ ਆਖਹਿ ਹਾਜੀਆ ਸੁਭ ਅਮਲਾਂ ਬਾਝੋ ਦੋਨੋ ਰੋਈ।' ਇਨ੍ਹਾਂ ਤੁਕਾਂ ਤੋਂ ਸਪੱਸ਼ਟ ਹੈ ਕਿ ਹਿੰਦੂ ਜਾਂ ਮੁਸਲਮਾਨ ਦਾ ਚੰਗਾ ਜਾਂ ਮਾੜਾ ਹੋਣਾ ਉਨ੍ਹਾਂ ਦੀ ਪਾਠ-ਪੂਜਾ 'ਤੇ ਨਿਰਭਰ ਨਹੀਂ ਕਰਦਾ, ਬਲਕਿ ਮਨੁੱਖ ਉਹੀ ਚੰਗਾ ਹੁੰਦਾ ਹੈ ਜਿਹੜਾ ਚੰਗੇ ਕੰਮ ਕਰਦਾ ਹੈ ਪਰ ਨਾਨਕ ਨਾਮ ਲੇਵਾ ਦੀ ਜ਼ਿੰਦਗੀ ਅੱਜ ਚੰਗੇ ਕੰਮਾਂ ਦੀ ਝਲਕ ਨਹੀਂ ਮਾਰਦੀ। ਅਸੀਂ ਉਹ ਸਾਰੇ ਹੀ ਕਰਮ-ਕਾਂਡ ਅਪਨਾ ਲਏ ਹਨ ਜਿਨ੍ਹਾਂ ਤੋਂ ਬਾਬੇ ਨਾਨਕ ਨੇ ਸਾਡਾ ਖਹਿੜਾ ਛੁਡਾਇਆ ਸੀ। ਸਾਡਾ ਹਾਲ ਅੱਜ ਉਨ੍ਹਾਂ ਲੋਕਾਂ ਨਾਲੋਂ ਵੀ ਭੈੜਾ ਹੈ ਜਿਨ੍ਹਾਂ ਨੇ ਬਾਬੇ ਨਾਨਕ ਨੂੰ ਕੁਰਾਹੀਆ ਆਖਿਆ ਸੀ। ਫਿਰ ਸਾਡਾ ਹਾਲ ਹੈ ਕੀਹਦੇ ਵਰਗਾ? ਸਾਡਾ ਹਾਲ ਉਨ੍ਹਾਂ ਕਸ਼ਮੀਰੀ ਪੰਡਤਾਂ ਵਰਗਾ ਹੈ ਜਿਹੜੇ ਸਹਾਰੇ ਦੀ ਭਾਲ ਵਿਚ ਚੱਲ ਕੇ ਆਨੰਦਪੁਰ ਸਾਹਿਬ ਆਏ ਸਨ।

ਅੱਜ ਬਾਬੇ ਨਾਨਕ ਦੇ ਜਨਮ ਦੇ 542 ਸਾਲਾਂ ਤੋਂ ਬਾਅਦ ਸੁਆਲ ਕਾਅਬੇ ਦੇ ਘੁੰਮ ਜਾਣ ਦਾ ਨਹੀਂ ਹੈ; ਸੁਆਲ ਬਾਬੇ ਨਾਨਕ ਉਤੇ ਸੱਪ ਵੱਲੋਂ ਕੀਤੀ ਛਾਂ ਜਾਂ ਦਰਖਤ ਦੀ ਛਾਂ ਦੇ ਹੀ ਰੁਕ ਜਾਣ ਦਾ ਵੀ ਨਹੀਂ ਹੈ। ਸੁਆਲ ਇਹ ਵੀ ਨਹੀਂ ਹੈ ਕਿ ਬਾਬਾ ਨਾਨਕ ਲਵ ਅਤੇ ਕੁਸ਼ ਦੀ ਔਲਾਦ ਹੈ। ਸੁਆਲ ਮਰਦਾਨੇ ਨੂੰ ਭੁੱਖ ਲੱਗਣ ਵੇਲੇ ਅੱਕ ਦੀਆਂ ਕੌੜੀਆਂ ਕੁਕੜੀਆਂ ਦੇ ਮਿੱਠੇ ਹੋ ਜਾਣ ਜਾਂ ਕੌੜੇ ਰੀਠਿਆਂ ਦੇ ਮਿੱਠੇ ਹੋ ਜਾਣ ਦਾ ਵੀ ਨਹੀਂ ਹੈ। ਫਿਰ ਸੁਆਲ ਹੈ ਕੀ? ਸੁਆਲ ਹੈ: ਜਦੋਂ ਚਾਨਣ ਨੇ ਧੁੰਦ ਵਿਚ ਆਪਣਾ ਸਫ਼ਰ ਸ਼ੁਰੂ ਕੀਤਾ ਤਾਂ ਉਸ ਸਫ਼ਰ ਦੇ ਪਹਿਲੇ ਹੀ ਕਦਮ ਦਾ ਦਿਸ਼ਾ-ਨਿਰਦੇਸ ਕੀ ਹੈ? ਜਾਂ ਇਉਂ ਆਖ ਲਈਏ ਕਿ ਗੁਰੂ ਗ੍ਰੰਥ ਬਾਣੀ ਵਿਚ 'ੴ ਸਤਿਨਾਮੁ' ਦਾ ਕੀ ਸੰਕਲਪ ਹੈ? ਇਸ ਤੋਂ ਪਹਿਲਾਂ ਕਿ ਮੈਂ ਇਸ ਸੁਆਲ ਦਾ ਜਵਾਬ ਦੇਵਾਂ, ਮੈਂ ਤੁਹਾਨੂੰ ਇਕ ਸੁਆਲ ਪੁੱਛਦਾ ਹਾਂ। ਤੁਸੀਂ ਦੱਸੋ ਕਿ ਤੁਹਾਡੇ ਪਿਤਾ ਦਾ ਨਾਮ ਕਿਸੇ ਨੇ ਧਰਿਆ ਹੈ? ਜਵਾਬ ਨਿਸ਼ਚੇ ਹੀ ਹੋਵੇਗਾ ਕਿ ਸਾਡੇ ਪਿਤਾ ਦਾ ਨਾਮ ਸਾਡੇ ਬਾਬੇ ਨੇ ਧਰਿਆ।

ਆਓ ਹੁਣ ਅਸਲ ਵਿਸ਼ੇ ਵੱਲ ਆਉਂਦੇ ਹਾਂ ਕਿ 'ੴ ਸਤਿਨਾਮੁ' ਦਾ ਕੀ ਸੰਕਲਪ ਹੈ। 'ੴ ਸਤਿਨਾਮੁ' ਸਰਸਰੀ ਨਜ਼ਰੇ ਬੇਸ਼ਕ ਗਿਣਤੀਵਾਚਕ ਅਤੇ ਨਾਉਂਵਾਚਕ ਲਗਦਾ ਹੋਵੇ ਪਰ ਅਜਿਹਾ ਨਹੀਂ ਹੈ। ਇਹ ਨਾ ਹੀ ਗਿਣਤੀਵਾਚਕ ਹੈ ਅਤੇ ਨਾ ਹੀ ਨਾਉਂਵਾਚਕ ਹੈ। ਇਹ ਅਗਿਣਤ ਹੈ ਅਤੇ ਅਨਾਮ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸਤਿਨਾਮ ਦੀ ਪਰਿਭਾਸ਼ਾ ਇਸ ਤਰ੍ਹਾਂ ਹੈ: 'ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿਨਾਮੁ ਤੇਰਾ ਪਰਾ ਪੂਰਬਲਾ॥' ਭਾਵ ਜੀਭ ਦੁਆਰਾ ਉਚਾਰੇ ਜਾਣ ਵਾਲੇ ਸਾਰੇ ਹੀ ਨਾਮ ਬਨਾਉਟੀ ਹਨ। ਤੇਰਾ ਅਸਲ ਜਾਂ ਸੱਚਾ ਨਾਉਂ ਪਰਾ ਪੂਰਬਲਾ ਹੈ-ਮੁੱਢ ਕਦੀਮ ਵਾਲਾ ਹੈ। ਇਹ ਉਸ ਸਮੇਂ ਦੀ ਦੱਸ ਪਾਉਂਦਾ ਹੈ, ਜਦੋਂ ਹਾਲੇ ਨਾਉਂ ਧਰਨ ਵਾਲੇ ਪੈਦਾ ਨਹੀਂ ਸੀ ਹੋਏ, ਭਾਵ ਇਹ ਅਨਾਮ ਹੈ।

ਆਪਾਂ ਸਾਰੇ ਹੀ ਇਹ ਜਾਣਦੇ ਹਾਂ ਕਿ ਸੱਚ ਉਦੋਂ ਵੀ ਮੌਜੂਦ ਹੁੰਦਾ ਹੈ ਜਦੋਂ ਹਾਲੇ ਸੱਚ ਦੀ ਖੋਜ ਨਹੀਂ ਹੋਈ ਹੁੰਦੀ। ਜਦੋਂ ਲੋਕ ਇਹ ਨਹੀਂ ਸਨ ਜਾਣਦੇ ਕਿ ਪਾਣੀ ਹਾਈਡਰੋਜਨ ਅਤੇ ਆਕਸੀਜਨ ਦਾ ਜੋਗਕ ਹੈ। ਪਾਣੀ ਉਦੋਂ ਵੀ ਮੌਜੂਦ ਸੀ। ਆਉ ਹੁਣ ਦੇਖੀਏ, ਪੰਦਰਵੀਂ ਸਦੀ ਵਿਚ ਉਚਾਰੇ ਇਸ 'ਸਤਿਨਾਮੁ ਤੇਰਾ ਪਰਾ ਪੂਰਬਲਾ' ਦੀ ਮੁਢਲੀ ਮੌਜੂਦਗੀ ਕੀ ਹੈ? ਇਸ ਸੁਆਲ ਦਾ ਜਵਾਬ ਦੇਣ ਲਈ ਗੁਰਬਾਣੀ ਸਤਿਨਾਮੁ ਦੀ ਸੂਕ ਪਾ ਕੇ ਸਾਨੂੰ ਆਦਿ ਸੱਚ ਵਿਚ ਉਤਾਰ ਦਿੰਦੀ ਹੈ। ਆਦਿ ਸੱਚ ਵਿਚ ਇਹ ਪਰਾ ਪੂਰਬਲਾ ਕਰਤਾ ਪੁਰਖ ਆਦਿ ਪੁਰਖ ਹੈ। ਇਹ ਆਦਿ ਪੁਰਖ ਉਹ ਪਿਤਾ ਹੈ ਜਿਸ ਦਾ ਅੱਗੇ ਕੋਈ ਪਿਤਾ ਨਹੀਂ ਹੈ; ਜਿਹੜਾ ਇਸ ਦਾ ਨਾਮ ਧਰ ਸਕੇ। ਇਸ ਲਈ ਇਹ ਆਦਿ ਪੁਰਖ ਪਿਤਾ ਅਨਾਮ ਹੈ। ਇਸ ਆਦਿ ਪੁਰਖ ਪਿਤਾ ਦਾ ਨਾਮ ਰੱਖਣ 'ਤੇ ਗੁਰਬਾਣੀ ਨੇ ਸਖ਼ਤ ਇਤਰਾਜ਼ ਕੀਤਾ ਹੈ। 'ਆਦਿ ਪੁਰਖ ਕਉ ਅਲਹੁ ਕਹੀਐ, ਸੇਖਾਂ ਆਈ ਵਾਰੀ॥ ਦੇਵਲ ਦੇਵਤਿਆਂ ਕਰ ਲਾਗਾ ਐਸੀ ਕੀਰਤ ਚਾਲੀ॥ ਭਾਵ ਜਦੋਂ ਸੇਖਾਂ ਦਾ ਦਾਅ ਲੱਗਿਆ ਤਾਂ ਉਨ੍ਹਾਂ ਨੇ ਆਦਿ ਪੁਰਖ ਜਿਹੜਾ ਅਨਾਮ ਹੈ, ਉਸ ਦਾ ਕਿਰਤਮ ਨਾਮ ਅੱਲਾ ਰੱਖ ਦਿੱਤਾ। ਇਸ ਬਨਾਉਟੀ ਨਾਉਂ ਦੀ ਆੜ ਹੇਠ ਹਿੰਦੂਆਂ 'ਤੇ ਧੌਂਸ ਜਮਾਈ ਅਤੇ ਉਨ੍ਹਾਂ ਦੇ ਧਾਰਮਿਕ ਸਥਾਨਾਂ 'ਤੇ ਟੈਕਸ ਠੋਕ ਦਿੱਤੇ। ਅੱਜ ਗੇਂਦ ਹਿੰਦੂਆਂ ਦੇ ਹੱਥ ਆਈ ਹੋਈ ਹੈ ਅਤੇ ਉਹ ਧਰਮ ਨਿਰਪੱਖ ਭਾਰਤ ਵਿਚ ਅੱਲਾ ਦੇ ਭਗਤਾਂ ਨੂੰ ਸਬਕ ਸਿਖਾ ਰਹੇ ਹਨ। ਕਿਰਤਮ ਨਾਮ ਦੀ ਆੜ ਹੇਠ ਜਮਾਈ ਇਹ ਧੌਂਸ ਹਿੰਦੂਆਂ ਅਤੇ ਮੁਸਲਮਾਨਾਂ ਤੱਕ ਹੀ ਸੀਮਤ ਨਹੀਂ ਬਲਕਿ ਹਰ ਕੌਮ ਆਪਣੀ ਰਾਜਨੀਤਕ ਸ਼ਕਤੀ ਦੇ ਬਲਬੂਤੇ, ਕਿਰਤਮ ਨਾਮ ਦੀ ਆੜ ਹੇਠ ਦੂਜੀਆਂ ਕੌਮਾਂ ਨਾਲ ਧੱਕਾ ਕਰਦੀ ਆਈ ਹੈ।

ਗੁਰਮਤਿ ਨਾਮ ਦੀ ਸ਼ਬਦਾਵਲੀ ਵਿਚ ਅਨਾਮ ਦੀ ਵਿਥਿਆ ਹੈ। ਇਹ ਗੁੱਝੀ ਰਮਜ਼ ਹੈ ਜਿਸ ਨੂੰ ਸਮਝਣ ਵਿਚ ਅਸੀਂ ਅਸਫ਼ਲ ਰਹੇ ਹਾਂ। ਅਨਾਮ ਸਿਰਜਣਹਾਰ ਹੈ ਅਤੇ ਸਿਰਜਿਆ ਹੋਇਆ ਨਾਮ ਹੈ। 'ਆਪੀ ਨੈ ਆਪ ਸਾਜਿਆ' ਇਹ ਦਰਸਾਉਂਦਾ ਹੈ ਕਿ ਅਨਾਮ ਰੂਪ ਏਕਤਾ, ਨਾਮਰੂਪ ਅਨੇਕਤਾ ਵਿਚ ਬਦਲ ਗਈ ਹੈ। ਇਸ ਨਾਮ ਰੂਪ ਅਨੇਕਤਾ ਤੋਂ ਬਾਹਰ ਕੋਈ ਅਨਾਮ ਰੂਪ ਏਕਤਾ (ਕਰਤਾ) ਨਹੀਂ ਹੈ। ਇਸ ਨਾਮ ਰੂਪ ਅਨੇਕਤਾ ਤੋਂ ਬਾਹਰ ਕਰਤਾ ਦੀ ਭਾਲ ਸਾਕਤ ਕਿਰਿਆ ਹੈ। ਮੈਂ 'ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ ਇਕੁ ਗੁਰਮੁਖ ਚਲਤੁ ਦਿਖਾਇਆ॥ ਬਾਹਰ ਖੋਜ ਮੁਏ ਸਭ ਸਾਕਤ ਹਰ ਗੁਰਮਤੀ ਘਰ ਪਾਇਆ॥' 'ਜੇਤਾ ਕੀਤਾ ਤੇਤਾ ਨਾਉ॥' ਜਿਨ੍ਹਾਂ ਵੀ ਸਿਰਜਿਆ ਹੋਇਆ ਹੈ, ਸਾਰਾ ਨਾਮ ਹੀ ਤਾਂ ਹੈ। ਜਿਹੜਾ ਖੁਦ ਹੀ ਨਾਮ ਹੈ, ਉਸ ਨੂੰ ਬਾਹਰੋਂ ਨਾਮ ਭਾਲਣ ਦੀ ਕੀ ਲੋੜ ਹੈ? ਕਿਤੇ ਹੋਰ ਜਾਣ ਦੀ ਕੀ ਲੋੜ ਹੈ?

ਹੁਣ ਆਪਾਂ ਇਹ ਦੇਖਾਂਗੇ ਕਿ ਗੁਰਮਤਿ ਅਨੁਸਾਰ ਪ੍ਰਭੂ ਪ੍ਰਾਪਤੀ ਦੀ ਕੀ ਵਿਆਖਿਆ ਹੈ? ਗੁਰਮਤਿ ਦੇ ਨਜ਼ਰੀਏ ਵਿਚ ਇਹ ਸੰਸਾਰ ਅਨਾਮ ਰੂਪ ਏਕਤਾ (ਹਰ) ਦਾ ਹੀ ਰੂਪ ਹੈ। ਇਹੁ ਵਿਸੁ ਸੰਸਾਰੁ ਤੁਮ ਦੇਖਤੇ ਇਹੁ ਹਰ ਕਾ ਰੂਪ ਹੈ॥ ਨਿੱਜੀ ਨਾਮ (ਹਉਮੈ) ਦਾ ਆਪਣੇ-ਆਪ ਨੂੰ ਸਮੁੱਚੇ ਨਾਮ (ਸੰਸਾਰ) ਵਿਚ ਅਰਪਣ ਕਰ ਦੇਣਾ ਹੀ ਪ੍ਰਭੂ ਪ੍ਰਾਪਤੀ ਹੈ। 'ਆਪੁ ਗਵਾਈਐ ਤਾਂ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥ ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣਕਾ ਤਉ ਆਉ ਹਮਾਰੈ ਪਾਸਿ॥ ਪ੍ਰਭੂ ਪ੍ਰਾਪਤੀ ਦੀ ਇਹ ਵਿਆਖਿਆ ਤੱਤੀਆਂ ਤਵੀਆਂ 'ਤੇ ਬੈਠਣ ਵਾਲਿਆਂ, ਆਰਿਆਂ ਨਾਲ ਸੀਸ ਚਿਰਵਾਉਣ ਵਾਲਿਆਂ, ਖੋਪਰੀਆਂ ਲੁਹਾਉਣ ਵਾਲਿਆਂ, ਆਪਣੇ ਬੱਚਿਆਂ ਦੇ ਦਿਲ ਦੇ ਟੁਕੜੇ ਮੂੰਹ ਵਿਚ ਪਵਾਉਣ ਵਾਲਿਆਂ ਅਤੇ ਹੋਰ ਅਨੇਕਾਂ ਕੁਰਬਾਨੀਆਂ ਕਰਨ ਵਾਲਿਆਂ ਨੂੰ ਹੀ ਰਾਸ ਆ ਸਕਦੀ ਹੈ। ਕਲਜੁਗ ਦੇ ਤੱਤੇ ਝੋਲਿਆਂ ਤੋਂ ਬਚਾਈ, ਔਖੀ ਘੜੀ ਨਾ ਦੇਖਣ ਦੇਈਂ, ਰਟਣ ਵਾਲਿਆਂ ਨੂੰ ਪ੍ਰਭੂ ਪ੍ਰਾਪਤੀ ਦੀ ਇਹ ਪਰਿਭਾਸ਼ਾ ਰਾਸ ਨਹੀਂ ਆਉਣੀ।

ਪ੍ਰਭੂ ਪ੍ਰਾਪਤੀ ਦਾ ਜਿਹੜਾ ਰਾਹ ਇਨ੍ਹਾਂ ਲੋਕਾਂ ਨੇ ਫੜਿਆ ਹੋਇਆ ਹੈ, ਗੁਰਬਾਣੀ ਉਸ ਨੂੰ ਮਾਨਤਾ ਨਹੀਂ ਦਿੰਦੀ। ਜਿਵੇਂ,

ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ
ਰਾਮ ਨਾ ਪਾਇਆ ਜਾਏ॥
ਨਿਰਹਾਰ ਵਰਤੀ ਅਪਰਸਾ॥
ਇਕ ਲੁਕਿ ਨਾ ਦੇਵਹਿ ਦਰਸਾ॥
ਇਕਿ ਮਨ ਹੀ ਗਿਆਤਾ॥
ਘਾਟ ਨਾ ਕਿਨਹੀ ਕਹਾਇਆ॥
ਸਭ ਕਹਤੇ ਹੈ ਪਾਇਆ॥

ਗੁਰਬਾਣੀ ਦੀਆਂ ਇਹ ਤੁਕਾਂ ਦਰਸਾਉਂਦੀਆਂ ਹਨ ਕਿ ਪ੍ਰਭੂ ਕੋਈ ਪ੍ਰਾਪਤ ਕਰਨ ਵਾਲੀ ਵਸਤੂ ਨਹੀਂ ਹੈ। ਇਹ ਅਸਰੀਰੀ ਹੈ। ਸੋ ਮੁਖ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥ ਉਹ ਲੋਕ ਜੋ ਕਹਿੰਦੇ ਹਨ ਕਿ ਜਾਪੁ ਤਾਪੁ ਅਤੇ ਸਿਮਰਨ ਨਾਲ ਸਰੀਰੀ ਪ੍ਰਭੂ ਦਰਸ਼ਨ ਦੇ ਦਿੰਦਾ ਹੈ, ਗੁਰਬਾਣੀ ਦਾ ਕਥਨ ਹੈ ਕਿ ਅਜਿਹੇ ਲੋਕਾਂ ਦਾ ਮੂੰਹ ਜਲ ਜਾਵੇਗਾ। ਗੁਰਬਾਣੀ ਦੀਆਂ ਹੇਠਲੀਆਂ ਸਤਰਾਂ ਵੀ ਗੰਭੀਰ ਵਿਚਾਰ ਦੀ ਮੰਗ ਕਰਦੀਆਂ ਹਨ:

ਪਾਤੀ ਤੋਰੈ ਮਾਲਿਨੀ
ਪਾਤੀ ਪਾਤੀ ਜੀਉ॥
ਜਿਸ ਪਾਹਨ ਕੋ ਪਾਤੀ ਤੋਰੈ
ਸੋ ਪਾਹਨ ਨਿਰਜੀਉ॥
ਭੂਲੀ ਮਾਲਿਨੀ ਹੈ ਏਉ॥
ਸਤਿਗੁਰੁ ਜਾਗਤਾ ਹੈ ਦੇਉ॥
ਬ੍ਰਹਮ ਪਾਤੀ ਬਿਸ਼ਨ ਡਾਰੀ
ਫੂਲ ਸੰਕਰ ਦੇਉ॥
ਤੀਨਿ ਦੇਵਿ ਪ੍ਰਤਖਿ ਤੋਰਹਿ
ਕਰਹਿ ਕਿਸ ਕੀ ਸੇਉ॥

ਗੁਰਬਾਣੀ ਦੀਆਂ ਇਨ੍ਹਾਂ ਤੁਕਾਂ ਦਾ ਸੱਚ ਉਨ੍ਹਾਂ ਲੋਕਾਂ ਨੂੰ ਬੜਾ ਕੌੜਾ ਲੱਗੇਗਾ ਜਿਹੜੇ ਜਿਉਂਦੇ ਜਾਗਦੇ ਸਤਿਗੁਰ (ਜਾਗਤ ਜੋਤ) ਨੂੰ ਇਕ ਨਿਰਜੀਵ ਪੱਥਰ ਦੀ ਭੇਟ ਕਰ ਰਹੇ ਹਨ। ਯਮਲਾ ਜੱਟ ਦੀਆਂ ਦੋ ਲਾਈਨਾਂ ਇੱਥੇ ਲਿਖਣੀਆਂ ਪਸੰਦ ਕਰਾਂਗਾ: "ਐਸੀ ਰੀਤ ਦੇਖੀ ਯਾਰੋ ਇਸ ਸੰਸਾਰ ਦੀ, ਮੋਇਆਂ ਨੂੰ ਇਹ ਪੂਜਦੀ ਜਿਉਂਦਿਆਂ ਨੂੰ ਮਾਰਦੀ।" ਗੁਰਮਤਿ ਸਰੀਰੋਂ ਬਾਹਰ ਕਿਸੇ ਹੋਰ ਸਰੀਰੀ ਪ੍ਰਭੂ ਦੀ ਧਾਰਨਾ ਨੂੰ ਰੱਦ ਕਰਦੀ ਹੈ। ਗੁਰਮਤਿ ਦਾ ਪ੍ਰਭੂ ਅਸਰੀਰੀ ਹੈ। ਇਹ ਗੁਰਮੁਖ ਵਿਚ ਸਮਾਇਆ ਹੋਇਆ ਹੈ। ਗੁਰਮਤਿ ਦਾ ਬ੍ਰਹਮ ਗਿਆਨੀ, ਸੰਤ, ਗੁਰ, ਸਤਿਗੁਰ ਅਸਰੀਰੀ ਹਨ। ਇਹ ਸਾਰੇ ਗੁਰਮੁਖ ਵਿਚ ਸਮਾਏ ਹੋਏ ਹਨ। ਗੁਰਬਾਣੀ ਦਾ ਫੁਰਮਾਨ ਹੈ:

ਗੁਰਿ ਕਹਿਆ ਅਵਰੁ ਨਹੀਂ ਦੂਜਾ॥
ਕਿਸੁ ਕਹੁ ਦੇਖ ਕਰਉ ਅਨ ਪੂਜਾ॥
ਕਥਨੀ ਕਹਹਿ ਕਹੇ ਸੇ ਮੂਏ॥
ਸੋ ਪ੍ਰਭੂ ਦੂਰ ਨਹੀਂ ਪ੍ਰਭ ਤੂੰ ਹੈ॥

ਇਸ ਸਰੀਰ ਤੋਂ ਬਾਹਰ ਕਿਸੇ ਹੋਰ ਸਰੀਰ ਦਾ ਆਸਰਾ ਤੱਕਣਾ ਦੂਜਾ ਭਾਉ ਹੈ। ਕਲਮ ਜਲਉ ਸਣ ਮਸਵਾਣੀਆ ਕਾਗਦ ਭੀ ਜਲ ਜਾਉ। ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ।

ਗੁਰਬਾਣੀ ਦੀ ਆਰਤੀ ਸਾਡੀ ਆਰਤੀ ਨਾਲੋਂ ਵੱਖਰੀ ਹੈ। "ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ। ਧੂਪ ਮਲਿਆਨਲੋ ਪਵਣ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ। ਕੈਸੀ ਆਰਤੀ ਹੋਏ ਭਵਖੰਡਨਾ ਤੇਰੀ ਆਰਤੀ।" ਆਹ! ਕਿੰਨੀ ਵਧੀਆ ਤੇਰੀ ਆਰਤੀ ਆਪਣੇ ਆਪ ਹੀ ਹੋ ਰਹੀ ਹੈ ਪਰ ਅਸੀਂ ਥਾਲ ਵਿਚ ਦੀਵੇ ਰੱਖ ਕੇ ਨਕਲੀ ਆਰਤੀ ਕਰਨੋਂ ਹਟ ਨਹੀਂ ਸਕਦੇ।

ਗੁਰਬਾਣੀ ਦਾ ਸਿਮਰਨ ਵੀ ਸਾਡੇ ਸਿਮਰਨ ਨਾਲੋਂ ਵੱਖਰੇ ਅਰਥ ਰਖਦਾ ਹੈ। 'ਜਾਪੁ ਤਾਪੁ ਕੋਟਿ ਲਖ ਪੂਜਾ ਹਰਿ ਸਿਮਰਨ ਤੁਲਿ ਨਾ ਲਾਇਣ।' ਹਰ ਸਿਮਰਨ ਦੀ ਬਰਾਬਰੀ ਲੱਖਾਂ ਕਰੋੜਾਂ ਜਾਪ ਤਪ ਅਤੇ ਪੂਜਾ ਨਹੀਂ ਕਰ ਸਕਦੇ। ਆਉ, ਹੁਣ ਹਰ ਸਿਮਰਨ ਦੇ ਅਰਥਾਂ ਨੂੰ ਵਿਚਾਰੀਏ। "ਹਰਿ ਸਿਮਰਨ ਕੀਓ ਸਗਲ ਅਕਾਰਾ॥ ਹਰਿ ਸਿਮਰਨ ਮਹਿ ਆਪ ਨਿਰੰਕਾਰਾ॥" ਇਸ ਦੇ ਦੋ ਅਰਥ ਕੀਤੇ ਜਾ ਸਕਦੇ ਹਨ, ਪਹਿਲਾ, ਹਰ ਸਿਮਰਨ ਨੂੰ ਵਿਸ਼ੇਸ਼ਣ ਮੰਨ ਕੇ: ਇਸ ਤੁਕ ਦੀ ਤੁਲਨਾ ਇਕ ਹੋਰ ਤੁਕ ਨਾਲ ਕਰਦੇ ਹਾਂ ਜਿਹੜੀ ਤਦਭਾਵ ਤੁਕ ਹੈ। 'ਨਾਮ ਕੇ ਧਾਰੇ ਸਗਲੇ ਜੰਤ॥' ਨਾਮ ਅਤੇ ਸਿਮਰਨ ਤਦਭਵ ਸ਼ਬਦ ਹੋ ਨਿਬੜਦੇ ਹਨ ਜਿਨ੍ਹਾਂ ਦਾ ਸਬੰਧ ਉਤਪਤੀ ਨਾਲ ਹੈ, ਜਾਪ ਜਾਂ ਸਿਮਰਨ ਨਾਲ ਨਹੀਂ। ਦੂਜਾ, ਹਰ ਸਿਮਰਨ ਨੂੰ ਕਿਰਿਆ ਮੰਨ ਕੇ: ਇਸ ਤੁਕ ਦੀ ਤੁਲਨਾ ਇਕ ਹੋਰ ਤੁਕ 'ਖਾਲਕ ਖਲਕ ਖਲਕ ਮਹਿ ਖਾਲਕ' ਨਾਲ ਕਰਦੇ ਹਾਂ ਜਿਹੜੀ ਉਪਰੋਕਤ ਤੁਕ ਦੀ ਤਦਭਵ ਤੁਕ ਹੈ। ਹੁਣ ਜੇ ਆਪਾਂ 'ਖਲਕ ਮਹਿ ਖਾਲਕ' ਅਤੇ 'ਹਰ ਸਿਮਰਨ ਮਹਿ ਆਪ ਨਿਰੰਕਾਰ' ਦੀ ਤੁਲਨਾ ਕਰੀਏ ਤਾਂ ਹਰ ਸਿਰਮਨ ਦਾ ਅਰਥ ਖਲਕ ਜਾਂ ਕੁਦਰਤ ਹੈ। ਭਾਵ ਕੁਦਰਤ ਦੇ ਜੀਵਨ ਰੌਂਅ ਦਾ ਸਹਿਜ ਵਰਤਾਰਾ ਹੀ ਹਰ ਸਿਮਰਨ ਹੈ, ਆਰਤੀ ਹੈ ਪਰ ਅਸੀਂ ਗੁਰਬਾਣੀ ਦੇ ਇਸ ਰਹੱਸ ਨੂੰ ਸਮਝ ਨਹੀਂ ਸਕੇ ਅਤੇ 'ਹਰ ਅਰਾਧਨਾ ਜਾਨਾ ਰੇ ਹਰ ਹਰ ਗੁਰ ਕਰਤਾ ਰੇ' ਦਾ ਸੱਦਾ ਸਾਡੇ 'ਤੇ ਪੂਰਾ ਢੁਕਦਾ ਹੈ।

ਗੁਰਮਤਿ ਇਕ ਮਾਰਗ ਹੈ। ਸਬਰ, ਸੰਤੋਖ, ਸੱਚ, ਸਹਿਜ ਅਤੇ ਅਡੋਲਤਾ ਇਸ ਦੀ ਮੰਜ਼ਲ ਹੈ ਪਰ ਅਸੀਂ ਮਾਰਗ ਨੂੰ ਹੀ ਮੰਜ਼ਲ ਮੰਨ ਲਿਆ ਹੈ। ਗੁਰਮੁਖ ਦੇ ਚਲਾਏ ਗਾਡੀ ਰਾਹ 'ਤੇ ਅਸੀਂ ਮਨਮੁਖਤਾ ਦੀ ਧੂੜ ਉਡਾ ਦਿੱਤੀ ਹੈ। ਕਾਮ, ਕਰੋਧ, ਲੋਭ, ਮੋਹ, ਅਹੰਕਾਰ ਨਾਲ ਲੱਦਿਆ ਸਾਡਾ ਆਪਣਾ ਟੱਟੂ ਵੀ ਇਸ ਧੂੜ ਵਿਚ ਰਲਿਆ ਹੋਇਆ ਹੈ। ਕੂੜ ਅਤੇ ਧੂੜ ਦੀ ਇਸ ਹਨੇਰੀ ਵਿਚ ਅੰਨ੍ਹੀ ਪੀਂਹਦੀ ਅਤੇ ਕੁੱਤੀ ਚੱਟਦੀ ਹੈ। ਸਬਰ ਸੰਤੋਖ ਸੱਚ ਸਹਿਜ ਅਤੇ ਅਡੋਲਤਾ ਸਾਡੇ ਵਿਚੋਂ ਲੋਪ ਹੋ ਗਏ ਹਨ। ਅੱਜ ਦੇਹਧਾਰੀ ਸੰਤ, ਬ੍ਰਹਮ ਗਿਆਨੀ, ਮਹਾਂਪੁਰਖ, ਮਹਾਰਾਜ ਅਤੇ ਚੇਲੇ ਤਾਂ ਬਹੁਤ ਹਨ ਪਰ ਗੁਰਮੁਖ ਜਾਂ ਖ਼ਾਲਸਾ ਕੋਈ ਵਿਰਲਾ ਹੀ ਹੋਵੇਗਾ। ਖ਼ਾਲਸਾ ਗੁਰਮੁਖ ਦਾ ਸਿਖਰ ਰੂਪ ਹੈ ਜਿਵੇਂ ਸਿੱਟਾ ਬੂਟੇ ਦਾ ਸਿਖਰ ਰੂਪ ਹੁੰਦਾ ਹੈ। ਬੂਟੇ ਤੋਂ ਬਗੈਰ ਜਿਵੇਂ ਸਿੱਟੇ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ, ਠੀਕ ਇਸੇ ਤਰ੍ਹਾਂ ਖ਼ਾਲਸਾ ਉਹੀ ਸਜ ਸਕਦਾ ਹੈ ਜਿਹੜਾ ਗੁਰਮੁਖ ਹੋਵੇ ਪਰ ਅੱਜ ਕੱਲ੍ਹ ਖਾਲਸਾ ਸਜਣ ਵਾਸਤੇ ਗੁਰਮੁਖ ਹੋਣ ਦੀ ਸ਼ਰਤ ਨਹੀਂ ਲਾਈ ਜਾਂਦੀ। ਅਜਿਹਾ ਕਰਕੇ ਅਸੀਂ ਗੁਰੂਆਂ ਦੀਆਂ ਨੌਂ ਪੀੜ੍ਹੀਆਂ ਦੀ ਘਾਲਣਾ ਨੂੰ ਉਕਾ ਹੀ ਵਿਸਾਰ ਦਿੱਤਾ ਹੈ। ਬੇਸ਼ਕ ਅਸੀਂ ਕਹੀ ਜਾਈਏ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹਾਂ ਪਰ ਅਸੀਂ ਗੁਰੂ ਨਾਲੋਂ ਵੱਧ ਸਤਿਕਾਰ ਦੇਹਧਾਰੀਆਂ ਨੂੰ ਦੇ ਰਹੇ ਹਾਂ। ਇਹ ਕੌੜਾ ਸੱਚ ਹੈ ਜਿਹੜਾ ਸਾਨੂੰ ਮੰਨਣਾ ਔਖਾ ਲਗਦਾ ਹੈ। ਅੱਜ ਗੁਰੂ ਘਰਾਂ ਵਿਚ ਗੁਰਮਤਿ ਵਿਰੋਧੀ ਗਤੀਵਿਧੀਆਂ ਹੋ ਰਹੀਆਂ ਹਨ। ਮੈਨੂੰ ਤਾਂ ਇਉਂ ਲਗਦਾ ਹੈ ਜਿਵੇਂ ਕੋਈ ਸਾਡਾ ਹੀ ਪਿਸਤੌਲ ਲੈ ਕੇ ਸਾਡਾ ਹੀ ਘਰ ਲੁੱਟੀ ਜਾਂਦਾ ਹੋਵੇ।

ਰੋਗੀ ਦਾ ਰੋਗ ਨੂੰ ਪਛਾਣ ਲੈਣਾ ਤੰਦਰੁਸਤੀ ਦੀ ਦੱਸ ਪਾਉਂਦਾ ਹੈ ਪਰ ਜੇਕਰ ਕੋਈ ਰੋਗੀ ਇਹ ਕਹੇ-ਮੈਂ ਤੰਦਰੁਸਤ ਹਾਂ, ਤਾਂ ਉਹ ਅੱਜ ਵੀ ਮਰਿਆ ਅਤੇ ਕੱਲ੍ਹ ਵੀ ਮਰਿਆ। ਰੋਗ ਨੂੰ ਕਬੂਲ ਕਰ ਲੈਣ ਵਾਲੇ ਸੁਹਿਰਦ ਰੋਗੀਆਂ ਦੀ ਭਾਲ ਨੂੰ ਸਮਰਪਤ ਹੈ ਮੇਰਾ ਇਹ ਲੇਖ।

## ਦਸਤਾਰ

ਆਪਾ ਵਾਰਨ ਤੋਂ ਬਿਨਾ ਨਾ ਪੱਗ ਜੁੜਦੀ,
ਦਸਤਾਰ ਬੰਨ੍ਹਿਆਂ ਬਿਨਾ ਸਰਦਾਰੀਆਂ ਨਾ।
ਪਿਤਾ ਤੋਰਨ ਤੋਂ ਬਿਨਾ ਨਾ ਹਿੰਦ ਬਚਦੀ,
ਚੱਲਦੀਆਂ ਸੀਨਿਆਂ ਉਤੇ ਜੇ ਆਰੀਆਂ ਨਾ।
ਗਹਿਣਾ ਪੱਗ ਦਾ ਦਿੱਤਾ ਦਸਮੇਸ਼ ਸਾਨੂੰ,
ਬਰਾਦਰੀ ਜਾਤਾਂ ਉਨ੍ਹਾਂ ਚਿਤਾਰੀਆਂ ਨਾ।
ਇੱਜ਼ਤ ਆਬਰੂ ਦੀ ਹੈ ਪਹਿਰੇਦਾਰ ਪਗੜੀ,
ਇਹ ਮਮੂਲੀ ਜਿਹੀਆਂ ਜ਼ਿੰਮੇਵਾਰੀਆਂ ਨਾ।



ਜਾਨ ਮਾਲ ਧਨ ਲੁੱਟ ਲੈ ਜਾਂਦੇ ਅਬਦਾਲੀ,
ਝਪਟਦੀਆਂ ਜੇ ਖਾਲਸਾ ਫੌਜਾਂ ਨਿਆਰੀਆਂ ਨਾ।
ਨਾ ਚੁੰਨੀ ਬਚਦੀ, ਨਾ ਪੱਗ ਰਹਿੰਦੀ,
ਮਾਤਾ ਭਾਗੋ ਜਹੀਆਂ ਜੇ ਨਿਤਰਦੀਆਂ ਨਾਰੀਆਂ ਨਾ।
ਚਮਕੌਰ ਗੜ੍ਹੀ ਨਾ ਕਦੇ ਇਤਿਹਾਸ ਲਿਖਦੀ,
ਹੁੰਦੀਆਂ ਜੀਤ ਜੁਝਾਰ ਉਥੇ ਜੇ ਜਾਨਾਂ ਵਾਰੀਆਂ ਨਾ।
ਮਿੱਟੀ ਸਰਹਿੰਦ ਦੀ ਨਾ ਪੂਜਣ ਯੋਗ ਬਣਦੀ,
ਚਿਣਦੀਆਂ ਕੰਧ 'ਚ ਜੇ ਜਿੰਦੜੀਆਂ ਪਿਆਰੀਆਂ ਨਾ।

ਕੇਸਾਂ ਦਸਤਾਰਾਂ ਸਿਰਾਂ ਦੇ ਮੁੱਲ ਸੀ ਪਾਏ ਜਾਂਦੇ,
ਮੁਗਲ ਹਕੂਮਤਾਂ ਨੇ ਘੱਟ ਗੁਜ਼ਾਰੀਆਂ ਨਾ।
ਰੋਹਲੇ ਬਾਣ ਕਦੇ ਦਸਮੇਸ਼ ਦੇ ਚੱਲਦੇ ਨਾ,
ਪੈਂਦੀਆਂ ਅਣਖਾਂ 'ਤੇ ਜੇ ਚੋਟਾਂ ਕਰਾਰੀਆਂ ਨਾ।
ਮੁਕਟ ਸਿੱਖ ਦਾ, ਛਤਰੀ ਸਮਾਜ ਦੀ ਪਗੜੀ,
ਬਰਕਤਾਂ ਗੁਰੂ ਦੀਆਂ ਕਦੇ ਮੁੱਕੀਆਂ ਹਾਰੀਆਂ ਨਾ।
ਪੱਗ ਵਟਾ ਕੇ ਜੋ ਧਰਮ ਭਰਾ ਬਣਦੇ,
ਪੱਕੀਆਂ ਤੰਦਾਂ ਬੱਝਦੀਆਂ, ਟੁੱਟਦੀਆਂ ਯਾਰੀਆਂ ਨਾ।

ਦਸਤਾਰ ਦੇਸ ਕੌਮ ਧਰਮ ਦੀ ਬਣੀ ਰਹੀ ਚਾਦਰ,
ਪੱਗ ਬੰਨ੍ਹ ਕੋਈ ਕਰੇ ਗੱਦਾਰੀਆਂ ਨਾ।
ਪੱਛਮੀ ਸਭਿਅਤਾ ਪਗੜੀ ਦੀ ਬਣ ਰਹੀ ਦੁਸ਼ਮਣ,
ਚੇਤਨਤਾ ਚੁੰਨੀ-ਪਗੜੀ ਬਾਰੇ ਜੇ ਪ੍ਰਚਾਰੀਆਂ ਨਾ।
ਤੁਹਾਡੀ ਅਣਖ ਪਗੜੀ ਹੈ ਤੁਹਾਡੀ ਸ਼ਾਨ ਚੁੰਨੀ,
ਵਿਸਾਰ ਰਹੇ ਕਿਉਂ ਸਿਰੀਂ ਸ਼ਿੰਗਾਰੀਆਂ ਨਾ।
ਧਰਮ ਸੰਕਟ ਵਿਚ ਪਗੜੀ ਘਿਰ ਜਾਣੀ,
ਕੀਤੀਆਂ ਸਿੰਝਣ ਲਈ ਜੇ ਹੁਣੇ ਤਿਆਰੀਆਂ ਨਾ।

*-ਚਰਨਜੀਤ ਸਿੰਘ ਪੰਨੂ*

## ਜਨਮ ਜਨਮ ਕੇ ਦੂਖ ਨਿਵਾਰੈ...

ੴ ਸਤਿਗੁਰ ਪ੍ਰਸਾਦਿ॥
ਸੋਰਠ ਮਹੱਲਾ 5
ਜਨਮ ਜਨਮ ਕੇ ਦੂਖ ਨਿਵਾਰੈ
ਸੂਕਾ ਮਨੁ ਸਾਧਾਰੈ॥
ਦਰਸਨੁ ਭੇਟਤ ਹੋਤ ਨਿਹਾਲਾ
ਹਰਿ ਕਾ ਨਾਮੁ ਬੀਚਾਰੈ॥
ਮੇਰਾ ਬੈਦੁ ਗੁਰੂ ਗੋਵਿੰਦਾ
ਹਰਿ ਹਰਿ ਨਾਮੁ ਅਉਖਧੁ
ਮੁਖਿ ਦੇਵੈ ਕਾਟੈ ਜਮ ਕੀ ਫੰਧਾ॥ ਰਹਾਉ॥
ਸਮਰਥ ਪੁਰਖ ਪੂਰਨ ਬਿਧਾਤੇ
ਆਪੇ ਕਰਣੈਹਾਰਾ॥
ਅਪੁਨਾ ਦਾਸੁ ਹਰਿ ਆਪਿ ਉਬਾਰਿਆ
ਨਾਨਕ ਨਾਮ ਅਧਾਰਾ॥

ਧੁਰ ਕੀ ਬਾਣੀ ਦੇ ਇਸ ਸ਼ਬਦ ਅੰਦਰ ਸਤਿਗੁਰੂ ਕਿਸੇ ਅੰਗੰਮੀ ਉਮਾਹ ਵਿਚ ਆਏ ਹੋਏ ਉਸ ਮਾਲਿਕ ਪ੍ਰਭੂ ਦੇ ਗੁਣ ਗਾਇਨ ਕਰ ਰਹੇ ਹਨ ਅਤੇ ਸਾਨੂੰ ਉਪਦੇਸ਼ ਕਰਦੇ ਹਨ:

ਮੇਰਾ ਬੈਦੁ ਗੁਰੂ ਗੋਵਿੰਦਾ
ਹਰਿ ਹਰਿ ਨਾਮੁ ਅਉਖਧੁ
ਮੁਖਿ ਦੇਵੈ ਕਾਟੈ ਜਮ ਕੀ ਫੰਧਾ॥ ਰਹਾਉ॥

ਹੇ ਭਾਈ! ਉਸ ਗੋਵਿੰਦ ਪ੍ਰਭੂ ਦਾ ਹੀ ਰੂਪ ਜੋ ਗੁਰੂ ਹੈ, ਉਹ ਪੂਰਾ ਗੁਰੂ ਹੀ ਮੇਰਾ ਵੈਦ ਹੈ, ਹਕੀਮ ਹੈ ਅਤੇ ਉਹ ਵੈਦ ਜਿਨ੍ਹਾਂ ਜੀਵਾਂ ਦੇ ਮੂੰਹ ਵਿਚ ਹਰੀ ਨਾਮ ਦੀ ਅਉਖਧ ਭਾਵ ਦਵਾਈ ਪਾ ਦੇਂਦਾ ਹੈ, ਉਨ੍ਹਾਂ ਜੀਵਾਂ ਦੀ ਜਮ ਦੀ ਫਾਹੀ ਵੀ ਕੱਟ ਦੇਂਦਾ ਹੈ ਕਿਉਂਕਿ ਪ੍ਰਭੂ ਸਿਮਰਨ ਹੀ ਸਭ ਤੋਂ ਉਤਮ ਹੈ ਅਤੇ ਪੂਰੇ ਗੁਰੂ ਨੇ ਜੋ ਨਾਮ ਰੂਪੀ ਦਵਾਈ ਦਿੱਤੀ ਹੈ, ਉਸ ਦੇ ਨਾਲ ਤਾਂ ਮੌਤ ਦਾ ਭੈਅ ਵੀ ਮੁੱਕ ਜਾਂਦਾ ਹੈ।

ਜਨਮ ਜਨਮ ਕੇ ਦੂਖ ਨਿਵਾਰੈ
ਸੂਕਾ ਮਨੁ ਸਾਧਾਰੈ॥
ਦਰਸਨੁ ਭੇਟਤ ਹੋਤ ਨਿਹਾਲਾ
ਹਰਿ ਕਾ ਨਾਮੁ ਬੀਚਾਰੈ॥

ਹੇ ਭਾਈ! ਜੋ ਜੀਵ ਉਸ ਵੈਦ ਭਾਵ ਪੂਰੇ ਗੁਰੂ ਦੀ ਸ਼ਰਣ ਵਿਚ ਆ ਜਾਂਦੇ ਹਨ, ਉਹ ਵੈਦ ਉਨ੍ਹਾਂ ਜੀਵਾਂ ਦੇ ਅਨੇਕਾਂ ਹੀ ਜਨਮਾਂ ਦੇ ਦੁੱਖ ਦੂਰ ਕਰ ਦੇਂਦਾ ਹੈ ਅਤੇ ਨਾਮ ਰੂਪੀ ਹਰਿਆਵਲ ਤੋਂ

### ਗੁਰਬਾਣੀ ਗਿਆਨ

ਬਿਨਾਂ ਜੋ ਮਨ ਸੁੱਕਾ ਪਿਆ ਸੀ, ਉਸ ਨੂੰ ਨਾਮ ਸਿਮਰਨ ਦਾ ਸਹਾਰਾ ਵੀ ਦੇਂਦਾ ਹੈ। ਉਸ ਗੁਰੂ ਦਾ ਦਰਸ਼ਨ ਕਰਦੇ ਹੀ ਜੀਵ ਖਿੜਾਉ ਵਿਚ ਆ ਜਾਂਦਾ ਹੈ ਅਤੇ ਉਸ ਅਕਾਲ ਪੁਰਖ ਪ੍ਰਭੂ ਦੇ ਨਾਮ ਨੂੰ ਆਪਣੇ ਅੰਦਰ ਵਸਾ ਲੈਂਦਾ ਹੈ।

ਸਮਰਥ ਪੁਰਖ ਪੂਰਨ ਬਿਧਾਤੇ
ਆਪੇ ਕਰਣੈਹਾਰਾ॥
ਅਪੁਨਾ ਦਾਸੁ ਹਰਿ ਆਪਿ ਉਬਾਰਿਆ
ਨਾਨਕ ਨਾਮ ਅਧਾਰਾ॥

ਹੇ ਸਭ ਤਾਕਤਾਂ ਦੇ ਮਾਲਿਕ! ਹੇ ਹਰ ਥਾਂ ਵਿਆਪਕ ਪ੍ਰਭੂ ਜੀਉ! ਹੇ ਹਰ ਥਾਂ ਭਰਪੂਰ ਅਤੇ ਸਭ ਜੀਵਾਂ ਨੂੰ ਪੈਦਾ ਕਰਨ ਵਾਲੇ ਪ੍ਰਭੂ ਜੀਉ! ਤੁਸਾਂ ਆਪ ਹੀ ਪੂਰੇ ਗੁਰੂ ਨੂੰ ਵੈਦ ਬਣਾਇਆ ਹੈ ਅਤੇ ਆਪਣੇ ਇਸ ਦਾਸ ਨਾਨਕ ਨੂੰ ਵੀ ਗੁਰੂ ਕੋਲੋਂ ਨਾਮ ਸਿਮਰਨ ਦਿਵਾ ਕੇ ਜਮਾਂ ਦੀ ਫਾਹੀ ਤੋਂ ਬਚਾ ਲਿਆ ਹੈ ਅਤੇ ਆਪਣੇ ਨਾਮ ਦਾ ਆਸਰਾ ਵੀ ਦਿੱਤਾ ਹੈ। ਹੇ ਮੇਰੇ ਪ੍ਰਭੂ ਜੀਉ! ਸਾਨੂੰ ਸਦਾ ਹੀ ਆਪਣੀ ਸ਼ਰਣ ਵਿਚ ਰੱਖੋ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ:916-687-3536*

# ਗਦਰ ਲਹਿਰ:ਗਦਰੀ ਬਾਬਾ ਕਪੂਰ ਸਿੰਘ ਕਾਉਂਕੇ

**ਗਦਰ ਦੀਆਂ ਬਾਤਾਂ**

**ਅਰਜੀਤ ਸਿੰਘ***

**ਗਦਰ ਲਹਿਰ ਦੇ ਸ਼ਾਨਾਂਮੱਤੇ ਇਤਿਹਾਸ ਵਿਚ ਚਾਰ ਕਪੂਰ ਸਿੰਘ ਹੋਏ ਹਨ। ਤਿੰਨ ਕਪੂਰ ਸਿੰਘ ਤਾਂ ਖਾਸ ਤੌਰ 'ਤੇ ਜਾਣੇ ਜਾਂਦੇ ਹਨ। ਭਾਈ ਕਪੂਰ ਸਿੰਘ ਮੋਹੀ, ਭਾਈ ਕਪੂਰ ਸਿੰਘ ਹੁਸ਼ਿਆਰਪੁਰ ਅਤੇ ਭਾਈ ਕਪੂਰ ਸਿੰਘ ਅੰਮ੍ਰਿਤਸਰ। ਚੌਥੇ ਸਨ, ਕਾਉਂਕਿਆਂ ਵਾਲੇ ਕਪੂਰ ਸਿੰਘ। ਸਿਵਾਏ ਉਨ੍ਹਾਂ ਦੇ ਨਾਮ ਤੋਂ ਕੋਈ ਬਹੁਤੀ ਜਾਣਕਾਰੀ ਨਹੀਂ ਸੀ ਮਿਲਦੀ। ਗਦਰ ਇਤਿਹਾਸ ਦੇ ਖੋਜੀ ਅਤੇ ਗਦਰੀ ਬਾਬਿਆਂ ਦੇ ਮੁਨਸ਼ੀ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਮੁਤਾਬਕ ਉਹ ਉਨ੍ਹਾਂ ਦੇ ਪਿੰਡ ਕਾਉਂਕੇ ਗਏ ਸਨ। ਉਨ੍ਹਾਂ 'ਤੇ ਫਰਦ ਜੁਰਮ ਨਹੀਂ ਸੀ ਲੱਗ ਸਕਿਆ। ਦੂਜੇ ਸਾਜ਼ਿਸ਼ ਕੇਸ ਵਿਚ ਉਨ੍ਹਾਂ ਨੂੰ ਬਰੀ ਕਰ ਦਿੱਤਾ ਗਿਆ ਸੀ। ਅਣਗਿਣਤ ਹਨ ਉਹ ਲੋਕ ਜਿਨ੍ਹਾਂ ਆਜ਼ਾਦੀ ਸੰਗਰਾਮ ਵਿਚ ਆਪਣਾ ਹਿੱਸਾ ਪਾਇਆ ਪਰ ਸਮੇਂ ਦੀ ਗਰਦਿਸ਼ ਹੇਠ ਦੱਬੇ ਗਏ। ਵਾਸਦੇਵ ਸਿੰਘ ਅਤੇ ਚੰਨਣ ਸਿੰਘ ਢੱਕੋਵਾਲ (ਸ਼ਾਹੀ ਕੈਦੀ) ਵੀ ਅਣਗੌਲੇ ਰਹੇ। ਵਾਸਦੇਵ ਸਿੰਘ ਜਿਨ੍ਹਾਂ ਗਦਰ ਦਾ ਇਤਿਹਾਸ ਖੁਦ ਸਿਰਜਿਆ, ਥੋੜ੍ਹਾ ਲਿਖ ਕੇ ਚਲਦੇ ਬਣੇ। ਚੰਗੇ ਭਾਗੀਂ ਉਨ੍ਹਾਂ ਦੇ ਬੇਟੇ ਹਰਮਿੰਦਰ ਬੀਰ ਸਿੰਘ ਅਤੇ ਡਾ. ਜੋਗਿੰਦਰ ਸਿੰਘ ਕੈਰੋਂ ਦੇ ਜਤਨਾਂ ਸਦਕਾ ਦੁਰਲੱਭ ਦਸਤਾਵੇਜ਼ ਛਪ ਗਿਆ। ਚੰਨਣ ਸਿੰਘ ਢੱਕੋਵਾਲ ਏਡੇ ਵੱਡੇ ਕੱਦਕਾਠ ਅਤੇ ਦੇਸ਼ ਭਗਤੀ ਦੇ ਉਚੇ ਮਰਾਤਬੇ ਵਾਲੇ ਸੂਰਮੇ ਬਾਰੇ ਕਿੰਨੇ ਕੁ ਲੋਕ ਜਾਣਦੇ ਹਨ?**

**2008 ਵਿਚ 'ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ' ਵੱਲੋਂ ਸੈਕਰਾਮੈਂਟੋ ਵਿਚ ਇਕ ਮੇਲਾ ਨਾਮਧਾਰੀ ਲਹਿਰ ਨੂੰ ਸਮਰਪਤ ਕੀਤਾ ਗਿਆ ਸੀ। ਇਕ ਬਜ਼ੁਰਗ ਨੇ ਮੇਲਾ ਦੇਖਣ ਦੀ ਖਾਹਿਸ਼ ਜ਼ਾਹਿਰ ਕੀਤੀ। ਉਨ੍ਹਾਂ ਨੂੰ ਸੁਮਿਤਰ ਸਿੰਘ ਉੱਪਲ ਅਤੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਉਚੇਚਾ ਸੱਦਾ ਦਿੱਤਾ ਅਤੇ ਮੇਲੇ ਵਿਚ ਉਨ੍ਹਾਂ ਦੀ ਜਾਣ-ਪਛਾਣ ਦੱਸ ਕੇ ਸਨਮਾਨ ਦਿੱਤਾ ਗਿਆ। ਉਹ ਆਪਣੇ ਪਿਤਾ ਸ. ਕਪੂਰ ਸਿੰਘ ਕਾਉਂਕੇ ਦੀ ਫਰੇਮ ਕੀਤੀ ਫੋਟੋ ਵੀ ਲੈ ਕੇ ਆਏ ਸਨ। ਭਾਈ ਕਪੂਰ ਸਿੰਘ ਕਾਉਂਕੇ ਦੀ ਗ੍ਰਿਫਤਾਰੀ ਹੋਈ ਸੀ ਜਲੰਧਰ ਜ਼ਿਲ੍ਹੇ ਦੇ ਪਿੰਡ ਉਘੀ ਚਿੱਟੀ ਦੇ ਗੁਰਦੁਆਰੇ ਵਿਚੋਂ। ਉਨ੍ਹਾਂ ਦੇ ਜੀਵਨ ਸੰਗਰਾਮ ਦੀ ਗਾਥਾ ਬੜੇ ਥੋੜ੍ਹੇ ਸ਼ਬਦਾਂ ਵਿਚ ਕਹੀ ਗਈ ਹੈ। ਇਸ ਲੇਖ ਵਿਚ ਉਨ੍ਹਾਂ ਦੇ ਪੁੱਤਰ ਸ. ਅਰਜੀਤ ਸਿੰਘ ਨੇ ਕੁਝ ਵੇਰਵਾ ਦਿੱਤਾ ਹੈ। ਅਰਜੀਤ ਸਿੰਘ ਕੇਂਦਰੀ ਸਕੱਤਰੇਤ ਤੋਂ ਸੈਕਸ਼ਨ ਅਫਸਰ ਦੇ ਅਹੁਦੇ ਤੋਂ ਰਿਟਾਇਰ ਹੋਣ ਤੋਂ ਬਾਅਦ ਅਮਰੀਕਾ ਵਿਚ ਵਸ ਗਏ। -ਕਸ਼ਮੀਰ ਸਿੰਘ ਕਾਂਗਣਾ**

ਮੈਂ ਕਈ ਸਾਲਾਂ ਤੋਂ ਇਹ ਜਾਣਨ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਮੇਰੇ ਪਿਤਾ ਜੀ ਕਪੂਰ ਸਿੰਘ (ਕਾਉਂਕੇ) ਦੀ ਗਦਰ ਲਹਿਰ ਵਿਚ ਸ਼ਮੂਲੀਅਤ ਦਾ ਕਿਸੇ ਜਗ੍ਹਾ ਵਿਚ ਜ਼ਿਕਰ ਹੈ ਕਿ ਨਹੀਂ? ਪਰ ਕੁਝ ਪ੍ਰਾਪਤੀ ਨਹੀਂ ਹੋਈ। ਇਕ ਦਿਨ ਮੇਰੀ ਪੋਤੀ ਰਵਲੀਨ ਕੌਰ ਜਿਹੜੀ 12ਵੀਂ ਕਲਾਸ ਦੀ ਵਿਦਿਆਰਥਣ ਸੀ ਅਤੇ ਆਪਣੇ ਕੰਪਿਊਟਰ 'ਤੇ ਆਪਣੇ ਖਾਨਦਾਨ ਦਾ ਫੈਮਿਲੀ-ਟ੍ਰੀ ਬਣਾ ਰਹੀ ਸੀ, ਦੀ ਆਪਣੇ ਪੜਦਾਦਾ ਜੀ ਦੇ ਜੀਵਨ ਬਾਰੇ ਜਾਣਕਾਰੀ ਪ੍ਰਾਪਤ ਕਰਦਿਆਂ ਗਦਰ ਲਫਜ਼ 'ਤੇ ਨਜ਼ਰ ਪਈ ਤਾਂ ਉਸ ਦੀ ਦਿਲਚਸਪੀ ਵਧ ਗਈ ਅਤੇ ਉਸ ਨੇ ਇਸ ਬਾਬਤ ਇੰਟਰਨੈਟ 'ਤੇ ਰਿਸਰਚ



ਸ. ਕਪੂਰ ਸਿੰਘ (ਕਾਉਂਕੇ)

ਕਰਨੀ ਸ਼ੁਰੂ ਕਰ ਦਿੱਤੀ। ਫਲਸਰੂਪ ਉਸ ਨੂੰ ਗਦਰੀਆਂ ਦੀ ਡਾਇਰੈਕਟਰੀ ਮਿਲੀ ਜਿਸ ਵਿਚ ਭਾਰਤ ਸਰਕਾਰ ਵਲੋਂ ਜਾਰੀ ਕੀਤੀ ਗਈ ਡਾਇਰੈਕਟਰੀ ਵੀ ਸ਼ਾਮਲ ਹੈ। ਮੇਰੇ ਪਿਤਾ ਜੀ ਸ. ਕਪੂਰ ਸਿੰਘ (ਕਾਉਂਕੇ) ਦਾ ਨਾਮ 591 ਨੰਬਰ 'ਤੇ ਸੀ। ਉਹ ਉਤਸ਼ਾਹ ਨਾਲ ਭਰ ਗਈ ਅਤੇ ਮੈਨੂੰ ਦੱਸਿਆ। ਉਸ ਦੇ ਉਤਸ਼ਾਹ ਨੇ ਮੈਨੂੰ ਹੋਰ ਖੋਜ ਕਰਨ ਵਾਸਤੇ ਪ੍ਰੇਰਨਾ ਦਿੱਤੀ।

ਸ. ਕਪੂਰ ਸਿੰਘ (ਬਾਅਦ ਵਿਚ ਸ. ਜਗਜੀਤ ਸਿੰਘ) ਦਾ ਜਨਮ ਪਿਤਾ ਸ. ਚੰਦਾ ਸਿੰਘ ਅਤੇ ਮਾਤਾ ਕਿਸ਼ਨ ਕੌਰ ਦੇ ਘਰ ਸੰਨ 1907 ਨੂੰ ਪਿੰਡ ਕਾਉਂਕੇ (ਜ਼ਿਲ੍ਹਾ ਲੁਧਿਆਣਾ) ਵਿਚ ਹੋਇਆ। ਉਹ ਪੰਜ ਭੈਣ ਭਰਾ ਸਨ, ਤਿੰਨ ਭਰਾ ਅਤੇ ਦੋ ਭੈਣਾਂ। ਉਹ ਦੂਸਰੇ ਨੰਬਰ 'ਤੇ ਸਨ। ਉਨ੍ਹਾਂ ਤੋਂ ਵੱਡਾ ਇਕ ਭਰਾ ਸੀ ਅਤੇ ਇਕ ਛੋਟਾ ਭਰਾ ਜਿਨ੍ਹਾਂ ਨੇ ਕਦੇ ਵਿਆਹ ਨਹੀਂ ਕਰਾਇਆ।

ਜਦੋਂ ਇਹ ਖਬਰ ਫੈਲੀ ਕਿ ਕਾਮਾਗਾਟਾ ਮਾਰੂ ਜਹਾਜ਼, ਜਿਸ ਵਿਚ 400 ਹਥਿਆਰਬੰਦ ਬੰਦੇ ਸਵਾਰ ਹਨ, ਹਿੰਦੁਸਤਾਨ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਡਾਉਣ ਵਾਸਤੇ ਕੈਨੇਡਾ ਤੋਂ ਚੱਲ ਪਿਆ ਹੈ, ਤਾਂ ਗਦਰ ਲਹਿਰ ਭੜਕ ਉਠੀ। ਉਨ੍ਹਾਂ ਦਿਨਾਂ 'ਚ ਸਾਰੇ ਪੰਜਾਬ ਵਿਚ ਇਕੱਠ ਜਾਂ ਕਾਨਫਰੰਸਾਂ ਹੁੰਦੀਆਂ ਸਨ। ਉਸ ਵੇਲੇ ਦੇ ਨੇਤਾ, ਕਵੀਸ਼ਰੀਆਂ ਅਤੇ ਕਬਿੱਤਾਂ ਦੁਆਰਾ ਲੋਕਾਂ ਵਿਚ ਦੇਸ਼ ਪ੍ਰੇਮ ਅਤੇ ਆਜ਼ਾਦੀ ਬਾਰੇ ਲੋਕਾਂ ਨੂੰ ਪ੍ਰੇਰਿਤ ਕਰਦੇ ਸਨ। ਕ੍ਰਾਂਤੀਕਾਰੀ ਆਪਣੇ ਕਬਿੱਤਾਂ ਦੁਆਰਾ ਲੋਕਾਂ ਨੂੰ ਕਹਿੰਦੇ ਸੀ ਕਿ ਅੰਗਰੇਜ਼ ਸਾਡੇ ਧਰਮ ਵਿਚ ਦਖਲ ਦਿੰਦੇ ਹਨ। ਸਾਡੇ ਦੇਸ਼ ਦੇ ਗਰੀਬਾਂ ਦੀਆਂ ਜੇਬਾਂ 'ਚੋਂ ਪੈਸੇ ਕੱਢ ਕੇ ਇੰਗਲੈਂਡ ਜਾ ਕੇ ਆਪਣੇ ਖਜ਼ਾਨੇ ਭਰਦੇ ਹਨ। ਇਨ੍ਹਾਂ ਦੀ ਲੜਾਈ ਜਰਮਨੀ ਨਾਲ ਹੈ ਤੇ ਬਜਾਏ ਆਪਣੀਆਂ ਫੌਜਾਂ ਨੂੰ ਫਰੰਟ 'ਤੇ ਭੇਜਣ ਦੇ, ਸਾਡੇ ਸਿੱਖਾਂ ਦੀਆਂ ਫੌਜਾਂ ਨੂੰ ਜਰਮਨੀ ਨਾਲ ਲੜਨ ਵਾਸਤੇ ਭੇਜ ਦਿੰਦੇ ਹਨ। ਆਓ ਅਸੀਂ ਸਾਰੇ ਦੇਸ਼ ਦੀ ਜਨਤਾ, ਮਿਲ ਕੇ ਇਨ੍ਹਾਂ ਨੂੰ ਹਿੰਦੁਸਤਾਨ ਤੋਂ ਬਾਹਰ ਕੱਢ ਕੇ ਆਪਣਾ ਸਿੱਖ ਰਾਜ ਕਾਇਮ ਕਰੀਏ। ਲੋਕਾਂ ਵਿਚ ਇੰਨਾ ਜੋਸ਼ ਸੀ ਕਿ ਉਹ ਸਮਝਦੇ ਸਨ ਕਿ ਆਜ਼ਾਦੀ ਬਹੁਤ ਜਲਦੀ ਹੀ ਮਿਲ ਜਾਏਗੀ।

ਮੇਰੇ ਪਿਤਾ ਜੀ ਉਨ੍ਹਾਂ ਦਿਨਾਂ ਵਿਚ ਜਗਰਾਉਂ ਵਿਚ ਅੱਠਵੀਂ ਕਲਾਸ ਵਿਚ ਪੜ੍ਹਦੇ ਸਨ। ਉਸ ਵੇਲੇ ਉਨ੍ਹਾਂ ਦੀ ਉਮਰ 14 ਸਾਲ ਸੀ। ਉਨ੍ਹਾਂ ਦਾ ਸੰਪਰਕ ਸ. ਅਰਜਨ ਸਿੰਘ ਜਗਰਾਉਂ ਵਾਲਿਆਂ (ਜਿਨ੍ਹਾਂ ਨੂੰ ਬਾਅਦ ਵਿਚ ਉਮਰ ਕੈਦ ਦੀ ਸਜ਼ਾ ਹੋ ਗਈ ਸੀ) ਨਾਲ ਹੋਇਆ। ਸ. ਅਰਜਨ ਸਿੰਘ ਨੇ ਮੇਰੇ ਪਿਤਾ ਜੀ ਨੂੰ ਆਜ਼ਾਦੀ ਦੀਆਂ ਨਿਹਮਤਾਂ ਅਤੇ ਗੁਲਾਮੀ ਦੀਆਂ ਲਾਹਨਤਾਂ ਬਾਰੇ ਲੰਮੇ ਲੈਕਚਰ ਰਾਹੀਂ, ਗਦਰ ਮੂਵਮੈਂਟ ਵਿਚ ਸ਼ਾਮਿਲ ਹੋਣ ਵਾਸਤੇ ਪ੍ਰੇਰਿਤ ਕੀਤਾ ਅਤੇ ਪਿਤਾ ਜੀ ਮੰਨ ਗਏ ਪਰ ਪਰਿਵਾਰ ਵਾਲੇ ਉਨ੍ਹਾਂ ਦੇ ਗਦਰ ਲਹਿਰ ਵਿਚ ਸ਼ਾਮਲ ਹੋਣ ਬਾਰੇ ਸਹਿਮਤ ਨਹੀਂ ਸਨ। ਉਨ੍ਹਾਂ ਦਾ ਖਿਆਲ ਸੀ ਕਿ ਕਈ ਮੁਸ਼ਕਲਾਂ ਆਉਣ ਦੇ ਨਾਲ-ਨਾਲ ਪਰਿਵਾਰ ਦੀ ਬਦਨਾਮੀ ਹੋਵੇਗੀ ਅਤੇ ਸਮਾਜ ਨਾਲ ਉਨ੍ਹਾਂ ਦਾ ਮਿਲਵਰਤਣ ਬੰਦ ਹੋ ਜਾਵੇਗਾ। ਪਿਤਾ ਜੀ ਨੇ ਕਿਹਾ ਕਿ ਉਹ ਪਰਿਵਾਰ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹਨ ਪਰ ਉਹ ਉਹੀ ਕੁਝ ਕਰਨਗੇ ਜਿਸ ਚੀਜ਼ ਲਈ ਉਨ੍ਹਾਂ ਦੀ ਆਤਮਾ ਗਵਾਹੀ ਦਿੰਦੀ ਹੈ ਅਤੇ ਉਨ੍ਹਾਂ ਨੇ ਕੀਤੀ ਵੀ ਓਹੀ!

ਗਦਰੀਆਂ ਦੀ ਸਕੀਮ ਵਿਚ ਫੌਜੀ ਸਿਪਾਹੀਆਂ, ਪਿੰਡਾਂ ਦੇ ਲੋਕਾਂ ਅਤੇ ਸਕੂਲਾਂ ਦੇ ਮੁੰਡਿਆਂ ਨੂੰ ਸ਼ਾਮਲ ਕਰਨਾ ਸੀ। ਫੌਜੀਆਂ ਨੂੰ ਕਹਿੰਦੇ ਸਨ ਕਿ ਤੁਸੀਂ ਆਪਣੇ ਮੁਲਕ ਦਾ ਝੰਡਾ ਛੱਡ ਕੇ ਦੂਜੇ ਮੁਲਕਾਂ ਦੀ ਆਜ਼ਾਦੀ ਵਾਸਤੇ ਲੜ ਰਹੇ ਹੋ। ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ। ਤੁਸੀਂ ਆਪਣੇ ਮੁਲਕ ਦਾ ਝੰਡਾ ਬੜੇ ਮਾਣ ਨਾਲ ਉਚਾ ਕਰਕੇ ਆਪਣੇ ਦੇਸ਼ ਦੀ ਆਜ਼ਾਦੀ ਵਾਸਤੇ ਲੜੋ। ਪਿੰਡਾਂ ਵਾਲਿਆਂ ਨੂੰ ਕਹਿੰਦੇ ਸਨ ਕਿ ਤੁਸੀਂ ਨੰਬਰਦਾਰ ਨੂੰ ਮਾਮਲਾ ਨਾ ਦਿਓ ਅਤੇ ਨੰਬਰਦਾਰ ਜਦੋਂ ਮਾਮਲਾ ਇਕੱਠਾ ਕਰਕੇ ਖਜ਼ਾਨੇ ਵਿਚ ਜਮ੍ਹਾਂ ਕਰਾਉਣ ਵਾਸਤੇ ਜਾਣ ਤਾਂ ਉਨ੍ਹਾਂ ਨੂੰ ਰਾਹ ਵਿਚ ਹੀ ਲੁੱਟ ਲੈਣ ਤਾਂ ਕਿ ਲੁੱਟਿਆ ਹੋਇਆ ਪੈਸਾ ਗ਼ਦਰ ਲਹਿਰ ਵਾਸਤੇ ਵਰਤਿਆ ਜਾ ਸਕੇ। ਪਿੰਡ ਵਿਚ ਛੁੱਟੀ 'ਤੇ ਘਰ ਆਏ ਫੌਜੀਆਂ ਅਤੇ ਰਿਜ਼ਰਵਿਸਟ ਫੌਜੀਆਂ ਨੂੰ ਅਪਣੀ ਰੈਜੀਮੈਂਟ ਵਿਚ ਵਾਪਸ ਨਾ ਜਾਣ ਦਿਓ।

ਮੁੰਡਿਆਂ ਵਿਚੋਂ ਕੁਝ ਨੂੰ ਵਜ਼ੀਫੇ ਦੇ ਕੇ ਅਮਰੀਕਾ ਅਤੇ ਜਰਮਨੀ ਭੇਜਦੇ ਤਾਂ ਕਿ ਉਥੇ ਆਪਣੀ ਪੜ੍ਹਾਈ ਦੇ ਨਾਲ-ਨਾਲ ਬੰਦੂਕਾਂ ਅਤੇ ਬੰਬ ਬਣਾਉਣ ਦੀ ਟ੍ਰੇਨਿੰਗ ਵੀ ਲੈ ਸਕਣ। ਬਾਕੀ, ਹਿੰਦੁਸਤਾਨ ਵਿਚ ਆਮ ਤੌਰ 'ਤੇ ਮੁੰਡਿਆਂ ਕੋਲੋਂ ਜਿਹੜੇ ਕੰਮ ਕਰਵਾਏ ਜਾਂਦੇ ਸਨ, ਉਹ ਸਨ ਬੰਬ ਬਣਾਉਣ ਦੀ ਸਮੱਗਰੀ ਇਕੱਠੀ ਕਰਨਾ, ਅੰਗਰੇਜ਼ਾਂ ਵਿਰੁਧ ਪ੍ਰਚਾਰ ਸਮੱਗਰੀ ਛਪਵਾਉਣਾ, ਇਕ ਤੋਂ ਦੂਜੀ ਜਗ੍ਹਾ ਗਦਰੀਆਂ ਦੇ ਸੁਨੇਹੇ ਪਹੁੰਚਾਉਣੇ ਅਤੇ ਪਿੰਡਾਂ ਵਿਚ ਗਦਰ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਦੇਣੀ। ਇਨ੍ਹਾਂ ਮੁੰਡਿਆਂ ਵਿਚੋਂ ਮੇਰੇ ਪਿਤਾ ਜੀ ਵੀ ਇਕ ਸਨ।

ਗਦਰੀਆਂ ਦੇ ਗਰੁਪ ਬਣਾਏ ਗਏ ਸਨ ਜਿਨ੍ਹਾਂ ਵਿਚ ਹਰ ਇਕ ਨੂੰ ਉਸ ਦੀ ਡਿਊਟੀ ਵੰਡੀ ਗਈ ਸੀ। ਮੇਰੇ ਪਿਤਾ ਜੀ ਉਸ ਗਰੁਪ ਵਿਚ ਸਨ ਜਿਨ੍ਹਾਂ ਦਾ ਕੰਮ ਅਸਲਾ ਲੈ ਕੇ ਜਾਣਾ ਸੀ। ਗਦਰੀ ਘੁਮਿਆਰ ਦੇ ਭੇਸ ਬਣਾ ਕੇ ਖੋਤਿਆਂ 'ਤੇ ਅਸਲਾ ਆਦਿ ਲੈ ਜਾਂਦੇ। ਇਹ ਅਸਲਾ ਬੈਲਿਆਂ ਵਿਚ ਪਾਥੀਆਂ ਦੇ ਅੰਦਰ ਛੁਪਾਇਆ ਹੁੰਦਾ।

28 ਮਈ 1915 ਨੂੰ ਗਦਰੀਆਂ ਦੀ ਮੀਟਿੰਗ ਹੋਈ ਜਿਸ ਵਿਚ 5 ਜੂਨ 1915 ਨੂੰ ਕਪੂਰਥਲੇ ਦੀ ਛਾਉਣੀ 'ਤੇ ਹਮਲਾ ਕਰਕੇ ਹਥਿਆਰ ਲੁੱਟਣ ਅਤੇ ਉਨ੍ਹਾਂ ਦੀ ਸਹਾਇਤਾ ਨਾਲ ਲਾਹੌਰ ਅਤੇ ਮਿੰਟਗੁਮਰੀ ਦੀਆਂ ਜੇਲ੍ਹਾਂ 'ਚੋਂ ਆਪਣੇ ਬੰਦਿਆਂ ਨੂੰ ਛੁਡਾਉਣ ਅਤੇ ਅੰਗਰੇਜ਼ਾਂ ਨੂੰ ਕਤਲ ਕਰਨ ਦੀ ਯੋਜਨਾ ਬਣਾਈ ਗਈ ਸੀ। ਫਿਰ ਉਨ੍ਹਾਂ ਨੇ ਹਿਸਾਬ ਲਾਇਆ ਕਿ ਇਹ ਯੋਜਨਾਵਾਂ ਸਫਲ ਕਰਨ ਲਈ ਕੋਈ 60 ਬੰਦਿਆਂ 'ਤੇ ਭਰੋਸਾ ਕੀਤਾ ਜਾ ਸਕਦਾ ਹੈ। 5 ਜੂਨ ਨੂੰ ਉਹ ਸਾਰੇ ਇਕੱਠੇ ਹੋਏ। ਉਨ੍ਹਾਂ ਨਾਲ ਛਾਉਣੀ ਦਾ ਇਕ ਸਿਪਾਹੀ ਵੀ ਸੀ ਜਿਸ ਨੇ ਉਨ੍ਹਾਂ ਨੂੰ ਛਾਉਣੀ ਤੱਕ ਪਹੁੰਚਾਉਣ ਅਤੇ ਹਥਿਆਰ ਦੇਣ ਦਾ ਵਚਨ ਦਿੱਤਾ ਸੀ। ਉਸ ਦਿਨ ਕੁੱਲ 18-19 ਬੰਦੇ ਹੀ ਇਕੱਠੇ ਹੋਏ ਜਦ ਕਿ 60 ਬੰਦਿਆਂ ਦੇ ਆਉਣ ਦੀ ਉਮੀਦ ਸੀ। ਇਹ ਮਹਿਸੂਸ ਕਰਦਿਆਂ ਕਿ ਜਿਸ ਕੰਮ ਵਾਸਤੇ ਅਸੀਂ ਇਕੱਠੇ ਹੋਏ ਹਾਂ, ਇਤਨੇ ਥੋੜ੍ਹੇ ਬੰਦਿਆਂ ਨਾਲ ਕੰਮ ਨੂੰ ਅੰਜਾਮ ਨਹੀਂ ਦਿੱਤਾ ਜਾ ਸਕਦਾ, ਉਨ੍ਹਾਂ ਨੇ ਹਮਲਾ ਕਰਨ ਦੀ ਯੋਜਨਾ 12 ਜੂਨ ਤੱਕ ਟਾਲ ਦਿੱਤੀ।



ਸ. ਕਪੂਰ ਸਿੰਘ (ਕਾਉਂਕੇ) ਆਪਣੀ ਪਤਨੀ ਅਤੇ ਬੱਚਿਆਂ ਨਾਲ

ਮੀਟਿੰਗ ਤੋਂ ਕੁਝ ਦੇਰ ਬਾਅਦ ਹੀ 2 ਬੋਰੀਏ (ਜਰਾਇਮਪੇਸ਼ਾ ਕਰਾਰ ਦਿੱਤੀ ਗਈ ਕੌਮ, ਉਸ ਵਕਤ ਵੀ ਅਤੇ ਆਜ਼ਾਦੀ ਤੋਂ ਪਿਛੋਂ ਵੀ ਇਨ੍ਹਾਂ ਗਰੀਬ ਲੋਕਾਂ ਨੂੰ ਜਰਾਇਮਪੇਸ਼ਾ ਕੌਮ ਵਜੋਂ ਨਫਰਤ ਨਾਲ ਦੇਖਿਆ ਜਾਂਦਾ ਰਿਹਾ। ਅਸਲ ਵਿਚ ਜੇ ਇਨ੍ਹਾਂ ਦੇ ਮੁਢਲੇ ਇਤਿਹਾਸ 'ਤੇ ਝਾਤੀ ਮਾਰੀਏ ਤਾਂ ਇਹ ਬੜੇ ਗੌਰਵ ਵਾਲੇ ਲੋਕ ਸਨ), ਜਿਹੜੇ ਕਿ ਮਿਲਟਰੀ ਬੈਰਕਾਂ ਦੇ ਪਿਛੇ ਬਟੇਰਾਂ ਦੀ ਖੋਜ ਵਿਚ ਘੁੰਮ ਰਹੇ ਸਨ, ਦੀ ਨਜ਼ਰ ਗਦਰੀਆਂ ਦੇ ਪੈਰਾਂ ਦੇ ਨਿਸ਼ਾਨਾਂ 'ਤੇ ਪਈ ਜਿਥੇ ਕਿ ਉਨ੍ਹਾਂ ਦੀ ਮੀਟਿੰਗ ਹੋਈ ਸੀ। ਉਨ੍ਹਾਂ ਨੂੰ ਸ਼ੱਕ ਹੋਇਆ ਅਤੇ ਉਹ ਮੁੜ ਕੇ ਉਸ ਜਗ੍ਹਾ 'ਤੇ ਪਹੁੰਚ ਗਏ ਜਿਥੋਂ ਦੀ ਪੈਰਾਂ ਅਤੇ ਛਵੀਆਂ ਦੇ ਨਿਸ਼ਾਨ ਸ਼ੁਰੂ ਹੁੰਦੇ ਸੀ। ਬੋਰੀਆਂ ਨੇ ਹਿਸਾਬ ਲਾਇਆ ਕਿ 7 ਬੰਦੇ ਕਰਤਾਰਪੁਰ ਗਏ ਹਨ, 3 ਛਾਉਣੀ ਵੱਲ ਭੇਜੇ ਗਏ ਅਤੇ 4 ਬੰਦੇ ਪਿੰਡ ਕਾਲਾ ਸੰਘਿਆਂ ਨੂੰ ਭੇਜੇ ਗਏ ਸਨ। 4 ਬੰਦਿਆਂ ਤੋਂ ਇਲਾਵਾ ਜਿਨ੍ਹਾਂ ਵਿਚ ਮੇਰੇ ਪਿਤਾ ਸ. ਕਪੂਰ ਸਿੰਘ (ਕਾਉਂਕੇ) ਵੀ ਸਨ, ਸਾਰਿਆਂ ਦੇ ਪੈਰਾਂ ਦੇ ਨਿਸ਼ਾਨ ਪੱਕੀ ਸੜਕ ਤੱਕ ਆ ਕੇ ਗੁੰਮ ਹੋ ਗਏ। ਪੈਰਾਂ ਦੇ ਨਿਸ਼ਾਨਾਂ ਤੋਂ ਦੋਵਾਂ ਬੋਰੀਆਂ ਨੇ ਪਿੰਡ ਕਾਲਾ ਸੰਘਿਆਂ ਤੱਕ ਪਿੱਛਾ ਕੀਤਾ ਅਤੇ ਇਕ ਕਾਂਸਟੇਬਲ ਦੀ ਮਦਦ ਨਾਲ ਪਿੰਡ ਉਗੀ ਚਿੱਟੀ ਪਹੁੰਚ ਗਏ। ਉਥੋਂ ਉਨ੍ਹਾਂ ਨੇ ਪਿੰਡ ਦੇ ਨੰਬਰਦਾਰ ਨੂੰ ਨਾਲ ਲੈ ਕੇ ਪੈਰਾਂ ਦੇ ਨਿਸ਼ਾਨਾਂ ਦਾ ਪਿੰਡ ਦੇ ਗੁਰਦੁਆਰੇ ਤੱਕ ਪਿੱਛਾ ਕੀਤਾ। ਪੁਲਿਸ ਵਾਲੇ ਜਿਨ੍ਹਾਂ ਨੂੰ ਸਭ ਖਬਰ ਸੀ, ਸਾਦੇ ਕੱਪੜਿਆਂ ਵਿਚ ਉਥੇ ਆਏ। ਡੇਰੇ ਦੇ ਖੂਹ 'ਤੇ ਮੇਰੇ ਪਿਤਾ ਸੀ, ਬਾਲਟੀਆਂ ਨਾਲ ਪਾਣੀ ਕੱਢ ਕੇ ਸ. ਅਰਜਨ ਸਿੰਘ ਨੂੰ ਇਸ਼ਨਾਨ ਕਰਵਾ ਰਹੇ ਸੀ। ਉਨ੍ਹਾਂ ਦੇ ਮੋਢਿਆਂ 'ਤੇ ਆਪਣਾ ਅਤੇ ਸ. ਅਰਜਨ ਸਿੰਘ ਦਾ ਰਿਵਾਲਵਰ ਪਾਇਆ ਹੋਇਆ ਸੀ। ਪੁਲਿਸ ਵਾਲੇ ਉਥੇ ਪੁੱਜ ਗਏ ਅਤੇ ਬੜੇ ਪਿਆਰ ਨਾਲ ਗੱਲਾਂ ਕਰਨ ਲਗ ਪਏ ਅਤੇ ਹੌਲੀ ਹੌਲੀ ਉਨ੍ਹਾਂ ਨੂੰ ਘੇਰ ਲਿਆ ਅਤੇ ਸਭ ਤੋਂ ਪਹਿਲਾਂ ਉਨ੍ਹਾਂ ਨੇ ਮੇਰੇ ਪਿਤਾ ਜੀ ਨੂੰ ਫੜ ਲਿਆ। ਫਿਰ ਸ. ਅਰਜਨ ਸਿੰਘ ਨੂੰ ਵੀ ਫੜ ਲਿਆ। ਬਾਅਦ ਵਿਚ ਗੁਰਦੁਆਰੇ ਨੂੰ ਘੇਰ ਕੇ ਬਾਕੀ ਦੋਨਾਂ ਨੂੰ ਵੀ ਫੜ ਲਿਆ ਗਿਆ।

ਇਸੇ ਦੌਰਾਨ ਇਕ ਹੋਰ ਦਿਲਚਸਪ ਘਟਨਾ ਘਟੀ। ਉਘੀ ਚਿੱਟੀ ਪਿੰਡ ਦਾ ਨੰਬਰਦਾਰ ਪੁਲਿਸ ਵਾਲਿਆਂ ਦੇ ਨਾਲ ਮੇਰੇ ਪਿਤਾ ਅਤੇ ਉਨ੍ਹਾਂ ਦੇ ਸਾਥੀਆਂ ਦਾ ਪਿੱਛਾ ਕਰਦੇ ਹੋਏ ਉਨ੍ਹਾਂ ਤੱਕ ਪਹੁੰਚਿਆ। ਜਦੋਂ ਉਸ ਦੀ ਨਜ਼ਰ ਮੇਰੇ ਪਿਤਾ ਉਪਰ ਪਈ ਤਾਂ ਹੈਰਾਨ ਹੋ ਕੇ ਉਨ੍ਹਾਂ ਵੱਲ ਟਿਕਟਿਕੀ ਲਾ ਕੇ ਦੇਖਦਾ ਰਿਹਾ। ਪੁਲਿਸ ਵਾਲੇ ਨੇ ਕਾਰਨ ਪੁੱਛਿਆ ਤਾਂ ਉਸ ਦੀਆਂ ਅੱਖਾਂ ਵਿਚ ਪਾਣੀ ਆ ਗਿਆ ਅਤੇ ਰੋ ਕੇ ਕਹਿਣ ਲੱਗਾ ਕਿ ਇਸ ਮੁੰਡੇ ਦੀ ਸ਼ਕਲ ਹੂ-ਬ-ਹੂ ਮੇਰੇ ਪੁੱਤਰ ਨਾਲ ਮਿਲਦੀ ਹੈ ਜੋ ਇਸ ਵੇਲੇ ਇਸ ਦੁਨੀਆਂ ਵਿਚ ਨਹੀਂ ਹੈ। ਮਿਹਰਬਾਨੀ ਕਰਕੇ ਇਕ ਰਾਤ ਵਾਸਤੇ ਇਸ ਨੂੰ ਆਪਣੇ ਘਰ ਲੈ ਜਾਣ ਦੀ ਇਜਾਜ਼ਤ ਦੇ ਦਿਓ। ਪੁਲਿਸ ਵਾਲਿਆਂ ਨੂੰ ਉਸ 'ਤੇ ਰਹਿਮ ਆ ਗਿਆ ਅਤੇ ਮੇਰੇ ਪਿਤਾ ਜੀ ਨੂੰ ਘਰ ਲੈ ਜਾਣ ਦੀ ਆਗਿਆ ਦੇ ਦਿੱਤੀ। ਨੰਬਰਦਾਰ ਜਦੋਂ ਮੇਰੇ ਪਿਤਾ ਨੂੰ ਲੈ ਕੇ ਆਪਣੇ ਘਰ ਪਹੁੰਚਿਆ ਤਾਂ ਘਰ ਦਾ ਬੂਹਾ ਉਸ ਦੀ ਬੇਟੀ ਨੇ ਖੋਲ੍ਹਿਆ। ਮੇਰੇ ਪਿਤਾ ਨੂੰ ਦੇਖਦੇ ਹੀ ਉਹ ਚੀਕ ਮਾਰਦੀ ਹੋਈ ਅੰਦਰ ਆਪਣੀ ਮਾਤਾ ਕੋਲ ਭੱਜ ਗਈ ਅਤੇ ਕਹਿਣ ਲੱਗੀ ਕਿ ਆਪਣਾ ਜੁਗਿੰਦਰ ਆ ਗਿਆ ਹੈ। ਸਾਰਾ ਪਰਿਵਾਰ ਇਕੱਠਾ ਹੋ ਗਿਆ ਅਤੇ ਮੇਰੇ ਪਿਤਾ ਨੂੰ ਪਿਆਰ ਕਰਨ ਲੱਗ ਪਿਆ। ਨੰਬਰਦਾਰ ਨੇ ਮੇਰੇ ਪਿਤਾ ਬਾਰੇ ਸਾਰੀ ਹਕੀਕਤ ਆਪਣੇ ਪਰਿਵਾਰ ਨੂੰ ਦੱਸੀ ਕਿ ਇਹ ਸਾਡਾ ਜੁਗਿੰਦਰ ਨਹੀਂ ਹੈ। ਅਗਲੇ ਦਿਨ ਸਵੇਰੇ ਜਦੋਂ ਪਿਤਾ ਜੀ ਨੂੰ ਪੁਲਿਸ ਵਾਲਿਆਂ ਕੋਲ ਵਾਪਸ ਪਹੁੰਚਾਉਣ ਵਾਸਤੇ ਜਾਣ ਲੱਗੇ ਤਾਂ ਉਸ ਦੀ ਬੇਟੀ ਨੇ ਆਪਣੇ ਪਿਤਾ ਕੋਲ ਦੁਹਾਈ ਪਾਈ ਕਿ ਬਾਪੂ ਜੁਗਿੰਦਰ ਨੂੰ ਨਾ ਜਾਣ ਦਿਓ। ਨੰਬਰਦਾਰ ਨੇ ਉਸ ਨੂੰ ਸਮਝਾਉਂਦੇ ਹੋਏ ਕਿਹਾ ਕਿ ਇਹ ਜਿਸ ਗਰੁਪ ਦਾ ਮੈਂਬਰ ਹੈ, ਜੇ ਇਨ੍ਹਾਂ ਦੀ ਯੋਜਨਾ ਸਫਲ ਹੋ ਜਾਂਦੀ ਤਾਂ ਕਈ ਮੌਤਾਂ ਹੋ ਜਾਣੀਆਂ ਸਨ। ਇਸ ਕਰਕੇ ਮੈਂ ਮਜਬੂਰ ਹਾਂ ਅਤੇ ਆਪਣੀ ਜ਼ਿੰਮੇਦਾਰੀ ਸਮਝਦੇ ਹੋਏ ਇਸ ਨੂੰ ਪੁਲਿਸ ਨੂੰ ਵਾਪਸ ਕਰਨਾ ਪਵੇਗਾ। ਸੋ, ਆਪਣੇ ਵਾਅਦੇ ਮੁਤਾਬਕ ਮੇਰੇ ਪਿਤਾ ਜੀ ਨੂੰ ਉਹ ਧਰਮਸ਼ਾਲਾ ਲੈ ਗਿਆ ਅਤੇ 6 ਜੂਨ 1915 ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ।

ਪ੍ਰੋਗਰਾਮ ਮੁਤਾਬਕ 12 ਜੂਨ 1915 ਨੂੰ ਫਿਰ ਮੀਟਿੰਗ ਹੋਈ ਜਿਸ ਵਿਚ ਸਿਰਫ 8-9 ਬੰਦੇ ਹੀ ਸ਼ਾਮਿਲ ਹੋਏ। ਜਦੋਂ ਇਨ੍ਹਾਂ ਨੂੰ ਉਘੀ ਚਿੱਟੀ ਪਿੰਡ ਦੇ ਗਦਰੀਆਂ ਦੀ ਗ੍ਰਿਫਤਾਰੀ ਦੀ ਖ਼ਬਰ ਮਿਲੀ ਤਾਂ ਇਹ ਮਹਿਸੂਸ ਕੀਤਾ ਕਿ ਸਰਕਾਰ ਨੂੰ ਉਨ੍ਹਾਂ ਦੀ 5 ਜੂਨ ਦੀ ਯੋਜਨਾ ਬਾਰੇ ਪਤਾ ਲੱਗ ਚੁੱਕਾ ਹੈ ਅਤੇ ਉਹ ਸਾਰੇ ਉਥੋਂ ਹੀ ਨਿਕਲ ਗਏ। ਪਿਤਾ ਜੀ ਦੇ ਗਰੁਪ ਦੇ ਫੜੇ ਜਾਣ ਤੋਂ ਬਾਅਦ ਬਾਕੀ ਗਦਰੀਆਂ ਨੇ ਮਹਿਸੂਸ ਕੀਤਾ ਕਿ ਬੰਦੇ ਘੱਟ ਹੋਣ ਕਰਕੇ ਹਮਲਾ ਕਾਮਯਾਬ ਨਹੀਂ ਹੋ ਸਕਦਾ ਅਤੇ ਇਸ ਦਾ ਖਿਆਲ ਛੱਡ ਦਿੱਤਾ ਗਿਆ।

ਉਸ ਤੋਂ ਬਾਅਦ ਮੇਰੇ ਪਿਤਾ ਜੀ ਨੂੰ ਤਕਰੀਬਨ 7-8 ਮਹੀਨਿਆਂ ਵਾਸਤੇ ਜੇਲ੍ਹ ਰੱਖਿਆ ਗਿਆ। ਇਨ੍ਹਾਂ ਕੋਲੋਂ ਗਦਰ ਲਹਿਰ ਬਾਰੇ ਜਾਣਕਾਰੀ ਹਾਸਿਲ ਕਰਨ ਲਈ ਜੇਲ੍ਹ ਅਧਿਕਾਰੀ ਕਈ ਤਰ੍ਹਾਂ ਦੇ ਲਾਲਚ, ਧਮਕੀਆਂ ਦਿੰਦੇ ਅਤੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਦੇ। ਇਹ ਸਾਰਿਆਂ ਗਦਰੀਆਂ 'ਚੋਂ ਸਭ ਤੋਂ ਛੋਟੀ ਉਮਰ (15 ਸਾਲ) ਦੇ ਸਨ। ਉਨ੍ਹਾਂ ਲੋਕਾਂ ਦਾ ਖਿਆਲ ਸੀ ਕਿ ਇਹ ਬੱਚਾ ਹੈ ਅਤੇ ਸ਼ਾਇਦ ਘਬਰਾ ਕੇ ਮੂੰਹੋਂ ਕੁਝ ਉਗਲ ਦੇਵੇਗਾ ਪਰ ਉਹ ਬਾਕੀ ਗਦਰੀਆਂ ਵਾਂਗ ਹੀ ਸਨ ਜਿਹੜੇ ਕਥਨੀ ਅਤੇ ਕਰਨੀ ਦੇ ਪੱਕੇ ਸਨ। ਪੁਲਿਸ ਉਨ੍ਹਾਂ ਦੀ ਜ਼ੁਬਾਨ ਨਹੀਂ ਖੁਲ੍ਹਵਾ ਸਕੀ। ਬਾਅਦ ਵਿਚ ਜਦੋਂ 'ਸਪਲੀਮੈਂਟਰੀ ਲਾਹੌਰ ਕਾਂਸਪੀਰੇਸੀ ਕੇਸ-1915' ਦਾ ਫੈਸਲਾ ਸੁਣਾਇਆ ਗਿਆ ਤਾਂ 5 ਬੰਦਿਆਂ ਨੂੰ ਫਾਂਸੀ ਦੀ ਸਜ਼ਾ ਅਤੇ ਮੇਰੇ ਪਿਤਾ ਤੇ ਪੰਜ ਹੋਰ ਬੰਦਿਆਂ ਨੂੰ ਛੱਡ ਕੇ ਬਹੁਤ ਸਾਰਿਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਮੇਰੇ ਪਿਤਾ ਜੀ ਬਾਰੇ ਜੱਜ ਨੇ ਕਿਹਾ ਕਿ ਇਹ ਬੱਚਾ ਹੈ, ਅਜੇ ਆਪਣੇ ਫੈਸਲੇ ਕਰਨ ਬਾਰੇ ਸਮਰੱਥ ਨਹੀਂ ਹੈ। ਇਸ ਨੂੰ ਪੜ੍ਹਾਇਆ ਹੋਇਆ ਹੈ ਅਤੇ ਇਹਦੇ ਦਿੱਤੇ ਬਿਆਨ 'ਤੇ ਮੈਂ ਯਕੀਨ ਨਹੀਂ ਕਰਦਾ ਅਤੇ ਨਾਲ ਹੀ ਚੇਤਾਵਨੀ ਦਿੱਤੀ ਕਿ ਤੂੰ ਮੁੜ ਕੇ ਗਦਰ ਵਿਚ ਹਿੱਸਾ ਨਹੀਂ ਲਵੇਂਗਾ ਅਤੇ ਪੜ੍ਹਾਈ ਵਿਚ ਧਿਆਨ ਦੇਵੇਂਗਾ।

ਆਮ ਲੋਕਾਂ ਦਾ ਖਿਆਲ ਇਹੀ ਹੁੰਦਾ ਹੈ ਕਿ ਜਦੋਂ ਕਿਸੇ ਨੂੰ ਰਿਹਾਅ ਕੀਤਾ ਜਾਂਦਾ ਹੈ ਤਾਂ ਉਸ ਤੋਂ ਬਾਅਦ ਉਸ ਦੀਆਂ ਸਾਰੀਆਂ ਤਕਲੀਫਾਂ ਦਾ ਅੰਤ ਹੋ ਜਾਂਦਾ ਹੈ, ਲੇਕਿਨ ਸੱਚਾਈ ਇਹ ਹੈ ਕਿ ਉਨ੍ਹਾਂ ਦੀਆਂ ਤਕਲੀਫਾਂ ਸਗੋਂ ਸ਼ੁਰੂ ਹੋ ਗਈਆਂ। ਉਨ੍ਹਾਂ ਨੂੰ ਬਲੈਕ ਲਿਸਟ ਕਰ ਦਿੱਤਾ ਗਿਆ। ਬਾਗੀ ਦਾ ਨਾਂ ਦੇ ਕੇ ਉਨ੍ਹਾਂ ਦਾ ਨਾਂ ਸਕੂਲ ਵਿਚੋਂ ਕੱਟ ਦਿੱਤਾ ਗਿਆ। ਦੁਬਾਰਾ ਦਾਖਲੇ ਲਈ ਦੂਸਰੇ ਸਕੂਲਾਂ ਦੇ ਚੱਕਰ ਲਗਾਣੇ ਸ਼ੁਰੂ ਹੋ ਗਏ ਪਰ ਹਰ ਸਕੂਲ ਦੇ ਪ੍ਰਿੰਸੀਪਲ ਨੇ ਦਾਖਲਾ ਦੇਣ ਤੋਂ ਸਾਫ ਮਨ੍ਹਾ ਕਰ ਦਿੱਤਾ। ਇਹੀ ਕਹਿੰਦੇ ਕਿ ਇਹ ਬੱਚਾ ਖਤਰਨਾਕ ਹੈ, ਬਾਕੀ ਬੱਚਿਆਂ ਨੂੰ ਵੀ ਖਰਾਬ ਕਰੇਗਾ ਅਤੇ ਉਨ੍ਹਾਂ ਦੇ ਸਕੂਲ ਬੰਦ ਹੋਣ ਦੀ ਨੌਬਤ ਆ ਸਕਦੀ ਹੈ। ਹਾਰ-ਥੱਕ ਕੇ ਮਾਲਵਾ ਖ਼ਾਲਸਾ ਹਾਈ ਸਕੂਲ ਲੁਧਿਆਣਾ ਪੁੱਜੇ ਅਤੇ ਹੈਡਮਾਸਟਰ ਨੂੰ ਮਿਲੇ। ਉਨ੍ਹਾਂ ਦੀ ਮਾਨਸਿਕ ਅਵਸਥਾ ਦੇਖ ਕੇ ਹੈਡਮਾਸਟਰ ਨੂੰ ਉਨ੍ਹਾਂ 'ਤੇ ਤਰਸ ਆ ਗਿਆ ਅਤੇ ਮੇਰੇ ਪਿਤਾ ਜੀ ਨੂੰ ਅੰਮ੍ਰਿਤ ਛਕ ਕੇ ਨਾਂ ਬਦਲਣ ਦੀ ਸਲਾਹ ਦਿੱਤੀ। ਮੇਰੇ ਪਿਤਾ ਜੀ ਨੇ ਅੰਮ੍ਰਿਤ ਛਕ ਕੇ ਆਪਣਾ ਨਾਂ ਕਪੂਰ ਸਿੰਘ ਤੋਂ ਬਦਲ ਕੇ ਜਗਜੀਤ ਸਿੰਘ ਰੱਖ ਲਿਆ। ਸਕੂਲ ਵਿਚ ਦਾਖਲਾ

(ਬਾਕੀ ਸਫਾ 36 'ਤੇ)

ਕਹਾਣੀ

# ਬੇਰਾਂ ਵਰਗਾ ਫਲ

**ਜਸਵਿੰਦਰ ਸਿੰਘ**

ਦੋ ਵਿਹੜਿਆਂ ਵਿਚ ਵੰਡਿਆ ਇਹ ਘਰ ਇਸ ਪਿੰਡ ਦਾ ਹੀ ਨਹੀਂ, ਕਦੇ ਪੂਰੇ ਇਲਾਕੇ ਦਾ ਸਤਿਕਾਰਿਆ ਘਰ ਰਿਹਾ ਏ। ਕਾਮਰੇਡ ਕਰਮ ਸਿੰਘ ਨੇ ਬਾਹਰੋਂ ਉਜੜ ਕੇ ਆ, ਇਸ ਉਜੜੇ ਘਰ ਨੂੰ ਇਉਂ ਕਰੀਨੇ ਨਾਲ ਬਣਾਇਆ ਸੰਵਾਰਿਆ ਸੀ ਕਿ ਸਭ ਲੰਘਦੇ ਵੜਦੇ ਦੀਆਂ ਨਜ਼ਰਾਂ ਰੁਕ ਜਾਂਦੀਆਂ। ਕਰਮ ਸਿੰਘ ਦੇ ਲੋਕ ਸੇਵਾ ਅਤੇ ਮੁਸ਼ੱਕਤਾਂ ਭਰੇ ਕਿਸਾਨੀ ਜੀਵਨ ਨੇ ਇਸ ਘਰ ਨੂੰ ਪੈਸੇ ਨਾਲ ਭਾਵੇਂ ਘੱਟ ਪਰ ਲੋਕ ਮਨਾਂ ਵਿਚ ਡੂੰਘੇ ਸਤਿਕਾਰ ਨਾਲ ਮਾਲਾ ਮਾਲ ਕੀਤਾ ਸੀ। ਹੁਣ ਜਿਉਂ ਲੱਕੜ ਦੀ ਗੇਲੀ ਨੂੰ ਅੱਧ ਵਿਚਕਾਰੋਂ ਚੀਰ ਸੁੱਟਿਆ ਗਿਆ ਹੋਵੇ। ਐਨ ਵਿਚਕਾਰ ਖੜ੍ਹੀ ਮੋਢੇ ਮੋਢੇ ਉਚੀ ਕੰਧ ਸਭ ਚੁਗਲੀਆਂ ਕਰ ਜਾਂਦੀ ਏ, ਕਦੇ ਇਨ੍ਹਾਂ ਦੋ ਵਿਹੜਿਆਂ ਦੇ ਇਕ ਘਰ ਹੋਣ ਦੀਆਂ। ਪੱਕੀਆਂ ਪੌੜੀਆਂ ਅਜੇ ਵੀ ਵੱਡੇ ਪੁੱਤਰ ਹਰਬੰਸ ਸਿੰਘ ਦੇ ਵਿਹੜੇ ਵਿਚ ਹੀ ਨੇ, ਉਤਾਂਹ ਜਾਣ ਲਈ। ਹਰਬੰਸ ਦਾ ਘਰ ਚੜ੍ਹਦੇ ਪਾਸੇ ਹੈ ਅਤੇ ਛੋਟੇ ਕੁਲਵੰਤ ਸਿੰਘ ਫੌਜੀ ਜਿਸ ਨੂੰ ਚਿਰੋਕਣਾ ਅਗਲੇ ਜਹਾਨ ਤੋਰ ਦਿੱਤਾ ਗਿਆ ਏ, ਦਾ ਟੱਬਰ ਲਹਿੰਦੇ ਬੰਨੇ ਰਹਿੰਦਾ ਏ। ਉਂਜ ਕੰਧ ਵਿਚ ਤਿੰਨ ਕੁ ਫੁੱਟ ਦਾ ਲਾਂਘਾ ਏ ਜੋ ਆਏ ਗਏ ਪ੍ਰਾਹੁਣੇ ਜਾਂ ਘਰ ਦੇ ਜੀਆਂ ਦਾ ਵੇਲੇ ਕੁਵੇਲੇ ਡੰਗ ਸਾਰਦਾ ਏ। ਹੁਣ ਤਾਂ ਇਹ ਲਾਂਘਾ ਵੀ ਸੁੰਨ-ਮਸੁੰਨਾ ਰਹਿੰਦਾ ਏ। ਕੋਈ ਜੀਅ ਘੱਟ ਵੱਧ ਈ ਇਹਨੂੰ ਪਾਰ ਕਰਦਾ ਏ।

ਸੁੰਨੇ ਹੋਣ ਦੀ ਵਜ੍ਹਾ ਇਸ ਘਰ 'ਤੇ ਬਣੀ ਨਵੀਂ ਬਿਪਤਾ ਸੀ। ਇਸ ਘਰ ਦੀ ਬਜ਼ੁਰਗ ਔਰਤ ਭਗਵਾਨ ਕੌਰ, ਹਰਬੰਸ ਸਿੰਘ ਹੋਰਾਂ ਦੀ ਮਾਂ; ਫੌਜਣ ਵਲੋਂ ਉਠ ਕੇ ਹਰਬੰਸ ਸਿੰਘ ਦੇ ਘਰ ਆ ਬੈਠੀ ਸੀ। ਬਿਨਾਂ ਕਿਸੇ ਰੋਸੇ ਗੁੱਸੇ ਲੜਾਈ ਝਗੜੇ ਦੇ। ਉਹ ਮਾਘ ਦੀ ਸੰਗਰਾਂਦ ਵਾਲੇ ਦਿਨ ਵੱਡੀ ਨੂੰਹ ਮੁਖਤਾਰ ਕੌਰ ਨਾਲ ਗੁਰਦਵਾਰੇ ਗਈ ਫੌਜਣ ਵੱਲ ਨਹੀਂ ਸੀ ਪਰਤੀ। ਬੀਬੀ ਦੀ ਇਹ ਬਦਲੀ ਦੋਹਾਂ ਟੱਬਰਾਂ ਦੀ ਵੱਡੀ ਪ੍ਰੇਸ਼ਾਨੀ ਬਣੀ ਹੋਈ ਸੀ।

ਭਗਵਾਨ ਕੌਰ ਸੱਤਰ ਤੋਂ ਉਪਰ ਦੀ ਵਿਧਵਾ ਏ। ਜਦੋਂ ਦੋਹੇਂ ਪੁੱਤਰ ਬਾਰਾਂ ਕੁ ਸਾਲ ਪਹਿਲਾਂ ਅੱਡੋ-ਅੱਡ ਹੋਏ ਸਨ ਤਾਂ ਕਰਮ ਸਿੰਘ ਅਤੇ ਭਗਵਾਨ ਕੌਰ ਨਿੱਕੇ ਫੌਜੀ ਨਾਲ ਹੋ ਗਏ ਸਨ। ਵੱਡੇ ਨੇ ਅੱਡ ਹੋਣ ਲਈ ਕੁਪੱਤ ਈ ਏਨੀ ਕੀਤੀ ਸੀ ਕਿ ਮਾਂ-ਬਾਪ ਸੁਲੱਗ ਪੁੱਤ ਫੌਜੀ ਦੇ ਸੱਖਣੇ ਵਿਹੜੇ ਜਾ ਬੈਠੇ ਸਨ। ਤੇ ਹੁਣ ਅਚਾਨਕ...

ਬਜ਼ੁਰਗ ਭਗਵਾਨ ਕੌਰ ਨੂੰ ਹੁਣ ਸਭ ਨੂੰਹ-ਪੁੱਤ, ਧੀਆਂ-ਜਵਾਈ, ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਲਾਡ ਪਿਆਰ ਨਾਲ ਬੀਬੀ ਸੱਦਦੇ ਨੇ, ਜਿਵੇਂ ਇਹੀ ਉਸ ਦਾ ਨਾਂ ਹੋਵੇ। ਲੰਮੇ ਮੁਸ਼ੱਕਤੀ ਸਫ਼ਰ ਨੇ ਬੀਬੀ ਦਾ ਮੜ੍ਹਾਂਗ ਕਮਜ਼ੋਰ ਕਰ ਦਿਤਾ ਹੈ। ਵਾਰ ਵਾਰ ਹਾਦਸਾਗ੍ਰਸਤ ਹੋਈ ਸਰਕਾਰੀ ਬੱਸ ਵਾਂਗ ਉਹ ਟੇਢਾ ਟੇਢਾ ਤੁਰਦੀ ਏ ਤੇ ਹੁਣ ਤਾਂ ਊਂ ਵੀ ਗੋਡਿਆਂ ਦੀ ਪੀੜ ਕਰਕੇ ਜ਼ਰਾ ਲੰਗੜਾ ਕੇ ਲੱਤ ਵਲਾ ਕੇ ਹੀ ਚਲਦੀ ਏ। ਧੁੱਪਾਂ-ਭੰਨਿਆਂ ਉਸ ਦਾ ਵਾਹਵਾ ਸਾਂਵਲਾ ਚਿਹਰਾ ਕੁਝ ਝੁਰੜੀਆਂ ਨੇ ਮੱਲ ਰੱਖਿਆ ਏ ਤੇ ਰਹਿੰਦਾ ਨਿੱਤ ਘਟਦੀ ਨਿਗਾਹ ਕਰਕੇ ਮੋਟੇ ਸ਼ੀਸ਼ਿਆਂ ਵਾਲੀਆਂ ਐਨਕਾਂ ਨੇ।

ਵੱਡਿਆਂ ਦੇ ਵਿਹੜੇ ਇਹਨੀਂ ਦਿਨੀਂ ਭੇਤਪੂਰਨ ਚੁੱਪ ਵਾਲਾ ਮਾਹੌਲ ਸੀ। ਚਿਹਰਿਆਂ ਦੀ ਰੌਣਕ ਅਤੇ ਲੁਕਵੀਂ ਭੱਜ ਦੌੜ ਤਾਂ ਕਿਸੇ ਸੁਖਾਵੀਂ ਚਾਵਾਂ-ਲੱਦੀ ਉਮੀਦ ਦੀ ਕਨਸੋਅ ਪਾਉਂਦੀ ਸੀ ਪਰ ਇਹ ਸਭ ਕੁਝ ਏਨਾ ਰਹੱਸਪੂਰਨ ਸੀ ਕਿ ਦੂਸਰੇ ਕਿਸੇ ਦੇ ਗੋਡ ਵਿਚ ਕੁਝ ਨਹੀਂ ਸੀ ਆਉਂਦਾ। ਉਹ ਵੀ ਕਿਸੇ ਨਾਲ ਕੋਈ ਬੋਲ ਸਾਂਝਾ ਨਹੀਂ ਸੀ ਕਰ ਰਹੇ। ਉਂਜ ਆਂਢੀ-ਗੁਆਂਢੀ ਕੰਨ ਖੜ੍ਹੇ ਕਰ ਕਰ, ਸੂਹਾਂ ਜ਼ਰੂਰ ਲੈਂਦੇ। ਕਲਪਨਾ ਦੇ ਘੋੜੇ ਭਜਾਉਂਦੇ। ਆਂਢੀ-ਗੁਆਂਢੀ ਇਸ ਵਿਹੜੇ ਦੀ ਭੇਤਪੂਰਨ ਭੱਜ-ਦੌੜ ਤੋਂ ਹੈਰਾਨ ਸਨ ਅਤੇ ਵੱਡੇ ਚੁੱਪ-ਚੁਪੀਤੇ ਬੀਬੀ ਦੇ ਆ ਟਿਕਣ 'ਤੇ ਪਸ਼ੇਮਾਨ।

"ਤੈਂ ਈ ਹਾਮੀ ਓਟ ਤੀ-ਉਂਈਂ ਨਵਾਂ ਟੰਟਾ ਖੜ੍ਹਾ ਕਰ ਮਾਰਿਆ-ਅੱਗੋਂ ਦਿਨ ਤਾਂ..." ਹਰਬੰਸ ਸਿੰਘ ਨੇ ਮਨ ਦੇ ਸਾਰੇ ਖੂੰਜੇ ਹੂੰਝ-ਹੰਗਾਲ ਕੋਈ ਸਿਰਾ ਹੱਥ ਨਾ ਆਉਣ 'ਤੇ ਆਪਣੀ ਘਰਵਾਲੀ ਨੂੰ ਸਹਿੰਦਾ ਸਹਿੰਦਾ ਘੂਰਿਆ।

"ਮੈਂ ਹਾਮੀ ਓਟ ਤੀ? ਮੈਂ? ਮੈਨੂੰ ਏਨੀ ਕੱਚੀ ਜਾਣਦੇ ਓ! ਏਹ ਤਾਂ ਓਸ ਰੰਡੀ ਦੀ ਡੂੰਘੀ ਚਾਲ ਐ-ਭੇਤ ਕੱਢਣ ਦੀ। ਏਹ ਫੌਜਣ ਓਨੀ ਉਤੇ ਨੀ ਜਿੰਨੀ ਜ਼ਮੀਨ 'ਚ ਆ। ਮੈਂ ਭੁੱਲੀ ਆਂ।"

ਮੁਖਤਾਰ ਕੌਰ ਭੜਕ ਉਠੀ।

ਦੋਹੇਂ ਜੀਅ ਸਭ ਉਚਾਣਾਂ, ਨਿਵਾਣਾਂ, ਹੇਲ-ਮੇਲ ਨਾਲ ਨਿਭਦੇ ਆਏ ਸਨ। ਮੁਖਤਾਰ ਕੌਰ ਨੇ ਤਾਂ ਉਦੋਂ ਵੀ ਧੂੰਆਂ ਬਾਹਰ ਨਹੀਂ ਸੀ ਕੱਢਿਆ ਜਦੋਂ ਹਰਬੰਸ ਸਿੰਘ ਨੇ ਗੋਹਾ ਕੂੜਾ ਕਰਦੀ ਦੀਪੋ ਦੀ ਜਵਾਨ ਕੁਆਰੀ ਧੀ ਰੱਜੀ ਨੂੰ ਹਮਲ ਠਹਿਰਾ ਦਿੱਤਾ। ਉਸ ਨੇ ਘਰ ਦੀ ਇੱਜ਼ਤ ਨੂੰ ਬਲਦੇ ਸੀਨੇ 'ਚ ਸਾਂਭ 'ਸਭ ਬੰਦੋਬਸਤ' ਆਪਣੀ ਦੇਖ-ਰੇਖ 'ਚ ਕਰਵਾਇਆ ਸੀ-ਮੋਟਾ ਲੈਣ ਦੇਣ...।

ਮੁਖਤਾਰ ਕੌਰ ਅਨਪੜ੍ਹ ਜ਼ਰੂਰ ਸੀ ਪਰ ਘਰ ਗ੍ਰਹਿਸਥੀ ਵਿਚ, ਲਾਭ ਹਾਣ ਵਿਚ, ਕਾਰ-ਵਿਹਾਰ ਵਿਚ, ਦੁਨੀਆਂਦਾਰੀ ਵਿਚ ਪੁੱਜ ਕੇ ਤਾਕ। ਜੇ ਆਪਣੀਆਂ ਜਵਾਨ ਹੋ ਰਹੀਆਂ ਧੀਆਂ ਵਰਨੀਆਂ ਵਿਆਹੁਣੀਆਂ ਨੇ...ਨੱਕ-ਨਮੂਜ ਰੱਖਣਾ ਏ ਤਾਂ ਏਨੀ ਨਿੱਕੀ ਜਿਹੀ ਗੱਲ ਪਿੱਛੇ ਬਖੇੜਾ ਕਾਹਦਾ?...ਤੇ ਉਸ ਚਾਰੇ ਧੀਆਂ ਵਾਹ ਲਗਦੇ ਖਾਂਦੇ-ਪੀਂਦੇ ਘਰੀਂ ਵਿਆਹੀਆਂ। ਵੱਡੀਆਂ ਤਿੰਨੇ ਚੰਗੇ ਜ਼ਿਮੀਦਾਰ ਘਰੀਂ। ਜਦੋਂ ਵੀ ਚੱਜ ਦਾ ਸਾਕ ਮਿਲਿਆ, ਪੜ੍ਹਦੀ ਹਟਾਈ ਤੇ ਵਿਆਹ ਦਿੱਤੀ। ਸਭ ਤੋਂ ਛੋਟੀ ਪਰਮਜੀਤ ਉਦੋਂ ਮਾਰੂਤੀ ਵਰਕਸ਼ਾਪ ਲੱਗੇ ਪਰ ਬਾਹਰ ਜਾਣ ਲਈ ਕਾਹਲੇ ਦਸ ਪਾਸ ਮਕੈਨਿਕ ਨਾਲ-ਬੀ.ਏ. ਕਰਕੇ ਬੀ.ਐਡ. ਕਰਦੀ ਵਿਆਹ ਦਿੱਤੀ। ਵਿਆਹ ਕਰਵਾਉਣ ਪਿੱਛੋਂ ਕਾਗਜ਼ੀ ਕੁਆਰਾ ਬਣ ਚਰਨ ਸਿੰਘ ਮਾਂ-ਬਾਪ ਸਮੇਤ ਵੱਡੀ ਭੈਣ 'ਤੇ ਨਿਰਭਰ ਹੋਣ ਦੇ ਕਾਗਜ਼ੀਂ ਕੈਨੇਡਾ ਜਾ ਵੜਿਆ।

ਬੀਬੀ 'ਤੇ ਵੱਡੇ ਦੋਵੇਂ ਮਨੋਮਨੀ ਬੜੇ ਔਖੇ ਸਨ ਕਿ ਉਸ ਨੇ ਉਦੋਂ ਬਾਤ ਨਾ ਪੁੱਛੀ, ਜਦੋਂ ਉਨ੍ਹਾਂ ਨੂੰ ਲੋੜ ਸੀ। ਤੇ ਹੁਣ ਧੱਕੇ ਦੀ ਪ੍ਰਾਹੁਣੀ ਬਣ ਬੈਠੀ ਸੀ।...ਉਦੋਂ ਜਵਾਨ ਧੀਆਂ ਵਿਹੜੇ ਬੈਠੀਆਂ ਵੇਖ ਮੁਖਤਾਰ ਕੌਰ ਦਹਿਲ ਜਾਂਦੀ। ਉਸ ਬੀਬੀ ਦੇ ਲੱਖ ਤਰਲੇ ਕੀਤੇ। ਵੱਡੇ ਲਿਫ਼ਦੇ ਵੀ ਰਹੇ ਪਰ ਬੀਬੀ ਅਟਿੱਕ, ਫੌਜਣ ਘਰ ਬੈਠੀ ਰਹੀ। ਮੰਨੀ ਨਾ। ਪਰ ਹੁਣ...।

ਪਰਮਜੀਤ ਦੇ ਪਤੀ ਚਰਨ ਸਿੰਘ ਦੇ ਕੈਨੇਡਾ ਜਾਣ ਨਾਲ ਈ ਵੱਡਿਆਂ ਦੇ ਘਰ ਦਾ ਰੰਗ-ਢੰਗ ਮੂਲੋਂ ਬਦਲ ਗਿਆ ਸੀ। ਉਹ ਉਠਦੇ ਬੈਠਦੇ ਬਾਹਰਲੀਆਂ ਗੱਲਾਂ ਕਰਦੇ। ਜਿਵੇਂ ਕੋਈ ਬਾਹਰਲੀ ਵਾਅ ਉਨ੍ਹਾਂ ਦੇ ਵਿਹੜੇ ਆਣ ਵੜੀ ਹੋਵੇ। ਹੁੱਬ-ਹੁੱਬ ਚਰਨ ਸਿੰਘ ਦੀ ਸਿਆਣਪ ਦੀਆਂ ਸਿਫ਼ਤਾਂ ਕਰਦੇ। ਚਾਵਾਂ ਨਾਲ ਉਸ ਦੇ ਰਿਸ਼ਤੇਦਾਰਾਂ ਨੂੰ ਅੱਗੇ ਹੋ ਹੋ ਮਿਲਦੇ। ਸਵਾ ਕੁ ਸਾਲ ਪਿੱਛੋਂ ਚਰਨ ਸਿੰਘ ਕੈਨੇਡਾ ਤੋਂ ਪੰਮੀ ਨੂੰ ਲੈਣ ਮੁੜਿਆ ਤਾਂ ਉਸ ਦੇ ਆਉਣ ਤੋਂ ਪਹਿਲਾਂ ਈ ਵਿਆਹ ਤੋਂ ਵੱਧ ਤਿਆਰੀਆਂ ਹੋਈਆਂ ਪਈਆਂ ਸਨ। ਨਵੇਂ



ਸੰਗਮਰਮਰੀ ਟਾਇਲਟ ਬਾਥਰੂਮ ਉਸਾਰੇ ਗਏ। ਫ਼ਰਸ਼ ਪੱਟ ਪੱਟ ਚਿਪਸਾਂ ਪਾਈਆਂ, ਮੂੰਹ ਹੱਥ ਧੋਣ ਲਈ ਵਾਸ਼ਬੇਸਿਨ ਫਿੱਟ ਕੀਤੇ ਗਏ। ਦਲਾਨ, ਬੈਠਕ, ਰਸੋਈ ਦੇ ਦਰਵਾਜ਼ਿਆਂ ਮੂਹਰੇ ਭੰਨ ਘੜ ਕਰ ਜਾਲੀਦਾਰ ਦਰਵਾਜ਼ੇ ਅੜਾਏ ਗਏ। ਮਿਲ ਮਿਲਾ ਕੇ ਲੰਬੀ ਲਾਈਨ ਖਿਚਾ ਫੋਨ ਲਗਵਾਇਆ ਗਿਆ। ਪੀ.ਸੀ.ਓ. 'ਤੇ ਕਾਹਨੂੰ ਘਰ ਦੀਆਂ ਗੱਲਾਂ ਹੁੰਦੀਆਂ ਨੇ! ਉਂਜ ਵੀ ਭਵਿੱਖ ਜਵਾਈ ਦੀ ਖਾਤਰ ਮਿਹਰ 'ਤੇ ਮੁਨੱਸਰ ਸੀ।

ਜਿੰਨੇ ਦਿਨ ਚਰਨ ਸਿੰਘ ਰਿਹਾ, ਸਾਰਾ ਟੱਬਰ ਤਾਬੇਦਾਰ ਰਿਹਾ। ਸੁੱਖਾਂ, ਸੇਵਾਵਾਂ, ਸਲਾਹੁਤਾਂ, ਖੁਸ਼ਾਮਦਾਂ ਸਮੇਤ। ਸਾਹਬੀ ਤਾਂ ਸਕੂਲ ਜਾਣਾ ਭੁੱਲ ਜੀਜਾ ਜੀ ਜੀਜਾ ਜੀ ਜਪਦਾ ਨਾ ਥੱਕਦਾ। ਮੁਖਤਾਰ ਕੌਰ ਸ਼ਹਿਦ ਭਿੱਜੇ ਬੋਲੀਂ ਵਲੈਤੀ ਜਵਾਈ ਦੀ ਲਿਫ਼ ਲਿਫ਼ ਸੇਵਾ ਕਰਦੀ। ਸੋਹਲੇ ਗਾਉਂਦੀ। ਹੋਰ ਤਾਂ ਹੋਰ ਜਵਾਈ ਦੀ ਸੱਸ ਦੀ ਸੱਸ ਵੀ ਆਪਣੀ ਬੁੱਢੀ ਉਮਰੇ, ਬੀਮਾਰੀਆਂ ਮਾਰੇ ਜੁੱਸੇ ਨੂੰ ਧੂ-ਘੜੀਸ ਪੋਤ-ਜਵਾਈ ਦੀ ਖੁਸ਼ਾਮਦ ਦੇ ਹੀਲੇ ਕਰਦੀ ਰਹਿੰਦੀ।

ਬੀਬੀ ਨੂੰ ਪੋਤ-ਜਵਾਈ ਦੇ ਬਾਹਰਲੇ ਕਿੱਸੇ ਕਹਾਣੀਆਂ ਸੁਣਨ ਦਾ ਬਹੁਤ ਚਾਅ ਹੁੰਦਾ। ਉਹ ਕੈਨੇਡਾ ਦੀਆਂ ਪਰੀ ਕਹਾਣੀਆਂ ਵਰਗੀਆਂ ਬਾਤਾਂ ਸੁਣਦੀ ਅੰਦਰੋਂ ਝੂਮ ਉਠਦੀ।

"ਮੰਮੀ ਤੁਸੀਂ ਆਪ ਵੇਖਿਓ, ਕੈਨੇਡਾ ਦੀਆਂ ਸੜਕਾਂ ਔਹ ਬੰਬੀ ਤੀਕ ਚੌੜੀਆਂ..." ਉਹ ਜਲੌਅ ਭਰੇ ਮਾਣ ਨਾਲ ਨਿਆਈਂ 'ਚ ਲੱਗੀ ਫੌਜਣ ਦੀ ਬੰਬੀ ਵੱਲ ਇਸ਼ਾਰਾ ਕਰਦਾ। "ਕਾਰਾਂ ਈ ਕਾਰਾਂ। ਲਾਈਨਾਂ ਲੱਗੀਆਂ। ਨਾ ਭੀੜ ਭੜੱਕਾ। ਨਾ ਜ਼ੋਰ ਧੱਕਾ। ਕਾਨੂੰਨ ਦਾ ਰਾਜ ਆ। ਮਜਾਲ ਕੀ ਕੋਈ ਕੁਸਕੇ-ਚਾਹੇ ਪ੍ਰਧਾਨ ਮੰਤਰੀ ਦਾ ਪੁੱਤ ਕਿਉਂ ਨਾ ਹੋਵੇ..." ਸਾਲ ਸਵਾ ਸਾਲ 'ਚ ਹੀ ਚਰਨ ਸਿੰਘ ਕੈਨੇਡਾ ਦੇ ਸਵਰਗੀ ਝੂਟਿਆਂ ਨਾਲ ਕੀਲਿਆ ਗਿਆ।

"...ਊਂ ਕੰਮ ਤੁੰਨ ਕੇ ਲੈਂਦੇ ਆ ਗੋਰੇ...ਕੋਈ ਰਿਐਤ ਨੀਂ...ਏਥੇ ਵਾਂਗ ਨਹੀਂ...ਵਿਹਲੀਆਂ ਧਾੜਾਂ...ਬੱਸ ਵੀਕ ਐਂਡ 'ਤੇ ਮਸਾਂ ਨੀਂਦ ਪੂਰੀ ਕਰੀਦੀ ਐ। ਬਾਕੀ ਤਾਂ ਚਲੋ ਸੋ ਚਲ...।"

"ਬੋੜ੍ਹਾ ਮਾੜਾ ਨੀ ਹੋ ਗਿਆ ਚਰਨ ਸਿੰਆਂ?" ਬੀਬੀ ਹੇਜ ਜਤਾਉਣ ਦਾ ਮੌਕਾ ਸਾਂਭਦੀ।

"ਲੈ ਬੀਬੀ! 'ਕੱਲੇ ਬੰਦੇ ਨੂੰ ਭੱਜ-ਦੌੜ ਕਿੰਨੀ ਹੁੰਦੀ ਐ।" ਮੁਖਤਾਰ ਕੌਰ ਰਾਂਗਲੇ ਭਵਿੱਖ ਦੇ ਸੁਪਨੇ ਸਾਂਭਦਿਆਂ ਅਪਣੱਤ ਜਤਾਉਂਦੀ।

"ਕੋਈ ਦਖਲ ਨੀ ਦਿੰਦੇ ਕਿਸੇ ਦੇ, ਜੋ ਮਰਜ਼ੀ, ਜਿੱਥੇ ਮਰਜ਼ੀ...। ਇੱਥੇ ਹਰ ਕੋਈ ਦੂਜੇ ਦੇ ਕੰਮਾਂ 'ਚ ਟੰਗ ਅੜਾਈ ਰੱਖਦੈ। ਬੀਬੀ! ਸਭ ਦਵਾ ਦਾਰੂ ਫਰੀ। ਫੋਨ ਖੜਕਾਓ, ਘਰੋਂ ਆ ਕੇ ਐਂਬੂਲੈਂਸ ਲੈ ਜਾਂਦੀ ਐ। ਮਹੀਨੇ ਦੇ ਮਹੀਨੇ ਸਭ ਬੁੱਢਿਆਂ ਨੂੰ ਪੈਨਸ਼ਨ। ਕਿਉਂ ਹੈ ਨਾ ਮੌਜਾਂ ਬੀਬੀ?" ਉਹ ਹੱਸਦਿਆਂ ਬੀਬੀ ਦੇ ਦੁਖਦੇ ਗੋਡੇ 'ਤੇ ਥੱਪਕੀ ਮਾਰਦਾ। ਘੁੱਟਦੀ ਕਸੀਸ ਵੱਟਦੀ ਬੀਬੀ ਗੋਡੇ ਨੂੰ ਸਹਿਲਾਉਣੋਂ ਝਕਦੀ ਰਹਿੰਦੀ। ਪਤਾ ਨਹੀਂ ਖੁਸ਼ੀ ਨਾਲ ਜਾਂ ਥੱਕੇ ਅਹੁਰ ਕਰਕੇ ਮੋਟੀਆਂ ਐਨਕਾਂ ਲਾਹ, ਖੱਬੀ ਅੱਖ 'ਚੋਂ ਵਗਦੇ ਪਾਣੀ ਨੂੰ ਸੁਕਾਉਂਦੀ ਬੀਬੀ ਗਿਲਾ ਕਰਦੀ, "ਏਥੇ ਟੁੱਟ ਪੈਣੇ ਭੁੱਖੜ ਡਾਕਟਰ ਫੀਸਾਂ ਨਾਲ ਨਹੀਂ ਰੱਜਦੇ। ਸਾਰਾ ਠੇਕਾ ਡਾਕਟਰਾਂ ਦੀਆਂ ਦਵਾਈਆਂ ਮੂੰਹ ਉਜੜ ਜਾਂਦੈ, ਧੱਕੇ ਮੁਫ਼ਤ ਦੇ। ਏਹ ਮੁਲਕ ਤਾਂ...।"

"ਓਥੇ ਤਾਂ ਨਾ ਧੂੜ ਨਾ ਧੂੰਆਂ, ਏਥੇ ਤਾਂ ਉਂਈਂ...ਮੂੰਹ ਸਿਰ ਭਰੇ ਰਹਿੰਦੇ ਨੇ।" ਚਰਨ ਸਿੰਘ ਸਾਰੇ ਟੱਬਰ ਮੂਹਰੇ ਤਲਿਸਮੀ ਸੰਸਾਰ ਦੇ ਸੁਪਨੇ ਬਖੇਰਦਾ ਰਹਿੰਦਾ।

"ਆਪਣੇ ਮੰਮੀ ਭਾਪੇ ਦੀ ਸੁਣਾ, ਜੀ ਲੱਗਾ ਐ?" ਇਕ ਦਿਨ ਬੀਬੀ ਨੇ ਕਿਸੇ ਅੰਦਰਲੇ ਤੌਖਲੇ ਦੀ ਥਹੁ ਲੈਣੀ ਚਾਹੀ।

"ਲੈ ਔਠੋ ਔਠ। ਐਸ਼ ਕਰਦੇ ਆ। ਸਿਹਤ ਬਣਗੀ ਮੰਮੀ ਦੀ ਬੀਫ ਛਕਦਿਆਂ। ਥੋੜ੍ਹੀ ਦਿਲ ਦੀ ਕਸਰ ਹੋ ਗਈ ਪਰ ਅਗਲਿਆਂ ਝੱਟ ਅਪਰੇਸ਼ਨ ਕਰ'ਤਾ। ਹੁਣ ਰਾਜ਼ੀ ਬਾਜ਼ੀ ਨੇ। ਊਂ ਵਿਹਲਾ ਨੀ ਕੋਈ ਬਹਿੰਦਾ। ਸ਼ਹਿਰੋਂ ਬਾਹਰ ਬਾਗ ਆ, ਉਥੇ ਕੰਮ 'ਤੇ ਜਾਂਦੇ ਆ...ਬੇਰ ਵਰਗਾ ਫ਼ਲ ਆ। ਉਥੇ ਉਹ ਤੋੜਦੇ ਨੇ। ਕੰਡੇ ਨਹੀਂ ਉਹਦੇ। ਲਾਲ ਸੁਰਖ, ਮਿੱਠਾ, ਬੜਾ ਜ਼ਾਇਕੇਦਾਰ। ਬੱਸ ਤੋੜੀ ਜਾਂਦੇ ਆ। ਟੋਕਰੀਆਂ ਭਰ ਭਰ, ਡਾਲੇ ਕਮਾਈ ਜਾਂਦੇ ਆ। ਐਸ਼ ਕਰਦੇ ਆ।"

ਬੇਰ! ਬੇਰ ਤੋੜਨਾ, ਇਹ ਕਿਹੜਾ ਔਖੈ। ਬੀਬੀ ਸੋਚਣ ਲੱਗੀ। ਏਥੇ ਮਿਰਚਾਂ ਤੋੜਦਿਆਂ ਹੱਥ ਪੈਰ ਸਾੜ ਲਏ ਸਾਰੀ ਉਮਰ। ਜੇ ਕਿਤੇ ਹੱਥ ਮੂੰਹ ਨੂੰ ਲੱਗ ਜੇ ਭੁੱਲ ਭੁਲੇਖੇ ਤਾਂ ਸੜੂੰ ਸੜੂੰ ਈ...ਬੇਰ ਵਰਗਾ, ਨਾਲੇ ਕੰਡੇ ਨੀ...।

ਉਨ੍ਹੀਂ ਦਿਨੀਂ ਹੀ ਬੀਬੀ ਲਈ ਵਰਤਮਾਨ ਅਣਸੁਖਾਵਾਂ ਬਣਨ ਲੱਗਾ। ਲੰਮੇ ਮੁਸ਼ੱਕਤਾਂ ਭਰੇ ਰਸਹੀਣ ਕੰਮਾਂ ਲੱਦੇ ਜੀਵਨ ਸਫ਼ਰ ਵਿਚ ਉਸ ਕੋਲ ਏਨਾ ਵਕਤ ਈ ਕਿਥੇ ਸੀ। ਨਾ ਕੋਈ ਚਿਣਗ ਨਾ ਉਮੀਦ। ਬਸ ਕੰਮ ਤੇ ਸਿਰਫ ਕੰਮ, ਤੇ ਰੋਟੀ ਪਾਣੀ। ਕੰਮਾਂ ਦੱਬੀ ਜ਼ਿੰਦਗੀ ਵਿਚ ਬੀਬੀ ਕੋਲ ਉਦੋਂ ਨਾ ਕੋਈ ਪੀੜਾ ਸੀ, ਨਾ ਪ੍ਰੇਸ਼ਾਨੀ, ਨਾ ਕੋਈ ਘਾਟ ਸੀ, ਨਾ ਖੁੱਲ੍ਹ, ਨਾ ਬੀਮਾਰੀ ਸੀ, ਨਾ ਦਵਾ। ਪਰ ਹੁਣ ਬੁੱਢੀ ਉਮਰੇ ਉਹ ਕਈ ਜ਼ਖਮ ਹਿਰਦੇ ਵਿਚ ਸਾਂਭੀ ਬੈਠੀ ਸੀ ਜੋ ਆਨੇ ਬਹਾਨੇ ਰਿਸ ਪੈਂਦੇ। ਵਿਹਲ ਤੇ ਖੁੱਲ੍ਹ ਨੇ ਖਾਂਦੀ ਪੀਂਦੀ ਬੀਬੀ ਨੂੰ ਬੇਚੈਨ ਕਰ ਮਾਰਿਆ। ਘਰ ਦੇ ਸਭਨਾਂ ਜੀਆਂ ਦੇ ਜੀਵਨ ਵਿਚ ਨਵੀਂ ਹਲਚਲ ਮਚਾ, ਨਵੇਂ ਨਕੋਰ ਜਾਦੂਈ ਸੁਪਨੇ ਵਿਖਾ, ਹੱਸਦਿਆਂ ਖੇਡਦਿਆਂ ਲਾਰੇ ਲਾ ਚਰਨ ਸਿੰਘ ਪੰਮੀ ਨੂੰ ਲੈ ਕੇ ਉਡ ਗਿਆ। ਪਰ ਪਿੱਛੇ ਮੁੜ ਸਭ ਕੁਝ ਸਹਿਜ ਨਾ ਹੋ ਸਕਿਆ। ਨਾ ਵੱਡਿਆਂ ਲਈ, ਨਾ ਬੀਬੀ ਲਈ। ਨਵੀਂ ਹਿਲਜੁਲ ਸਦਕਾ ਘਰ ਦੇ ਡੋਲੇ ਤਵਾਜ਼ਨ ਨੇ ਕੱਚੇ ਖੋਰਨੇ ਸ਼ੁਰੂ ਕਰ ਦਿੱਤੇ।

ਜਿਸ ਦਿਨ ਬੀਬੀ ਵੱਡਿਆਂ ਦੇ ਘਰ ਗਈ ਮੁੜ ਸ਼ਾਮ ਤੱਕ ਨਾ ਪਰਤੀ ਤਾਂ ਰਾਤੀਂ ਖੋ-ਪੀਏ ਫੌਜਣ ਦਾ ਕਾਕਾ ਭਿੰਦਾ ਬੀਬੀ ਨੂੰ ਸੱਦਣ ਗਿਆ ਪਰ ਬੀਬੀ ਨੇ ਆਈ ਗਈ ਕਰ ਛੱਡੀ। ਹੁਣ ਤੱਕ ਨਾ ਕਦੇ ਬੀਬੀ 'ਕੱਲੀ ਸੁੱਤੀ ਸੀ, ਨਾ ਕਦੇ ਭਿੰਦਾ। ਓੜਕ ਉਡੀਕ ਉਡੀਕ ਥੱਕ-ਹਾਰ ਭਿੰਦਾ ਆਪਣੇ ਮੰਜੇ ਤੋਂ ਰਜਾਈ ਪਰ੍ਹੇ ਧੱਕਦਿਆਂ ਮੰਮੀ ਦੇ ਮੰਜੇ 'ਤੇ ਜਾ ਡੁਸਕਿਆ, "ਮੰਮੀ! ਬੀਬੀ ਆਪਾਂ ਨਾ ਰੁੱਸ ਕਿਉਂ ਗਈ?" ਭਿੰਦੇ ਨੇ ਹਟਕੋਰੇ ਵਰਗੀ ਕੰਬਦੀ ਡੋਲਦੀ ਆਵਾਜ਼ 'ਚ ਮੰਮੀ ਪੁੱਛਿਆ। ਮੰਮੀ ਕੋਲ ਇਸ ਸਵਾਲ ਦਾ ਕੋਈ ਜੁਆਬ ਨਹੀਂ ਸੀ।

"ਸੌਂ ਜਾ ਮੇਰਾ ਛਿੰਦਾ ਪੁੱਤ।" ਉਸ ਅੰਦਰਲੀ ਚੀਸ ਨੂੰ ਨੱਪਦਿਆਂ ਭਿੰਦੇ ਨੂੰ ਹਿੱਕ ਨਾਲ ਲਾਇਆ। ਭਿੰਦੇ ਤੋਂ ਵੱਡੀ ਮਨੀ ਵੀ ਹਰਾਸੀ ਉਦਾਸੀ ਪਈ ਸੀ ਤੇ ਰਜਾਈ ਵਿਚ ਅੱਧ ਲੇਟੀ ਅੰਗਰੇਜ਼ੀ ਦੀ ਕਾਪੀ ਵਿਚੋਂ ਫੀਸ ਮੁਆਫ਼ੀ ਦੀ ਅਰਜ਼ੀ ਨੂੰ ਰੱਟਾ ਲਾ ਰਹੀ ਸੀ। "ਤੂੰ ਵੀ ਸੌਂ ਜਾ ਮਨੀ। ਬੱਤੀ ਬੁੱਝਾ ਕੇ।" ਮਾਨੋ ਫੌਜਣ ਮਨਜੀਤ ਕੌਰ ਨੂੰ ਚਾਨਣ ਤੋਂ ਡਰ ਲੱਗਦਾ ਹੋਵੇ ਤੇ ਉਹ ਹਨੇਰੇ ਵਿਚ ਲੁਕ ਜਾਣਾ ਚਾਹੁੰਦੀ ਹੋਵੇ।

ਜਿਗਰੇ ਗੁਰਦੇ ਵਾਲੀ ਫੌਜਣ ਮਨਜੀਤ ਕੌਰ ਲਈ ਇਹ ਹੇਠੀ, ਇਹ ਨਮੋਸ਼ੀ ਅਸਹਿ ਸੀ। ਕੋਈ ਸਿਰਾ ਉਹਦੇ ਹੱਥ ਨਾ ਆਉਂਦਾ। ਸੇਵਾ, ਖਰਚ, ਮਾਣ ਕਦੇ ਕੋਈ ਕਸਰ ਉਸ ਨੇ ਛੱਡੀ ਨੀ ਸੀ। "ਆਖਰ ਖੁਨਾਮੀ ਕੀ ਹੋਈ?" ਉਸ ਦਾ ਰਹਿ ਰਹਿ ਕੇ ਗੱਚ ਭਰ ਆਉਂਦਾ। ਛਲਕਦੀਆਂ ਅੱਖਾਂ ਨੂੰ ਤਾਣ ਲਾ ਲਾ ਸਾਂਭਦੀ ਬੀਬੀ 'ਤੇ ਰਹਿ ਰਹਿ ਕੇ ਗੁੱਸਾ ਆਉਂਦਾ ਤੇ ਆਪਣੀ ਨਖੱਟੀ ਕਿਸਮਤ 'ਤੇ ਰੋਣਾ।

'ਜੇ ਏਵੇਂ ਅਧਵਾਟੇ ਛੱਡ ਜਾਣਾ ਸੀ ਤਾਂ...' ਉਸ ਤੁਰ ਗਏ ਫੌਜੀ ਨੂੰ ਰਾਤ ਦੇ ਹਨੇਰੇ ਵਿਚ ਦਿਲ-ਵਿੰਨ੍ਹਵਾਂ ਉਲਾਂਭਾ ਦਿੱਤਾ। ਅੰਦਰਲਾ ਵੇਗ ਲਾਵਾ ਬਣ ਫੁੱਟਿਆ ਤੇ ਉਹਨੂੰ ਜਾਪਿਆ, ਉਹ ਵੀ ਕਿਸੇ ਬਾਰੂਦੀ ਸੁਰੰਗ ਦੀ ਤੰਦੀ 'ਤੇ ਆ ਢੁੱਕੀ ਹੋਵੇ।

...ਲਿਟੇ ਬਾਗੀਆਂ ਦੀ ਵਿਛਾਈ ਬਾਰੂਦੀ ਸੁਰੰਗ। ਸ੍ਰੀਲੰਕਾ ਵਿਚ ਲੜਦੀ ਭਾਰਤੀ ਫੌਜ-ਅਹਿੰਸਾ ਦੇ ਪੁਜਾਰੀ ਮੁਲਕ ਦੀ ਦੂਸਰੇ ਮੁਲਕ ਲਈ ਅਹਿੰਸਕ ਜੰਗ। ਮਰਨੋਂ ਬਚ ਨਿਕਲਿਆ ਪਰ ਸੱਜੀ ਬਾਹੋਂ ਟੁੰਡਾ ਹੋਇਆ ਫੌਜੀ ਘਰ ਪਰਤਿਆ। ਮੁਲਕ ਨੂੰ ਸਾਲਮ ਸਬੂਤੇ ਬੰਦੇ ਚਾਹੀਦੇ ਨੇ, ਕੰਡਮ ਘਰਾਂ ਨੂੰ। ਵੱਡੇ ਨੇ ਲੜ-ਭਿੜ ਕੇ ਵਾਹੀ ਅੱਡ ਕਰਾ ਲਈ। ਕਿਹੜਾ ਸ਼ਰੀਕੇ ਦਾ ਬੋਝ ਚੁੱਕੇ! ਪਰ ਫੌਜੀ ਹਾਰੀ ਮਿੱਟੀ ਦਾ ਬਣਿਆ ਹੋਇਆ ਨਹੀਂ ਸੀ। ਪਿਉ ਦੇ ਹੌਸਲੇ ਅਤੇ ਆਪਣੀ ਮਿਹਨਤ ਦੇ ਬਲਬੂਤੇ ਉਸ ਨੇ ਘਰ ਦਾ ਕਾਰੋਬਾਰ ਤੋਰ ਲਿਆ। ਪਰਾਏ ਮੁਲਕ ਦੀਆਂ ਅਣਜਾਣ ਸੁਰੰਗਾਂ 'ਚੋਂ ਬਚ ਨਿਕਲੇ ਫੌਜੀ ਨੂੰ ਜਮਦੂਤ ਉਸ ਦੇ ਘਰੇ ਆ ਟੱਕਰੇ। ਬੰਦੂਕ ਲੈਣ ਆਇਆ ਧਾੜਵੀ ਗ੍ਰੋਹ ਉਸ ਨੂੰ ਘਰੇ ਚਿੱਤ ਕਰ ਗਿਆ। ਸਭ ਜੀਆਂ ਦੀਆਂ ਮਿੰਨਤਾਂ ਤਰਲਿਆਂ ਦੀ ਸੰਘੀ ਘੁੱਟ, ਫੌਜੀ ਦੇ ਟੁੰਡ ਵਿਖਾ ਇਹ ਮਨਾਉਣ ਦੇ ਬਾਵਜੂਦ ਕਿ ਬੰਦੂਕ ਠਾਣੇ ਜਮ੍ਹਾਂ ਕਰਾ'ਤੀ। ਬੇਗਾਨੀਆਂ ਬਾਰੂਦੀ ਸੁਰੰਗਾਂ 'ਚ ਝਕਾਨੀ ਦੇ ਬਚੇ ਫੌਜੀ ਨੂੰ ਆਪਣੇ ਘਰ ਆਪਣੇ ਧਾੜਵੀ...।

ਬਜ਼ੁਰਗ ਕਰਮ ਸਿੰਘ ਕੋਲੋਂ ਪੁੱਤ ਦਾ ਸਿਵਾ ਬਾਲਣਾ ਝੱਲਿਆ ਨਾ ਗਿਆ ਤੇ ਮੌਤ ਨੂੰ ਆਵਾਜ਼ਾਂ ਮਾਰਦਾ ਉਹ ਤੀਜੇ ਮਹੀਨੇ ਹੀ ਤੁਰ ਗਿਆ।

ਪਿੱਛੇ ਫੌਜਣ ਮਨਜੀਤ ਕੌਰ ਤੇ ਬੀਬੀ ਦੋਵੇਂ ਵਿਧਵਾ, ਰਲ ਮਿਲ ਰੰਡੇਪਾ ਕੱਟਣ ਲਈ ਟੁੱਟੇ-ਸੜੇ ਮਨੀਂ ਉਜੜੇ ਸੰਸਾਰ ਨਾਲ ਦਸਤਪੰਜਾ ਲੈਂਦੀਆਂ ਰਹੀਆਂ। ਦੋਨੋਂ ਨਿੱਕੇ ਬਾਲ ਉਨ੍ਹਾਂ ਦਾ ਫਿਕਰ ਵੀ ਬਣੇ, ਢਾਰਸ ਵੀ ਅਤੇ ਉਮੀਦ ਵੀ। ਬੀਬੀ ਦੀ ਥਾਂ ਤਾਂ ਮਨਜੀਤ ਕੌਰ ਨੇ ਲੈ ਲਈ। ਇਸ ਸੜਦੇ ਭੁਜਦੇ ਮਾਹੌਲ ਵਿਚ 'ਕੱਲੀ ਕਲੋਟੀ ਬੱਦਲੀ ਹਾਰ ਰਹੀ ਸੀ। ਸਿਆਣੀ ਬਿਆਣੀ ਜਾਣਦੀ ਬੁੱਢਦੀ ਬੀਬੀ ਨੂੰ ਹੁਣ ਇਹ ਕੀ ਸੁੱਝੀ?

ਏਧਰ ਵਿਧਵਾ ਫੌਜਣ ਦੋਨੋਂ ਬੱਚਿਆਂ ਨੂੰ ਵਰਾਉਂਦੀ ਪਰਚਾਉਂਦੀ ਨਵੇਂ ਜ਼ਖ਼ਮਾਂ ਦੀ ਪੀੜ ਅਤੇ ਨਮੋਸ਼ੀ ਹੱਥੋਂ ਤੜਫਦੀ ਰਹੀ। ਉਧਰ ਵੱਡਿਆਂ ਦੇ ਘਰ ਚੁੱਭਵੀਂ ਚੁੱਪ ਘੁਟਣ ਸਾਰੀ ਫ਼ਿਜ਼ਾ 'ਤੇ ਭਾਰੂ ਹੁੰਦੀ ਗਈ। ਦੋਹੇਂ ਟੱਬਰ ਆਪੋ ਆਪਣੀ ਬਿਪਤਾ ਕਰਕੇ ਪਰੇਸ਼ਾਨ ਸਨ ਪਰ ਬੀਬੀ ਖੁਸ਼ ਸੀ। ਹੁਣ ਉਹ ਗੇਟ ਤਕ ਚੱਕਰ ਮਾਰਦੀ। ਗੋਡਿਆਂ 'ਤੇ ਤੇਲ ਮਲਦੀ, ਮਾਲਿਸ਼ ਕਰਦੀ। ਧੁੱਪੇ ਦਾਨੀਆਂ ਔਰਤਾਂ ਵਾਂਗ ਬਣ ਬਣ ਬੈਠਦੀ। ਆਏ ਗਏ ਨਾਲ ਹੱਸ ਹੱਸ ਹੁੱਬ ਹੁੱਬ ਗੱਲਾਂ ਕਰਦੀ। ਕੰਬਵੀਂ ਸ਼ਾਨ ਅਤੇ ਠਾਠ ਉਹਦੇ ਬੋਲਾਂ 'ਚ ਗੂੰਜਦੀ। ਹੁਣ ਉਹ ਕਦੇ ਗੋਡਿਆਂ ਦੇ ਦਰਦ ਜਾਂ ਅੱਖਾਂ ਦੀ ਰੜਕ ਦਾ ਰੋਣਾ ਨਾ ਰੋਂਦੀ। ਜੇ ਕੋਈ ਆਇਆ ਗਿਆ ਹਮਦਰਦੀ ਵਜੋਂ ਪੁੱਛ ਲੈਂਦਾ ਤਾਂ, "ਲੈ ਮੈਨੂੰ ਕੀ ਹੋਇਐ। ਚੰਗੀ ਭਲੀ ਆਂ" ਆਖ ਉਹ ਅਗਲੇ ਨੂੰ ਠਿੱਠ ਜਿਹਾ ਕਰ ਦਿੰਦੀ। ਇਕ ਅੱਧ ਵਾਰੀ ਵੱਡੀ ਨੂੰਹ ਨੇ ਟੇਢੇ ਢੰਗ ਨਾਲ ਗੱਲੀਂ ਬਾਤੀਂ ਪੁੱਛਿਆ ਵੀ ਕਿ ਉਹਦਾ ਹੁਣ ਕੀ ਪ੍ਰੋਗਰਾਮ ਐ? ਪਰ ਬੀਬੀ ਧੁਨ ਦੀ ਪੱਕੀ ਸੀ, 'ਅਖੇ ਮੇਰਾ ਕੋਈ ਵੱਖਰਾ ਬਣਨੈ, ਤੁਹਾਡੇ ਨਾਲ ਈ ਆਂ ਕਿ...' ਅੱਗੇ ਗੱਲ ਵਧਾਉਣ ਦੇ ਡਰੋਂ ਸਿਆਣੀ ਨੂੰਹ ਚੁੱਪ ਕਰ ਜਾਂਦੀ। ਬੀਬੀ ਏਨੀ ਕੁ ਗੱਲ ਨੂੰ ਪੂਰੀ ਸਹਿਮਤੀ ਸਮਝ ਖੁਸ਼ ਹੋ ਜਾਂਦੀ ਤੇ ਨੂੰਹ ਪੁੱਤ ਆਪਸ ਵਿਚ ਖਿਝਦੇ ਬਹਿੰਦੇ।

ਹਰਬੰਸ ਸਿੰਘ ਦਾ ਟੱਬਰ ਇਨ੍ਹੀਂ ਦਿਨੀਂ ਪੂਰਾ ਰੁੱਝਿਆ ਹੋਇਆ ਸੀ। ਉਹ ਬੀਬੀ ਨੂੰ ਘਰ ਸੰਭਾਲ ਨਿੱਤ ਸ਼ਹਿਰ ਜਾਂਦੇ। ਭੇਤ ਭਰੇ ਢੰਗ ਨਾਲ ਸਲਾਹਾਂ ਕਰਦੇ। ਬੀਬੀ ਉਨ੍ਹਾਂ ਨੂੰ ਬਿਹਬਲ ਹੋ ਉਡੀਕਦੀ। ਕੁਝ ਦਿਨ ਪਹਿਲਾਂ ਜਦੋਂ ਦੋ ਮੋਟੇ ਮੋਟੇ, ਉਤੋਂ ਹਰੇ ਥੱਲਿਉਂ ਟਾਈਪ ਕੀਤੇ ਕਾਗਜ਼ ਹਰਬੰਸ ਸਿੰਘ ਨੇ ਬੀਬੀ ਨੂੰ ਦਸਤਖ਼ਤਾਂ ਲਈ ਦਿੱਤੇ ਸਨ ਤਾਂ ਬੀਬੀ ਦਾ ਜੀ-ਜਾਨ ਖਿੜ-ਪੁੜ ਉਠਿਆ ਸੀ। ਮੰਜੇ ਤੋਂ ਗਿੱਠ ਗਿੱਠ ਉਚਾ ਹੁੰਦਿਆਂ, ਉਮਲਦੇ ਚਾਅ ਨੂੰ ਮਸੀਂ ਮਸੀਂ ਰੋਕਦਿਆਂ ਉਸ ਬੱਚੇ ਦੇ ਧੁੰਦਲ 'ਤੇ ਪੂਰਨੇ ਪਾਉਣ ਵਾਂਗ ਮੋਟਾ ਠੁੱਲ੍ਹਾ 'ਭਗਵਾਨ ਕੁਰ' ਲਿਖਦਿਆਂ ਮਨੋ ਮਨੀ ਪੁੱਤ ਨੂੰਹ ਨੂੰ ਏਡੀਆਂ ਵੱਡੀਆਂ ਅਸੀਸਾਂ ਦਿੱਤੀਆਂ ਕਿ ਉਹ ਦੇ ਹੰਝੂ ਵਹਿ ਤੁਰੇ। ਐਨਕ ਲਾਹ ਉਸ ਚੁੰਨੀ ਨਾਲ ਹੰਝੂ ਬਾਏ ਸੋਖ ਲਏ। ਕਾਗਜ਼ਾਂ ਦੀ ਪੂਣੀ ਵੱਟਦਿਆਂ ਹਰਬੰਸ ਸਿੰਘ ਨਿੱਕੇ ਭਰਾ ਕੁਲਵੰਤ ਸਿੰਘ ਦੇ ਵਿਹੜੇ ਵੱਲ ਤੱਕਦਿਆਂ ਮਨੋਮਨੀ ਕਹਿ ਉਠਿਆ, 'ਫੜ ਲਈਂ ਫੌਜਣੇ ਠੁਣ-ਠੁਣ ਗੋਪਾਲ।' ਤੇ ਬੀਬੀ ਕਿਸੇ ਅਗੰਮੀ ਖੁਸ਼ੀ 'ਚ ਆਕਾਸ਼ 'ਤੇ ਉਡੀ ਫਿਰਦੀ ਸਵਰਗ ਦੇ ਝੂਟੇ ਲੈ ਰਹੀ ਸੀ। ਉਹਦੀ ਜਾਣੇ ਬਲਾ!

ਬੀਬੀ ਦੇ ਮਨ ਵਿਚ ਪਾਸਪੋਰਟ ਦੀ ਕਾਪੀ ਦਾ ਤੌਖਲਾ ਕਈ ਵਾਰੀ ਆਇਆ। ਉਸ ਨੇ ਕਈ ਵਾਰੀ ਗੱਲ ਤੋਰੀ ਪਰ ਮਨ ਦੀਆਂ ਬੁੱਝੀ ਬੈਠੀ ਵੱਡੀ ਅੱਗਾ ਵਲਾਅ ਗੱਲ ਘੱਟੇ ਕੌਡੀ ਰਲਾ ਛੱਡਦੀ। ਬੀਬੀ ਨਿੱਤ ਦਿਨ ਅੱਧ ਸੁੱਤੀ ਅੱਧ ਜਾਗਦੀ, ਨਵੀਂ ਉਧੇੜ-ਬੁਣ ਵਿਚ ਉਲਝੀ ਰਹਿੰਦੀ। ਜਹਾਜ਼ੀਂ ਝੂਟੇ ਲੈਂਦੀ ਉਹ ਸੋਚਦੀ, 'ਉਲਟੀ ਤਾਂ ਨਾ ਆਊ? ਚੱਲ ਦਵਾ ਦੇਣਗੇ ਈ, ਹਰਬੰਸ ਸੂੰਹ ਨੂੰ ਆਖੂੰ, ਗੋਲੀਆਂ ਲੈਂਦਾ ਈ ਚੱਲੇ। ਬੇਰਾਂ ਦਾ ਕੀ ਆ ਏਥੇ ਕਿਹੜਾ ਘੱਟ ਖਪੀਦੈ, ਮਿਰਚਾਂ ਨਾਲੋਂ ਤਾਂ ਸੌਖਾ ਈ ਹੋਣੈ। ਕਿਹੜਾ ਕੰਡੇ ਆ। ਦਰਖ਼ਤ ਪਤਾ ਨੀ ਕਿੱਡੇ ਕਿੱਡੇ ਹੋਣ। ਚੱਲ ਕੋਈ ਨਾ ਚਰਨ ਸੂੰਹ ਕਹਿੰਦਾ ਸੀ, ਪੈਕਿੰਗ ਦਾ ਕੰਮ ਵੀ ਐ, ਉਹੀ ਲੈ ਲੂੰ...ਬੈਠੀ ਬੈਠੀ ਡੱਬੇ ਭਰੀ ਜਾਊਂ। ਕਰ-ਪੈਰ ਚਲਦੇ ਆ, ਕੇਹਾਂ ਸਫ਼ਰ ਕੀਤੈ। ਕਿੱਥੇ ਨਕੋਦਰ ਆ, ਵੀਹ ਆਰੀ ਤੁਰ ਕੇ ਗਈ ਆਂ, ਜਦੋਂ ਹਰਬੰਸ ਸੂੰਹ ਦਾ ਬਾਪੂ ਜੇਲ੍ਹ ਹੁੰਦਾ ਸੀ। ਏਹਨੂੰ ਕੁੱਛੜ ਚੁੱਕ ਕੇ ਹਕੀਮ ਤੋਂ ਦਵਾ ਲੈਣ। ਚਾਰ ਡਾਲੇ ਘੱਟ ਕਮਾ ਲਾਂਗੇ, ਆਪਾਂ ਬੋਝ ਨਹੀਂ ਬਣਨਾ ਕਿਸੇ 'ਤੇ। ਲੈ, ਬੋਝ ਕਾਹਦਾ? ਉਥੇ ਬੁੱਢਿਆਂ ਨੂੰ ਪੈਨਸ਼ਨ ਮਿਲਦੀ ਆ। ਫੇਰ ਕੰਮ ਵੀ, ਹੁੰਦਿਆਂ-ਸੁੰਦਿਆਂ ਬੰਦਾ ਕਾਹਤੋਂ ਮੁਥਾਜੀ ਕਰੇ? ਜਦੋਂ ਕਰ-ਪੈਰ ਚਲਦੇ ਆ...।'

ਬੀਬੀ ਆਪਣੇ ਸੁਪਨਿਆਂ ਵਿਚ ਪਰਚੀ ਹੋਈ ਸੀ। ਹਰਬੰਸ ਸਿੰਘ ਦੇ ਟੱਬਰ ਨੇ 'ਅੰਦਰਲਾ ਭੇਤ' ਨੱਪਣ ਲਈ ਪੂਰੀ ਚੁੱਪ ਧਾਰੀ ਹੋਈ ਸੀ। ਸਭ ਤਿਆਰੀਆਂ ਫੌਜੀ ਹਮਲੇ ਵਾਂਗ ਅੰਦਰਖਾਤੇ ਚੱਲ

ਰਹੀਆਂ ਸਨ। ਬੀਬੀ ਤਾਂ ਆਪਣੇ ਆਪ ਨੂੰ ਇਸ ਭੇਤ ਭਰੇ ਕੰਮ ਵਿਚ ਸ਼ਾਮਲ ਹੀ ਸਮਝਣੀ ਸੀ ਪਰ ਜਿਨ੍ਹਾਂ ਤੋਂ ਉਹ ਲੁਕੋ ਰੱਖਦੇ ਸਨ, ਉਹ ਇਨ੍ਹਾਂ ਤੋਂ ਵੀ ਵੱਧ ਜਾਨਣ ਦਾ ਦਾਅਵਾ ਕਰਦੇ। ਉਂਜ ਸਭਨਾਂ ਧਿਰਾਂ ਨੂੰ ਆਪੋ ਆਪਣੇ ਭੇਤ ਛੁਪਾ ਲੈਣ ਦਾ ਪੂਰਾ ਭਰੋਸਾ ਸੀ।

ਇਕ ਦਿਨ ਸਾਗ ਤੋੜਨ ਗਈ ਫੌਜਣ ਕੋਲ ਨਸ਼ੈਰੀਆਂ ਦੀ ਬਚਨੋ ਗੁੱਝੀਆਂ ਫੋਲਣ ਲੱਗੀ, "ਮਖਿਐ! ਮਖਤਾਰੋ ਹੋਰੀ ਤਾਂ ਫਿਰ ਚਲੇ ਚੱਲੇ ਆ, ਸਾਰਾ ਟੱਬਰ ਬਾਹਰ...।"

"ਪਤਾ ਨੀ ਭੈਣੇ। ਆਪਾਂ ਕੀ ਲੈਣਾ। ਊਂ ਹੈ ਕੁਝ ਨਾ ਕੁਝ।" ਫੌਜਣ ਨੇ ਘਰ ਦੇ ਭੇਤ ਜ਼ਾਹਰ ਨਾ ਕਰਕੇ ਵੀ ਹੋਰ ਜਾਨਣ ਦੀ ਆਪਣੀ ਲੋਚਾ ਦਰਸਾਈ।

"ਲੈ ਤੈਨੂੰ ਨੀ ਪਤਾ? ਅਗਲਿਆਂ ਤਾਂ ਜ਼ਮੀਨ ਠੇਕੇ 'ਤੇ ਦੇ ਵੀ ਦਿੱਤੀ। ਔਹ ਸੜ ਜਾਣੇ ਲੰਬੜਾਂ ਦੇ ਮਾਰਗੇ ਦਾਅ। ਇਨ੍ਹਾਂ ਕਿਹੜਾ ਮੁੜਨੈ।" ਬਚਨੋ ਦਾ ਟੱਬਰ ਮਾਰ ਹੱਥ ਨਾ ਆਈ ਤੋਂ ਔਖਾ ਜਾਪਦਾ ਸੀ।

ਘਰ ਮੁੜੀ ਆਉਂਦੀ ਫੌਜਣ ਵੰਨ-ਸੁਵੰਨੇ ਕਿਆਫ਼ੇ ਲਾਉਂਦੀ ਰਹੀ, "ਹੱਲਾ, ਤਾਂ ਏਹ ਚਾਲ ਐ। ਬੀਬੀ ਨੂੰ ਘਰ ਸੰਭਾਉਣ ਖਾਤਰ ਪੱਟਿਐ...।"

ਰਾਤੀਂ ਸੌਣ ਲੱਗਿਆਂ ਛਿੰਦੇ ਨੇ ਅਵਾਜ਼ਾਰੀ ਵਿਚ ਪੁੱਛਿਆ, "ਬੀਬੀ ਬਾਹਰ ਜਾਊ, ਮੰਮੀ! ਸਾਹਬੀ ਹੋਰਾਂ ਦੇ...? ਆਪਾਂ 'ਕੱਲੇ ਰਹਿ ਜਾਵਾਂਗੇ।"

"ਨਹੀਂ ਨਹੀਂ...ਬੀਬੀ ਥੋੜ੍ਹੇ ਜਾਊ ਇਸ ਉਮਰੇ।" ਇਸ ਬੇਤੁਕੇ ਸਵਾਲ ਦਾ ਉਸ ਕੋਲ ਏਹੀ ਜੁਆਬ ਸੀ।

ਬੀਬੀ ਪੂਰੀ ਖੁਸ਼ ਸੀ। ਉਨ੍ਹੀਂ ਦਿਨੀਂ ਇਕ ਦਿਨ ਹਰਬੰਸ ਸਿੰਘ ਨੇ ਬੜੀ ਹਲੀਮੀ ਨਾਲ ਬੀਬੀ ਨੂੰ ਦੱਸਿਆ, "ਬੀਬੀ ਆਪਣੇ ਵੱਲੋਂ ਤਾਂ ਆਪਾਂ ਕਾਗ਼ਜ਼ ਪੂਰੇ ਕਰ'ਤੇ ਆ। ਕਿਸੇ ਦਿਨ ਪੁਲਿਸ ਆਊ ਪੁੱਛ ਗਿੱਛ ਕਰਨ। ਡਾਕਟਰੀ ਹੋਣੀ ਆ ਅਜੇ, ਤਕੜੇ ਹੋ ਜੋ।"

"ਲੈ! ਜੰਮ ਜੰਮ ਆਵੇ ਪੁਲਿਸ। ਆਪਾਂ ਨੂੰ ਕੀ ਡਰ। ਆਪਾਂ ਕੋਈ ਚੋਰੀ ਚਕਾਰੀ ਕੀਤੀ ਆ।" ਬੀਬੀ ਨੇ ਹੁੱਬ ਕੇ ਕਿਹਾ। ਫਿਰ ਆਪਣੇ ਆਪ ਈ ਅਣਪੁੱਛੇ ਸੁਆਲਾਂ ਦੇ ਜਵਾਬ ਦੇਣ ਲੱਗੀ, "ਲੈ ਸਾਡੇ ਵੇਲੇ ਨਿੱਕੇ ਹੁੰਦਿਆਂ ਦਾ ਵਿਆਹ ਕਰ ਦੇਂਦੇ ਸੀ। ਲੈ ਮੈਨੂੰ ਵਿਆਹ ਦਾ ਭੋਰਾ ਚੇਤਾ ਨੀ। ਮੁਕਲਾਵੇ ਦੀ ਮਾੜੀ ਮਾੜੀ ਸੁਰਤ ਆ...ਅੱਜ ਕੱਲ੍ਹ ਤਾਂ ਤਰੀਕਾਂ ਈ ਤਰੀਕਾਂ ਬਸ...।" ਖੌਰੇ ਉਹ ਵਿਆਹ ਸਰਟੀਫਿਕੇਟ ਬਾਰੇ ਚਿੰਤਾਤੁਰ ਹੋ ਉਠੀ।

ਪਿਛਲੇ ਦੋ ਕੁ ਦਿਨਾਂ ਤੋਂ ਵੱਡਿਆਂ ਘਰ ਧੀਆਂ ਜਵਾਈਆਂ ਦੀ ਆਵਾਜਾਈ ਵਧੀ ਹੋਈ ਸੀ। ਦਿਨੇ ਤਾਂ ਨੇੜਲੇ ਰਿਸ਼ਤੇਦਾਰ ਵੀ ਆਏ। ਸਾਰੇ ਚਾਂਭਲ ਚਾਂਭਲ ਗੱਲਾਂ ਕਰਦੇ ਰਹੇ। ਕੰਮ-ਕਾਰ ਦੀਆਂ ਸਰਸਰੀ ਗੱਲਾਂ ਸਾਰੇ ਭੇਤ ਰੱਖ ਕੇ ਕੀਤੀਆਂ ਗਈਆਂ। ਜਦੋਂ ਸਭ ਥਾਉਂ ਥਾਈਂ ਚਲੇ ਗਏ ਅਤੇ ਬੀਬੀ ਵੀ ਥੱਕ ਹਾਰ ਕੇ ਸੌਣ ਲਈ ਉਠੀ ਤਾਂ ਸਾਰੇ ਟੱਬਰ ਨੇ ਖੁੱਲ੍ਹ ਕੇ ਗੱਲਾਂ ਕੀਤੀਆਂ। ਨਾਲ ਨਾਲ ਸਾਮਾਨ ਸਾਂਭਣ ਦੀ ਫੁਰਤੀ ਵਿਖਾਈ ਗਈ। ਦੇਰ ਰਾਤ ਤਕ ਫੋਨ ਦੀਆਂ ਘੰਟੀਆਂ ਵੱਜਦੀਆਂ ਰਹੀਆਂ। ਬੱਤੀਆਂ ਜਗਦੀਆਂ ਰਹੀਆਂ ਤੇ ਹਾਸੇ ਠਹਾਕੇ ਸੁਣਦੇ ਰਹੇ।

ਵੱਡੇ ਤੜਕੇ ਬੀਬੀ ਦੀ ਜਾਗ ਖੜਾਕੇ ਨਾਲ ਖੁੱਲ੍ਹੀ ਤਾਂ ਉਸ ਨੂੰ ਲੱਗਾ ਜਿਵੇਂ ਉਨ੍ਹਾਂ ਦੇ ਵਿਹੜੇ ਕੋਈ ਜਹਾਜ਼ ਆ ਉਤਰਿਆ ਹੋਵੇ। ਮੁੜ ਮੁੜ ਖੜਕੇ ਦੜਕੇ ਦੀ ਆਵਾਜ਼ ਸੁਣ ਕਈ ਪੁੱਠੇ ਸਿੱਧੇ ਤੌਖ਼ਲੇ ਲੈ ਉਹ ਬਾਹਰ ਨਿਕਲੀ ਤਾਂ ਵਿਹੜੇ ਵਿਚ ਬਰਾਂਡੇ ਕੋਲ ਖੜ੍ਹੀ ਵੈਨ ਦੇਖ ਕੇ ਭੌਂਚੱਕੀ ਰਹਿ ਗਈ। ਵੈਨ ਦੀ ਡਿੱਕੀ ਵਿਚ ਭਾਰੇ ਭਾਰੇ ਵੱਡੇ ਸੂਟਕੇਸ ਟਿਕਾਏ ਜਾ ਰਹੇ ਸਨ। ਵੱਡੇ ਤੜਕੇ, ਏਨੀ ਜਲਦੀ। ਏਵੇਂ ਚੁੱਪ ਚੁਪੀਤੇ। ਉਹ ਕੁਝ ਸੁਣ ਸੋਚ ਨਾ ਸਕੀ। ਉਹਦਾ ਮਨ ਚਿੱਤ ਬੇਜਾਨ ਹੁੰਦਾ ਗਿਆ। ਜੋ ਉਸ ਦੀ ਸਮਝ ਪੈ ਰਿਹਾ ਸੀ, ਉਹ ਪੁੱਛ ਨਹੀਂ ਸੀ ਰਹੀ ਅਤੇ ਜੋ ਕੁਝ ਉਹ ਪੁੱਛਣਾ ਚਾਹੁੰਦੀ ਸੀ, ਪੁੱਛ ਨਹੀਂ ਸੀ ਸਕਦੀ।

ਜਦੋਂ ਬੀਬੀ ਦੀ ਸੁਰਤ ਪਰਤੀ ਤਾਂ ਸਾਰੇ ਚਾਹ ਪੀ ਅੱਗੜ-ਪਿੱਛੜ ਬਾਹਰ ਨਿਕਲ ਰਹੇ ਸਨ। ਵੱਡੀ, ਵੱਡੇ ਦਲਾਨਾਂ ਨੂੰ ਤਾਲਾ ਲਾ ਚਾਬੀਆਂ ਦਾ ਗੁੱਛਾ ਪਰਸ ਵਿਚ ਪਾ ਰਹੀ ਸੀ। ਬੈਠਕ ਦਾ ਅਰਲ ਅੜਾ "ਬੀਬੀ ਏਧਰ ਰਹਿ ਲੀਂ, ਨਈਂ ਜਿਵੇਂ ਠੀਕ ਸਮਝੇਂ। ਮਹਿਤਪੁਰ ਆਲੀ ਭੈਣ ਪਿੱਛੋਂ ਸਾਂਭ ਸੰਭਾਲ ਕਰ ਲੂ।" ਆਖ ਉਹ ਵੈਨ ਵੱਲ ਤੁਰਦੀ ਬਣੀ। ਆਲਾ ਟਾਲਾ ਕਰਦਾ ਸਾਹਬੀ ਵੀ ਬੀਬੀ ਨੂੰ ਮੱਥਾ ਟੇਕ ਗਿਆ। ਬੀਬੀ ਦੇ ਮੂੰਹੋਂ ਨਿਕਲਦੀ ਬੁੜ-ਬੁੜ ਪਤਾ ਨਹੀਂ ਕਿਹੜਾ ਮੰਤਰ ਉਚਾਰ ਰਹੀ ਸੀ ਕਿ ਉਹਦਾ ਜੇਠਾ ਪੁੱਤ, ਉਸ ਦੀ ਬਚਦੀ ਜੜ੍ਹ, ਉਸ ਕੋਲ ਆ ਕੇ ਖੱਬਾ ਮੋਢਾ ਭੋਰਾ ਕੁ ਨਿਵਾਉਂਦਿਆਂ ਬੋਲਿਆ, "ਬੀਬੀ! ਐਡਾ ਜੁਗਾੜ ਛੱਡ ਕੇ ਜਾਣ ਨੂੰ ਜੀ ਤਾਂ ਨੀ ਕਰਦਾ। ਸਾਹਬੀ ਕਰਕੇ ਚੱਲੇ ਆਂ। ਨਹੀਂ ਤਾਂ...।" ਹਰਬੰਸ ਸਿੰਘ ਬੀਬੀ ਦੇ ਬੰਸ ਦੀਆਂ ਜੜ੍ਹਾਂ ਬਾਹਰਲੇ ਮੁਲਕ ਵਿਚ ਲਾਉਣ ਲਈ ਬੇਤਾਬ ਸੀ। ਬੀਬੀ ਦਾ ਕੰਬਦਾ ਡੋਲਦਾ ਹੱਥ ਅਸੀਸ ਦੇਣ ਲਈ ਉਠਿਆ ਸੀ ਜਾਂ ਆਪਣੀ ਕਾਪੀ ਖਾਤਰ। ਹਾਲ ਦੀ ਘੜੀ ਤਾਂ ਉਹ ਅੱਧ ਵਿਚਾਲੇ ਲਟਕ ਰਿਹਾ ਸੀ। ਹਰਬੰਸ ਸਿੰਘ ਬਿਨਾਂ ਪਿਆਰ ਲਏ ਹੀ ਵੈਨ ਵਿਚ ਜਾ ਬੈਠਿਆ ਅਤੇ ਬੀਬੀ ਦੇ ਮੂੰਹ 'ਤੇ ਧੂੰਆਂ ਸੁੱਟਦੀ ਵੈਨ ਗੇਟ ਪਾਰ ਕਰ ਗਈ।

ਅੱਧ ਵਿਚਕਾਰੋਂ ਟੁੱਕੇ ਵਿਹੜੇ ਦੇ ਵਿਚਕਾਰ ਖੜ੍ਹੀ ਬੀਬੀ ਮਾਘ ਦੀ ਹੱਡ ਠਾਰਦੀ ਠੰਢ ਨਾਲ ਕੰਬ ਰਹੀ ਸੀ ਜਾਂ...ਦਮ ਤੋੜ ਰਹੇ ਰੰਗੀਲੇ ਸੁਪਨਿਆਂ ਦੇ ਮਾਰੂ ਵਿਸਫੋਟ ਕਰਕੇ...। ਘਰ ਦੇ ਸੁੰਨੇ ਵਿਹੜੇ 'ਚ ਸਰਘੀ ਵੇਲੇ ਦੀ ਲਾਲ ਲਾਲ ਲਹੂ ਰੰਗੀ ਲੋਅ 'ਚ ਬੇਜਾਨ ਖੜ੍ਹੀ ਬੀਬੀ ਨੂੰ ਕਾਲਜੇ ਵਿੰਨ੍ਹੀਂ ਪੀੜ ਨੇ ਝੰਬ ਸੁੱਟਿਆ...। ਇਸ ਉਜੜੇ ਘਰ ਵਾਂਗ ਉਸ ਦਾ ਹੁਣ ਕੌਣ ਸੀ? ਕਦੇ ਸੰਵਰੇ-ਸਤਿਕਾਰੇ ਇਸ ਘਰ 'ਚ ਕੰਮੀਂ ਰੁੱਝੀ ਥੱਕੀ ਵੀ ਠਾਠ ਨਾਲ ਜੀਵੀ ਸੀ ਉਹ। ਤੇ ਹੁਣ...। ਫੌਜਣ ਨਲਕੇ ਤੋਂ ਬਾਲਟੀ ਧੋ...ਬਲਦੇ ਚੁੱਲ੍ਹੇ 'ਤੇ ਪਏ ਪਤੀਲੇ 'ਚੋਂ ਨਿੱਘਾ ਪਾਣੀ ਪਾ...ਧਾਰ ਕੱਢਣ ਡੰਗਰਾਂ ਦੇ ਕੋਠੇ ਵੱਲ ਜਾ ਰਹੀ ਸੀ। ਬੀਬੀ ਨੂੰ ਜਾਪਿਆ, ਉਸ ਦੀ ਸਾਰੀ ਉਮਰ ਦੀ ਖੱਟੀ-ਕਮਾਈ ਬੁੱਢੀ ਮਾਈ ਦੇ ਝਾਟੇ ਵਾਂਗ ਉਡ-ਪੁੱਡ ਗਈ ਹੋਵੇ...ਉਹ ਸੁੰਨੇ ਠਰੇ ਉਜੜੇ ਵਿਹੜੇ ਵਿਚਕਾਰ ਡਰਨੇ ਹਾਰ ਖੜ੍ਹੀ ਸੀ।

# ਭਰੂਣ ਹੱਤਿਆ ਹੁੰਦੀ ਰਹੇਗੀ !



ਸ਼ਿਵਚਰਨ ਜੱਗੀ ਕੁੱਸਾ*

ਮਨੁੱਖਤਾ ਕਿੰਨੀ ਲਾਲਚੀ ਅਤੇ ਬੇਰਹਿਮ ਹੋ ਚੁੱਕੀ ਹੈ, ਇਸ ਦਾ ਜਵਾਬ ਨਿੱਤ ਛਪਦੀਆਂ ਅਖ਼ਬਾਰਾਂ ਦੇ ਦਿੰਦੀਆਂ ਹਨ। ਸਾਡਾ ਸਮਾਜਿਕ ਢਾਂਚਾ ਕਿਵੇਂ ਅਪਾਹਜ ਬਣਦਾ ਜਾ ਰਿਹਾ ਹੈ, ਇਸ ਦਾ ਸਬੂਤ ਸਾਡੇ ਲੀਡਰਾਂ ਦੀ ਸ਼ੈਤਾਨ ਚੁੱਪ ਹੈ! ਉਹ ਸਭ ਕੁਝ ਹੱਥ ਵੱਸ ਹੋਣ ਦੇ ਬਾਵਜੂਦ ਵੀ ਮੂੰਹ 'ਤੇ ਛਿੱਕਲੀ ਚਾੜ੍ਹ ਲੈਂਦੇ ਹਨ ਕਿ ਕਿਤੇ ਕੁਝ ਬੋਲਿਆਂ ਤੋਂ ਸਾਡਾ 'ਵੋਟ ਬੈਂਕ' ਨਾ ਖੁੱਸ ਜਾਵੇ! ਕਿਸੇ ਸਮੇਂ 'ਰੰਗਲੇ' ਅਤੇ ਅੱਜ ਦੇ 'ਕੰਗਲੇ' ਪੰਜਾਬ ਵਿਚ ਮਨੁੱਖ ਆਪਣੀਆਂ ਧੀਆਂ-ਭੈਣਾਂ ਅਤੇ ਨੂੰਹਾਂ ਨੂੰ ਬੇਰਹਿਮੀ ਨਾਲ਼ ਕਤਲ ਕਰੀ ਜਾ ਰਿਹਾ ਹੈ। ਪਰ ਲੀਡਰਾਂ ਦੇ ਵੱਡੇ ਵੱਡੇ ਦਮਗਜਿਆਂ ਦੇ ਬਾਵਜੂਦ ਹੋ ਕੁਝ ਵੀ ਨਹੀਂ ਰਿਹਾ। ਕਿਉਂ..?

ਇਕ ਗੱਲ ਮੈਂ ਇੱਥੇ ਦਾਅਵੇ ਨਾਲ਼ ਕਹਾਂਗਾ ਕਿ ਜੋ ਅੱਜ ਅਸੀਂ "ਭਰੂਣ ਹੱਤਿਆ-ਭਰੂਣ ਹੱਤਿਆ" ਦਾ ਰੌਲ਼ਾ ਪਾ ਰਹੇ ਹਾਂ, ਜਿੰਨਾ ਚਿਰ ਇਸ ਦਾਜ ਦਾ ਕੋਬਰਾ ਸੱਪ ਸਾਡੇ ਸਮਾਜ ਵਿਚ ਹੇਲ੍ਹੀਆਂ ਦਿੰਦਾ ਫ਼ਿਰਦਾ ਹੈ, ਇਸ ਨੂੰ ਅਸੀਂ ਕਦੇ ਵੀ ਰੋਕ ਨਹੀਂ ਸਕਾਂਗੇ! ਬਿਮਾਰੀ ਦੀ ਜੜ੍ਹ ਨੂੰ ਹੱਥ ਪਾ ਕੇ ਉਸ ਨੂੰ ਧੁਰੋਂ ਖਤਮ ਕੀਤਾ ਜਾ ਸਕਦਾ ਹੈ, ਨਹੀਂ ਚੀਸਾਂ ਦੀਆਂ ਗੋਲ਼ੀਆਂ ਕਿੰਨਾ ਕੁ ਚਿਰ ਦਰਦ ਨੂੰ ਦਬਾਉਂਦੀਆਂ ਰਹਿਣਗੀਆਂ? ਗੁਰਬਾਣੀ ਫ਼ੁਰਮਾਉਂਦੀ ਹੈ, "ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ॥" ਜੋ ਵੈਦ ਰੋਗ ਵੀ ਬੁੱਝ ਲਵੇ ਅਤੇ ਦਾਰੂ ਵੀ, ਉਹ ਹੀ ਸਿਆਣਾ ਵੈਦ ਹੁੰਦਾ ਹੈ!

ਸਭ ਤੋਂ ਵੱਡਾ ਕੋਹੜ ਸਾਡੇ ਸਮਾਜ ਵਿਚ 'ਦਾਜ' ਹੈ! ਇੱਥੇ ਸਾਰਿਆਂ ਤੋਂ ਵੱਡਾ ਸੁਆਲ ਇਹ ਹੈ ਕਿ ਦਹੇਜ ਦੀ ਲੋੜ ਕਿਉਂ ਪਈ? ਲੋੜ ਤਾਂ ਸ਼ਾਇਦ ਇਸ ਕਰਕੇ ਪਈ ਕਿ ਮਾਂ-ਬਾਪ ਆਪਣੀ ਧੀ ਨੂੰ 'ਸਹੁਰੇ ਘਰ ਜਾਣ ਕਰਕੇ ਉਸ ਨੂੰ ਆਪਣੇ ਵੱਲੋਂ ਕੁਝ ਨਾ ਕੁਝ 'ਦਾਨ' ਦੇ ਰੂਪ ਵਿਚ ਦਿੰਦੇ ਸਨ ਅਤੇ ਧੀ ਦੀਆਂ ਲੋੜਾਂ ਦਾ ਮੁਢਲਾ ਸਮਾਨ ਦਾਜ ਵਿਚ ਦਿੱਤਾ ਜਾਣ ਲੱਗਿਆ। ਕਿਉਂਕਿ ਪੁਰਾਣੇ ਜ਼ਮਾਨੇ ਵਿਚ ਦਰਜਨ-ਦਰਜਨ ਭੈਣ ਭਰਾ ਹੁੰਦੇ ਸਨ। ਮਾਂ-ਬਾਪ ਜਾਂ ਕਬੀਲੇ ਵਾਲ਼ੇ ਸੋਚਦੇ ਸਨ ਕਿ ਕੁੜੀ ਵੱਡੇ ਪਰਿਵਾਰ ਵਿਚ ਜਾ ਰਹੀ ਹੈ, ਜੇ ਪਰਿਵਾਰ ਵੱਡਾ ਹੋਣ ਕਾਰਨ ਕਿਤੇ ਇਸ ਦੀ ਸੁਖ-ਸਹੂਲਤ ਵਿਚ ਸੰਕਟ ਆ ਗਿਆ ਤਾਂ ਇਹ ਆਪਣਾ ਸਮਾਨ ਕੱਢ ਕੇ ਵਰਤ ਲਵੇਗੀ! ਇੱਥੋਂ ਇਸ ਲੈਣ-ਦੇਣ ਦੀ ਸ਼ੁਰੂਆਤ ਹੋਈ!

ਉਦੋਂ ਸਕੂਲ ਸੁਵਿਧਾਵਾਂ ਘੱਟ ਹੁੰਦੀਆਂ ਸਨ ਅਤੇ ਮਾਂ-ਬਾਪ ਦੇ ਘਰ ਬੈਠੀ ਕੁਆਰੀ ਸਚਿਆਰੀ ਕੁੜੀ ਆਪਣੇ ਸਹੁਰੇ ਘਰ ਜਾਂ ਆਪਣੇ ਹੋਣ ਵਾਲ਼ੇ ਪਤੀ ਦੀ ਕਲਪਨਾ ਕਰਦੀ ਕੋਈ ਸਿਰਹਾਣਾ ਜਾਂ ਚਾਦਰ ਕੱਢਦੀ ਸੀ ਅਤੇ ਜਾਂ ਕੋਈ ਬਾਗ! ਦਰੀ ਬੁਣਦੀ ਸੀ ਜਾਂ ਖੇਸ! ਇਸ ਨਾਲ਼ ਉਸ ਕੁੜੀ ਦੀ ਆਪਣੇ ਹੋਣ ਵਾਲ਼ੇ ਪਤੀ ਪ੍ਰਤੀ ਸ਼ਰਧਾ ਅਤੇ ਪ੍ਰੇਮ-ਭਾਵਨਾ ਦਾ ਪ੍ਰਗਟਾਵਾ ਵੀ ਹੁੰਦਾ ਸੀ ਅਤੇ ਉਸ ਦੇ ਸੁਚੱਜ ਦਾ ਵੀ ਸਬੂਤ ਮਿਲਦਾ ਸੀ ਅਤੇ ਤਿਆਰ ਕੀਤੀ ਚੀਜ਼ ਪਰਿਵਾਰ ਦੇ ਕੰਮ ਵੀ ਆਉਂਦੀ ਸੀ। ਉਸ ਸਮੇਂ ਭਰਾਵਾਂ ਦਾ 'ਅੱਡ' ਹੋਣਾ ਵੀ ਕਦੇ ਨਾ ਕਦੇ ਲਾਜ਼ਮੀ ਹੁੰਦਾ ਸੀ ਅਤੇ ਮਾਂ ਬਾਪ ਸੋਚਦੇ ਸਨ ਕਿ ਅਗਰ ਕੁੜੀ ਆਪਣੇ ਸਹੁਰੇ ਪਰਿਵਾਰ ਨਾਲ਼ੋਂ ਅੱਡ ਹੁੰਦੀ ਹੈ ਤਾਂ ਉਹ ਸਾਡਾ ਦਿੱਤਾ ਸਾਮਾਨ ਬੇਝਿਜਕ ਵਰਤ ਲਵੇਗੀ। ਸਵਰਗੀ ਜਗਮੋਹਣ ਕੌਰ ਦਾ ਗੀਤ, "ਬਾਪੂ ਵੇ ਅੱਡ ਹੁੰਨੀ ਐਂ...!" ਇਸ ਗੱਲ ਦੀ ਹਾਮੀ ਭਰਦਾ ਜਾਪਦਾ ਹੈ!

ਪਰ ਹੁਣ ਵੱਡਾ ਸੁਆਲ ਹੈ ਕਿ ਸਾਡੇ ਸੁਆਰਥੀ ਲੋਕ ਇਸ 'ਦਾਜ' ਦੇ ਨਾਂ 'ਤੇ 'ਵਪਾਰ' ਕਿਉਂ ਕਰਨ ਲੱਗ ਪਏ? ਮੁੰਡੇ ਦਾ ਮੁੱਲ ਵੱਟ ਕੇ ਫ਼ੇਰ ਵਿਆਹੁਣਾ! ਫ਼ੇਰ ਉਲਾਂਭਾ ਕਿਸ ਮੂੰਹ ਨਾਲ਼ ਦਿੰਦੇ ਨੇ ਕਿ ਸਾਨੂੰ ਚੰਗਾ ਨਹੀਂ ਸਮਝਦੀ? ਨੂੰਹ ਦੀ ਧੌਣ 'ਤੇ ਗੋਡਾ ਧਰ ਕੇ ਟੀ.ਵੀ., ਫ਼ਰਿੱਜ ਅਤੇ ਮਨੋਰੰਜਨ ਦੀਆਂ ਚੀਜ਼ਾਂ ਮੰਗਵਾਉਂਦੇ ਨੇ ਅਤੇ ਉਸ ਤੋਂ ਬਾਅਦ ਇਹ 'ਬੋਕ ਝਾਕ' ਵੀ ਰੱਖਦੇ ਨੇ ਕਿ ਸਾਡੀ ਨੂੰਹ ਸਾਨੂੰ ਚੰਗਾ ਵੀ ਸਮਝੇ ਅਤੇ ਸਾਡੀਆਂ ਲੱਤਾਂ ਵੀ ਘੁੱਟੇ? ਦਿਲ ਉਸ ਨੂੰ ਨਿੱਘੀ ਪ੍ਰਵਾਨਗੀ ਦਿੰਦਾ ਹੈ, ਜੋ ਤੁਹਾਨੂੰ ਧੁਰ ਹਿਰਦੇ ਤੋਂ ਪ੍ਰੇਮ ਕਰਦਾ ਹੈ! ਜਿਹੜੀ ਚੀਜ਼ ਨੂੰ ਅੱਖਾਂ ਨਹੀਂ ਝੱਲਦੀਆਂ, ਉਸ ਨੂੰ ਜੀਭ ਕਦ ਝੱਲੇਗੀ?

ਮੈਨੂੰ ਇਕ ਗੱਲ ਯਾਦ ਆ ਗਈ। ਮੇਰੀ ਵੱਡੀ ਸਾਲ਼ੀ ਦੇ ਮੁੰਡੇ ਦਾ ਵਿਆਹ ਸੀ। ਵਿਆਹ 'ਤੇ ਤਾਂ ਮੈਂ ਜਾ ਨਾ ਸਕਿਆ ਪਰ ਉਸ ਤੋਂ ਬਾਅਦ ਮੈਨੂੰ ਅਤੇ ਮੇਰੇ ਘਰਵਾਲ਼ੀ ਨੂੰ ਮੇਰੀ ਸਾਲ਼ੀ ਅਤੇ ਸਾਢੂ ਨੇ ਵਿਸ਼ੇਸ਼ ਤੌਰ 'ਤੇ ਸੱਦਿਆ ਅਤੇ ਸਾਨੂੰ ਕੱਪੜੇ ਵਗੈਰਾ ਦਿੱਤੇ। ਮੈਂ ਚਾਹ ਪੀਂਦਿਆਂ ਸਾਢੂ ਨੂੰ ਪੁੱਛਿਆ, "ਬਾਈ! ਸਾਰੀ ਜ਼ਿੰਦਗੀ ਤੂੰ ਵੀ ਦਾਜ ਦੇ ਖ਼ਿਲਾਫ਼ ਹੀ ਰਿਹੈਂ ਤੇ ਮੈਂ ਵੀ! ਨਾ ਮੈਂ ਦਾਜ ਲਿਐ ਤੇ ਨਾ ਤੂੰ! ਤੇ ਹੁਣ ਆਹ ਕੀ ਕਰੀ ਜਾਨੈਂ?" ਤੇ ਬਾਈ ਆਖਣ ਲੱਗਿਆ, "ਮੈਂ ਕੁਛ ਨ੍ਹੀ ਕੀਤਾ! ਮੈਂ ਤਾਂ ਆਪਦੇ ਕੁੜਮਾਂ ਨੂੰ ਬਥੇਰਾ ਰੋਕਿਆ ਪਰ ਉਹ ਕਹਿੰਦੇ ਜੇ ਅਸੀਂ ਲੈਣ ਦੇਣ ਨਾ ਕੀਤਾ ਤਾਂ ਸਾਡਾ ਨੱਕ ਨਹੀਂ ਰਹਿਣਾ!"

ਮੇਰੇ ਵੱਡੇ ਸਾਲ਼ੀ ਸਾਹਿਬਾਂ ਲੋਕਾਂ ਨੂੰ ਹਮੇਸ਼ਾ ਇਕ 'ਦਲੀਲ' ਦਿੰਦੇ ਹਨ ਕਿ ਸਾਡੇ ਪਿਉ ਨੇ ਸਾਨੂੰ ਪਾਲ਼ ਦਿੱਤਾ, ਪੜ੍ਹਾ ਦਿੱਤਾ, ਅਸੀਂ ਦਾਜ ਕਾਹਦੇ ਵਾਸਤੇ ਲਿਆਉਣਾ ਸੀ? ਮੈਂ ਦਾਜ ਲਿਆਉਣ ਦੇ ਹੱਕ ਵਿਚ ਵੀ ਨਹੀਂ ਹਾਂ! ਪਰ ਹੁਣ ਮੈਂ ਆਪਣੀ ਸਾਲ਼ੀ ਸਾਹਿਬਾਂ ਨੂੰ ਪੁੱਛਣਾ ਚਾਹੁੰਦਾ ਸੀ ਕਿ ਸਾਲ਼ੀ ਸਾਹਿਬਾਂ, ਜੋ ਤੁਹਾਡੀ ਇੰਗਲੈਂਡ ਵਿਚ ਜੰਮੀ ਪਲ਼ੀ ਨੂੰਹ ਆਈ ਹੈ, ਉਸ ਦੇ ਪਿਉ ਨੇ ਉਹ 'ਅਨਪੜ੍ਹ' ਹੀ ਤੁਹਾਡੇ ਘਰੇ ਤੋਰ ਦਿੱਤੀ? ਜੇ ਨੂੰਹ ਵੀ ਪੜ੍ਹ ਲਿਖ ਕੇ ਘਰ ਆਈ ਹੈ ਤਾਂ ਫ਼ਿਰ ਦਾਜ ਕਿਉਂ? ਕਿਉਂ ਨਾ ਉਨ੍ਹਾਂ ਨੂੰ ਸਖ਼ਤੀ ਨਾਲ਼ ਮਨ੍ਹਾਂ ਕੀਤਾ ਕਿ ਅਸੀਂ ਦਾਜ ਨਹੀਂ ਲੈਣਾ? ਪਰ ਤੁਹਾਡੀ ਦਲੀਲ ਵੀ ਉਥੇ ਚੱਲਦੀ ਹੈ, ਜਿੱਥੇ ਕੋਈ ਤੁਹਾਡੀ ਦਲੀਲ ਸੁਣਨ ਵਾਲ਼ਾ ਹੋਵੇ! ਜੇ ਅਗਲਾ ਆਪਣੀ ਦਲੀਲ ਜਬਰੀ ਮੰਨਵਾਉਣ ਲਈ ਆਖੇ ਕਿ ਜੀ ਅਸੀਂ ਤਾਂ ਕੁਛ ਮੰਗਿਆ ਹੀ ਨਹੀਂ ਸੀ, ਅਗਲੇ ਨੇ ਕੁੜੀ ਨੂੰ ਸ਼ਰੀਕੇ ਕਬੀਲੇ ਵਿਚ 'ਨੱਕ' ਰੱਖਣ ਲਈ ਮੱਲੋਮੱਲੀ ਦੇ ਦਿੱਤਾ, ਤਾਂ ਕੀ ਦਾਜ ਲੈਣ ਵਾਲ਼ੇ ਦਾਜ ਲੈਣ ਦੇ ਦੋਸ਼ ਤੋਂ ਮੁਕਤ ਹੋ ਗਏ?

ਮੇਰੇ ਮਿੱਤਰ ਬਾਈ ਕੁਲਦੀਪ ਮਾਣਕ ਨੇ ਇਕ ਵਾਰ ਕਿਹਾ ਸੀ ਕਿ ਜੇ ਸਾਡੇ ਸਮਾਜ ਵਿਚ ਦਾਜ ਦਾ ਨੁੱਗਾ ਨਾ ਹੁੰਦਾ ਤਾਂ ਧੀ ਨੂੰ ਕੋਈ ਬੁਰਾ ਨਾ ਆਖਦਾ। ਇਸ ਬਾਰੇ ਸਟੇਜ਼ਾਂ ਉਪਰ ਹਿੱਕ 'ਤੇ ਧੱਫ਼ੇ ਮਾਰ ਕੇ ਟਾਹਰਾਂ ਮਾਰਨ ਵਾਲ਼ਿਆਂ ਨੂੰ ਵਿਚਾਰ ਕਰਨੀ ਚਾਹੀਦੀ ਹੈ! ਸਾਡੇ ਸਮਾਜ ਵਿਚ ਉਹ 'ਗਿੱਦੜਮਾਰ' ਵੀ ਹਨ, ਜਿਨ੍ਹਾਂ ਦੀ ਕਥਨੀ ਅਤੇ ਕਰਨੀ ਕਦੇ ਵੀ ਹਾਣੀ ਹੋ ਕੇ ਨਹੀਂ ਤੁਰਦੀ, ਸਗੋਂ ਜੋ ਉਹ ਦਾਅਵੇ ਕਰਦੇ ਹਨ, ਉਸ ਤੋਂ ਸਰਾਸਰ ਉਲਟ ਵਗਦੇ ਹਨ! ਮੁੰਡੇ ਵਾਲ਼ਿਆਂ ਵੱਲੋਂ ਮੂੰਹ ਪਾੜ ਕੇ ਮੰਗਣਾ ਅਤੇ ਕੁੜੀ ਵਾਲ਼ਿਆਂ ਵੱਲੋਂ ਉਨ੍ਹਾਂ ਦੇ ਬੋਲਾਂ 'ਤੇ ਹੱਥ ਬੰਨ੍ਹ ਕੇ 'ਫੁੱਲ' ਚੜ੍ਹਾਉਣਾ ਇਕ ਮਜਬੂਰੀ ਅਤੇ ਗਲ਼ਘੋਟੂ ਬਣ ਕੇ ਰਹਿ ਗਿਆ ਹੈ! ਘੱਟ ਦਾਜ ਦੇਣ 'ਤੇ ਅਗਲੇ ਦੀ ਧੀ ਦੀ ਜ਼ਿੰਦਗੀ ਸਾਹ ਪੀਣੀਂ ਸਰਾਲ਼ ਦੀ ਮਾਰ ਵਿਚ ਆਏ ਖ਼ਰਗੋਸ਼ ਵਰਗੀ ਬਣ ਜਾਂਦੀ ਹੈ! ਕਿਸੇ ਮਿੱਤਰ ਨੇ ਇਕ ਗੱਲ ਸੁਣਾਈ। ਇਕ ਵਾਰ ਕਿਸੇ ਦੇ ਘਰ ਕੋਈ ਮਹਿਮਾਨ ਆ ਗਿਆ। ਮਾਂ ਨੇ ਪੁੱਤ ਸੱਜਰਾ ਹੀ ਵਿਆਹਿਆ ਸੀ। ਦਾਜ ਘੱਟ ਲਿਆਉਣ ਕਰਕੇ ਨੂੰਹ 'ਤੇ ਤਾਂ ਮਾਤਾ ਜੀ ਪਹਿਲਾਂ ਹੀ ਅੱਕੇ ਰਹਿੰਦੇ ਸਨ। ਅਤਿ ਦੀ ਗਰਮੀ ਹੋਣ ਕਾਰਨ ਅੱਕਲ਼ਕਾਨ ਹੋਏ ਮਹਿਮਾਨ ਨੇ ਠੰਢਾ ਪਾਣੀ ਮੰਗਿਆ ਤਾਂ ਸੱਸ ਘਰੋੜਵੇਂ ਸ਼ਬਦਾਂ ਵਿਚ ਬੋਲੀ, "ਕੁੜ੍ਹੇ ਨੂੰਹ ਰਾਣੀ, ਆਹ ਤੇਰੇ ਮਾਸੜ ਜੀ ਆਏ ਨੇ! ਇਨ੍ਹਾਂ ਨੂੰ ਠੰਢਾ ਪਾਣੀ ਲਿਆ ਕੇ ਦੇਹ ਫ਼ਰਿੱਜ 'ਚੋਂ, ਜਿਹੜਾ ਤੇਰੇ ਪੇਕਿਆਂ ਨੇ ਦਿੱਤਾ ਸੀ! ਉਹਦਾ ਪਾਣੀ ਬੜਾ ਠੰਢਾ ਹੁੰਦੈ!" ਅਸਲ ਵਿਚ ਨੂੰਹ ਰਾਣੀ ਦਾਜ ਵਿਚ ਕੋਈ ਫ਼ਰਿੱਜ ਲੈ ਕੇ ਹੀ ਨਹੀਂ ਆਈ ਸੀ। ਉਸੇ ਦਿਨ ਨੂੰਹ ਰਾਣੀ ਨੇ ਆਪਣੇ ਬਾਪ ਦੀ ਹਿੱਕ 'ਤੇ ਅੜੀ ਦੀ ਬੰਦੂਕ ਧਰ ਲਈ ਕਿ ਮੈਨੂੰ ਜਲਦੀ ਫ਼ਰਿੱਜ ਭੇਜੋ।

ਇਕ ਚੰਗੀ ਪੜ੍ਹੀ ਲਿਖੀ, ਅਮੀਰ ਘਰਾਣੇ ਦੀ ਕੁੜੀ ਮੇਰੇ ਸਾਹਮਣੇ ਟਾਹਰਾਂ ਮਾਰ ਰਹੀ ਸੀ, "ਕੁੱਸਾ ਜੀ, ਮੈਂ ਤਾਂ ਆਬਦੇ ਮਾਂ ਬਾਪ ਨੂੰ ਸ਼ਰੇਆਮ ਠੋਕ ਕੇ ਕਿਹਾ ਹੋਇਐ, ਬਈ ਜੇ ਤੁਸੀਂ ਮੇਰੇ ਵਿਆਹ 'ਤੇ ਪੱਚੀ ਤੀਹ ਲੱਖ ਲਾਵੋਂਗੇ, ਮੈਂ ਤਾਂ ਵਿਆਹ ਕਰੂੰਗੀ, ਨਹੀਂ ਮੈਂ ਵਿਆਹ ਈ ਨ੍ਹੀ ਕਰਵਾਉਣਾ!" ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਦੇ ਘਰਦੇ ਪੱਚੀ ਤੀਹ ਤਾਂ ਕੀ, ਪੰਜਾਹ ਲੱਖ ਵੀ ਲਾ ਸਕਦੇ ਸਨ ਪਰ ਕਾਹਦੇ ਵਾਸਤੇ? ਮੈਂ ਉਸ ਕੁੜੀ ਨੂੰ ਕਿਹਾ, "ਜੇ ਕੋਈ ਅਣਪੜ੍ਹ ਕੁੜੀ ਮੈਨੂੰ ਆਹ ਗੱਲ ਆਖਦੀ ਤਾਂ ਮੈਂ ਗ਼ਿਲਾ ਸ਼ਿਕਵਾ ਨਾ ਕਰਦਾ! ਪਰ ਤੇਰੇ 'ਤੇ ਤਰਸ ਹੀ ਨਹੀਂ ਆਉਂਦਾ, ਅਫ਼ਸੋਸ ਹੋ ਰਿਹੈ!" ਉਹ ਬੇਪਰਵਾਹ ਹੋ ਕੇ ਆਖਣ ਲੱਗੀ, "ਕੁੱਸਾ ਜੀ, ਬੰਦਾ ਇਕ ਵਾਰੀ ਜਿਉਂਦੈ ਤੇ ਸ਼ਾਦੀ ਦੀ ਖ਼ੁਸ਼ੀ ਵੀ ਜ਼ਿੰਦਗੀ ਵਿਚ ਇਕ ਵਾਰ ਆਉਂਦੀ ਐ..!" ਉਸ 'ਪੜ੍ਹੀ ਲਿਖੀ' ਕੁੜੀ ਨਾਲ਼ ਮੈਂ ਮਗਜ਼ਮਾਰੀ ਕਰਨੀ ਆਪਣੀ ਬੇਵਕੂਫ਼ੀ ਸਮਝੀ। ਚੱਲ ਉਸ ਕੁੜੀ ਦਾ ਬਾਪ ਤਾਂ ਪੱਚੀ ਤੀਹ ਲੱਖ ਦੇਣ ਦੇ ਸਮਰੱਥ ਹੈ, ਦੇ ਵੀ ਦੇਵੇਗਾ! ਪਰ ਜਿਨ੍ਹਾਂ ਕੋਲ਼ ਪੱਚੀ ਤੀਹ ਲੱਖ ਨਹੀਂ, ਉਹ ਕੀ ਕਰਨ? ਭੇਡ ਨੂੰ ਦੇਖ ਕੇ ਭੇਡ ਖੂਹ ਵਿਚ ਤਾਂ ਛਾਲ਼ ਮਾਰੇਗੀ ਹੀ ਮਾਰੇਗੀ, ਪਿਉ ਚਾਹੇ ਕਰਜ਼ਾਈ ਹੋ ਕੇ ਕਿਸੇ ਗੱਡੀ ਥੱਲੇ ਆ ਜਾਵੇ ਜਾਂ ਜ਼ਹਿਰ ਪੀ ਕੇ ਖ਼ੁਦਕਸ਼ੀ ਹੀ ਕਰ ਲਵੇ!

ਮੈਂ ਕਈ ਧਰਮ ਦੇ 'ਠੇਕੇਦਾਰ' ਦੇਖੇ ਹਨ, ਜੋ ਆਪਣੇ ਆਪ ਨੂੰ ਬੜੇ 'ਧਰਮੀ' ਅਤੇ ਅਸੂਲਾਂ ਦੇ 'ਨਾਨੇ' ਅਖਵਾਉਂਦੇ ਹਨ। ਪਰ ਅੰਦਰੋਂ "ਤੇਰਾ ਦਿੱਤਾ ਖਾਵਣਾ" ਕਹਿ ਕੇ ਜ਼ੁਲਮ ਢਾਹੁਣ ਵਾਲ਼ੇ ਬੁੱਚੜ, ਅਹਿਸਾਨ ਫ਼ਰਾਮੋਸ਼, ਅਕ੍ਰਿਤਘਣ, ਹਉਮੈ-ਗੁਸੇ ਅਤੇ ਅਤਿ ਦੇ ਲਾਲਚੀ, ਖ਼ੂਨੀ ਕੁੱਤੇ ਹਨ! ਜੋ ਡਰਾ ਧਮਕਾ ਕੇ ਜਾਂ ਨਿੱਤ ਨਵੀਂ ਸ਼ਤਰੰਜ ਚਾਲ ਖੇਡ ਕੇ ਆਪਣੇ ਨਿੱਜੀ ਸੁਆਰਥਾਂ ਲਈ ਮਜਬੂਰ ਰਿਸ਼ਤੇਦਾਰਾਂ ਨੂੰ ਵਰਤਦੇ ਹਨ।

ਮੈਂ ਤਾਂ ਇਹ ਵੀ ਕਹਾਂਗਾ ਕਿ ਕਸੂਰ ਜਿੰਨਾ ਦਾਜ ਲੈਣ ਵਾਲ਼ਿਆਂ ਦਾ ਹੈ, ਉਸ ਤੋਂ ਕਿਤੇ ਵੱਧ ਦਾਜ ਦੇਣ ਵਾਲ਼ਿਆਂ ਦਾ ਹੈ! ਆਮ ਦੇਖਣ ਵਿਚ ਆਉਂਦਾ ਹੈ ਕਿ ਉਸੇ ਲੜਕੀ ਨੂੰ ਹੀ ਜ਼ਿਆਦਾ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਹੈ, ਜੋ ਵੱਧ ਤੋਂ ਵੱਧ ਦਾਜ ਲੈ ਕੇ ਆਉਂਦੀ ਹੈ! ਕੁੱਤੇ ਦੇ ਮੂੰਹ ਨੂੰ ਲਹੂ ਲੱਗਿਆ, ਕਦੋਂ ਭਲੀ ਗੁਜ਼ਾਰਦਾ ਹੈ?

ਇਕ ਗੱਲ ਹੋਰ ਵੀ ਦੱਸਦਾ ਜਾਵਾਂ! ਇਕ ਜ਼ਾਲਮ ਟੱਬਰ ਆਪਣੀ ਨੂੰਹ ਨੂੰ ਰੱਜ ਕੇ ਕੁੱਟਦਾ ਮਾਰਦਾ ਰਿਹਾ। ਅਖੀਰ ਉਸ ਨਿਭਾਗੀ ਕੁੜੀ ਦਾ ਅੰਤ ਉਸ ਦੀ ਮੌਤ ਨਾਲ਼ ਹੋਇਆ। ਇਕ ਦਿਨ ਉਨ੍ਹਾਂ ਦਾ ਨੌਕਰ ਦੁੱਧ ਦਾ ਡਰੰਮ ਚੁੱਕੀ ਆ ਰਿਹਾ ਸੀ। ਉਸ ਪਰਿਵਾਰ ਦਾ 'ਅਤਿ ਪਿਆਰਾ' ਪਾਲਤੂ ਕੁੱਤਾ ਨੌਕਰ ਦੇ ਪੈਰ ਚੱਟਣ ਆ ਲੱਗਿਆ। ਨੌਕਰ ਦੇ ਕੁਤਕੁਤੀਆਂ ਜਿਹੀਆਂ ਨਿਕਲਣ ਲੱਗ ਪਈਆਂ ਅਤੇ ਉਸ ਨੇ ਦੁੱਧ ਡੁੱਲ੍ਹਣ ਦੇ ਡਰੋਂ ਕੁੱਤੇ ਦੇ ਪੋਲੀ ਜਿਹੀ ਲੱਤ ਮਾਰ ਦਿੱਤੀ। ਬੱਸ ਫ਼ਿਰ ਕੀ ਸੀ? ਕੁੱਤੇ ਦੀ "ਟਊਂ-ਟਊਂ" ਸੁਣ ਕੇ ਨੌਕਰ ਦੀ ਸ਼ਾਮਤ ਆ ਗਈ ਅਤੇ 'ਕੁੱਤਾ-ਪ੍ਰੇਮੀ' ਟੱਬਰ ਨੇ ਨੌਕਰ ਦੀ ਕੁੱਟ ਕੁੱਟ ਕੇ ਲੱਤ ਤੋੜ ਦਿੱਤੀ। ਇਸ ਦਾ ਮਤਲਬ ਕੀ ਹੋਇਆ? ਕਿ ਉਸ ਬੇਰਹਿਮ ਟੱਬਰ ਨੂੰ ਆਪਣੀ ਨੂੰਹ ਨਾਲੋਂ ਜ਼ਿਆਦਾ ਆਪਣਾ ਪਾਲਤੂ ਕੁੱਤਾ ਪਿਆਰਾ ਸੀ ਅਤੇ ਉਸੇ ਕੁੱਤੇ ਦੀ ਖਾਤਰ ਗ਼ਰੀਬ ਨੌਕਰ ਦੀ ਲੱਤ ਵੀ ਭੰਨੀ ਗਈ। ਮੈਂ ਨਹੀਂ ਕਹਿੰਦਾ ਕਿ ਬੇਜ਼ੁਬਾਨ ਜਾਨਵਰ ਨੂੰ ਪ੍ਰੇਮ ਨਹੀਂ ਕਰਨਾ ਚਾਹੀਦਾ। ਪਰ ਜਾਨਵਰ ਦੇ ਨਾਲ਼ ਨਾਲ਼ ਇਨਸਾਨ ਅਤੇ ਇਨਸਾਨੀਅਤ ਨੂੰ ਵੀ ਮੋਹ ਕਰਨਾ ਚਾਹੀਦਾ ਹੈ!

ਇਕ ਗੱਲ ਦਾਅਵੇ ਨਾਲ਼ ਕਹਿਣੀ ਚਾਹਾਂਗਾ ਕਿ ਜਿੰਨਾ ਚਿਰ ਦਾਜ, ਧੀਆਂ ਦੇ ਬਲਾਤਕਾਰ, ਨਸ਼ੇ ਅਤੇ ਵਿਹਲੜਬਾਜ਼ੀ ਨੂੰ ਕਿਸੇ ਸਾਰਥਿਕ ਅਤੇ ਸਖ਼ਤ ਢੰਗ ਨਾਲ਼ ਨੱਥ ਨਹੀਂ ਪਾਈ ਜਾਂਦੀ, ਧੀਆਂ ਕੁੱਖ ਵਿਚ ਮਰਦੀਆਂ ਹੀ ਰਹਿਣਗੀਆਂ! ਸਭ ਤੋਂ ਵੱਡਾ ਕਲੰਕ ਦਾਜ, ਬਲਾਤਕਾਰ, ਬੇਰੁਜ਼ਗਾਰੀ ਅਤੇ ਨਸ਼ਾ ਹੈ!

ਜੇ ਬਲਾਤਕਾਰ ਜਿਹੇ ਘਿਨਾਉਣੇ ਜੁਰਮ ਰੁਕ ਜਾਣਗੇ ਤਾਂ ਧੀਆਂ ਦਾ ਸਤਿਕਾਰ ਵੀ ਹੋਵੇਗਾ ਅਤੇ ਭਰੂਣ ਹੱਤਿਆ ਨੂੰ ਵੀ ਠੱਲ੍ਹ ਪਵੇਗੀ! ਹਰ ਮਾਂ-ਬਾਪ ਧੀ ਦੀ 'ਦੁਰਗਤੀ' ਤੋਂ ਡਰਦਾ ਹੈ, ਧੀ ਤੋਂ ਨਹੀਂ! ਹਰ ਬਾਪ ਆਪਣੀ ਇੱਜ਼ਤ-ਅਣਖ਼ ਨੂੰ ਬਚਾਉਣ ਵਿਚ ਲੱਗਿਆ ਹੋਇਆ ਭਰੂਣ ਹੱਤਿਆ ਨੂੰ ਪਹਿਲ ਦਿੰਦਾ ਹੈ! ਨਹੀਂ ਉਸ ਨੂੰ ਕੋਈ ਸ਼ੌਕ ਨਹੀਂ ਕਿ ਆਪਣੇ ਖ਼ੂਨ ਦਾ ਸੰਘਾਰ ਕਰੇ! ਇਕ ਤਾਂ ਅਸੀਂ 'ਨਕੌੜੇ' ਦੇ ਮਾਰੇ ਹੋਏ ਹਾਂ। ਜੇ ਧੀ ਨੂੰ ਵਾਜੇ-ਗਾਜੇ ਨਾਲ਼ ਨਹੀਂ ਤੋਰਦੇ ਤਾਂ ਸਾਡਾ 'ਨੱਕ' ਨਹੀਂ ਰਹਿੰਦਾ! ਨੱਕ ਰੱਖਦਾ ਰੱਖਦਾ ਬੰਦਾ ਦਸ ਲੱਖ ਥੱਲੇ ਆ ਕੇ ਖੁੰਘਲ਼ ਹੋ ਜਾਂਦਾ ਹੈ ਅਤੇ ਆਤਮ ਹੱਤਿਆ ਵੱਲ ਨੂੰ ਪੈਰ ਪੁੱਟਦਾ ਹੈ!

ਆਪਣੀਆਂ ਧੀਆਂ-ਭੈਣਾਂ ਦੇ ਸਿਵੇ ਦੀ ਅੱਗ ਸੇਕਦੇ ਪੰਜਾਬੀਓ! ਹੰਭਲਾ ਮਾਰਨ ਦੀ ਲੋੜ ਹੈ। ਜਿੱਥੇ ਲੋਭ ਲਾਲਚ ਭਾਰੂ ਹੋ ਜਾਵੇ, ਉਥੋਂ ਮੋਹ ਪਿਆਰ ਦੱਬਵੇਂ ਪੈਰੀਂ ਬਾਹਰ ਨਿਕਲ਼ ਜਾਂਦਾ ਹੈ! ਜ਼ਾਲਮ ਅਤੇ ਜ਼ੁਲਮ ਨਾਲ਼ ਟੱਕਰ ਲੈਣ ਦੀ ਲੋੜ ਹੈ! ਦਾਜ ਮੰਗ ਕੇ ਘੱਟੋ ਘੱਟ ਪੰਜਾਬ ਦੇ ਨਾਂ 'ਤੇ ਕਲੰਕ ਨਾ ਬਣੋ! ਇਹ ਗੁਰੂਆਂ-ਫ਼ਕੀਰਾਂ ਦੀ ਰਹਿਮਤਾਂ ਵਾਲ਼ੀ ਧਰਤੀ ਹੈ! ਜਿੰਨਾ ਘਰ ਫ਼ੂਕ ਕੇ ਤਾੜੀਆਂ ਮਾਰੀ ਜਾਓਗੇ, ਦਾਜ ਦੇ ਲਾਲਚੀਆਂ ਦੇ ਹੌਸਲੇ ਹੋਰ ਬੁਲੰਦ ਹੋਣਗੇ ਅਤੇ ਧੀਆਂ ਕੁੱਖ ਵਿਚ ਜਾਂ ਸਹੁਰੇ ਘਰ ਮਰਦੀਆਂ ਹੀ ਰਹਿਣਗੀਆਂ। ਸਾਡੀਆਂ ਧੀਆਂ-ਭੈਣਾਂ ਨੂੰ ਵੀ ਆਪਣੀ ਜ਼ਿੰਦਗੀ ਮਹਿਫ਼ੂਜ਼ ਅਤੇ ਖ਼ੁਸ਼ਹਾਲ ਰੱਖਣ ਲਈ, ਫ਼ੋਕੀ ਸ਼ੁਹਰਤ ਨੂੰ ਲੱਤ ਮਾਰ ਕੇ ਦਾਜ ਦੀ ਕਾਲ਼ੀ ਵਹੀ ਪਾੜਨੀ ਹੋਵੇਗੀ। ਜੇ ਤੁਹਾਡੇ ਅਮੀਰ ਬਾਪ ਤੁਹਾਡੀਆਂ ਬੇਹੂਦਾ ਖ਼ਾਹਿਸ਼ਾਂ ਪੂਰੀਆਂ ਕਰਨ ਦੀ ਸਮਰੱਥਾ ਰੱਖਦੇ ਹਨ, ਤਾਂ ਇਹ ਜ਼ਰੂਰੀ ਨਹੀਂ ਕਿ ਸਾਰੀਆਂ ਧੀਆਂ ਦੇ ਬਾਪ ਤੁਹਾਡੇ ਬਾਪ ਜਿੰਨੀ ਧੰਗੇੜ ਝੱਲਣ ਦੇ ਸਮਰੱਥ ਹੋਣ? ਸਮੇਂ ਦੀ ਨਬਜ਼ ਤੁਹਾਡੇ ਹੱਥ ਹੈ!

*e-mail:jaggikussa65@gmail.com

# ਆਪਣਾ ਰਿਕਾਰਡ ਆਪੇ ਤੋੜਨਾ ਔਖਾ ਹੋ ਜਾਂਦੈ




ਕੀ ਮੈਂ ਝੂਠ ਬੋਲਿਐ...

ਸਵਰਨ ਸਿੰਘ ਟਹਿਣਾ*

*ਫੋਨ:91-98141-78883

ਨਾਵਲਕਾਰ ਸਵਰਗੀ ਰਾਮ ਸਰੂਪ ਅਣਖੀ ਦੀ ਇੱਕ ਗੱਲ ਮੈਨੂੰ ਹਮੇਸ਼ਾ ਚੇਤੇ ਆਉਂਦੀ ਰਹਿੰਦੀ ਹੈ ਕਿ ਬਹੁਤੀ ਵਾਰ ਬੰਦੇ ਨੂੰ ਆਪਣਾ ਰਿਕਾਰਡ ਤੋੜਨਾ ਸਭ ਤੋਂ ਔਖਾ ਹੋ ਜਾਂਦੈ। ਦੂਜੇ ਦਾ ਰਿਕਾਰਡ ਤੋੜਨ ਲਈ ਵੱਧ ਤੋਂ ਵੱਧ ਜ਼ੋਰ ਲਾਇਆ ਜਾਂਦੈ ਪਰ ਜਦੋਂ ਆਪਣਾ ਤੋੜਨਾ ਹੋਵੇ ਤਾਂ ਜ਼ੋਰ ਅਜ਼ਮਾਇਸ਼ ਬੰਦ ਹੋ ਜਾਂਦੀ ਏ। ਉਹ ਕਹਿੰਦੇ ਸਨ




ਕਿ ਜਦੋਂ ਮੇਰਾ ਨਾਵਲ 'ਕੋਠੇ ਖੜਕ ਸਿੰਘ' ਮਸ਼ਹੂਰ ਹੋ ਗਿਆ ਤਾਂ ਅਗਲੇ ਨਾਵਲ ਦੀ ਸਫਲਤਾ ਲਈ ਸਵਾਲ ਖੜ੍ਹੇ ਹੋ ਗਏ। ਮੈਂ ਵਰਕੇ ਲਿਖਿਆ ਕਰਾਂ ਤੇ ਪਾੜ ਦਿਆ ਕਰਾਂ। ਕਈ ਮਹੀਨੇ ਏਦਾਂ ਹੀ ਨਿਕਲ ਗਏ। ਉਦੋਂ ਇਹ ਗੱਲ ਸਮਝ ਪਈ ਕਿ ਕਾਮਯਾਬੀ ਦੀ ਟੀਸੀ ਦਾ ਸਵਾਦ ਕੇਹਾ ਹੁੰਦੈ ਤੇ ਚੁਣੌਤੀਆਂ ਦਾ ਕੇਹਾ।

ਉਡਣਾ ਸਿੱਖ ਮਿਲਖਾ ਸਿੰਘ ਵੀ ਇਹੀ ਗੱਲ ਆਖਦੈ। ਉਹਨੇ ਆਪਣੀ ਸਵੈ-ਜੀਵਨੀ ਲਿਖੀ ਏ, ਜਿਸ ਵਿਚ ਉਸ ਵੱਲੋਂ ਆਪਣੇ ਰਿਕਾਰਡ ਆਪੇ ਤੋੜਨ ਲਈ ਕੀਤੀ ਮਿਹਨਤ ਦਾ ਵੇਰਵਾ ਮਿਲਦੈ। ਇੱਕ ਥਾਂ ਉਹਨੇ ਲਿਖਿਐ ਕਿ ਇੱਕ ਵਾਰ ਦੌੜਨ ਵੇਲੇ ਮੈਂ ਪਿੱਛੇ ਆਉਂਦੇ ਖਿਡਾਰੀ ਵੱਲ ਚੋਰ ਅੱਖ ਨਾਲ ਕਾਹਦਾ ਦੇਖ ਬੈਠਾ ਦੌੜ 'ਚ ਦੂਜੇ ਨੰਬਰ 'ਤੇ ਰਹਿ ਗਿਆ ਕਿਉਂਕਿ ਧਿਆਨ ਆਪਣੇ ਵੱਲੋਂ ਹਟ ਕੇ ਉਹਦੇ ਵੱਲ ਚਲਾ ਗਿਆ ਸੀ।

ਰਿਕਾਰਡ ਬਣਾਉਣ ਤੇ ਤੋੜਨ ਵਾਲਾ ਇਹ ਸਿਲਸਿਲਾ ਹਰ ਖੇਤਰ ਵਿਚ ਬਰਾਬਰ ਚੱਲਦੈ। ਕਿਸੇ ਵੇਲੇ ਮੋਗਾ ਜ਼ਿਲ੍ਹੇ ਦੇ ਪਿੰਡ ਮਾਹਲਾ ਕਲਾਂ ਦੇ ਬਲਧੀਰ ਮਾਹਲਾ ਨੇ ਪਲੇਠੀ ਕੈਸਿਟ 'ਕੁੱਕੂ ਰਾਣਾ ਰੋਂਦਾ' ਨਾਲ ਬਹੁਤ ਵੱਡੀ ਮੱਲ ਮਾਰ ਲਈ ਸੀ। ਦਿਨ ਦੇ ਦੋ-ਦੋ ਪ੍ਰੋਗਰਾਮ ਸਨ ਉਸ ਕੋਲ। ਉਸ ਦੇ ਆਟੋਗ੍ਰਾਫ਼ਾਂ ਲਈ ਮੁੰਡੇ-ਕੁੜੀਆਂ ਨੂੰ ਪਿੱਛੇ ਦੌੜਦਿਆਂ ਮੈਂ ਅੱਖੀਂ ਦੇਖਿਆ। ਉਹ ਪ੍ਰਾਪਤੀ ਉਸ ਲਈ ਇਤਿਹਾਸਕ ਬਣ ਗਈ ਪਰ ਦੁਬਾਰਾ ਉਹ ਇਤਿਹਾਸ ਸਿਰਜਣਾ ਅਸੰਭਵ ਹੋ ਗਿਆ। ਅਜਿਹੀ ਲਕੀਰ ਖਿੱਚੀ ਗਈ, ਜਿਸ ਬਰਾਬਰ ਵੱਡੀ ਲਕੀਰ ਖਿੱਚਣੀ ਔਖੀ ਹੋ ਗਈ। ਮੁੜ ਉਸ ਦੀਆਂ ਕਈ ਕੈਸਿਟਾਂ ਆਈਆਂ ਪਰ ਗੱਲ ਨਾ ਬਣੀ। ਅੱਜ ਵੀ ਲੋਕ ਉਸ ਨੂੰ ਸਿਰਫ਼ 'ਕੁੱਕੂ ਰਾਣਾ ਰੋਂਦਾ ਹਾਏ ਮੈਂ ਮਰ ਗਈ ਰੋਂਦਾ' ਵਾਲੇ ਬਲਧੀਰ ਵਜੋਂ ਜਾਣਦੇ ਨੇ। ਇਹ ਨਹੀਂ ਕਿ ਉਸ ਨੇ ਬਾਅਦ 'ਚ ਮਿਹਨਤ ਨਹੀਂ ਕੀਤੀ, ਵਾਹਵਾ ਕੀਤੀ ਪਰ ਲੋਕ 'ਕੁੱਕੂ ਰਾਣੇ' ਤੋਂ ਅਗਲੀ ਗੱਲ ਚਾਹੁੰਦੇ ਸਨ, ਜੋ ਨਹੀਂ ਹੋ ਸਕੀ।

ਕੁੱਝ ਸਾਲ ਪਹਿਲਾਂ ਇੱਕ ਕਲਾਕਾਰ ਨੂੰ 'ਝੋਨੇ ਵਾਲੇ ਗਾਇਕ' ਵਜੋਂ ਜਾਣਿਆ ਜਾਣ ਲੱਗਾ ਸੀ। ਉਹਦੀ ਕੈਸਿਟ 'ਝੋਨੇ' ਵਿਚਲਾ ਗੀਤ 'ਡੂੰਘਾ ਬੋਰ ਕਰਾ ਲੈ ਵੇ ਝੋਨੇ ਬਿਨ ਸਰਨਾ ਨਹੀਂ' ਖੂਬ ਮਕਬੂਲ ਹੋਇਆ। ਪੂਜਾ ਨਾਲ ਗਾਏ ਇਸ ਗੀਤ ਵਿਚ ਉਹ ਕਹਿੰਦਾ ਸੀ, 'ਪਾਣੀ ਹੋ ਗਏ ਡੂੰਘੇ ਝੋਨਾ ਲਾਉਣਾ ਛੱਡ ਦੇਣਾ' ਤੇ ਸਧਾਰਨ ਸਰੋਤਿਆਂ ਦੇ ਨਾਲ-ਨਾਲ ਇਸ ਦੋਗਾਣੇ ਨੂੰ ਸੂਝਵਾਨ ਸਰੋਤਿਆਂ ਵੱਲੋਂ ਵੀ ਪਸੰਦ ਕੀਤਾ ਗਿਆ ਪਰ ਇਹ ਪਸੰਦ ਜ਼ਿਆਦਾ ਦੇਰ ਤੱਕ ਸ਼ਿੱਦਾ ਸ਼ੌਕੀ ਦਾ ਸਾਥ ਨਾ ਨਿਭਾਅ ਸਕੀ। ਉਸ ਨੂੰ ਪ੍ਰੋਗਰਾਮ ਜ਼ਰੂਰ ਮਿਲੇ, ਫੇਰ ਬ੍ਰੇਕ ਲੱਗ ਗਈ। ਏਸੇ ਤਰ੍ਹਾਂ ਪਹਿਲੀ ਹੀ ਕੈਸਿਟ 'ਇਸ਼ਕੇ ਦੀ ਮਾਰ' ਨਾਲ ਰਾਣੀ ਰਣਦੀਪ ਨੇ ਇਕਦਮ ਲੰਮੀ ਪੁਲਾਂਘ ਪੁੱਟ ਲਈ ਪਰ ਬਾਅਦ ਵਿਚ 'ਐਸੀ ਪਈ ਇਸ਼ਕੇ ਦੀ ਮਾਰ ਮੇਰੇ ਹਾਣੀਆ' ਗੀਤ ਦਾ ਤੋੜ ਨਾ ਲੱਭ ਸਕੀ। ਉਸ ਨੂੰ ਖੁਸ਼ੀ ਹੋਈ ਕਿ ਪਹਿਲੀ ਕੈਸਿਟ ਨੇ ਹੀ ਉਸ ਨੂੰ ਸਫਲਤਾ ਦੇ ਰਾਹ ਪਾ ਦਿੱਤਾ ਪਰ ਉਦੋਂ ਇਹ ਨਾ ਸਮਝ ਸਕੀ ਕਿ ਠੋਕਰਾਂ ਖਾ-ਖਾ ਮਿਲੀ ਕਾਮਯਾਬੀ ਹੀ ਸਥਾਈ ਹੁੰਦੀ ਹੈ। ਇਹ ਉਦਾਹਰਣਾਂ ਤਾਂ ਆਟੇ 'ਚ ਲੂਣ ਬਰਾਬਰ ਹਨ, ਅਣਗਿਣਤ ਅਜਿਹੇ ਗਾਇਕ ਸਾਹਮਣੇ ਆਏ, ਜਿਨ੍ਹਾਂ ਦਾ ਪਹਿਲਾ ਉਦਮ ਉਨ੍ਹਾਂ ਨੂੰ ਲੋਕ ਮਨਾਂ 'ਚ ਵਸਾ ਗਿਆ ਪਰ ਬਾਅਦ ਵਾਲੇ ਉਦਮ ਮਨਾਂ ਤੋਂ ਲਾਹ ਗਏ।

ਹੁਣ ਸ਼ੈਰੀ ਮਾਨ ਦਾ ਗਾਣਾ ਬੜਾ ਮਕਬੂਲ ਹੋਇਐ, 'ਬੜੇ ਚੇਤੇ ਆਉਂਦੇ ਨੇ ਯਾਰ ਅਣਮੁੱਲੇ ਹਵਾ ਦੇ ਬੁੱਲੇ' ਤੇ ਇਕੋ ਗੀਤ ਕਰਕੇ ਉਹ ਕੈਨੇਡਾ ਸਮੇਤ ਹੋਰ ਥਾਂਵਾਂ 'ਤੇ ਪ੍ਰੋਗਰਾਮ ਲਾਉਣ ਦੇ ਕਾਬਲ ਹੋ ਗਿਐ। ਇਸ ਇੱਕ ਗਾਣੇ ਤੋਂ ਬਿਨਾ ਉਸ ਦੀ ਕੈਸਿਟ ਵਿਚ ਕੱਢਣ-ਪਾਉਣ ਨੂੰ ਹੋਰ ਕੁੱਝ ਹੈ ਨਹੀਂ ਤੇ ਇਹ ਗੀਤ ਕੈਸਿਟ 'ਚ ਆਉਣ ਤੋਂ ਪਹਿਲਾਂ ਹੀ ਇੰਟਰਨੈਟ 'ਤੇ ਹਿੱਟ ਹੋ ਗਿਆ ਸੀ। ਜਦੋਂ ਕਿਸੇ ਦਾ ਪਹਿਲਾ ਗੀਤ ਹੀ ਏਨਾ ਹਿੱਟ ਹੋ ਜਾਵੇ, ਉਸ ਤੋਂ ਅਗਲੀ ਗੱਲ ਕਰਨੀ ਵੱਸੋਂ ਬਾਹਰੀ ਗੱਲ ਹੋ ਜਾਂਦੀ ਹੈ ਤੇ ਜੇ ਆਉਂਦੇ ਸਮੇਂ ਵਿਚ ਸ਼ੈਰੀ ਇੱਕ-ਦੋ ਹੋਰ ਹਿੱਟ ਗੀਤ ਨਾ ਦੇ ਸਕਿਆ ਤਾਂ 'ਯਾਰ ਅਣਮੁੱਲੇ' ਹੀ ਉਸ ਦੀ ਪ੍ਰਾਪਤੀ ਬਣ ਕੇ ਰਹਿ ਜਾਵੇਗੀ। ਸਤਿੰਦਰ ਸਰਤਾਜ ਦਾ 'ਸਾਈਂ' ਗੀਤ ਏਨਾ ਜ਼ਿਆਦਾ ਮਕਬੂਲ ਹੋ ਗਿਆ ਕਿ ਭਵਿੱਖ ਵਿਚ ਜੇ ਇਹੀ ਗੀਤ ਉਸ ਦੀ ਪ੍ਰਾਪਤੀ ਵਜੋਂ ਜਾਣਿਆ ਜਾਵੇਗਾ ਤਾਂ ਚੁਣੌਤੀ ਵਜੋਂ ਵੀ ਇਸੇ ਨੂੰ ਚੇਤੇ ਕੀਤਾ ਜਾਵੇਗਾ।

ਇਹ ਗੱਲ ਸਿਰਫ਼ ਸੰਗੀਤ ਖੇਤਰ 'ਤੇ ਹੀ ਲਾਗੂ ਨਹੀਂ ਹੁੰਦੀ, ਹੋਰ ਖੇਤਰਾਂ 'ਤੇ ਵੀ ਇੰਨ ਬਿੰਨ ਢੁੱਕਦੀ ਹੈ। ਸਿਆਣੇ ਐਵੇਂ ਨਹੀਂ ਕਹਿੰਦੇ ਕਿ ਸਫਲਤਾ ਆਤਿਸ਼ਬਾਜ਼ੀ ਵਰਗੀ ਨਹੀਂ ਹੋਣੀ ਚਾਹੀਦੀ, ਜਿਹੜੀ ਛੂੰ...ਕਰਕੇ ਉਤਾਂਹ ਨੂੰ ਜਾਵੇ ਤੇ ਅਗਲੇ ਹੀ ਪਲ਼ ਕਿਸੇ ਦੇ ਕੋਠੇ 'ਤੇ ਡਿੱਗ ਪਵੇ। ਜੁੱਤੀਆਂ ਘਸਾ ਘਸਾ ਮਿਲੀ ਕਾਮਯਾਬੀ ਬੰਦੇ ਅੰਦਰ ਗੁਣਾਂ ਦੀ ਖਾਣ ਪੈਦਾ ਕਰਦੀ ਹੈ ਤੇ ਇਹੀ ਖਾਣ ਉਸ ਨੂੰ ਲੰਮਾ ਸਮਾਂ ਚਮਕਾਈ ਰੱਖਣ ਵਿਚ ਸਹਾਈ ਹੁੰਦੀ ਹੈ।

ਕੁਦਰਤ ਹਰ ਕਿਸੇ ਨੂੰ ਇੱਕ ਮੌਕਾ ਜ਼ਰੂਰ ਦਿੰਦੀ ਹੈ। ਇਸ ਮੌਕੇ ਵਿਚ ਦੇਰ-ਸਵੇਰ ਹੋ ਸਕਦੀ ਹੈ ਪਰ ਹਨੇਰ ਨਹੀਂ ਹੁੰਦਾ। ਹੰਸ ਰਾਜ ਹੰਸ ਤੇ ਸਰਦੂਲ ਵਰਗਿਆਂ ਖੂਬ ਮਿਹਨਤਾਂ ਕੀਤੀਆਂ, ਸਿੱਟੇ ਵਜੋਂ ਅੱਜ ਜਦੋਂ ਗਾਇਕੀ ਦਾ ਦੌਰ ਪਹਿਲਾਂ ਨਾਲੋਂ ਢੇਰ ਬਦਲ ਗਿਆ ਹੈ, ਤਾਂ ਵੀ ਉਨ੍ਹਾਂ ਦੇ ਗੀਤਾਂ ਨੂੰ ਚੇਤੇ ਕੀਤਾ ਜਾਂਦੈ। ਦੂਜੇ ਪਾਸੇ ਨਵੇਂ-ਨਵੇਂ ਅਣਗਿਣਤ ਚਿਹਰੇ ਆਏ, ਜਿਨ੍ਹਾਂ ਦਾ ਅਚਾਨਕ ਟੁੱਲ ਲੱਗ ਗਿਆ ਤਾਂ ਉਹ ਮਿਹਨਤ ਕਰਨੀ ਭੁੱਲ ਗਏ। ਉਹ ਸਮਝਣ ਲੱਗੇ ਕਿ ਉਨ੍ਹਾਂ ਅੰਦਰ ਕਲਾ ਹੀ ਏਨੀ ਜ਼ਿਆਦਾ ਏ ਕਿ ਮਿਹਨਤ ਦੀ ਬਹੁਤੀ ਲੋੜ ਨਹੀਂ ਤੇ ਇਹੀ ਫਾਰਮੂਲਾ ਉਨ੍ਹਾਂ ਦਾ ਬੈਕ ਗੇਅਰ ਪੁਆ ਗਿਆ।

ਇਹ ਸੱਚ ਹੈ ਕਿ ਸੰਘਰਸ਼ ਦੀ ਕੁਠਾਲੀ ਹੀ ਬੰਦੇ ਨੂੰ ਚੰਗੇ-ਮੰਦੇ ਦੀ ਪਰਖ ਸਿਖਾਉਂਦੀ ਹੈ। ਇਕਦਮ ਮਿਲੀ ਕਾਮਯਾਬੀ ਨਾਲ ਪਹਿਲਾ ਦਾਇਰਾ ਛੁੱਟ ਜਾਂਦਾ ਹੈ ਤੇ ਨਵਾਂ ਦਾਇਰਾ ਸਿਰਫ਼ ਚਮਕ-ਦਮਕ ਦਾ ਆਸ਼ਕ ਹੁੰਦਾ ਹੈ। ਉਸ ਦਾਇਰੇ ਵਿਚ ਸਿੱਖਣ ਨੂੰ ਕੁੱਝ ਨਹੀਂ ਹੁੰਦਾ। ਸਾਡਾ ਇੱਕ ਕਾਮਰੇਡ ਯਾਰ ਅਕਸਰ ਆਖਦਾ ਹੁੰਦੈ, ਕੁਦਰਤ ਮੈਨੂੰ ਸਿਰਫ਼ ਦੋ ਵਕਤ ਦੀ ਰੋਟੀ ਤੇ ਇਲਾਜ ਜੋਗੇ ਪੈਸੇ ਦੇਵੇ, ਲੱਖਾਂ ਨਹੀਂ। ਕਿਉਂਕਿ ਏਨੇ ਪੈਸੇ ਆਉਣ 'ਤੇ ਮੇਰਾ ਦਾਇਰਾ ਬਦਲ ਜਾਵੇਗਾ ਤੇ ਜਗੀਰਦਾਰੀ ਨਿਜ਼ਾਮ ਦੀ ਹਮਾਇਤ ਕਰਨ ਵਾਲਿਆਂ ਨਾਲ ਸੰਗ ਬਣ ਜਾਵੇਗਾ, ਸਿੱਟੇ ਵਜੋਂ ਪਹਿਲੀ ਸੋਚ ਖਤਮ ਹੋ ਜਾਵੇਗੀ।

ਕਹਿੰਦੇ ਨੇ, ਕਿਸੇ ਨੇ ਵੱਟੇ ਨੂੰ ਪੁੱਛਿਆ ਸੀ ਕਿ ਤੂੰ ਗੋਲ ਕਿਵੇਂ ਹੋ ਗਿਆ?

ਉਹ ਬੋਲਿਆ, "ਠੋਕਰਾਂ ਖਾ-ਖਾ ਕੇ।"

ਬੱਸ ਇਹੀ ਗੱਲ ਸਾਡੇ ਕਲਾਵਾਨਾਂ ਨੂੰ ਪੱਲੇ ਬੰਨ੍ਹਣੀ ਚਾਹੀਦੀ ਹੈ। ਪਹਿਲੇ ਉਦਮ ਦੇ ਸਫ਼ਲ



ਰਾਣੀ ਰਣਦੀਪ

ਹੋਣ ਤੋਂ ਬਾਅਦ ਖੜ੍ਹੀਆਂ ਹੋਣ ਵਾਲੀਆਂ ਚੁਣੌਤੀਆਂ ਤੇ ਲੋਕਾਂ ਦੀਆਂ ਉਸ ਕੋਲੋਂ ਵਧੀਆਂ ਉਮੀਦਾਂ ਵੱਲ ਧਿਆਨ ਦੇਣਾ ਚਾਹੀਦਾ ਹੈ, ਨਾ ਕਿ 'ਸਟਾਰ' ਦੇ ਨਸ਼ੇ ਵਿਚ ਸੁੱਧ-ਬੁੱਧ ਗੁਆਉਣੀ ਚਾਹੀਦੀ ਹੈ।

## ਚੱਲਦੇ-ਚੱਲਦੇ

ਬੰਦਾ ਏਨਾ ਵੀ ਮਸ਼ਹੂਰ ਨਹੀਂ ਹੋਣਾ ਚਾਹੀਦਾ ਕਿ ਉਸ ਦਾ ਨਾਂ ਅਤੇ ਫੋਟੋਆਂ ਦੀ ਵਰਤੋਂ ਜਣਾ-ਖਣਾ ਕਰਦਾ ਫਿਰੇ। ਮਿਸ ਪੂਜਾ ਨੂੰ ਮਿਲੀ ਪ੍ਰਸਿੱਧੀ ਨੇ ਕਈਆਂ ਦੇ ਰਾਹਾਂ ਵਿਚ ਕੰਡੇ ਵੀ ਬੀਜੇ ਤੇ ਕਈਆਂ ਦਾ ਟੁੱਲ ਵੀ ਲਵਾ ਦਿੱਤਾ, ਸਿੱਟੇ ਵਜੋਂ ਉਸ ਦੀਆਂ ਫੋਟੋਆਂ ਚੋਬਰਾਂ ਦੇ ਬਟੂਏ ਵਿਚ ਵੀ ਰਹਿਣ ਲੱਗੀਆਂ ਤੇ ਬੈਡਰੂਮਾਂ ਵਿਚ ਵੀ।

ਇੰਦਰਜੀਤ ਨਿੱਕੂ ਦੀਆਂ ਫੋਟੋਆਂ ਪੱਗਾਂ ਵੇਚਣ ਵਾਲੀਆਂ ਦੁਕਾਨਾਂ 'ਤੇ ਲੱਗੀਆਂ ਦਿਸਦੀਆਂ ਨੇ ਤੇ ਜੈਜ਼ੀ ਬੀ ਦੀਆਂ ਵਾਲ਼ ਕੱਟਣ ਵਾਲਿਆਂ ਦੀਆਂ ਦੁਕਾਨਾਂ 'ਤੇ। ਚਾਹੀਦਾ ਤਾਂ ਇਹ ਸੀ ਕਿ ਪੂਜਾ ਦੀ ਫੋਟੋ ਬਿਊਟੀ ਪਾਰਲਰਾਂ ਜਾਂ ਸੰਗੀਤ ਸਿਖਾਉਣ ਵਾਲਿਆਂ ਦੇ ਦਫ਼ਤਰਾਂ ਮੂਹਰੇ ਲੱਗਦੀ ਪਰ ਉਹ ਵਿਚਾਰੀ ਝਟਕਈਆਂ ਦੀ ਦੁਕਾਨ ਤੱਕ ਪਹੁੰਚ ਗਈ।

ਤਸਵੀਰ ਨੂੰ ਗੌਰ ਨਾਲ ਦੇਖੋ, ਮੁਰਗੇ ਵੇਚਣ ਵਾਲੀ ਦੁਕਾਨ 'ਤੇ ਪੂਜਾ ਦੀ ਫੋਟੋ ਕਿਵੇਂ ਲਿਸ਼ਕਾਈ ਗਈ ਹੈ ਤੇ ਨਾਲ ਕਿੰਨਾ ਕਮਾਲ ਦਾ ਸ਼ੇਅਰ ਲਿਖਿਆ ਹੈ। ਭਾਵੇਂ ਇਸ ਵਿਚੋਂ ਲਾਉਣ ਵਾਲੇ ਦੀ ਸ਼ਰਧਾ ਝਲਕਦੀ ਹੈ ਪਰ ਨਾਲ-ਨਾਲ ਇਹ ਵੀ ਪਤਾ ਲੱਗਦੈ ਕਿ ਪੂਜਾ ਦੀ 'ਮਹਿਮਾ' ਉਨ੍ਹਾਂ ਥਾਂਵਾਂ 'ਤੇ ਵੀ ਹੋ ਗਈ, ਜਿੱਥੇ ਧੌਣਾਂ ਵੱਢੀਆਂ ਜਾਂਦੀਆਂ ਨੇ ਤੇ ਖੰਭ ਉਧੇੜੇ ਜਾਂਦੇ ਨੇ।

ਇੱਕ ਬੰਦੇ ਨੇ ਹੋਟਲ 'ਤੇ ਜਾ ਕੇ ਆਖਿਆ ਸੀ, "ਸੁਰੀਲਾ ਜਿਹਾ ਚਿਕਨ ਦਿਓ।"

ਵੇਟਰ ਨੇ ਪੁੱਛਿਆ, "ਕਿਹੜੀ ਕਿਸਮ?"

ਬੰਦਾ ਫਿਰ ਬੋਲਿਆ, "ਮਤਲਬ ਸੁਰੀਲਾ ਜਿਹਾ।"

ਵੇਟਰ ਕਿਸਮ ਪੁੱਛੇ ਤੇ ਬੰਦਾ 'ਸੁਰੀਲੇ' ਦੀ ਰਟ ਲਾਈ ਜਾਵੇ।

ਅੱਕਿਆ ਵੇਟਰ ਬੋਲਿਆ, "ਅਸੀਂ ਮੁਰਗਾ ਬਣਾਉਂਦੇ ਹਾਂ, ਦੁਰਗਾ ਰੰਗੀਲਾ ਨਹੀਂ।"




ਏਸ ਥਾਂ ਲੱਗੀ ਪੂਜਾ ਦੀ ਫੋਟੋ ਦੇਖ ਇੰਜ ਲੱਗਦੈ ਜਿਵੇਂ ਦਰਸਾਇਆ ਜਾ ਰਿਹਾ ਹੋਵੇ ਕਿ ਜਿਵੇਂ ਇੱਥੋਂ ਦਾ ਮਾਲਕ ਰੋਟੀ ਲਈ ਮੁਰਗੇ-ਮੁਰਗੀਆਂ ਝਟਕਾਉਂਦੈ, ਬਿਲਕੁਲ ਇਵੇਂ ਚਾਰ ਕੁ ਸਾਲ ਪੂਜਾ ਨੇ ਵੀ ਸੈਂਕੜੇ ਗਵੱਈਏ ਝਟਕਾ ਛੱਡੇ ਨੇ। ਸੋ ਰਿਸ਼ਤਾ ਦੋਹਾਂ ਦਾ ਨਿਰਾਲਾ ਏ।

# ਗਦਰ ਲਹਿਰ:ਗਦਰੀ ਬਾਬਾ ਕਪੂਰ ਸਿੰਘ ਕਾਉਂਕੇ

(ਸਫਾ 33 ਦੀ ਬਾਕੀ)

ਮਿਲ ਗਿਆ। ਕੁਝ ਚਿਰ ਉਥੇ ਪੜ੍ਹੇ, ਫਿਰ ਖ਼ਾਲਸਾ ਕਾਲਜ ਅੰਮ੍ਰਿਤਸਰ (ਸਕੂਲ) ਤੋਂ ਉਨ੍ਹਾਂ ਨੇ 1919 ਵਿਚ ਮੈਟ੍ਰਿਕ ਪਾਸ ਕਰ ਲਿਆ। 1920 ਵਿਚ ਉਨ੍ਹਾਂ ਦੀ ਸ਼ਾਦੀ ਮੇਰੀ ਮਾਤਾ ਚਤਰ ਕੌਰ (ਬੇਟੀ ਈਸ਼ਰ ਸਿੰਘ ਅਤੇ ਰਾਮਦੇਈ) ਨਾਲ ਹੋਈ। ਸ਼ਾਦੀ ਤੋਂ ਬਾਅਦ ਉਹ ਲਖਨਊ ਚਲੇ ਗਏ ਜਿਥੋਂ ਉਨ੍ਹਾਂ ਨੇ ਹਿਊਟਣ ਇੰਜੀਨੀਅਰਿੰਗ ਕਾਲਜ ਤੋਂ ਦੋ ਸਾਲਾ ਕੇ ਸਿਵਿਲ ਇੰਜੀਨੀਅਰਿੰਗ ਦਾ ਡਿਪਲੋਮਾ ਹਾਸਿਲ ਕੀਤਾ। ਉਸ ਤੋਂ ਬਾਅਦ 11 ਜਨਵਰੀ 1924 ਨੂੰ ਮੇਰਾ ਜਨਮ ਹੋਇਆ। ਮੈਂ ਦਸ ਮਹੀਨੇ ਦਾ ਸੀ ਜਦੋਂ ਮੇਰੇ ਪਿਤਾ ਜੀ ਪਰਿਵਾਰ ਸਮੇਤ ਬਰਮਾ ਚਲੇ ਗਏ। ਉਥੇ 6 ਸਾਲ ਰਹਿਣ ਤੋਂ ਬਾਅਦ 1930 ਵਿਚ ਹਿੰਦੁਸਤਾਨ ਵਾਪਸ ਆ ਗਏ। ਅਸੀਂ 4 ਭਰਾ ਅਤੇ 4 ਭੈਣਾਂ ਸਾਂ। ਮੇਰੀਆਂ 2 ਭੈਣਾਂ ਅਤੇ 2 ਭਰਾ, 5 ਸਾਲ ਦੀ ਉਮਰ ਤੋਂ ਪਹਿਲਾਂ ਹੀ ਗੁਜ਼ਰ ਗਏ।

ਬਲੈਕ ਲਿਸਟਿਡ ਹੋਣ ਕਰਕੇ ਉਨ੍ਹਾਂ ਨੂੰ ਸਰਕਾਰੀ ਨੌਕਰੀ ਨਹੀਂ ਮਿਲੀ। ਉਹ ਬੱਸ, ਪ੍ਰਾਈਵੇਟ ਨੌਕਰੀਆਂ ਹੀ ਕਰਦੇ ਰਹੇ। ਉਨ੍ਹਾਂ ਨੇ ਕੁੱਲ 16 ਨੌਕਰੀਆਂ ਕੀਤੀਆਂ। ਕੋਈ 6 ਮਹੀਨੇ, ਕੋਈ ਸਾਲ ਅਤੇ ਕੋਈ ਡੇਢ ਸਾਲ। ਬੜਾ ਹੀ ਔਖਾ ਟਾਈਮ ਕੱਢਿਆ। ਆਪਣੇ ਪਰਿਵਾਰ ਦੀ ਜ਼ਿੰਦਗੀ ਚਲਾਉਣ ਵਾਸਤੇ ਸਾਰੀ ਉਮਰ ਸੰਘਰਸ਼ ਕਰਦੇ ਰਹੇ, ਕਦੇ ਸੁੱਖ ਦਾ ਸਾਹ ਨਹੀਂ ਲਿਆ। ਨੌਕਰੀ ਤੋਂ ਇਲਾਵਾ ਆਮਦਨੀ ਦਾ ਕੋਈ ਸਾਧਨ ਨਹੀਂ ਸੀ, ਕਿਉਂਕਿ ਅੰਗਰੇਜ਼ਾਂ ਦੇ ਜ਼ਮਾਨੇ ਵਿਚ ਅੰਗਰੇਜ਼ੀ ਸਰਕਾਰ ਕ੍ਰਾਂਤੀਕਾਰੀਆਂ ਦੀਆਂ ਜ਼ਮੀਨਾਂ 'ਤੇ ਕਬਜ਼ਾ ਕਰ ਲੈਂਦੀ ਸੀ। ਇਸੇ ਡਰ ਦੇ ਮਾਰੇ ਉਨ੍ਹਾਂ ਦੇ ਪਿਤਾ ਸ. ਚੰਦਾ ਸਿੰਘ ਨੇ ਆਪਣੀ 10 ਘੁਮਾਂ ਜ਼ਮੀਨ ਪਿੰਡ ਦੇ ਨੇੜੇ ਇਕ ਡੇਰਾ ਜਿਸ ਦਾ ਨਾਂ ਰਾਮਸ਼ਰਣਦਾਸ ਸੀ, ਨੂੰ ਦਾਨ ਕਰ ਦਿੱਤੀ।

ਉਨ੍ਹਾਂ ਦੀ ਰਿਹਾਈ ਤੋਂ ਬਾਅਦ ਵੀ ਹਰ ਸਾਲ ਪੁਲਿਸ ਪਰਿਵਾਰ ਤੋਂ ਤਰ੍ਹਾਂ-ਤਰ੍ਹਾਂ ਦੇ ਸਵਾਲ ਪੁੱਛ ਕੇ ਪ੍ਰੇਸ਼ਾਨ ਕਰਦੀ ਰਹਿੰਦੀ। ਪ੍ਰੇਸ਼ਾਨ ਕਰਨ ਦਾ ਸਿਲਸਿਲਾ 1949 ਤੱਕ ਚਲਦਾ ਰਿਹਾ। ਮੈਂ ਆਪ ਦੂਸਰੀ ਤੋਂ ਚੌਥੀ ਕਲਾਸ ਤੱਕ ਪਿੰਡ ਰਿਹਾ ਅਤੇ ਪੁਲਿਸ ਵਾਲੇ ਮੈਨੂੰ ਵੀ ਪ੍ਰੇਸ਼ਾਨ ਕਰਦੇ ਰਹੇ ਪਰ ਸਾਡੇ ਗੁਆਂਢੀ ਪੁਲਿਸ ਵਾਲਿਆਂ ਨੂੰ ਮੇਰੇ ਬਾਰੇ ਇਹੀ ਸਮਝਾਉਂਦੇ ਕਿ ਇਸ ਮੁੰਡੇ ਦਾ ਪੜ੍ਹਾਈ ਵਿਚ ਧਿਆਨ ਹੈ, ਹੋਰ ਕਿਸੇ ਗੱਲ ਵਿਚ ਨਹੀਂ। 1966 ਵਿਚ ਮੇਰੀ ਮਾਤਾ ਨੇ ਵੀ ਪੰਜਾਬੀ ਸੂਬਾ ਲਹਿਰ ਵਿਚ ਹਿੱਸਾ ਲਿਆ ਅਤੇ 6 ਮਹੀਨੇ ਜੇਲ੍ਹ ਕੱਟੀ। ਮਾਤਾ-ਪਿਤਾ ਦੋਵੇਂ ਪੂਰਨ ਗੁਰਸਿੱਖ ਅਤੇ ਧਰਮੀ ਸਨ। ਆਪਣੇ ਬੱਚਿਆਂ ਅਤੇ ਦੋਹਤਿਆਂ-ਪੋਤਿਆਂ ਨੂੰ ਵੀ ਸਾਰੀ ਉਮਰ ਪ੍ਰੇਰਿਤ ਕਰਦੇ ਰਹੇ। 1989 ਵਿਚ ਮਾਤਾ ਜੀ ਅਮਰੀਕਾ ਪਹੁੰਚਣ ਤੋਂ 2 ਮਹੀਨੇ ਬਾਅਦ ਹੀ ਅਕਾਲ ਚਲਾਣਾ ਕਰ ਗਏ।

ਪੰਜਾਬ ਅਤੇ ਹਿੰਦੋਸਤਾਨ ਵਿਚ ਜਿੰਨੀਆਂ ਵੀ ਸਰਕਾਰਾਂ ਬਣੀਆਂ, ਉਨ੍ਹਾਂ ਵਿਚੋਂ ਕਿਸੇ ਵੀ ਸਰਕਾਰ ਨੇ ਆਜ਼ਾਦੀ ਸੰਗਰਾਮੀਆਂ ਦੀ ਖ਼ਬਰ ਨਹੀਂ ਲਈ; ਖਾਸ ਕਰ ਗਦਰੀਆਂ ਦੀ। ਤੇ ਇਹੋ ਹੀ ਹਾਲ ਮੇਰੇ ਪਿਤਾ ਜੀ ਦਾ ਹੋਇਆ। ਇਕ ਵਾਰ ਸਰਕਾਰ ਵੱਲੋਂ ਸਿਆਸੀ ਪੀੜਤਾਂ ਨੂੰ ਪੈਨਸ਼ਨ ਦੇਣ ਦੀ ਸਕੀਮ ਆਈ। ਅਸੀਂ ਪਿਤਾ ਜੀ ਨੂੰ ਅਰਜ਼ੀ ਦੇਣ ਵਾਸਤੇ ਕਿਹਾ ਪਰ ਅਣਖੀ ਸੁਭਾਅ ਹੋਣ ਕਰਕੇ ਉਨ੍ਹਾਂ ਨੇ ਇਹ ਕਹਿ ਕੇ ਮਨ੍ਹਾਂ ਕਰ ਦਿੱਤਾ ਕਿ ਇਹ ਸਰਕਾਰ ਤਾਂ ਆਪ ਮੰਗਤੀ ਹੈ, ਮੈਂ ਇਸ ਕੋਲੋਂ ਕੀ ਲੈਣਾ ਹੈ? ਪਰਿਵਾਰ ਦੇ ਵਾਰ-ਵਾਰ ਕਹਿਣ ਤੋਂ ਬਾਅਦ ਮੇਰੇ ਮਾਤਾ ਜੀ ਨੇ ਕੋਸ਼ਿਸ਼ ਕੀਤੀ ਪਰ ਰਿਸ਼ਵਤ ਖਾਣ ਵਾਲੇ ਅਫ਼ਸਰਾਂ ਦੀ ਮੰਗ ਇੰਨੀ ਉਚੀ ਸੀ ਕਿ ਪੂਰੀ ਨਹੀਂ ਕੀਤੀ ਜਾ ਸਕਦੀ ਸੀ। ਇਸ ਕਰਕੇ ਉਨ੍ਹਾਂ ਨੂੰ ਪੈਨਸ਼ਨ ਵੀ ਨਹੀਂ ਲੱਗ ਸਕੀ। ਮੇਰੇ ਪਿਤਾ ਜੀ ਦੋ ਮਹੀਨੇ ਬੀਮਾਰ ਰਹਿਣ ਤੋਂ ਬਾਅਦ 1976 ਵਿਚ ਅਕਾਲ ਚਲਾਣਾ ਕਰ ਗਏ।

ਅਖੀਰ ਵਿਚ ਇਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਪਿਤਾ ਜੀ ਨੂੰ ਸਾਰੀ ਉਮਰ ਪਰਿਵਾਰ ਨੂੰ ਪਾਲਣ ਲਈ ਸਿਵਾਏ ਸੰਘਰਸ਼ ਅਤੇ ਥਾਂ-ਥਾਂ ਧੱਕੇ ਖਾਣ ਦੇ, ਹੋਰ ਕੁਝ ਵੀ ਪ੍ਰਾਪਤ ਨਹੀਂ ਹੋਇਆ। ਨਾ ਹੀ ਸਾਨੂੰ ਹੁਣ ਉਨ੍ਹਾਂ ਦੀਆਂ ਕੁਰਬਾਨੀਆਂ ਦੇ ਬਦਲੇ ਕਿਸੇ ਚੀਜ਼ ਦੀ ਚਾਹ ਹੈ। ਸਿਰਫ਼ ਇਹੀ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਕੁਰਬਾਨੀ ਲਈ ਮਾਨਤਾ ਅਤੇ ਸਤਿਕਾਰ ਮਿਲੇ। ਜਿਸ ਬੱਚੇ ਨੇ 14 ਸਾਲ ਦੀ ਉਮਰ ਵਿਚ ਵੀ ਪੂਰੀ ਤਰ੍ਹਾਂ ਜਾਣਦੇ ਹੋਏ ਕਿ ਇਸ ਗਦਰ ਵਿਚ ਸ਼ਮੂਲੀਅਤ ਦੇ ਨਤੀਜੇ ਕੀ ਹੋ ਸਕਦੇ ਹਨ, ਫਿਰ ਵੀ ਗਦਰ ਲਹਿਰ ਵਿਚ ਹਿੱਸਾ ਲਿਆ, ਇਹ ਕਿਸੇ ਕੁਰਬਾਨੀ ਨਾਲੋਂ ਘੱਟ ਨਹੀਂ ਸੀ।

*ਫੋਨ: 503-590-6748

## ਕਿਰਤੀ ਕਿਸਾਨਾਂ ਦੇ ਨਾਂ

ਕਿਰਤੀ ਕਿਸਾਨ ਦੀ ਮੈਂ ਧੀ ਸੋਹਣਿਆਂ
ਧੁੱਪ ਕੋਲੋਂ ਡਰਨਾ ਮੈਂ ਕੀ ਸੋਹਣਿਆਂ
ਮੈਂ ਪਿੰਡ ਦੀ ਕੁੜੀ ਨਾ ਜਾਣੀ ਸ਼ਹਿਰੀ,
ਵੇ ਦਾਤੀ ਨੂੰ ਲੁਆ ਦੇ ਘੁੰਗਰੂ।
ਰੰਗ ਕਣਕਾਂ ਦਾ ਹੋ ਗਿਆ ਸੁਨਹਿਰੀ,
ਵੇ ਦਾਤੀ ਨੂੰ...।

ਜਿਹੜੀ ਬੂਰੀ ਮੱਝ ਬਾਪੂ ਦੇ ਗਿਆ ਸੀ ਮੇਰਾ
ਦੁੱਧ ਬੜਾ ਦਿੰਦੀ ਘਿਉ ਜੋੜਿਆ ਬਥੇਰਾ
ਪੈਲ੍ਹਾਂ ਪਾਵਾਂ ਬਣ ਮੋਰ ਮੈਂ ਕਲ਼ੈਰੀ,
ਵੇ ਦਾਤੀ ਨੂੰ...।

ਸਾਂਭਣੀ ਫ਼ਸਲ ਆਪੇ ਬੀਜੀ ਪੁੱਤਾਂ ਵਾਂਗ ਵੇ
ਕਿਰਤੀ ਕਿਸਾਨਾਂ ਦੀ ਖੇਤਾਂ ਨਾਲ ਹੁੰਦੀ ਸਾਂਝ ਵੇ
ਲੁੱਕ-ਲੁੱਕ ਵੇਖਦਾ ਏ ਮੀਂਹ ਨ੍ਹੇਰੀ,
ਵੇ ਦਾਤੀ ਨੂੰ...।

ਸ਼ਹਿਰੋਂ ਜਾ ਕੇ ਲੈ ਆਵੀਂ ਬੇੜ੍ਹਾਂ ਪੰਜ-ਸੱਤ ਵੇ
ਕੰਮ ਕੀਤੇ ਮੁੱਕਦੇ ਕੱਢੇ ਸਿਆਣਿਆਂ ਨੇ ਤੱਤ ਵੇ
'ਚੰਦੇਲੀ ਵਾਲੇ ਪੀਟੇ' ਰਾਹ 'ਚ ਨਾ ਠਹਿਰੀ,
ਵੇ ਦਾਤੀ ਨੂੰ...।
ਰੰਗ ਕਣਕਾਂ ਦਾ ਹੋ ਗਿਆ ਸੁਨਹਿਰੀ,
ਵੇ ਦਾਤੀ ਨੂੰ ਲੁਆ ਦੇ ਘੁੰਗਰੂ।

-ਅਜੇ ਤਨਵੀਰ

# ਮੋਤੀ ਲਾਲ: ਬਾਲੀਵੁੱਡ ਦੇ ਮਹਾਂਰਥੀਆਂ ਦਾ ਪ੍ਰੇਰਨਾ ਸ੍ਰੋਤ

ਬਾਲੀਵੁੱਡ 'ਚ ਬਹੁਤ ਸਾਰੇ ਅਜਿਹੇ ਹੀਰੋ ਹਨ ਜਿਨ੍ਹਾਂ ਨੇ ਆਪਣੀ ਦਮਦਾਰ ਅਭਿਨੈ ਸ਼ੈਲੀ ਨਾਲ ਨਾ ਸਿਰਫ਼ ਖ਼ੁਦ ਯਾਦਗਾਰੀ ਭੂਮਿਕਾਵਾਂ ਨਿਭਾਈਆਂ ਸਗੋਂ ਉਹ ਦੂਸਰਿਆਂ ਲਈ ਪ੍ਰੇਰਨਾ ਸ੍ਰੋਤ ਬਣੇ। ਮੋਤੀ ਲਾਲ ਅਜਿਹੇ ਹੀ ਇਕ ਅਭਿਨੇਤਾ ਸਨ। ਦਲੀਪ ਕੁਮਾਰ ਨੇ ਇਕ ਵਾਰ ਕਿਹਾ ਸੀ ਕਿ ਉਨ੍ਹਾਂ 'ਤੇ ਮੋਤੀ ਲਾਲ ਦੇ ਅਭਿਨੈ ਦਾ ਕਾਫ਼ੀ ਪ੍ਰਭਾਵ ਪਿਆ। ਉਨ੍ਹਾਂ ਦੇ ਸਮਕਾਲੀ ਹੀਰੋ ਵੀ ਉਨ੍ਹਾਂ ਦੀ ਯਥਾਰਥਵਾਦੀ ਅਭਿਨੈ ਸ਼ੈਲੀ ਤੇ ਵਧੀਆ ਡਾਇਲਾਗ ਬੋਲਣ ਦੇ ਕਾਇਲ ਸਨ। ਮਹਿਬੂਬ ਖ਼ਾਨ ਦੀਆਂ ਫ਼ਿਲਮਾਂ ਦੀ ਤਾਂ ਮੋਤੀ ਲਾਲ ਦੇ ਅਭਿਨੈ ਤੋਂ ਬਿਨਾ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ। 4 ਦਸੰਬਰ 1910 ਨੂੰ ਸ਼ਿਮਲਾ 'ਚ ਜੰਮੇ ਮੋਤੀ ਲਾਲ ਦੇ ਪਿਤਾ ਇਕ ਪ੍ਰਸਿੱਧ ਸਿੱਖਿਆ ਸ਼ਾਸਤਰੀ ਸਨ। ਅਜੇ ਮੋਤੀ ਲਾਲ ਇਕ ਸਾਲ ਦੇ ਹੀ ਸਨ ਕਿ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ। ਉਨ੍ਹਾਂ ਦਾ ਪਾਲਣ-ਪੋਸ਼ਣ ਉਨ੍ਹਾਂ ਦੇ ਇਕ ਅੰਕਲ ਨੇ ਕੀਤਾ ਜਿਹੜੇ ਉਤਰ ਪ੍ਰਦੇਸ਼ 'ਚ ਸਿਵਲ ਸਰਜਨ ਸਨ। ਮੋਤੀ ਲਾਲ ਦੀ ਸਕੂਲ ਤੇ ਕਾਲਜ ਦੀ ਸਿੱਖਿਆ ਸ਼ਿਮਲਾ, ਯੂ.ਪੀ. ਤੇ ਦਿੱਲੀ 'ਚ ਹੋਈ। ਕਾਲਜ ਛੱਡਣ ਤੋਂ ਬਾਅਦ ਉਹ ਨੇਵੀ ਜੁਆਇਨ ਕਰਨ ਦੇ ਉਦੇਸ਼ ਨਾਲ ਮੁੰਬਈ ਆ ਗਏ।




ਬਦਕਿਸਮਤੀ ਨਾਲ ਉਹ ਬੀਮਾਰ ਪੈ ਗਏ ਤੇ ਟੈਸਟ ਨਹੀਂ ਦੇ ਸਕੇ। ਕਿਸਮਤ 'ਚ ਉਨ੍ਹਾਂ ਦੇ ਲਈ ਕੁਝ ਹੋਰ ਹੀ ਲਿਖਿਆ ਸੀ। ਇਕ ਦਿਨ ਉਹ ਸਾਗਰ ਸਟੂਡੀਓਜ਼ 'ਚ ਨਿਰਦੇਸ਼ਕ ਕੇ.ਪੀ. ਘੋਸ਼ ਦੀ ਇਕ ਫ਼ਿਲਮ ਦੀ ਸ਼ੂਟਿੰਗ ਦੇਖਣ ਗਏ। ਕੇ.ਪੀ. ਘੋਸ਼ ਦੀ ਪਾਰਖੂ ਨਜ਼ਰ ਨੇ ਉਨ੍ਹਾਂ 'ਚ ਲੁਕੇ ਸਟਾਰ ਨੂੰ ਪਛਾਣ ਲਿਆ ਤੇ 1934 'ਚ 24 ਸਾਲ ਦੀ ਉਮਰ 'ਚ ਉਨ੍ਹਾਂ ਨੂੰ ਸਾਗਰ ਫ਼ਿਲਮ ਕੰਪਨੀ ਦੀ ਫ਼ਿਲਮ 'ਸ਼ਹਿਰ ਕਾ ਜਾਦੂ' 'ਚ ਬਤੌਰ ਹੀਰੋ ਚੁਣ ਲਿਆ ਗਿਆ।

ਉਸ ਤੋਂ ਬਾਅਦ ਉਨ੍ਹਾਂ ਨੇ 'ਡਾ. ਮਧੁਰਿਕਾ' ਅਤੇ 'ਕੁਲਬਧੂ' (1937) ਵਰਗੀਆਂ ਸਮਾਜਿਕ ਵਿਸ਼ਿਆਂ 'ਤੇ ਆਧਾਰਤ ਸਫਲ ਫ਼ਿਲਮਾਂ ਦਿਤੀਆਂ। ਬਾਅਦ 'ਚ ਰਣਜੀਤ ਸਟੂਡੀਓ 'ਚ ਉਨ੍ਹਾਂ ਨੇ ਮਹਿਬੂਬ ਖਾਨ ਦੀ 'ਜਗੀਰਦਾਰ' (1937), 'ਹਮ-ਤੁਮ ਔਰ ਵੋ' (1937) ਤੇ 'ਤਕਦੀਰ' (1934) ਵਰਗੀਆਂ ਯਾਦਗਾਰ ਫ਼ਿਲਮਾਂ 'ਚ ਆਪਣੇ ਅਭਿਨੈ ਦਾ ਲੋਹਾ ਮਨਵਾਇਆ। ਕਿਦਾਰ ਸ਼ਰਮਾ ਦੀ 'ਅਰਮਾਨ' (1942) ਤੇ 'ਕਲੀਆਂ' (1944) ਉਨ੍ਹਾਂ ਦੀਆਂ ਸਫਲ ਫ਼ਿਲਮਾਂ 'ਚ ਸ਼ਾਮਲ ਹਨ। ਉਨ੍ਹਾਂ ਵਲੋਂ ਨਿਭਾਇਆ ਸਭ ਤੋਂ ਵੱਧ ਯਾਦਗਾਰੀ ਕਿਰਦਾਰ ਆਰ.ਕੇ. ਲਕਸ਼ਮਣ ਦੇ ਨਾਵਲ 'ਤੇ ਆਧਾਰਤ ਫ਼ਿਲਮ 'ਮਿਸਟਰ ਸੰਪਨ' (1952) 'ਚ ਸੀ। ਇਸ 'ਚ ਉਨ੍ਹਾਂ ਨੇ ਇਕ ਜੈਂਟਲਮੈਨ ਧੋਖੇਬਾਜ਼ ਦਾ ਕਿਰਦਾਰ ਨਿਭਾਇਆ ਸੀ। ਸੰਨ 1955 'ਚ ਵਿਮਲ ਰਾਏ ਦੀ 'ਦੇਵਦਾਸ' 'ਚ ਉਨ੍ਹਾਂ ਨੇ ਚੁੰਨੀ ਬਾਬੂ ਦੀ ਭੂਮਿਕਾ ਇੰਨੀ ਸ਼ਿੱਦਤ ਨਾਲ ਨਿਭਾਈ ਕਿ ਇਸ ਤੋਂ ਉਨ੍ਹਾਂ ਨੂੰ ਫ਼ਿਲਮ ਫੇਅਰ ਦੇ ਬੈਸਟ ਸਪੋਟਿੰਗ ਐਕਟਰ ਦੇ ਐਵਾਰਡ ਨਾਲ ਨਿਵਾਜਿਆ ਗਿਆ ਸੀ। ਫ਼ਿਲਮ 'ਅਨਾੜੀ' 'ਚ ਸਿਰਫ ਰਾਜ ਕਪੂਰ ਦੇ ਕਿਰਦਾਰ ਨੂੰ ਹੀ ਨਹੀਂ ਸਗੋਂ ਇਸ 'ਚ ਮੋਤੀ ਲਾਲ ਵਲੋਂ ਨਿਭਾਏ ਗਏ ਕਿਰਦਾਰ ਨੂੰ ਵੀ ਬਹੁਤ ਪਸੰਦ ਕੀਤਾ ਗਿਆ। ਪ੍ਰਸਿੱਧ ਅਭਿਨੇਤਾ ਨਸੀਰੂਦੀਨ ਸ਼ਾਹ ਨੇ ਬਲਰਾਜ ਸਾਹਨੀ ਦੇ ਨਾਲ ਹੀ ਉਨ੍ਹਾਂ ਨੂੰ ਹਿੰਦੀ ਸਿਨੇਮਾ ਦਾ ਸਰਵਸ੍ਰੇਸ਼ਠ ਅਭਿਨੇਤਾ ਕਿਹਾ ਸੀ। ਮੋਤੀ ਲਾਲ ਨੂੰ ਰੇਸ ਦਾ ਬੜਾ ਸ਼ੌਕ ਸੀ। ਉਨ੍ਹਾਂ ਦਾ ਨਾਂ ਸ਼ੋਭਨਾ ਸਮਰੱਥ ਦੇ ਨਾਲ ਜੋੜਿਆ ਜਾਂਦਾ ਰਿਹਾ। ਨਾਦਿਰਾ ਦੇ ਨਾਲ ਵੀ ਉਨ੍ਹਾਂ ਦਾ ਗੂੜ੍ਹਾ ਰਿਸ਼ਤਾ ਸੀ। ਕਿਸੇ ਸਮੇਂ ਵਧੀਆ ਜੀਵਨ ਬਿਤਾਉਣ ਵਾਲੇ ਮੋਤੀ ਲਾਲ ਦਾ ਜਦੋਂ 1965 'ਚ ਦੇਹਾਂਤ ਹੋਇਆ ਤਾਂ ਉਨ੍ਹਾਂ ਦੇ ਕੋਲ ਪੈਸੇ ਦੇ ਨਾਂ 'ਤੇ ਕੁਝ ਵੀ ਨਹੀਂ ਸੀ।

# ਸ਼ਾਹਰੁਖ਼ ਤੇ ਕੈਟਰੀਨਾ ਮੁੜ ਇਕੱਠੇ



ਕੈਟਰੀਨਾ ਕੈਫ ਨੂੰ ਬਾਲੀਵੁੱਡ ਵਿਚ ਆਏ ਲੰਮਾਂ ਸਮਾਂ ਹੋ ਗਿਆ ਹੈ। ਹੁਣ ਤਕ ਉਹ ਸ਼ਾਹਰੁਖ ਖਾਨ ਨਾਲ ਕੋਈ ਫਿਲਮ ਨਹੀਂ ਕਰ ਸਕੀ ਪਰ ਲੱਗਦਾ ਹੈ ਕਿ ਜਲਦੀ ਹੀ ਉਸ ਦੀ ਇਹ ਇੱਛਾ ਪੂਰੀ ਹੋਣ ਵਾਲੀ ਹੈ। ਯਸ਼ ਚੋਪੜਾ ਵਲੋਂ ਨਿਰਦੇਸ਼ਿਤ ਅਗਲੀ ਫਿਲਮ 'ਚ ਸ਼ਾਹਰੁਖ ਨਾਲ ਕੈਟਰੀਨਾ ਕੈਫ ਨੂੰ ਚੁਣ ਲਿਆ ਗਿਆ ਹੈ। ਯਸ਼ ਚੋਪੜਾ ਨੂੰ ਰੋਮਾਂਟਿਕ ਫਿਲਮਾਂ ਬਣਾਉਣਾ ਪਸੰਦ ਹੈ ਤੇ ਉਨ੍ਹਾਂ ਦੀ ਇਹ ਫਿਲਮ ਵੀ ਪ੍ਰੇਮ ਕਹਾਣੀ 'ਤੇ ਆਧਾਰਤ ਹੋਵੇਗੀ। ਦੂਸਰੇ ਪਾਸੇ ਯਸ਼ਰਾਜ ਫਿਲਮਜ਼ ਵਾਲਿਆਂ ਦਾ ਕਹਿਣਾ ਹੈ ਕਿ ਉਹ ਅਗਲੇ ਸਾਲ ਲਈ ਬੇਹੱਦ ਮਹੱਤਵਪੂਰਨ ਫਿਲਮਾਂ ਲੈ ਕੇ ਆਉਣ ਵਾਲੇ ਹਨ। ਇਨ੍ਹਾਂ ਲਈ ਕਈ ਵੱਡੇ ਸਟਾਰਾਂ ਨਾਲ ਗੱਲ ਚੱਲ ਰਹੀ ਹੈ। ਯਸ਼ ਚੋਪੜਾ ਵੀ ਆਪਣੇ ਨਿਰਦੇਸ਼ਨ ਵਿਚ ਬਣਨ ਵਾਲੀ ਫਿਲਮ ਸ਼ੁਰੂ ਕਰਨ ਵਾਲੇ ਹਨ ਜਿਸ ਬਾਰੇ ਸਮਾਂ ਆਉਣ 'ਤੇ ਐਲਾਨ ਕੀਤਾ ਜਾਵੇਗਾ।



ਉਂਜ ਕੈਟਰੀਨਾ ਯਸ਼ਰਾਜ ਕੈਂਪ ਨਾਲ ਪਹਿਲਾਂ ਹੀ ਕੰਮ ਕਰ ਰਹੀ ਹੈ ਪਰ ਹੁਣ ਲੱਗਦਾ ਹੈ ਕਿ ਯਸ਼ ਚੋਪੜਾ ਕੈਟਰੀਨਾ ਦੀ ਅਦਾਕਾਰੀ ਦੇ ਇਸ ਤਰ੍ਹਾਂ ਮੁਰੀਦ ਹੋ ਗਏ ਹਨ ਕਿ ਯਸ਼ਰਾਜ ਕੈਂਪ ਦੀਆਂ ਅਗਲੀਆਂ ਕੁਝ ਫ਼ਿਲਮਾਂ 'ਚ ਵੀ ਉਹ ਕੈਟਰੀਨਾ ਨੂੰ ਬਤੌਰ ਹੀਰੋਇਨ ਲੈਣ ਦਾ ਫੈਸਲਾ ਕਰ ਚੁੱਕੇ ਹਨ। ਕੈਟਰੀਨਾ ਇਸ ਵੇਲੇ ਯਸ਼ਰਾਜ ਦੀ ਇਕ ਫ਼ਿਲਮ 'ਮੇਰੇ ਬ੍ਰਦਰ ਕੀ ਦੁਲਹਨ' ਕਰ ਰਹੀ ਹੈ ਜਿਸ 'ਚ ਉਹ ਆਮਿਰ ਖਾਨ ਦੇ ਭਾਣਜੇ ਇਮਰਾਨ ਖਾਨ ਦੇ ਆਪੋਜ਼ਿਟ ਨਜ਼ਰ ਆਵੇਗੀ। ਇਹ ਫ਼ਿਲਮ ਤਕਰੀਬਨ ਪੂਰੀ ਹੋ ਚੁੱਕੀ ਹੈ। ਹੁਣ ਯਸ਼ਰਾਜ ਆਪਣੀ ਅਗਲੀ ਫ਼ਿਲਮ 'ਧੂਮ-3?' 'ਚ ਵੀ ਕੈਟਰੀਨਾ ਨੂੰ ਹੀ ਅਭਿਸ਼ੇਕ ਬੱਚਨ ਦੇ ਆਪੋਜ਼ਿਟ ਲੈਣਾ ਚਾਹੁੰਦੇ ਹਨ।

# 'ਦਮ ਮਾਰੋ ਦਮ' ਦਾ ਦਮ




'ਦਮ ਮਾਰੋ ਦਮ' ਦੀ ਕਹਾਣੀ ਦਾ ਕੇਂਦਰ ਬਿੰਦੂ ਗੋਆ ਹੈ। ਦੁਨੀਆਂ ਭਰ ਦੇ ਸੈਲਾਨੀ ਗੋਆ ਦੀ ਖੂਬਸੂਰਤੀ ਕਾਰਨ ਇਥੇ ਖਿੱਚੇ ਚਲੇ ਆਉਂਦੇ ਹਨ। ਉਨ੍ਹਾਂ ਨੂੰ ਇਹ ਸਵਰਗ ਵਰਗਾ ਲਗਦਾ ਹੈ ਪਰ ਇਸ ਸੁੰਦਰ ਥਾਂ 'ਤੇ ਡਰਗ ਮਾਫੀਆ ਨੇ ਹੌਲੀ-ਹੌਲੀ ਆਪਣੇ ਪੈਰ ਪਸਾਰ ਲਏ ਹਨ। ਇਨ੍ਹਾਂ ਦੇ ਕੱਸਦੇ ਹੋਏ ਸ਼ਿਕੰਜੇ ਕਾਰਨ ਕਈ ਜ਼ਿੰਦਗੀਆਂ ਪ੍ਰਭਾਵਿਤ ਹੁੰਦੀਆਂ ਹਨ। ਨਿਰਦੇਸ਼ਕ ਰੋਹਨ ਸਿੱਪੀ ਦੀ ਇਹ ਥ੍ਰਿਲਰ ਫਿਲਮ ਗੋਆ ਦੇ ਸਮੁੱਚੇ ਇਤਿਹਾਸ ਬਾਰੇ ਹੈ ਕਿ ਕਿਸ ਤਰ੍ਹਾਂ ਜ਼ਨਤ ਕਹੀਆਂ ਜਾਣ ਵਾਲੀਆਂ ਥਾਂਵਾਂ ਨਾਲ ਵੀ ਖਤਰਨਾਕ ਸੱਪ ਜੁੜੇ ਹੁੰਦੇ ਹਨ। ਇਹ ਫਿਲਮ ਟੂਰਿਜ਼ਮ ਹੇਠ ਛੁਪੇ ਕਈ ਅਦਭੁੱਤ ਰਾਜ਼ ਸਾਹਮਣੇ ਲੈ ਕੇ ਆਵੇਗੀ।

ਇਸ ਵਿਚ ਨਸ਼ਾ ਤੇ ਸੈਕਸ ਮਾਫ਼ੀਆ ਦਾ ਪਰਛਾਵਾਂ ਚੁੱਪ-ਚਪੀਤੇ ਸਾਰਿਆਂ ਦਾ ਪਿੱਛਾ ਕਰਦਾ ਰਹਿੰਦਾ ਹੈ ਪਰ ਕਿਸੇ ਨੂੰ ਇਹ ਪਤਾ ਨਹੀਂ ਲੱਗਦਾ ਕਿ ਆਖਰ ਉਹ ਕੀ ਚੀਜ਼ ਹੈ ਜੋ ਸਾਡੇ ਆਲੇ-ਦੁਆਲੇ ਘੁੰਮ ਰਹੀ ਹੈ? ਇਨ੍ਹਾਂ ਸਥਾਨਕ ਤੇ ਕੌਮਾਂਤਰੀ ਡਰੱਗ ਮਾਫੀਆ ਨੂੰ ਖਤਮ ਕਰਨ ਦੀ ਜ਼ਿੰਮੇਵਾਰੀ ਏ.ਸੀ.ਪੀ. ਵਿਸ਼ਨੂੰ ਕਾਮਤ (ਅਭਿਸ਼ੇਕ ਬੱਚਨ) ਨੂੰ ਸੌਂਪੀ ਗਈ ਹੈ। ਵਿਸ਼ਨੂੰ ਦਿਨ ਰਾਤ ਪੂਰੀ ਤਾਕਤ ਨਾਲ ਇਸ ਕੰਮ ਵਿਚ ਲੱਗਿਆ ਰਹਿੰਦਾ ਹੈ ਪਰ ਇਹ ਖੌਫ਼ਨਾਕ ਦੁਨੀਆਂ ਉਸ ਦੀ ਸੋਚ ਤੋਂ ਕਿਤੇ ਜ਼ਿਆਦਾ ਭਿਆਨਕ ਹੈ। ਲਾਰੀ (ਪ੍ਰਤੀਕ ਬੱਬਰ) ਇਕ ਵਿਦਿਆਰਥੀ ਹੈ। ਉਸ ਦੀ ਮਿੱਤਰ ਕੁੜੀ ਅਮਰੀਕਾ ਪੜ੍ਹਨ ਲਈ ਗਈ ਹੈ। ਉਸ ਦੇ ਪਿੱਛੇ-ਪਿੱਛੇ ਲਾਰੀ ਵੀ ਉਥੇ ਜਾਣਾ ਚਾਹੁੰਦਾ ਹੈ ਪਰ ਉਸ ਦੀ ਸਕਾਲਰਸ਼ਿਪ ਮਨਜ਼ੂਰ ਨਹੀਂ ਹੁੰਦੀ। ਇਸ ਤੋਂ ਬਾਅਦ ਲਾਰੀ ਦਾ ਆਪਣੀ ਜ਼ਿੰਦਗੀ 'ਤੇ ਕੰਟਰੋਲ ਨਹੀਂ ਰਹਿੰਦਾ। ਉਸ ਦੀ ਜ਼ਿੰਦਗੀ ਨੂੰ ਫਿਰ ਤੋਂ ਸਹੀ ਟਰੈਕ 'ਤੇ ਲਿਆਉਣ ਦਾ ਵਾਅਦਾ ਕੀਤਾ ਜਾਂਦਾ ਹੈ ਪਰ ਬਦਲੇ ਵਿਚ ਉਸ ਨੂੰ ਆਪਣੀ ਜ਼ਮੀਰ ਵੇਚਣੀ ਪੈਂਦੀ ਹੈ। ਡੀ.ਜੇ. ਜੌਕੀ (ਰਾਣਾ ਦਗੁਬਤੀ) ਇਕ ਸੰਗੀਤਕਾਰ ਹੈ ਤੇ ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਸਾਰੀਆਂ ਘਟਨਾਵਾਂ ਤੋਂ ਵਾਕਫ਼ ਹੈ। ਡਰੱਗ ਮਾਫੀਆ ਨਾਲ ਲੜਨ ਦਾ ਅੰਜਾਮ ਇਹ ਹੋਇਆ ਕਿ ਉਸ ਨੇ ਆਪਣੀਆਂ ਸਾਰੀਆਂ ਮਨਪਸੰਦ ਚੀਜ਼ਾਂ ਗਵਾ ਦਿੱਤੀਆਂ। ਬਿਪਾਸ਼ਾ ਬਸੂ ਦਾ ਸੁਪਨਾ ਏਅਰ ਹੋਸਟਸ ਬਣਨ ਦਾ ਸੀ, ਉਹ ਪੂਰਾ ਨਹੀਂ ਹੋ ਸਕਿਆ। ਉਹ ਹਿੱਪੀ ਪੀੜ੍ਹੀ ਦੀ ਸੰਤਾਨ ਹੈ ਜੋ ਲੋਕਲ ਤੇ ਵਿਦੇਸ਼ੀ ਸੰਸਕ੍ਰਿਤੀ ਦਾ ਮਿਲਿਆ-ਜੁਲਿਆ ਰੂਪ ਹੈ ਤੇ ਉਸ ਦੇ ਅੰਦਰ ਕੜਵਾਹਟ ਭਰੀ ਹੋਈ ਹੈ। ਬਿਸਕਿਟ (ਅਦਿੱਤਿਆ ਪੰਚੋਲੀ) ਇਕ ਬਿਜ਼ਨਸਮੈਨ ਹੈ। ਕਾਨੂੰਨੀ ਜਾਂ ਗ਼ੈਰ-ਕਾਨੂੰਨੀ ਹੋਣ ਵਾਲੇ ਹਰ ਸੌਦੇ ਵਿਚ ਉਸ ਦਾ ਹਿੱਸਾ ਹੈ। ਗੋਆ ਦੇ ਮਾਫੀਆ ਦਰਮਿਆਨ ਵੀ ਇਹ ਇਕ ਕੜੀ ਹੈ। ਕਾਮਤ ਦੇ ਵਧਦੇ ਦਬਦਬਾ ਨਾਲ ਬਿਸਕਿਟ ਥੋੜ੍ਹਾ ਪ੍ਰੇਸ਼ਾਨ ਹੈ। ਇਨ੍ਹਾਂ ਸਾਰੇ ਕਿਰਦਾਰਾਂ ਦੀ ਕਹਾਣੀ ਹੈ 'ਦਮ ਮਾਰੋ ਦਮ' ਜਿਸ ਵਿਚ ਡਰਾਮਾ ਹੈ, ਰੁਮਾਂਚ ਹੈ, ਉਤਰਾਅ-ਚੜ੍ਹਾਅ ਹਨ, ਸਸਪੈਂਸ ਹੈ ਤੇ ਹੈਰਾਨ ਕਰ ਦੇਣ ਵਾਲਾ ਅੰਤ ਹੈ।

# ਪੰਜਾਬ ਦੀ ਸਿਆਸਤ ਦੀ ਪੋਲ ਖੋਲ੍ਹੇਗੀ ਫਿਲਮ 'ਧਰਤੀ'

ਪੰਜਾਬੀ ਸਿਨੇਮਾ ਦੀ ਵਾਗਡੋਰ ਹੁਣ ਨੌਜਵਾਨ ਫਿਲਮਸਾਜ਼ਾਂ ਨੇ ਸੰਭਾਲ ਲਈ ਹੈ। ਇਨ੍ਹਾਂ ਫਿਲਮਸਾਜ਼ਾਂ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਸਦਕਾ ਜਿੱਥੇ ਨਵੇਂ ਵਿਸ਼ੇ ਰੂਪਮਾਨ ਹੋ ਰਹੇ ਹਨ, ਉਥੇ ਪੰਜਾਬੀ ਫਿਲਮਾਂ ਹੋਰਾਂ ਭਾਸ਼ਵਾਂ ਵਾਂਗ ਆਪਣੀ ਵੱਖਰੀ ਪਛਾਣ ਵੀ ਸਥਾਪਤ ਕਰਨ ਲੱਗੀਆਂ ਹਨ। ਇਸੇ ਲੜੀ ਤਹਿਤ ਹੀ ਪੰਜਾਬ ਦੀ ਸਿਆਸਤ 'ਤੇ ਕਟਾਕਸ਼ ਕਰਦੀ ਪਹਿਲੀ ਪੰਜਾਬੀ ਫਿਲਮ 'ਧਰਤੀ' 22 ਅਪਰੈਲ ਨੂੰ ਸਿਨੇਮਾਘਰਾਂ ਦਾ ਸ਼ਿੰਗਾਰ ਬਣਨ ਜਾ ਰਹੀ ਹੈ।

ਨੌਜਵਾਨ ਫਿਲਮਸਾਜ਼ ਨਵਨੀਤ ਸਿੰਘ ਦੀ ਇਸ ਫਿਲਮ ਜ਼ਰੀਏ ਬਾਲੀਵੁੱਡ ਅਦਾਕਾਰ ਜਿੰਮੀ ਸ਼ੇਰਗਿੱਲ ਬਤੌਰ ਨਿਰਮਾਤਾ ਵੀ ਪਾਲੀਵੁੱਡ 'ਚ ਕਦਮ ਰੱਖ ਰਹੇ ਹਨ। ਨਿਰਮਾਤਾ ਜਿੰਮੀ ਸ਼ੇਰਗਿੱਲ ਤੇ ਡੀ.ਐਸ. ਗਰੇਵਾਲ ਦੀ ਇਸ ਫਿਲਮ ਦੀ ਕਹਾਣੀ ਫਿਲਮ ਲੇਖਕ ਧੀਰਜ ਰਤਨ ਵੱਲੋਂ ਲਿਖੀ ਗਈ ਹੈ। ਇਸ ਫਿਲਮ ਵਿਚ ਹਿੰਦੀ ਫਿਲਮ 'ਰਾਜਨੀਤੀ' ਵਾਂਗ ਸਿਆਸਤ ਨੂੰ ਅਹਿਮ ਮੁੱਦਾ ਬਣਾਇਆ ਗਿਆ ਹੈ। ਫਿਲਮ 'ਚ ਪੰਜਾਬ ਦੀ ਸਿਆਸਤ ਨੂੰ ਧੁਰਾ ਬਣਾ ਕੇ ਸਮੁੱਚੀ ਰਾਜਨੀਤੀ ਦੀ ਗੱਲ ਕੀਤੀ ਗਈ ਹੈ। ਇਸ ਫਿਲਮ 'ਚ 'ਪੰਜਾਬ ਸੇਵਾ ਦਲ' ਨਾਂ ਦੀ ਪਾਰਟੀ ਦਿਖਾਈ ਗਈ ਹੈ ਜਿਸ ਵਿਚ ਬਾਪ-ਬੇਟਾ ਪਾਰਟੀ ਦੇ ਮੁੱਖ ਅਹੁਦੇਦਾਰ ਵਜੋਂ ਰਾਜਨੀਤਕ ਖੇਡ ਖੇਡਦੇ ਹਨ। ਇਸ ਵਿਚ ਮੁੱਖ ਮੰਤਰੀ ਵੱਲੋਂ ਆਪਣੇ ਬੇਟੇ ਦੀ ਚੋਣ ਉਪ ਮੁੱਖ ਮੰਤਰੀ ਵਜੋਂ ਕੀਤੀ ਜਾਂਦੀ ਹੈ।




ਇਸ ਤੋਂ ਇਲਾਵਾ ਇਸ ਫਿਲਮ ਜ਼ਰੀਏ ਸਿਆਸੀ ਪਰਿਵਾਰਾਂ ਦੀਆਂ ਆਪਸੀ ਨਜ਼ਦੀਕੀਆਂ ਦੀ ਵੀ ਗੱਲ ਕੀਤੀ ਗਈ ਹੈ। ਐਕਸ਼ਨ ਤੇ ਰਾਜਨੀਤਕ ਡਰਾਮੇ ਨਾਲ ਭਰਪੂਰ ਇਹ ਇਕ ਮੰਨੋਰੰਜਨ ਭਰਪੂਰ ਫਿਲਮ ਹੈ। ਫਿਲਮ ਵਿਚ ਜਿੰਮੀ ਸ਼ੇਰਗਿੱਲ ਤੇ ਸੁਰਵੀਨ ਚਾਵਲਾ ਮੁੱਖ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਤੋਂ ਇਲਾਵਾ ਬਾਲੀਵੁੱਡ ਦੇ ਸਦਾਬਹਾਰ ਅਦਾਕਾਰ ਪ੍ਰੇਮ ਚੋਪੜਾ, ਸ਼ਵਿੰਦਰ ਮਾਹਲ, ਜਪੁਜੀ ਖਹਿਰਾ, ਰਾਹੁਲ ਦੇਵ, ਮਰਹੂਮ ਵਰਿੰਦਰ ਦਾ ਬੇਟਾ ਰਣਦੀਪ ਵਰਿੰਦਰ, ਰਣਵਿਜੇ ਸਿੰਘ, ਬੀਨੂੰ ਢਿੱਲੋਂ ਵਰਗੇ ਅਦਾਕਾਰ ਅਹਿਮ ਭੂਮਿਕਾ ਨਿਭਾ ਰਹੇ ਹਨ। ਫਿਲਮ ਦੇ ਕੈਮਰਾਮੈਨ ਹਰਮੀਤ ਸਿੰਘ ਮੁੰਬਈ ਹਨ ਤੇ ਆਰਟ ਡਾਇਰੈਕਟਰ ਤੀਰਥ ਸਿੰਘ ਗਿੱਲ ਹਨ। ਫਿਲਮ ਦਾ ਸੰਗੀਤ ਜੈਦੇਵ ਕੁਮਾਰ ਨੇ ਦਿੱਤਾ ਹੈ ਤੇ ਗੀਤ ਕੁਮਾਰ, ਜੱਗੀ ਸਿੰਘ ਨੇ ਲਿਖੇ ਹਨ ਜਿਨ੍ਹਾਂ ਨੂੰ ਆਵਾਜ਼ ਮੀਕਾ ਸਿੰਘ, ਰੱਬੀ ਸ਼ੇਰਗਿੱਲ, ਨੀਰਜ ਸ੍ਰੀਧਰ, ਸੁਨਿਧੀ ਚੌਹਾਨ ਤੇ ਗਿੱਪੀ ਗਰੇਵਾਲ ਨੇ ਦਿੱਤੀ ਹੈ।


Vista
CCTV TECHNOLOGY
Now buy Vista Products
Www.ezchase.com
(Division of vista cctv tech.)
Protect Your home and Business
Now 700 T.V. Line HD Camera available
PRO PACKAGE
$599
READY TO INSTALL
ADVANCE PACKAGE
$1199
READY TO INSTALL
14 years old experience in cctv tech.
We install anywhere in California
*H.264 Network DVR
*D1 Resolution
*Real Time Recording
*Dual Streaming Multiplex
*Remote Control
*CMS Central Station
*DDNS Supported
*HDD/DVD-RW/USB Backup
*PTZ Control
BEST PRICE GUARANTEE
View CCTV
on your iPhone!
3G
Mobile
Monitoring
Call Direct: Sukhpal@661-586-5080
Customer Service: 1-800-235-1391
Email: commvision@sbcglobal.net


ਇੰਡੀਆ ਕਾਲ ਕਰਨ ਲਈ ਸਭ ਤੋਂ
ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF
MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"


BAY AREA CULTURAL AND SPORTS ASSOCIATION PRESENTS
SANJOSE VAISAKHI MELA-2011
ਸੈਨਹੋਜੇ ਵਿਸਾਖੀ ਮੇਲਾ
EVERGREEN HIGH SCHOOL
3300 Quimby Road San Jose, CA 95148
APRIL 30,2011 . SATURDAY
. 11am-7pm
STAGE:HARVINDER RIAR
ਸੈਨੀ ਸਿੰਘ
'ਕਬੱਡੀ ਫੇਮ'
ਜਤਿੰਦਰ ਜਰਗੀਆਂ
'ਨਿਸ਼ਾਨਾ ਫੇਮ'
ਸੁਖਦੇਵ ਸਾਹਿਲ
'ਨੈਣਾ ਵਾਲਾ ਤੀਰ'
ਬਲਜੀਤ ਮਾਲਵਾ
'ਫੜ ਲੈ ਗੱਡੀ ਦੀ ਚਾਬੀ'
ਸਤਵਿੰਦਰ ਬਿੱਟੀ
'ਗੱਭਰੂ ਫੇਮ'
ਬੂਥ ਬੁੱਕ ਕਰਨ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ ਜੀ।
ਇਸ ਤੋ ਇਲਾਵਾ ਗਿੱਧਾ, ਭੰਗੜਾ, ਕਮੇਟੀ ਸਕਿੱਟ ਮੇਲੇ ਦਾ ਸ਼ਿੰਗਾਰ ਬਣਨਗੇ।
U.S.A. KABADDI FEDERATION
Participating Clubs :
* San Jose/Modesto
* Fresno
* Yuba City
* Los Banos
* Sacramento
* Stockton/Lodi
* Hayward
* Bakersfield
for more information
Jasvinder S. Sohal : 408.391.7013
Jasvir S. Powar : 408.416.7200
Satwinder S.Saran : 408.624.7857
Inderjit Singh : 510.490.4678
email : lgsohal@yahoo.com
ਬੇ- ਏਰੀਆ ਦਾ ਸਭ ਤੋ ਵੱਡਾ ਪਰਿਵਾਰਕ ਮੇਲਾ
SanJose Gurdwara
Morrill Av
Evergreen High School
Quimby Av.
Ruby Av
Thanks to our sponsors & participants and whole greater bay Punjabi Community

# Imperial Truck & Trailer Repair

**2142 W. Yosemite Ave., Manteca, CA 95337**

## ਖਾਲਸਾ ਜੀ ਦੇ ਸਿਰਜਣਾ ਦਿਵਸ ਦੀ ਸਭਨਾਂ ਨੂੰ

## ਲੱਖ ਲੱਖ ਵਧਾਈ

# Grand Opening




## All Kinds of Welding Work & General Repair.

Oil Change **$189.99** Only

Brake **$89.00** With Labor

Wheel Seal **$89.00** With Labor

Labor Rate **$50.00** Hourly Rate

***Wheel Balancing***

24 Hours Road Service & Towing

- *Transmission
- *Clutch
- *Brakes
- *Suspension
- *Oil Change
- *Rear End
- *Wet Kit & PTO Pumps
- *Alternators
- *Starters
- *Cement Blower
- *AC Work
- *Rediator Flush

## Tire Service

We carry all major brand tires-new and used at very attractive prices.

ਹਰ ਕਿਸਮ ਦਾ ਵੈਲਡਿੰਗ ਵਰਕ ਅਤੇ ਜਨਰਲ ਰਿਪੇਅਰ
ਮਾਰਕੀਟ 'ਚ ਸਭ ਤੋਂ ਵਧੀਆ ਕੰਮ ਅਤੇ ਘੱਟ ਕੀਮਤ

**Call-Jasvir Singh, Ph:209-239-8111**
**Cell:916-470-5520, Fax: 209-239-4969**